ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
www.amritsartimes.live
QUOMANTRY AMRITSAR TIMES
West/East Coast Edition | Volume 22 | Issue 175| 14 May to 20 May , 2025 | Ph.: (510) 240-5949 | Email: asrtimes@gmail.com

# ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਨਵੇਂ ਮੰਤਰੀ ਮੰਡਲ ਦਾ ਗਠਨ

## ਮੰਤਰੀ ਮੰਡਲ 'ਚ ਦੋ ਦਰਜਨ ਨਵੇਂ ਚਿਹਰੇ ਕੀਤੇ ਸ਼ਾਮਲ

## ਪੰਜ ਭਾਰਤੀ ਕੈਨੇਡਾ ਦੀ ਨਵੀਂ ਕੈਬਨਿਟ 'ਚ ਨਿਭਾਉਣਗੇ ਅਹਿਮ ਜ਼ਿੰਮੇਵਾਰੀ



ਵੈਨਕੂਵਰ/ਏ.ਟੀ.ਨਿਊਜ਼: ਪਿਛਲੇ ਮਹੀਨੇ ਮੁਕੰਮਲ ਹੋਈਆਂ ਕੈਨੇਡਾ ਦੀਆਂ ਫੈਡਰਲ ਚੋਣਾਂ ਦੌਰਾਨ ਜੇਤੂ ਰਹੀ ਲਿਬਰਲ ਪਾਰਟੀ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਪਿਛਲੇ ਦਿਨੀਂ ਰਾਜਧਾਨੀ ਓਟਾਵਾ ਵਿੱਚ ਸਥਿਤ ਰੀਡੂ ਹਾਲ ਵਿੱਚ ਅਯੋਜਿਤ ਇੱਕ ਸਮਾਗਮ ਦੌਰਾਨ ਆਪਣੇ ਮੰਤਰੀ ਮੰਡਲ ਦਾ ਵਿਸਥਾਰ ਕੀਤਾ ਗਿਆ। ਮੰਤਰੀ ਮੰਡਲ ਦਾ ਵਿਸਥਾਰ ਕਰਦਿਆਂ 29 ਕੈਬਿਨਟ ਮੰਤਰੀਆਂ ਅਤੇ 10 ਰਾਜ ਮੰਤਰੀਆਂ ਨੂੰ ਗਵਰਨਰ ਜਰਨਲ ਮੈਰੀ ਸਾਈਮਨ ਅਤੇ ਹੋਰਨਾਂ ਪ੍ਰਮੁੱਖ ਸ਼ਖਸੀਅਤਾਂ ਦੀ ਹਾਜ਼ਰੀ ਵਿੱਚ ਸਹੁੰ ਚੁਕਾਈ ਗਈ।

ਨਵੇਂ ਬਣੇ ਮੰਤਰੀ ਮੰਡਲ ਵਿਚ ਕੁਝ ਪੁਰਾਣੇ ਚਿਹਰਿਆਂ ਸਮੇਤ ਕੁਝ ਨਵੇਂ ਚਿਹਰਿਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਹਨਾਂ ਵਿੱਚ 13 ਮੰਤਰੀ ਪਹਿਲੀ ਵਾਰ ਸੰਸਦ ਦੀਆਂ ਪੌੜੀਆਂ ਚੜਨਗੇ। ਇਹਨਾਂ ਮੰਤਰੀਆਂ ਦੀ ਸੂਚੀ ਵਿੱਚ ਭਾਰਤੀ ਮੂਲ ਨਾਲ ਸੰਬੰਧਿਤ ਅਨੀਤਾ ਆਨੰਦ ਨੂੰ ਵਿਦੇਸ਼ ਵਿਭਾਗ, ਮਨਿੰਦਰ ਸਿੱਧੂ ਨੂੰ ਕੌਮਾਂਤਰੀ ਵਪਾਰ ਵਿਭਾਗ, ਰਣਦੀਪ ਸਰਾਏ ਅਤੇ ਰੂਬੀ ਸਹੋਤਾ ਨੂੰ ਰਾਜ ਮੰਤਰੀਆਂ ਵਜੋਂ ਜਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਸਮਾਗਮ ਦੇ ਅਖੀਰ 'ਚ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਉਹਨਾਂ ਦੀ ਅਗਵਾਈ ਵਾਲੀ ਫੈਡਰਲ ਸਰਕਾਰ ਕੈਨੇਡਾ ਦੀ ਕੌਮੀ ਏਕਤਾ, ਆਰਥਿਕ ਪੁਨਰ ਨਿਰਮਾਣ ਅਤੇ ਵਿਸ਼ਵ ਪੱਧਰੀ ਪ੍ਰਭਾਵਸ਼ਾਲੀ ਅਗਵਾਈ ਲਈ ਯਤਨਸ਼ੀਲ ਰਹੇਗੀ। ਸਰਕਾਰ ਨਵੀਆਂ ਦਿਸ਼ਾਵਾਂ ਵਿੱਚ ਅੱਗੇ ਵਧਦਿਆਂ ਕੈਨੇਡੀਅਨ ਲੋਕਾਂ ਦੀ ਭਲਾਈ ਸਮੇਤ ਦੇਸ਼ ਦੀ ਖੁਸ਼ਹਾਲੀ ਲਈ ਪੂਰੀ ਤਰ੍ਹਾਂ ਵਚਨਬੱਧ ਰਹੇਗੀ।

**ਨਵੇਂ ਮੰਤਰੀ ਮੰਡਲ ਦੀ ਬਣਤਰ**

ਨਵੀਂ ਕੈਬਨਿਟ ਵਿੱਚ 28 ਮੰਤਰੀ ਅਤੇ 10 ਰਾਜ ਸਕੱਤਰ ਹਨ। ਇਸ ਵਿੱਚ 24 ਨਵੇਂ ਮੰਤਰੀ ਹਨ, ਜਿਨ੍ਹਾਂ ਵਿੱਚੋਂ 13 ਪਹਿਲੀ ਵਾਰ ਸੰਸਦ ਮੈਂਬਰ ਹਨ। ਮੰਤਰੀ ਮੰਡਲ ਵਿੱਚ 11 ਔਰਤਾਂ ਅਤੇ 13 ਪੁਰਸ਼ ਮੰਤਰੀ ਹਨ, ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਕਾਰਨੀ ਖੁਦ ਸ਼ਾਮਲ ਨਹੀਂ ਹਨ।

**ਮੁੱਖ ਨਿਯੁਕਤੀਆਂ**

ਸ਼ਫਕਤ ਅਲੀ – ਖਜ਼ਾਨਾ ਬੋਰਡ ਦੇ ਚੇਅਰਮੈਨ

ਅਨੀਤਾ ਆਨੰਦ – ਵਿਦੇਸ਼ ਮੰਤਰੀ (ਪਿਛਲੀ ਵਿਦੇਸ਼ ਮੰਤਰੀ ਮੇਲਾਨੀ ਜੋਲੀ ਦੀ ਥਾਂ)

ਫ੍ਰਾਂਸੋਆ-ਫਿਲਿਪ ਸ਼ੈਂਪੇਨ- ਵਿੱਤ ਅਤੇ ਰਾਸ਼ਟਰੀ ਮਾਲੀਆ ਮੰਤਰੀ

ਮੰਡੀ ਗੁਲ-ਮਾਸਟੀ – ਕਬਾਇਲੀ ਸੇਵਾਵਾਂ ਮੰਤਰੀ

ਈਵਾਨ ਸੋਲੋਮਨ – ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡਿਜੀਟਲ ਇਨੋਵੇਸ਼ਨ ਮੰਤਰੀ

ਰੇਚੀ ਵਾਲਡੇਜ਼ – ਮਹਿਲਾ ਅਤੇ ਲਿੰਗ ਸਮਾਨਤਾ ਮੰਤਰੀ ਅਤੇ ਰਾਜ ਸਕੱਤਰ (ਛੋਟੇ ਕਾਰੋਬਾਰ ਅਤੇ ਸੈਰ-ਸਪਾਟਾ)

**ਕੈਬਨਿਟ ਦਾ ਉਦੇਸ਼**

ਕਾਰਨੀ ਦੇ ਨਵੇਂ ਢਾਂਚੇ ਵਿੱਚ ਸੀਨੀਅਰ ਮੰਤਰੀਆਂ ਦਾ ਇੱਕ ਕੋਰ ਸਮੂਹ ਅਤੇ ਰਾਜ ਸਕੱਤਰਾਂ ਦੀ ਇੱਕ ਜੂਨੀਅਰ ਟੀਮ ਸ਼ਾਮਲ ਹੈ ਜੋ ਨਿਸ਼ਾਨਾਬੱਧ ਕੰਮਾਂ 'ਤੇ ਧਿਆਨ ਕੇਂਦਰਿਤ ਕਰਦੇ ਹਨ। ਇਹ ਮਾਡਲ ਇੱਕ ਤੰਗ, ਨਤੀਜਾ-ਅਧਾਰਤ ਅਤੇ ਕੇਂਦ੍ਰਿਤ ਸਰਕਾਰ ਵੱਲ ਇਸ਼ਾਰਾ ਕਰਦਾ ਹੈ।

**ਵਿਭਿੰਨਤਾ ਅਤੇ ਪ੍ਰਤੀਨਿਧਤਾ**

ਨਵੀਂ ਕੈਬਨਿਟ ਕੈਨੇਡਾ ਦੀ ਵਿਭਿੰਨਤਾ ਦਾ ਇੱਕ ਚੰਗਾ ਪ੍ਰਤੀਬਿੰਬ ਹੈ, ਜਿਸ ਵਿੱਚ ਆਦਿਵਾਸੀ ਪ੍ਰਤੀਨਿਧਤਾ, ਖੇਤਰੀ ਸੰਤੁਲਨ, ਅਤੇ ਤਜਰਬੇ ਅਤੇ ਨਵੀਂ ਊਰਜਾ ਦਾ ਇੱਕ ਮਜ਼ਬੂਤ ਮਿਸ਼ਰਣ ਹੈ। ਰੇਬੇਕਾ ਆਲਟੀ (ਕ੍ਰਾਊਨ-ਐਬੋਰਿਜਿਨਲ ਰਿਲੇਸ਼ਨਜ਼), ਗ੍ਰੇਗਰ ਰੌਬਰਟਸਨ (ਰਿਹਾਇਸ਼ ਅਤੇ ਬੁਨਿਆਦੀ ਢਾਂਚਾ), ਅਤੇ ਮਾਰਜੋਰੀ ਮਿਸ਼ੇਲ (ਸਿਹਤ) ਵਰਗੇ ਮੰਤਰੀਆਂ ਤੋਂ ਮੁੱਖ ਨੀਤੀਗਤ ਖੇਤਰਾਂ ਦੀ ਅਗਵਾਈ ਕਰਨ ਦੀ ਉਮੀਦ ਹੈ।

### ਨਾਗਰਿਕਾਂ ਦੀ ਭਲਾਈ ਅਤੇ ਦੇਸ਼ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਏਗੀ ਸਰਕਾਰ:ਕਾਰਨੀ

ਸਹੁੰ ਚੁੱਕ ਸਮਾਗਮ ਤੋਂ ਬਾਅਦ ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕੈਨੇਡਾ ਦੇ ਆਰਥਿਕ ਪੁਨਰ ਨਿਰਮਾਣ, ਰਾਸ਼ਟਰੀ ਏਕਤਾ ਅਤੇ ਵਿਸ਼ਵ ਪੱਧਰ 'ਤੇ ਪ੍ਰਭਾਵਸ਼ਾਲੀ ਅਗਵਾਈ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ, 'ਸਾਡੀ ਸਰਕਾਰ ਕੈਨੇਡਾ ਲਈ ਇੱਕ ਨਵੀਂ ਦਿਸ਼ਾ ਵਿੱਚ ਕੰਮ ਕਰੇਗੀ, ਨਾਗਰਿਕਾਂ ਦੀ ਭਲਾਈ ਅਤੇ ਦੇਸ਼ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਏਗੀ।'

# ਕੀ ਭਾਰਤ ਨਾਲ ਸਬੰਧ ਸੁਧਾਰੇਗੀ ਕੈਨੇਡਾ ਦੀ ਨਵੀਂ ਸਰਕਾਰ?





ਹੁਣ ਸਵਾਲ ਇਹ ਉਠਦਾ ਹੈ ਕਿ ਕੀ ਹੁਣ ਕੈਨੇਡਾ ਅਤੇ ਭਾਰਤ ਵਿਚਕਾਰ ਸਬੰਧ ਸੁਧਰਨਗੇ ਜਾਂ ਨਹੀਂ। ਇਥੇ ਦੱਸ ਦਈਏ ਕਿ ਟਰੂਡੋ ਦੇ ਕਾਰਜਕਾਲ ਦੌਰਾਨ ਭਾਰਤ ਅਤੇ ਕੈਨੇਡਾ ਦੇ ਸਬੰਧ ਕਾਫ਼ੀ ਵਿਗੜ ਗਏ ਸਨ। ਕੂਟਨੀਤਕ ਮਾਹਰਾਂ ਦਾ ਕਹਿਣਾ ਹੈ ਕਿ ਗੁਆਂਢੀ ਅਮਰੀਕਾ ਨਾਲ ਵਿਗੜਦੇ ਸਬੰਧਾਂ ਦੇ ਵਿਚਕਾਰ, ਕੈਨੇਡਾ ਦੀ ਨਵੀਂ ਸਰਕਾਰ ਭਾਰਤ ਨਾਲ ਸਬੰਧਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰ ਸਕਦੀ ਹੈ। ਖ਼ਾਲਿਸਤਾਨ ਪੱਖੀ ਐਨ.ਡੀ.ਪੀ. ਅਤੇ ਇਸਦੇ ਨੇਤਾ ਜਗਮੀਤ ਸਿੰਘ ਦੀ ਹਾਰ ਤੋਂ ਬਾਅਦ, ਕੈਨੇਡੀਅਨ ਰਾਜਨੀਤੀ ਵਿੱਚ ਖ਼ਾਲਿਸਤਾਨ ਪੱਖੀ ਸਮਰਥਕਾਂ ਦੀ ਮੌਜੂਦਗੀ ਘੱਟ ਜਾਵੇਗੀ, ਜਿਸ ਨਾਲ ਭਾਰਤ ਨਾਲ ਸਬੰਧਾਂ ਨੂੰ ਸੁਧਾਰਨ ਵਿੱਚ ਵੀ ਮਦਦ ਮਿਲੇਗੀ। ਸਰਕਾਰ ਦਾ ਜਗਮੀਤ ਸਿੰਘ ਦੀ ਪਾਰਟੀ ਦੇ ਸਮਰਥਨ 'ਤੇ ਨਿਰਭਰ ਹੋਣਾ ਵੀ ਇੱਕ ਵੱਡਾ ਕਾਰਨ ਸੀ ਕਿ ਟਰੂਡੋ ਨੂੰ ਭਾਰਤ ਨਾਲ ਸਬੰਧਾਂ ਦੀ ਕੋਈ ਪਰਵਾਹ ਨਹੀਂ ਸੀ।

**ਕਾਰਨੀ ਸਰਕਾਰ ਨੇ ਆਪਣੀਆਂ ਤਰਜੀਹਾਂ ਸਪੱਸ਼ਟ ਕੀਤੀਆਂ**

ਨਵੀਂ ਕੈਬਨਿਟ ਦੇ ਗਠਨ ਤੋਂ ਬਾਅਦ, ਪ੍ਰਧਾਨ ਮੰਤਰੀ ਕਾਰਨੀ ਨੇ ਆਪਣੀ ਸਰਕਾਰ ਦੀਆਂ ਤਰਜੀਹਾਂ ਨੂੰ ਵੀ ਸਪੱਸ਼ਟ ਕੀਤਾ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨਾ, ਦੇਸ਼ ਵਿੱਚ ਵੱਧ ਰਹੀ ਮਹਿੰਗਾਈ ਨੂੰ ਘਟਾਉਣਾ ਅਤੇ ਅਮਰੀਕਾ ਨਾਲ ਨਵੇਂ ਆਰਥਿਕ ਅਤੇ ਸੁਰੱਖਿਆ ਸਬੰਧ ਬਣਾਉਣਾ ਉਨ੍ਹਾਂ ਦੀ ਸਰਕਾਰ ਦੀਆਂ ਤਰਜੀਹਾਂ ਹੋਣਗੀਆਂ। ਕਾਰਨੀ ਨੇ ਇੱਕ ਪੋਸਟ ਸਾਂਝੀ ਕੀਤੀ ਅਤੇ ਲਿਖਿਆ, "ਕੈਨੇਡਾ, ਆਪਣੀ ਨਵੀਂ ਕੈਬਨਿਟ ਨੂੰ ਮਿਲੋ।' ਇਹ ਇੱਕ ਅਜਿਹੀ ਟੀਮ ਹੈ ਜੋ ਸਸ਼ਕਤ ਹੈ ਅਤੇ ਜਿਸ ਤੋਂ ਅਗਵਾਈ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇਕੱਠੇ ਮਿਲ ਕੇ, ਅਸੀਂ ਅਮਰੀਕਾ ਨਾਲ ਇੱਕ ਨਵਾਂ ਆਰਥਿਕ ਅਤੇ ਸੁਰੱਖਿਆ ਸਬੰਧ ਬਣਾਵਾਂਗੇ। ਇਸ ਨਾਲ ਅਸੀਂ ਜੀ-7 ਵਿੱਚ ਸਭ ਤੋਂ ਮਜ਼ਬੂਤ ਅਰਥਵਿਵਸਥਾ ਬਣਾਵਾਂਗੇ।" ਇੱਕ ਹੋਰ ਪੋਸਟ ਵਿੱਚ ਉਨ੍ਹਾਂ ਲਿਖਿਆ, "ਕੈਨੇਡੀਅਨਾਂ ਨੇ ਇਸ ਨਵੀਂ ਸਰਕਾਰ ਨੂੰ ਇਕ ਮਜ਼ਬੂਤ ਜਨਾਦੇਸ਼ ਨਾਲ ਚੁਣਿਆ ਹੈ। ਜਨਤਾ ਸੰਯੁਕਤ ਰਾਜ ਅਮਰੀਕਾ ਨਾਲ ਇੱਕ ਨਵਾਂ ਆਰਥਿਕ ਅਤੇ ਸੁਰੱਖਿਆ ਸਬੰਧ ਬਣਾਉਣ, ਰਹਿਣ-ਸਹਿਣ ਦੀ ਲਾਗਤ ਘਟਾਉਣ ਅਤੇ ਇੱਕ ਮਜ਼ਬੂਤ ਅਰਥਵਿਵਸਥਾ ਬਣਾਉਣ ਦੀ ਇੱਛਾ ਰੱਖਦੀ ਹੈ। ਇਸ ਉਮੀਦ 'ਤੇ ਖਰਾ ਉਤਰਨ ਲਈ, ਇਹ ਨਵਾਂ ਮੰਤਰੀ ਮੰਡਲ ਜ਼ੋਰਦਾਰ ਢੰਗ ਨਾਲ ਕੰਮ ਕਰੇਗਾ।"

# ਕੈਨੇਡਾ ਦੀ ਨਵੀਂ ਸਰਕਾਰ 'ਚ ਮੰਤਰੀ ਬਣੇ ਚਾਰ ਪੰਜਾਬੀ



ਵੈਨਕੂਵਰ/ਏ.ਟੀ.ਨਿਊਜ਼ : ਕੈਨੇਡਾ ਦੀਆਂ ਫੈਡਰਲ ਚੋਣਾਂ ਤੋਂ ਦੋ ਹਫ਼ਤੇ ਮਗਰੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਵਜ਼ਾਰਤ ਦਾ ਗਠਨ ਕੀਤਾ ਹੈ ਜਿਸ ਵਿੱਚ ਚਾਰ ਪੰਜਾਬੀਆਂ ਮਨਿੰਦਰ ਸਿੱਧੂ, ਰੂਬੀ ਸਹੋਤਾ, ਰਣਦੀਪ ਸਿੰਘ ਸਰਾਏ ਤੇ ਅਨੀਤਾ ਆਨੰਦ ਨੂੰ ਥਾਂ ਮਿਲੀ ਹੈ।

ਸਾਬਕਾ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਦੇ ਕਾਰਜਕਾਲ ਤੋਂ ਬਾਅਦ ਕੁਝ ਸੰਸਦ ਮੈਂਬਰਾਂ ਨੂੰ ਰਾਜ ਮੰਤਰੀ (ਪ੍ਰਿੰਸੀਪਲ ਸਕੱਤਰ) ਬਣਾਇਆ ਗਿਆ ਹੈ।

ਕਾਰਨੀ ਨੇ ਸਰੀ ਸੈਂਟਰ ਤੋਂ ਲਗਾਤਾਰ ਚੌਥੀ ਵਾਰ ਸੰਸਦ ਮੈਂਬਰ ਬਣੇ ਜਲੰਧਰ ਨੇੜਲੇ ਪਿੰਡ ਸਰਾਏ ਖਾਸ ਦੇ ਰਣਦੀਪ ਸਿੰਘ ਸਰਾਏ (ਪੱਗੜੀਧਾਰੀ) (ਰਾਜ ਮੰਤਰੀ ਕੌਮਾਂਤਰੀ ਵਿਕਾਸ ਵਿਭਾਗ), ਬਰੈਂਪਟਨ ਤੋਂ ਸੰਸਦ ਮੈਂਬਰ ਮਨਿੰਦਰ ਸਿੱਧੂ (ਕੌਮਾਂਤਰੀ ਵਪਾਰ ਵਿਭਾਗ) ਅਤੇ ਰੂਬੀ ਸਹੋਤਾ (ਰਾਜ ਮੰਤਰੀ ਅਪਰਾਧ ਰੋਕੂ ਵਿਭਾਗ) ਨੂੰ ਸ਼ਾਮਲ ਕਰਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ। ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਟਰਾਂਸਪੋਰਟ ਤੇ ਵਪਾਰ ਵਿਭਾਗ ਦਿੱਤਾ ਗਿਆ ਹੈ।

ਉਂਟਾਰੀਓ ਦੇ ਟੋਰਾਂਟੋ ਖੇਤਰ ਤੋਂ 12 ਸੰਸਦ ਮੈਂਬਰਾਂ ਨੂੰ ਮੰਤਰੀ ਮੰਡਲ ਵਿੱਚ ਥਾਂ ਮਿਲੀ ਹੈ। ਇਸ ਦੌਰਾਨ ਰਿਡਿਊ ਹਾਲ ਦੇ ਮੁੱਖ ਹਾਲ ਵਿੱਚ ਹਲਫ਼ਦਾਰੀ ਸਮਾਗਮ ਹੋਇਆ। ਹਰੇਕ ਮੰਤਰੀ ਹਲਫ਼ ਲੈਣ ਮਗਰੋਂ ਅਹਿਦਨਾਮੇ 'ਤੇ ਦਸਤਖਤ ਕਰਕੇ ਆਪਣੀਆਂ ਸੀਟਾਂ 'ਤੇ ਬੈਠਦੇ ਰਹੇ।

ਮੰਤਰੀਆਂ ਦੀ ਗਿਣਤੀ ਕਿਆਫਿਆਂ ਦੇ ਨੇੜੇ ਹੀ ਰਹੀ। ਹਾਲਾਂਕਿ, 14 ਮਾਰਚ ਨੂੰ ਪ੍ਰਧਾਨ ਮੰਤਰੀ ਬਣੇ ਮਾਰਕ ਕਾਰਨੀ ਨੇ 23 ਮੰਤਰੀ ਹੀ ਬਣਾਏ ਹਨ। ਮਿਲਾਨੀ ਜੌਲੀ ਤੇ ਸੀਆਨ ਫਰੇਜ਼ਰ ਮੁੜ ਮੰਤਰੀ ਬਣੇ ਹਨ। ਇੰਦਰਾ ਅਨੀਤਾ ਅਨੰਦ ਨੂੰ ਮੁੜ ਵਿਦੇਸ਼ ਵਿਭਾਗ ਸੌਂਪਿਆ ਗਿਆ ਹੈ। ਡੇਵਿਡ ਜੋਸਫ਼ ਨੂੰ ਰੱਖਿਆ ਮੰਤਰਾਲਾ ਦਿੱਤਾ ਗਿਆ ਹੈ।

# ਨਿਊਯਾਰਕ ਵਿੱਚ ਸਿੱਖ ਪੰਥ: ਗੁਰੂ ਦੀ ਜੋਤ, ਮਨੁੱਖਤਾ ਦੀ ਸੇਵਾ

## ਨਿਊਯਾਰਕ ਦੀਆਂ ਕਈ ਸਿੱਖ ਸਖ਼ਸ਼ੀਅਤਾਂ ਨੇ ਪੰਥ ਦਾ ਨਾਮ ਰੋਸ਼ਨ ਕੀਤਾ

## ਗੁਰਦੁਆਰੇ ਬਣ ਰਹੇ ਹਨ ਮਨੁੱਖਤਾ ਤੇ ਸਰਬੱਤ ਦੇ ਭਲੇ ਦਾ ਕੇਂਦਰ




ਪ੍ਰੋ.ਫੈਸਰ ਬਲਵਿੰਦਰ ਪਾਲ ਸਿੰਘ



ਨਿਊਯਾਰਕ, ਇਹ ਸ਼ਹਿਰ ਜਿਥੇ ਅਕਾਸ਼-ਛੂੰਹਦੀਆਂ ਇਮਾਰਤਾਂ ਦੇ ਵਿਚਕਾਰ ਮਨੁੱਖ ਦੀ ਆਤਮਾ ਆਪਣੀ ਪਛਾਣ ਲਈ ਤਰਸਦੀ ਹੈ, ਪਰ ਉਥੇ ਸਿੱਖ ਪੰਥ ਦੀ ਜੋਤ ਗੁਰੂ ਦੇ ਸ਼ਬਦ ਵਾਂਗ ਚਮਕਦੀ ਹੈ। ਇਹ ਸਿੱਖ, ਜਿਨ੍ਹਾਂ ਦੇ ਸਿਰ 'ਤੇ ਗੁਰੂ ਦੀ ਦਸਤਾਰ ਸੁਸ਼ੋਭਿਤ ਹੈ, ਜਿਨ੍ਹਾਂ ਦੇ ਕੇਸ ਦਾੜ੍ਹੇ , ਸਾਬਤ ਸੂਰਤਿ ਵਿੱਚ ਸਤਿਗੁਰੂ ਦੀ ਸੂਰਤ ਝਲਕਦੀ ਹੈ ਅਤੇ ਜਿਨ੍ਹਾਂ ਦੇ ਹੱਥ ਸੇਵਾ ਦੀ ਮਹਿਕ ਨਾਲ ਸੁਗੰਧਤ ਹਨ, ਨੇ ਇਸ ਵਿਦੇਸ਼ੀ ਧਰਤੀ ਉੱਪਰ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦਾ ਸੁਨੇਹਾ ਇੱਕ ਜੀਵੰਤ ਸੁਰ ਵਿੱਚ ਗਾਇਆ ਹੈ। ਇਸ ਸ਼ਹਿਰ ਵਿੱਚ ਪੰਜਾਹ ਹਜ਼ਾਰ ਤੋਂ ਵੱਧ ਸਿੱਖ ਵਸਦੇ ਹਨ ਤੇ ਇਥੋਂ ਦੇ ਗੁਰਦੁਆਰੇ, ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ, ਸਿੱਖ ਸੈਂਟਰ ਆਫ਼ ਨਿਊਯਾਰਕ, ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਤੇ ਸੱਚਖੰਡ ਗੁਰੂ ਨਾਨਕ ਦਰਬਾਰ ਆਦਿ ਗੁਰੂ ਦੀ ਜੋਤ ਦੇ ਸੰਗਮ ਸਥਾਨ ਹਨ, ਜਿੱਥੇ ਗੁਰੂ ਦਾ ਸ਼ਬਦ ਰਾਗ ਵਿੱਚ ਗੂੰਜਦਾ ਹੈ ਤੇ ਲੰਗਰ ਦੀ ਮਹਿਕ ਹਰ ਜਾਤ, ਹਰ ਧਰਮ ਦੇ ਲੋਕਾਂ ਨੂੰ ਇੱਕ ਪੰਗਤ ਵਿੱਚ ਬਿਠਾਉਂਦੀ ਹੈ।

**ਸਿੱਖ ਪਛਾਣ: ਪੱਗ ਦੀ ਸ਼ਾਨ, ਸੇਵਾ ਦਾ ਸੁਨੇਹਾ**

9/11 ਦੀ ਤਬਾਹੀ ਤੋਂ ਬਾਅਦ, ਜਦੋਂ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਨ਼ਫ਼ਰਤ ਦੀਆਂ ਨਜ਼ਰਾਂ ਨਾਲ ਵੇਖਿਆ ਗਿਆ, ਉਦੋਂ ਸਿੱਖਾਂ ਨੇ ਸਿਰਫ਼ ਦਸਤਾਰ ਦੀ ਸ਼ਾਨ ਨਹੀਂ, ਸਗੋਂ ਸੰਘਰਸ਼ ਦੀ ਗਾਥਾ ਵੀ ਲਿਖੀ। 2012 ਵਿੱਚ ਵਿਸਕਾਨਸਿਨ ਦੇ ਓਕ ਕ੍ਰੀਕ ਗੁਰਦੁਆਰੇ 'ਤੇ ਹੋਈ ਗੋਲੀਬਾਰੀ ਨੇ ਸਿੱਖਾਂ ਦੇ ਸਾਹਮਣੇ ਆਈਆਂ ਚੁਣੌਤੀਆਂ ਲਿਆਂਦੀਆਂ ਪਰ ਸਿੱਖ ਪੰਥ ਨੇ ਗੁਰੂ ਦੀ ਕਿਰਪਾ ਨਾਲ ਨਾ ਸਿਰਫ਼ ਇਸ ਦੁੱਖ ਨੂੰ ਸਹਿਣ ਕੀਤਾ, ਸਗੋਂ ਸੇਵਾ ਦੇ ਚਾਨਣ ਨਾਲ ਅਮਰੀਕੀ ਸਮਾਜ ਦੇ ਨਸਲਵਾਦੀ ਹਨੇਰੇ ਨੂੰ ਪਛਾੜ ਕੇ ਸਰਬੱਤ ਦੇ ਭਲੇ ਦੇ ਫ਼ਲਸਫ਼ੇ ਤੇ ਸਿਖ ਪਛਾਣ ਨੂੰ ਰੌਸ਼ਨ ਕੀਤਾ। ਸਿੱਖ ਨੌਜਵਾਨ ਅੱਜ ਸਿਆਸਤ ਦੇ ਮੈਦਾਨ ਵਿੱਚ ਉਤਰ ਰਹੇ ਹਨ, ਸਿੱਖ ਕੋਐਲੀਸ਼ਨ ਵਰਗੇ ਸੰਗਠਨ ਸਿੱਖੀ ਦੀ ਆਵਾਜ਼ ਨੂੰ



ਸਰਕਾਰੀ ਗਲਿਆਰਿਆਂ ਤੱਕ ਪਹੁੰਚਾਉਂਦੇ ਹਨ ਅਤੇ ਅਮਰੀਕੀ ਸਕੂਲਾਂ ਵਿੱਚ ਸਿੱਖੀ ਦੀ ਸਿੱਖਿਆ ਦੇ ਪਾਠਕ੍ਰਮ ਨੇ ਸਤਿਗੁਰੂ ਦੇ ਸੁਨੇਹੇ ਨੂੰ ਨਵੀਂ ਪੀੜ੍ਹੀ ਦੇ ਹਿਰਦਿਆਂ ਵਿੱਚ ਬੀਜਣਾ ਸ਼ੁਰੂ ਕਰ ਦਿੱਤਾ।

**ਪੰਜਾਬੀ ਭਾਸ਼ਾ: ਸਿੱਖੀ ਦੀ ਸੁਰ, ਸਿੱਖ ਸੱਭਿਆਚਾਰ ਦਾ ਚਾਨਣ**

ਪੰਜਾਬੀ ਭਾਸ਼ਾ, ਜੋ ਸਿੱਖੀ ਦੀ ਰਾਗਮਈ ਸੁਰ ਹੈ, ਨਿਊਯਾਰਕ ਦੇ ਸਿੱਖ ਘਰਾਂ, ਗੁਰਦੁਆਰਿਆਂ ਤੇ ਵਿਸਾਖੀ ਦੀਆਂ ਪਰੇਡਾਂ ਵਿੱਚ ਅਜੇ ਵੀ ਗੂੰਜਦੀ ਹੈ। ਗੁਰਮੁਖੀ ਦੇ ਅੱਖਰ, ਜੋ ਗੁਰੂ ਅੰਗਦ ਦੇਵ ਜੀ ਨੇ ਸਾਨੂੰ ਬਖਸ਼ੇ, ਅਜੇ ਵੀ ਸਿੱਖ ਬੱਚਿਆਂ ਦੀ ਜ਼ੁਬਾਨ 'ਤੇ ਚੜ੍ਹਦੇ ਹਨ ਪਰ ਸੱਚ ਇਹ ਵੀ ਹੈ ਕਿ ਅੰਗਰੇਜ਼ੀ ਦੀ ਚਮਕ ਨੇ ਪੰਜਾਬੀ ਦੀ ਮਹਿਕ ਨੂੰ ਨਵੀਂ ਪੀੜ੍ਹੀ ਵਿੱਚ ਕੁਝ ਫ਼ਿੱਕਾ ਕੀਤਾ ਹੈ। ਨੌਜਵਾਨ ਅਕਸਰ ਘਰਾਂ ਜਾਂ ਗੁਰਦੁਆਰਿਆਂ ਤੱਕ ਸੀਮਤ ਪੰਜਾਬੀ ਬੋਲਦੇ ਹਨ, ਪਰ ਸਿੱਖ ਸੰਗਠਨ ਅਤੇ ਗੁਰੂ-ਘਰਾਂ ਵਿੱਚ ਚੱਲਦੀਆਂ ਪੰਜਾਬੀ ਕਲਾਸਾਂ ਇਸ ਮਾਂ-ਬੋਲੀ ਨੂੰ ਜੀਉਂਦਾ ਰੱਖਣ ਦੀ ਜੱਦੋਜਹਿਦ ਵਿੱਚ ਲੱਗੇ ਹੋਏ ਹਨ। ਨਿਊਯਾਰਕ ਦੇ ਕੁਝ ਸਕੂਲਾਂ ਵਿੱਚ ਪੰਜਾਬੀ ਨੂੰ ਵਿਕਲਪਕ ਭਾਸ਼ਾ ਵਜੋਂ ਪੜ੍ਹਾਇਆ ਜਾ ਰਿਹਾ ਹੈ, ਜੋ ਗੁਰੂ ਦੀ ਬਖਸ਼ੀ ਹੋਈ ਇਸ ਅਮਾਨਤ ਨੂੰ ਅਗਲੀ ਪੀੜ੍ਹੀ ਦੇ ਹੱਥਾਂ ਵਿੱਚ ਸੌਂਪਣ ਦਾ ਇੱਕ ਸੁਨੇਹਾ ਹੈ।

**ਸੇਵਾ: ਸਿੱਖੀ ਦਾ ਸੂਰਜ, ਮਨੁੱਖਤਾ ਦੀ ਰੌਸ਼ਨੀ**

ਸਿੱਖੀ ਦੀ ਸੇਵਾ ਦਾ ਸੂਰਜ ਨਿਊਯਾਰਕ ਦੀ ਧਰਤੀ 'ਤੇ ਸਦਾ ਚਮਕਦਾ ਰਹਿੰਦਾ ਹੈ। ਗੁਰਦੁਆਰਿਆਂ ਵਿੱਚ ਹਰ ਹ਼ਫ਼ਤੇ ਵਰਤਾਇਆ ਜਾਣ ਵਾਲਾ ਲੰਗਰ ਸਿਰਫ਼ ਭੋਜਨ ਨਹੀਂ, ਸਗੋਂ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦਾ ਜੀਵੰਤ ਪ੍ਰਤੀਕ ਹੈ। ਇਸ ਲੰਗਰ ਦੀ ਪੰਗਤ ਤੇ ਹਰ ਜਾਤ, ਹਰ ਧਰਮ ਦਾ ਇਨਸਾਨ ਬੈਠਦਾ ਹੈ, ਤੇ ਗੁਰੂ ਦੀ ਸੇਵਾ ਦੀ ਮਹਿਕ ਸਾਰੇ ਸੰਸਾਰ ਨੂੰ ਇੱਕ ਕਰ ਦਿੰਦੀ ਹੈ। ਯੂਨਾਈਟਡ ਸਿੱਖਸ ਵਰਗੇ ਸੰਗਠਨ ਬੇਘਰਾਂ, ਗਰੀਬਾਂ ਤੇ ਜ਼ਰੂਰਤਮੰਦਾਂ ਨੂੰ ਭੋਜਨ, ਕੱਪੜੇ ਤੇ ਜ਼ਰੂਰੀ ਸਮਾਨ ਦੀ ਸੇਵਾ ਨਾਲ ਗੁਰੂ ਦੀ ਜੋਤ ਨੂੰ ਜਗਾਉਂਦੇ ਹਨ। ਕੋਰੋਨਾ ਮਹਾਮਾਰੀ ਦੇ ਹਨੇਰੇ ਵਿੱਚ, ਜਦੋਂ ਸੰਸਾਰ ਡਰ ਨਾਲ ਸਹਿਮਿਆ ਹੋਇਆ ਸੀ, ਸਿੱਖ ਭਾਈਚਾਰੇ ਨੇ ਲੰਗਰ ਦੀ ਮਹਿਕ ਨਾਲ ਹਜ਼ਾਰਾਂ ਜੀਆਂ ਨੂੰ ਜੀਵਨ ਦਾਨ ਦਿੱਤਾ। ਮੁ਼ਫ਼ਤ ਮਾਸਕ, ਸੈਨੀਟਾਈਜ਼ਰ, ਪੀ.ਪੀ.ਈ. ਕਿੱਟਾਂ, ਟੈਸਟਿੰਗ ਤੇ ਵੈਕਸੀਨੇਸ਼ਨ ਮੁਹਿੰਮਾਂ ਵਿੱਚ ਸਿੱਖ ਡਾਕਟਰਾਂ ਤੇ ਸੇਵਾਦਾਰਾਂ ਨੇ ਗੁਰੂ ਦੀ ਸੇਵਾ ਦੀ ਅਜਿਹੀ ਮਿਸਾਲ ਕਾਇਮ ਕੀਤੀ, ਜਿਸ ਦੀ ਗੂੰਜ ਅਮਰੀਕੀ ਸਰਕਾਰ ਤੋਂ ਲੈ ਕੇ ਮੀਡੀਆ ਤੱਕ ਸੁਣਾਈ ਦਿੱਤੀ। ਤੂ਼ਫ਼ਾਨ, ਭੂਚਾਲ ਜਾਂ ਕੋਈ ਹੋਰ ਆਫ਼ਤ—ਸਿੱਖ ਸੰਗਠਨ ਹਰ ਮੁਸੀਬਤ ਵਿੱਚ ਰਾਹਤ ਸਮੱਗਰੀ, ਮੈਡੀਕਲ ਸਹਾਇਤਾ ਤੇ ਪੁਨਰਵਾਸ ਦੀ ਸੇਵਾ ਨਾਲ ਗੁਰੂ ਦੇ ਸੁਨੇਹੇ ਨੂੰ ਜੀਉਂਦੇ ਹਨ।

**ਅਮਰੀਕੀ ਸਰਕਾਰ ਤੇ ਸਮਾਜ ਵਿੱਚ ਸਿੱਖੀ ਦਾ ਅਕਸ**

ਅਮਰੀਕੀ ਸਮਾਜ ਵਿੱਚ ਸਿੱਖ ਨੂੰ ਮਿਹਨਤਕਸ਼, ਸਮਰਪਿਤ ਤੇ ਸੇਵਾ ਦਾ ਪੁਜਾਰੀ ਸਮਝਿਆ ਜਾਂਦਾ ਹੈ। ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਸਿੱਖ ਭਾਈਚਾਰੇ ਦੀ ਸੇਵਾ ਤੇ ਸੱਭਿਆਚਾਰਕ ਯੋਗਦਾਨ ਦੀ ਸ਼ਲਾਘਾ ਕਰਦਿਆਂ ਸਿੱਖੀ ਦੇ ਸਿਧਾਂਤਾਂ ਨੂੰ ਅਮਰੀਕੀ ਜੀਵਨ ਦਾ ਅਟੁੱਟ ਅੰਗ ਦੱਸਿਆ। ਡਾ. ਅਮਰਜੀਤ ਸਿੰਘ ਮਰਵਾਹ, ਜੋ ਸਿਹਤ ਸੇਵਾ ਤੇ ਸਮਾਜ ਸੇਵਾ ਦੇ ਮੋਰਚੇ ਤੇ ਸਿੱਖੀ ਦੀ ਜੋਤ ਜਗਾਉਂਦੇ ਹਨ, ਅਮਰਦੀਪ ਸਿੰਘ, ਜੋ ਸਿੱਖ ਕੋਐਲੀਸ਼ਨ ਦੀ ਅਗਵਾਈ ਵਿੱਚ ਸਿੱਖ ਅਧਿਕਾਰਾਂ ਦੀ ਲੜਾਈ ਲੜਦੇ ਹਨ, ਪਰਮਜੀਤ ਸਿੰਘ, ਜੋ ਸਿੱਖੀ ਦੇ ਮੁੱਲਾਂ ਨੂੰ ਅਮਰੀਕੀ ਸਮਾਜ ਵਿੱਚ ਪ੍ਰਚਾਰਦੇ ਹਨ ਅਤੇ ਅੰਜਲੀ ਕੌਰ, ਜੋ ਸਿੱਖ ਅਧਿਕਾਰਾਂ ਤੇ ਸਿੱਖਿਆ ਦੀ ਅਗਵਾਈ ਕਰਦੀ ਹੈ—ਇਹ ਸਾਰੇ ਸਿੱਖ ਸਖ਼ਸ਼ੀਅਤਾਂ ਗੁਰੂ ਦੀ ਜੋਤ ਦੀਆਂ ਜੀਵੰਤ ਮਿਸਾਲਾਂ ਹਨ। ਅਮਰੀਕੀ ਮੀਡੀਆ ਨੇ ਸਿੱਖੀ ਦੀ ਸੇਵਾ ਨੂੰ ਸਦਾ ਸਿਰ 'ਤੇ ਚੁੱਕਿਆ ਹੈ।

ਨਿਊਯਾਰਕ ਟਾਈਮਜ਼ ਨੇ 2020 ਵਿੱਚ ਕੋਵਿਡ ਮਹਾਮਾਰੀ ਦੌਰਾਨ ਸਿੱਖ ਲੰਗਰ ਦੀ ਸੇਵਾ ਨੂੰ ਸਮਾਜਿਕ ਏਕਤਾ ਦੀ ਮਿਸਾਲ ਦੱਸਿਆ। ਵਾਸ਼ਿੰਗਟਨ ਪੋਸਟ ਨੇ 2012 ਦੀ ਓਕ ਕ੍ਰੀਕ



ਤਰਾਸਦੀ ਤੋਂ ਬਾਅਦ ਸਿੱਖ ਸਹਿਣਸ਼ੀਲਤਾ ਤੇ ਸੇਵਾ ਦੀ ਭਾਵਨਾ ਨੂੰ ਸਲਾਮ ਕੀਤਾ। ਸੀ.ਐਨ.ਐਨ. ਨੇ ਵਿਸਾਖੀ ਦੀਆਂ ਪਰੇਡਾਂ ਤੇ ਸਿੱਖ ਸੇਵਾਵਾਂ ਨੂੰ ਅਮਰੀਕੀ ਸੱਭਿਆਚਾਰ ਦਾ ਅੰਗ ਦੱਸਿਆ ਅਤੇ ਹ਼ਫ਼ਪੋਸਟ ਨੇ ਖ਼ਾਲਸਾ ਏਡ ਦੀ ਮਨੁੱਖੀ ਸਹਾਇਤਾ ਨੂੰ ਸੇਵਾ ਦੀ ਮੂਰਤ ਦੱਸਿਆ। ਅਮਰੀਕੀ ਰਾਸ਼ਟਰਪਤੀਆਂ ਨੇ ਵੀ ਸਿੱਖੀ ਦੀ ਸੇਵਾ ਨੂੰ ਸਦਾ ਸਤਿਕਾਰਿਆ। ਓਬਾਮਾ ਨੇ 2015 ਵਿੱਚ ਸਿੱਖ ਸੰਗਠਨਾਂ ਦੀ ਮਨੁੱਖੀ ਸੇਵਾ ਨੂੰ ਅਮਰੀਕੀ ਸਮਾਜ ਦੀ ਸ਼ਾਨ ਦੱਸਿਆ। ਟਰੰਪ ਨੇ 2019 ਵਿੱਚ ਗੁਰਪੁਰਬ ਮੌਕੇ ਸਿੱਖ ਸੇਵਾ ਦੀ ਭਾਵਨਾ ਨੂੰ ਸਲਾਮ ਕੀਤਾ ਅਤੇ ਬਾਈਡੇਨ ਨੇ 2021 ਵਿੱਚ ਵਿਸਾਖੀ ਮੌਕੇ ਸਿੱਖ ਸੇਵਾ ਤੇ ਸਮਾਨਤਾ ਦੀ ਵਚਨਬੱਧਤਾ ਨੂੰ ਸਤਿਕਾਰਿਆ।

**ਗੁਰੂ ਗ੍ਰੰਥ ਸਾਹਿਬ: ਅਮਰੀਕੀ ਹਿਰਦਿਆਂ ਵਿੱਚ ਜੋਤ**

ਗੁਰੂ ਗ੍ਰੰਥ ਸਾਹਿਬ, ਸਿੱਖੀ ਦਾ ਸਦੀਵੀ ਗੁਰੂ, ਅਮਰੀਕੀ ਸਮਾਜ ਵਿੱਚ ਹੌਲੀ-ਹੌਲੀ ਪਰ ਪੱਕੇ ਪੈਰੀਂ ਸਮਝਿਆ ਜਾ ਰਿਹਾ ਹੈ। ਸਿੱਖ ਸੰਗਠਨਾਂ ਨੇ ਸਕੂਲਾਂ, ਯੂਨੀਵਰਸਿਟੀਆਂ ਤੇ ਅੰਤਰਧਰਮ ਸਮਾਗਮਾਂ ਵਿੱਚ ਗੁਰੂ ਜੀ ਦੀਆਂ ਸਿੱਖਿਆਵਾਂ 'ਸਮਾਨਤਾ, ਸੇਵਾ, ਸੱਚ' ਨੂੰ ਇੱਕ ਸੁਰੀਲੀ ਰਾਗ ਵਾਂਗ ਪਹੁੰਚਾਇਆ ਹੈ। ਅਮਰੀਕੀ ਅਕਾਦਮਿਕ ਅਦਾਰਿਆਂ ਵਿੱਚ ਸਿੱਖੀ ਦਾ ਅਧਿਐਨ ਸ਼ੁਰੂ ਹੋਇਆ ਹੈ ਅਤੇ ਅਮਰੀਕੀ ਸੰਸਥਾਵਾਂ ਨੇ ਗੁਰਪੁਰਬ ਮੌਕਿਆਂ 'ਤੇ ਗੁਰੂ ਜੀ ਦੀ ਮਹੱਤਤਾ ਨੂੰ ਸਤਿਕਾਰਿਆ। ਪਰ ਅਜੇ ਵੀ ਬਹੁਤ ਸਾਰੇ ਅਮਰੀਕੀ ਸਿੱਖੀ ਨੂੰ ਸਿਰ਼ਫ਼ ਇੱਕ ਧਰਮ ਦੇ ਰੂਪ ਵਿੱਚ ਜਾਣਦੇ ਹਨ—ਗੁਰੂ ਗ੍ਰੰਥ ਸਾਹਿਬ ਦੀ ਅਧਿਆਤਮਿਕ ਡੂੰਘਾਈ ਨੂੰ ਸਮਝਣ ਲਈ ਅਜੇ ਸਮੇਂ ਤੇ ਸਿੱਖਿਆ ਦੀ ਲੋੜ ਹੈ।

**ਸਿੱਖੀ ਦਾ ਸੁਨੇਹਾ: ਗੁਰੂ ਦੀ ਜੋਤ, ਸੰਸਾਰ ਦੀ ਰੌਸ਼ਨੀ**

ਨਿਊਯਾਰਕ ਵਿੱਚ ਸਿੱਖ ਭਾਈਚਾਰਾ ਸਿਰ਼ਫ਼ ਇੱਕ ਧਰਮ ਜਾਂ ਜਾਤ ਨਹੀਂ, ਸਗੋਂ ਗੁਰੂ ਨਾਨਕ ਦੀ ਬਖਸ਼ੀ ਹੋਈ ਜੀਵਨ-ਜਾਚ ਦਾ ਜੀਵੰਤ ਪ੍ਰਤੀਕ ਹੈ। ਇਸ ਸ਼ਹਿਰ ਦੀਆਂ ਗਲੀਆਂ ਵਿੱਚ, ਜਿੱਥੇ ਨ਼ਫ਼ਰਤ ਦੀਆਂ ਹਵਾਵਾਂ ਅਜੇ ਵੀ ਵਗਦੀਆਂ ਹਨ, ਸਿੱਖਾਂ ਨੇ ਸੇਵਾ, ਸਮਰਪਣ ਤੇ ਸੰਘਰਸ਼ ਨਾਲ ਗੁਰੂ ਦੀ ਜੋਤ ਨੂੰ ਜਗਾਇਆ ਹੈ। ਸਿੱਖ ਸੰਗਠਨ, ਗੁਰਦੁਆਰੇ ਤੇ ਸਿੱਖ ਨੌਜਵਾਨ ਅੱਜ ਪੰਜਾਬੀ ਸੱਭਿਆਚਾਰ, ਭਾਸ਼ਾ ਤੇ ਸਿੱਖੀ ਦੀ ਅਮਾਨਤ ਨੂੰ ਅਗਲੀ ਪੀੜ੍ਹੀ ਦੇ ਹਿਰਦਿਆਂ ਵਿੱਚ ਸੰਭਾਲਣ ਦੀ ਜੱਦੋਜਹਿਦ ਵਿੱਚ ਲੱਗੇ ਹਨ। ਜਿਵੇਂ ਪ੍ਰੋ.ਫੈਸਰ ਪੂਰਨ ਸਿੰਘ ਨੇ ਲਿਖਿਆ ਸੀ, ਸਿੱਖੀ ਕੋਈ ਬੰਨ੍ਹਿਆ-ਬਣਾਇਆ ਢਾਂਚਾ ਨਹੀਂ, ਸਗੋਂ ਇੱਕ ਜੀਵੰਤ ਰੂਹ ਹੈ, ਜੋ ਸੇਵਾ ਦੀ ਮਹਿਕ, ਸ਼ਬਦ ਦੀ ਸੁਰ ਤੇ ਸੰਘਰਸ਼ ਦੀ ਤਾਕਤ ਨਾਲ ਸੰਸਾਰ ਨੂੰ ਰੌਸ਼ਨ ਕਰਦੀ ਹੈ। ਨਿਊਯਾਰਕ ਵਿੱਚ ਸਿੱਖ ਪੰਥ ਅੱਜ ਇਸੇ ਰੂਹ ਦੀ ਗਾਥਾ ਗਾਉਂਦਾ ਹੈ—ਗੁਰੂ ਦੀ ਜੋਤ ਨਾਲ, ਮਨੁੱਖਤਾ ਦੀ ਸੇਵਾ ਵਿੱਚ।

# ਸਿੱਖ ਰਾਜ ਤੋਂ ਹੁਣ ਤੱਕ ਦੇ ਸੰਘਰਸ਼ ਨਾਲ ਸਬੰਧਿਤ ਦਿਹਾੜਿਆਂ ਨੂੰ ਨਿਊਯਾਰਕ ਵਿਖੇ ਚੜ੍ਹਦੀਕਲਾ ਨਾਲ ਮਨਾਇਆ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਗੁਰਦੁਆਰਾ ਸਿੱਖ ਸੈਂਟਰ ਆਫ਼ ਨਿਊਯਾਰਕ, ਕੂਈਨਜ਼ ਵਿਲੇਜ ਵਿਖੇ ਸਮੂਹ ਪੰਥਕ ਜਥੇਬੰਦੀਆਂ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਮਹਾਨ ਪੰਥਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਗੁਰੂ ਅਮਰਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਅਤੇ ਨਾਲ ਹੀ ਸਰਹੰਦ ਫ਼ਤਹਿ ਦਿਵਸ, ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ, ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਅਵਤਾਰ ਸਿੰਘ ਖੰਡਾ, ਹਰਪ੍ਰੀਤ ਸਿੰਘ ਰਾਣਾ, 29 ਅਪ੍ਰੈਲ 1986 ਦੇ ਖ਼ਾਲਿਸਤਾਨ ਐਲਾਨਨਾਮੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਉਲੀਕੇ ਗਏ। ਇਸ ਤੋਂ ਇਲਾਵਾ ਅਮਰੀਕਾ ਦੀ ਸਿਆਸਤ ਵਿੱਚ ਸਰਗਰਮ ਕਨੈਕਟੀਕਟ ਸਟੇਟ ਵਿੱਚ ਪਿਛਲੇ 15 ਸਾਲਾਂ ਤੋਂ ਵੱਖ-ਵੱਖ ਅਹੁਦਿਆਂ ਉੱਤੇ ਸੇਵਾਵਾਂ ਨਿਭਾਅ ਰਹੇ ਸ. ਸਵਰਨਜੀਤ ਸਿੰਘ ਖ਼ਾਲਸਾ, ਜੋ ਕਿ ਹੁਣ ਨੌਰਵਿਚ ਸਿਟੀ ਦੇ ਮੇਅਰ ਕੈਂਡੀਡੇਟ ਹਨ,



ਉਹਨਾਂ ਦੀ ਕਾਮਯਾਬੀ ਲਈ ਅਰਦਾਸ ਅਤੇ ਫ਼ੰਡ ਵੀ ਇਕੱਤਰ ਕੀਤਾ ਗਿਆ। ਸਵੇਰ ਸਮੇਂ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦਿਨ ਭਰ ਦੇ ਦੀਵਾਨ ਵਿੱਚ ਕੀਰਤਨ, ਕਥਾ ਤੋਂ ਇਲਾਵਾ ਪੰਥਕ ਬੁਲਾਰਿਆਂ ਨੇ ਸਬੰਧਿਤ ਦਿਹਾੜਿਆਂ ਬਾਰੇ ਵਿਸਥਾਰ ਵਿੱਚ ਸੰਗਤਾਂ ਨਾਲ ਸਾਂਝ ਪਾਈ। ਸਿੱਖ ਹੱਕਾਂ ਦੀ ਪ੍ਰਾਪਤੀ ਅਤੇ ਸਿੱਖ ਮੁੱਦਿਆਂ ਨੂੰ ਅੱਗੇ ਵਧਾਉਣ ਲਈ ਮੌਜੂਦਾ ਸਮੇਂ ਅਮਰੀਕਾ ਦੀ ਸਿਆਸਤ ਵਿੱਚ ਸਿੱਖ ਨੌਜਵਾਨਾਂ ਨੂੰ ਸ਼ਾਮਲ ਹੋਣ ਲਈ ਪ੍ਰੇਰਨਾ ਸਰੋਤ ਵਜੋਂ ਸ. ਸਵਰਨਜੀਤ ਸਿੰਘ ਖ਼ਾਲਸਾ ਦੇ ਪੰਥਕ ਮੁੱਦਿਆਂ ਬਾਰੇ ਲਏ ਸਟੈਂਡ ਅਤੇ ਜਬ ਲੱਗ ਖਾਲਸਾ ਰਹੈ ਨਿਆਰਾ ਦੇ ਸਿਧਾਂਤ ਉੱਤੇ ਪਹਿਰਾ ਦਿੰਦਿਆਂ ਕਰਵਾਏ ਗਏ ਕੰਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ । ਸ੍ਰ. ਸਵਰਨਜੀਤ ਸਿੰਘ ਖ਼ਾਲਸਾ ਦੀ ਮੇਅਰ ਚੋਣ ਵਿੱਚ ਮਦਦ ਲਈ ਵੋਟ ਦੇ ਨਾਲ ਸਿੱਖ ਸੰਗਤਾਂ ਨੇ ਖੁੱਲ੍ਹ ਕੇ ਮਾਇਕ ਯੋਗਦਾਨ ਵੀ ਪਾਇਆ। ਆਉਣ ਵਾਲੇ ਦਿਨਾਂ ਵਿੱਚ ਸਿੱਖ ਨੌਜਵਾਨ ਜਪਨੀਤ ਸਿੰਘ ਨੂੰ ਨਿਊਯਾਰਕ ਸਿਟੀ ਕੌਂਸਲ ਲਈ ਜਿਤਾਉਣ ਵਾਸਤੇ ਵੀ ਅਪੀਲ ਕੀਤੀ ਗਈ।

ਵਿਦਵਤਾ ਭਰਪੂਰ ਅਤੇ ਪੰਥਕ ਵਿਚਾਰਾਂ ਦੀ ਸਾਂਝ ਪਾਉਣ ਵਾਲੇ ਬੁਲਾਰਿਆਂ ਵਿੱਚ ਸ੍ਰ. ਹਿੰਮਤ ਸਿੰਘ, ਸ੍ਰ. ਸਵਰਨਜੀਤ ਸਿੰਘ ਖਾਲਸਾ, ਸ੍ਰ. ਸੁਰਜੀਤ ਸਿੰਘ ਕੁਲਾਰ, ਸ੍ਰ. ਅਵਤਾਰ ਸਿੰਘ ਪੰਨੂ, ਸ੍ਰ. ਜਸਬੀਰ ਸਿੰਘ, ਸ੍ਰ. ਰਜਿੰਦਰ ਸਿੰਘ, ਸ੍ਰ. ਤ੍ਰਿਲੋਚਨ ਸਿੰਘ ਭੱਟੀ, ਸ੍ਰ. ਜਪਨੀਤ ਸਿੰਘ ਆਦਿ ਸ਼ਾਮਲ ਸਨ, ਸਟੇਜ ਦੀ ਸੇਵਾ ਸ੍ਰ. ਗੁਰਮੇਲ ਸਿੰਘ ਨੇ ਬਾਖੂਬੀ ਨਿਭਾਈ। ਗਿਆਨੀ ਬਲਵਿੰਦਰ ਸਿੰਘ ਨੇ ਗੁਰਬਾਣੀ ਅਤੇ ਇਤਿਹਾਸ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਨ੍ਹਾਂ ਸਮਾਗਮਾਂ ਵਿੱਚ ਸਮੂਹ ਪੰਥਕ ਜਥੇਬੰਦੀਆਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਿੱਖ ਯੂਥ ਆਫ਼ ਅਮਰੀਕਾ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ, ਸਿੱਖਸ ਫ਼ਾਰ ਜਸਟਿਸ, ਦਲ ਖ਼ਾਲਸਾ, ਧੰਨ ਧੰਨ ਬਾਬਾ ਬੁੱਢਾ ਜੀ ਐਸੋਸੀਏਸ਼ਨ, ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ, ਗੁਰੂ ਰਾਮਦਾਸ ਵੈਲ਼ਫ਼ੇਅਰ ਸੁਸਾਇਟੀ ਹਰਿਆਣਾ, ਪੰਥਕ ਸਿੱਖ ਸੁਸਾਇਟੀ, ਸ਼ਹੀਦ ਊਧਮ ਸਿੰਘ ਸੁਸਾਇਟੀ, ਸ਼ਹੀਦ ਭਾਈ ਮਨੀ ਸਿੰਘ ਸੁਸਾਇਟੀ ਨਿਉਯਾਰਕ, ਸਿੱਖ ਕੌਂਸਲ ਆਫ਼ ਨਿਉਯਾਰਕ ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਤੋਂ ਇਲਾਵਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸੰਸਥਾਵਾਂ ਨੇ ਵੀ ਸ਼ਮੂਲੀਅਤ ਕੀਤੀ।



# ਜੰਗ ਇੱਕ ਕੁਸੈਲੀ ਹਕੀਕਤ

## ਦੋ ਮੁਲਕਾਂ ਦੀ ਜੰਗ ਦੀ ਚੱਕੀ 'ਚ ਪੀਸੇ ਜਾਂਦੇ ਨੇ ਆਮ ਲੋਕ

ਭਾਰਤ ਅਤੇ ਪਾਕਿਸਤਾਨ ਦਰਮਿਆਨ ਪਿਛਲੇ ਦਿਨਾਂ ਦੌਰਾਨ ਜੰਗ ਵਰਗੇ ਹਾਲਾਤ ਬਣੇ ਰਹੇ। ਇਸ ਦੌਰਾਨ ਦੋਵੇਂ ਦੇਸ਼ ਇੱਕ ਦੂਜੇ 'ਤੇ ਹਮਲੇ ਕਰਦੇ ਰਹੇ। ਦੋਵਾਂ ਦੇਸ਼ਾਂ ਵਿਚਾਲੇ ਗੱਲ ਪਰਮਾਣੂ ਹਥਿਆਰਾਂ ਤੱਕ ਵੀ ਪਹੁੰਚ ਗਈ ਸੀ ਕਿ ਚੰਗੇ ਭਾਗਾਂ ਨੂੰ ਦੋਵਾਂ ਦੇਸ਼ਾਂ ਵਿਚਾਲੇ ਜੰਗਬੰਦੀ ਹੋ ਗਈ। ਭਾਵੇਂ ਕਿ ਪਾਕਿਸਤਾਨ ਵੱਲੋਂ ਅਜੇ ਵੀ ਜੰਗਬੰਦੀ ਦੀ ਉਲੰਘਣਾ ਕੀਤੀ ਜਾ ਰਹੀ ਹੈ ਅਤੇ ਸਰਹੱਦ 'ਤੇ ਗੋਲੀਬਾਰੀ ਕਰਨ ਦੇ ਨਾਲ ਹੀ ਪੰਜਾਬ ਵਿੱਚ ਡਰੋਨ ਵੀ ਭੇਜੇ ਜਾ ਰਹੇ ਹਨ। ਇਸੇ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਅਮਰੀਕਾ ਦੇ ਪ੍ਰਸ਼ਾਸਨ ਵੱਲੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗਬੰਦੀ ਲਈ ਅਹਿਮ ਭੂਮਿਕਾ ਨਿਭਾਈ ਗਈ।

ਭਾਰਤ ਅਤੇ ਪਾਕਿਸਤਾਨ ਵਿਚਾਲੇ ਜਦੋਂ ਵੀ ਤਨਾਓ ਪੈਦਾ ਹੁੰਦਾ ਹੈ ਤਾਂ ਇਸ ਦਾ ਸਭ ਤੋਂ ਵੱਧ ਨੁਕਸਾਨ ਪੰਜਾਬ ਦੇ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਹੁੰਦਾ ਹੈ। ਅਜਿਹੇ ਤਨਾਓ ਦੌਰਾਨ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਆਪਣੇ ਘਰ ਬਾਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣਾ ਪੈਂਦਾ ਹੈ। ਜਿਸ ਕਰਕੇ ਉਹਨਾਂ ਦੀ ਜ਼ਿੰਦਗੀ ਵਿੱਚ 'ਹਿਜਰਤ ਦਾ ਦੁਖਾਂਤ' ਜੁੜ ਜਾਂਦਾ ਹੈ। ਇਸ ਵਾਰ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਨਾਓ ਦੌਰਾਨ ਪੂਰੇ ਪੰਜਾਬ ਦੇ ਲੋਕਾਂ ਨੂੰ ਕੁਝ ਦਿਨ ਦਹਿਸ਼ਤ ਦੇ ਸਾਏ ਹੇਠ ਰਹਿਣਾ ਪਿਆ। ਇਹਨਾਂ ਦਿਨਾਂ ਦੌਰਾਨ ਪਾਕਿਸਤਾਨ ਵੱਲੋਂ ਪੰਜਾਬ ਦੇ ਵੱਖ-ਵੱਖ ਇਲਾਕਿਆਂ 'ਤੇ ਡਰੋਨ ਅਤੇ ਮਿਜ਼ਾਇਲ ਹਮਲੇ ਕੀਤੇ ਗਏ ਭਾਵੇਂ ਕਿ ਭਾਰਤ ਦੇ ਸੁਰੱਖਿਆ ਸਿਸਟਮ ਨੇ ਇਹ ਡਰੋਨ ਅਤੇ ਮਿਜ਼ਾਇਲਾਂ ਹਵਾ ਵਿੱਚ ਹੀ ਤਬਾਹ ਕਰ ਦਿੱਤੇ ਪਰ ਆਮ ਲੋਕਾਂ ਵਿੱਚ ਇਹਨਾਂ ਹਮਲਿਆਂ ਸਬੰਧੀ ਕੁਝ ਸਹਿਮ ਵੀ ਪਾਇਆ ਗਿਆ। ਉਂਝ ਪੰਜਾਬੀਆਂ ਦੀ ਇਹ ਸਿਫ਼ਤ ਹੈ ਕਿ ਇਹ ਜੰਗੀ ਹਾਲਾਤਾਂ ਦੌਰਾਨ ਵੀ ਪੂਰੇ ਬੁਲੰਦ ਹੌਂਸਲੇ ਵਿੱਚ ਰਹਿੰਦੇ ਹਨ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਹਮੇਸ਼ਾ ਮੋਹਰੀ ਭੂਮਿਕਾ ਨਿਭਾਉਂਦੇ ਹਨ। ਤਨਾਓ ਭਰੇ ਦਿਨਾਂ ਦੌਰਾਨ ਹੀ ਵੱਡੀ ਗਿਣਤੀ ਲੋਕਾਂ ਵੱਲੋਂ ਭਾਰੀ ਮਾਤਰਾ ਵਿੱਚ ਰਾਸ਼ਨ ਅਤੇ ਹੋਰ ਜ਼ਰੂਰੀ ਸਮਾਨ ਖਰੀਦ ਲਿਆ ਗਿਆ। ਇਸੇ ਦੌਰਾਨ ਵੱਖ- ਵੱਖ ਸ਼ਾਪਿੰਗ ਮਾਲਾਂ ਦੇ ਪ੍ਰਬੰਧਕਾਂ/ ਮਾਲਕਾਂ ਤੇ ਵਪਾਰੀਆਂ ਵੱਲੋਂ ਜ਼ਰੂਰੀ ਸਮਾਨ ਦੇ ਭਾਅ ਵੀ ਵਧਾ ਦਿੱਤੇ ਗਏ। ਦਰਅਸਲ, ਪਾਕਿਸਤਾਨ ਵਿੱਚ ਲੋਕਾਂ ਦੀ ਸਰਕਾਰ 'ਤੇ ਫ਼ੌਜ ਭਾਰੂ ਹੈ। ਉਹ ਅਜਿਹੇ ਪੰਗੇ ਛੇੜੀ ਰੱਖਦੀ ਹੈ ਤਾਂ ਜੋ ਸਰਕਾਰ ਨੂੰ ਆਪਣੇ ਥੱਲੇ ਲਾ ਕੇ ਰੱਖ ਸਕੇ। ਜੰਗ ਕੋਈ ਖੇਡ ਨਹੀਂ ਹੁੰਦੀ। ਅਤਿਵਾਦੀਆਂ ਨੂੰ ਵੀ ਪਤਾ ਹੁੰਦਾ ਹੈ ਕਿ ਉਨ੍ਹਾਂ ਦੀ ਉਮਰ ਬਹੁਤੀ ਲੰਬੀ ਨਹੀਂ ਹੁੰਦੀ ਪਰ ਪਾਕਿਸਤਾਨ ਸਰਕਾਰ ਦੀ ਪੁਸ਼ਤ-ਪਨਾਹੀ ਹੋਣ ਕਰਕੇ ਗੁੰਮਰਾਹ ਹੋ ਕੇ ਫਿਰ ਵੀ ਉਹ ਅਜਿਹੇ ਕੰਮ ਕਰਦੇ




ਰਹਿੰਦੇ ਹਨ। ਭਾਰਤ ਅਤੇ ਪਾਕਿਸਤਾਨ ਵਿਚਾਲੇ ਟਕਰਾਓ ਕੋਈ ਪਹਿਲੀ ਵਾਰ ਨਹੀਂ ਹੋਇਆ ਸਗੋਂ ਦੋਵਾਂ ਮੁਲਕਾਂ ਵਿਚਾਲੇ ਉਦੋਂ ਤੋਂ ਟਕਰਾਓ ਹੁੰਦਾ ਆ ਰਿਹਾ ਹੈ, ਜਦੋਂ ਤੋਂ ਪਾਕਿਸਤਾਨ ਹੋਂਦ ਵਿੱਚ ਆਇਆ ਹੈ। ਭਾਰਤ-ਪਾਕਿ ਫ਼ੌਜੀ ਟਕਰਾਅ ਦਾ ਇਤਿਹਾਸ ਭਾਰਤ ਦੀ ਆਜ਼ਾਦੀ ਅਤੇ ਉਪ-ਮਹਾਂਦੀਪ ਦੀ ਵੰਡ ਤੋਂ ਬਾਅਦ 1947 ਦੀ ਜੰਗ ਤੋਂ ਸ਼ੁਰੂ ਹੁੰਦਾ ਹੈ, ਜੋ ਪੁਲਵਾਮਾ ਫ਼ਿਦਾਈਨ ਹਮਲੇ ਖ਼ਿਲਾਫ਼ ਭਾਰਤ ਦੇ 2019 ਦੇ ਬਾਲਾਕੋਟ ਸਰਜੀਕਲ ਸਟ੍ਰਾਈਕ ਤੱਕ ਫ਼ੈਲਿਆ ਹੋਇਆ ਹੈ। 1947 (ਪਹਿਲਾ ਭਾਰਤ-ਪਾਕਿ ਜੰਗ): ਇਹ ਜੰਗ, ਜਿਸ ਨੂੰ ਪਹਿਲੀ ਕਸ਼ਮੀਰ ਜੰਗ ਵੀ ਕਿਹਾ ਜਾਂਦਾ ਹੈ, ਨਵੇਂ ਆਜ਼ਾਦ ਮੁਲਕਾਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਉਸ ਸਮੇਂ ਦੀ ਰਿਆਸਤ ਜੰਮੂ ਅਤੇ ਕਸ਼ਮੀਰ ਨੂੰ ਲੈ ਕੇ ਸ਼ੁਰੂ ਹੋਈ ਸੀ। ਇਹ ਜੰਗ ਅਕਤੂਬਰ 1947 ਵਿੱਚ ਸ਼ੁਰੂ ਹੋਈ ਸੀ ਜਦੋਂ ਪਾਕਿਸਤਾਨ-ਹਮਾਇਤੀ ਕਬਾਇਲੀ ਮਿਲੀਸ਼ੀਆ ਨੇ ਰਿਆਸਤ 'ਤੇ ਹਮਲਾ ਕੀਤਾ ਸੀ। ਜਵਾਬ ਵਿੱਚ, ਮਹਾਰਾਜਾ ਹਰੀ ਸਿੰਘ ਵੱਲੋਂ ਜੰਮੂ ਅਤੇ ਕਸ਼ਮੀਰ ਦੇ ਭਾਰਤੀ ਸੰਘ ਵਿੱਚ ਸ਼ਾਮਲ ਹੋਣ ਤੋਂ ਬਾਅਦ, ਭਾਰਤ ਨੇ ਇਸ ਖੇਤਰ ਦੀ ਰੱਖਿਆ ਲਈ ਆਪਣੀਆਂ ਫ਼ੌਜਾਂ ਭੇਜੀਆਂ, ਜਿਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਟਕਰਾਅ ਹੋਇਆ।

ਇਹ ਟਕਰਾਅ ਜਨਵਰੀ 1949 ਤੱਕ ਜਾਰੀ ਰਿਹਾ, ਜਦੋਂ ਸੰਯੁਕਤ ਰਾਸ਼ਟਰ ਦੀ ਵਿਚੋਲਗੀ ਨਾਲ ਜੰਗਬੰਦੀ ਲਾਗੂ ਕੀਤੀ ਗਈ, ਜਿਸ ਦੇ ਨਤੀਜੇ ਵਜੋਂ ਕੰਟਰੋਲ ਰੇਖਾ ਦੇ ਨਾਲ ਭਾਰਤ ਅਤੇ ਪਾਕਿਸਤਾਨ ਵਿਚਕਾਰ ਕਸ਼ਮੀਰ ਦੀ ਵੰਡ ਹੋ ਗਈ।

1965 (ਦੂਜੀ ਭਾਰਤ-ਪਾਕਿ ਜੰਗ): 5 ਅਗਸਤ, 1965 ਨੂੰ ਕਸ਼ਮੀਰ ਉੱਤੇ ਹਥਿਆਰਬੰਦ ਟਕਰਾਅ ਸ਼ੁਰੂ ਹੋਇਆ। ਇਹ ਉਦੋਂ ਸ਼ੁਰੂ ਹੋਇਆ ਜਦੋਂ ਹਜ਼ਾਰਾਂ ਪਾਕਿਸਤਾਨੀ ਸੈਨਿਕ, ਸਥਾਨਕ ਵਿਦਰੋਹੀਆਂ ਦੇ ਭੇਸ ਵਿੱਚ, ਜੰਮੂ ਅਤੇ ਕਸ਼ਮੀਰ ਵਿੱਚ ਕੰਟਰੋਲ ਰੇਖਾ ਦੇ ਪਾਰ ਭਾਰਤੀ ਖੇਤਰ ਵਿੱਚ ਘੁਸਪੈਠ ਕਰ ਗਏ। ਗੁਪਤ ਕਾਰਵਾਈ, ਜਿਸ ਨੂੰ 'ਆਪ੍ਰੇਸ਼ਨ ਜਿਬਰਾਲਟਰ' ਵਜੋਂ ਜਾਣਿਆ ਜਾਂਦਾ ਹੈ, ਦਾ ਮੰਤਵ ਖੇਤਰ ਨੂੰ ਅਸਥਿਰ ਕਰਨਾ ਅਤੇ ਸਥਾਨਕ ਵਿਦਰੋਹਾਂ ਨੂੰ ਭੜਕਾਉਣਾ ਸੀ। ਭਾਰਤ ਨੇ ਜਵਾਬੀ ਕਾਰਵਾਈ ਕਰਦਿਆਂ ਇੱਕ ਫ਼ੌਜੀ ਜਵਾਬੀ ਹਮਲਾ ਸ਼ੁਰੂ ਕੀਤਾ, ਜੋ ਕੌਮਾਂਤਰੀ ਸਰਹੱਦ 'ਤੇ ਪੂਰੀ ਵੱਡੀ ਲੜਾਈ ਵਿੱਚ ਬਦਲ ਗਿਆ। ਇਹ ਜੰਗ 23 ਸਤੰਬਰ, 1965 ਤੱਕ ਜਾਰੀ ਰਹੀ, ਜਦੋਂ ਦੋਵੇਂ ਧਿਰਾਂ ਸੋਵੀਅਤ ਯੂਨੀਅਨ ਅਤੇ ਅਮਰੀਕਾ ਦੀ ਵਿਚੋਲਗੀ ਨਾਲ ਜੰਗਬੰਦੀ ਲਈ ਸਹਿਮਤ ਹੋ ਗਈਆਂ।

1971 (ਬੰਗਲਾਦੇਸ਼ ਮੁਕਤੀ ਜੰਗ): 1971 ਦੀ ਭਾਰਤ-ਪਾਕਿਸਤਾਨ ਜੰਗ ਪਾਕਿਸਤਾਨੀ ਫ਼ੌਜ ਵੱਲੋਂ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) 'ਤੇ ਕਾਰਵਾਈ ਅਤੇ ਆਜ਼ਾਦੀ ਦੀ ਮੰਗ ਕਾਰਨ ਸ਼ੁਰੂ ਹੋਈ ਸੀ। ਭਾਰਤ ਬੰਗਲਾਦੇਸ਼ੀ ਆਜ਼ਾਦੀ ਅੰਦੋਲਨ ਦੇ ਸਮਰਥਨ ਵਿੱਚ ਜੰਗ ਵਿੱਚ ਸ਼ਾਮਲ ਹੋਇਆ ਅਤੇ ਪੂਰਬੀ ਅਤੇ ਪੱਛਮੀ ਦੋਵਾਂ ਮੋਰਚਿਆਂ 'ਤੇ ਤਿੱਖੀ ਲੜਾਈ ਤੋਂ ਬਾਅਦ, ਪਾਕਿਸਤਾਨ ਦੀਆਂ ਫ਼ੌਜਾਂ ਨੇ 16 ਦਸੰਬਰ, 1971 ਨੂੰ ਆਤਮ ਸਮਰਪਣ ਕਰ ਦਿੱਤਾ। ਇਸ ਜੰਗ ਨੇ ਬੰਗਲਾਦੇਸ਼ ਨੂੰ ਇੱਕ ਸੁਤੰਤਰ ਰਾਸ਼ਟਰ ਵਜੋਂ ਸਿਰਜਿਆ।

1999 (ਕਾਰਗਿਲ ਜੰਗ): 1999 ਦੀ ਕਾਰਗਿਲ ਜੰਗ ਭਾਰਤ ਅਤੇ ਪਾਕਿਸਤਾਨ ਵਿਚਕਾਰ ਵੱਡਾ ਟਕਰਾਅ ਸੀ, ਜੋ ਮਈ ਤੋਂ ਜੁਲਾਈ ਤੱਕ ਪਾਕਿਸਤਾਨੀ ਫ਼ੌਜਾਂ ਅਤੇ ਅਤਿਵਾਦੀਆਂ ਵੱਲੋਂ ਜੰਮੂ ਅਤੇ ਕਸ਼ਮੀਰ ਦੇ ਕਾਰਗਿਲ ਸੈਕਟਰ ਵਿੱਚ ਚੋਟੀਆਂ 'ਤੇ ਕਬਜ਼ਾ ਕੀਤੇ ਜਾਣ ਕਰਕੇ ਸ਼ੁਰੂ ਹੋਇਆ ਸੀ। ਭਾਰਤ ਨੇ ਹਵਾਈ ਸੈਨਾ ਸਬੰਧਿਤ ਖੇਤਰ ਨੂੰ ਮੁੜ ਪ੍ਰਾਪਤ ਕਰਨ ਲਈ 'ਆਪ੍ਰੇਸ਼ਨ ਵਿਜੇ' ਸ਼ੁਰੂ ਕੀਤਾ। ਇਹ ਜੰਗ 26 ਜੁਲਾਈ ਨੂੰ ਭਾਰਤ ਦੇ ਕੰਟਰੋਲ ਮੁੜ ਹਾਸਲ ਕਰਨ ਨਾਲ ਖਤਮ ਹੋਈ। ਇਸ ਦਿਨ ਨੂੰ ਹੁਣ 'ਕਾਰਗਿਲ ਵਿਜੈ ਦਿਵਸ' ਵਜੋਂ ਮਨਾਇਆ ਜਾਂਦਾ ਹੈ।

2016 (ਉੜੀ ਹਮਲਾ): 18 ਸਤੰਬਰ, 2016 ਨੂੰ ਜੰਮੂ-ਕਸ਼ਮੀਰ ਦੇ ਉੜੀ ਵਿੱਚ ਭਾਰਤੀ ਫ਼ੌਜ ਦੇ ਅੱਡੇ 'ਤੇ ਅਤਿਵਾਦੀ ਹਮਲੇ, ਜਿਸ ਵਿੱਚ 19 ਫ਼ੌਜੀ ਮਾਰੇ ਗਏ ਸਨ, ਮਗਰੋਂ ਭਾਰਤ ਨੇ 28-29 ਸਤੰਬਰ ਨੂੰ ਕੰਟਰੋਲ ਰੇਖਾ ਦੇ ਪਾਰ ਇੱਕ ਸਰਜੀਕਲ ਸਟ੍ਰਾਈਕ ਕੀਤੀ। ਭਾਰਤੀ ਫ਼ੌਜ ਨੇ ਪੀ.ਓ.ਕੇ. ਵਿੱਚ ਕਈ ਅਤਿਵਾਦੀ ਲਾਂਚ ਪੈਡਾਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿੱਚ ਘੁਸਪੈਠ ਦੀ ਤਿਆਰੀ ਕਰ ਰਹੇ ਅਤਿਵਾਦੀਆਂ ਦਾ ਕਾਫ਼ੀ ਜਾਨੀ ਮਾਲੀ ਨੁਕਸਾਨ ਹੋਣ ਦਾ ਦਾਅਵਾ ਕੀਤਾ ਗਿਆ।

(ਬਾਕੀ ਸਫ਼ਾ 30 'ਤੇ)




# ਟਰੰਪ ਵੱਲੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਲਈ ਪਹਿਲਾ ਸੈਲਫ਼-ਡਿਪੋਰਟ ਪ੍ਰੋਗਰਾਮ ਸ਼ੁਰੂ ਕਰਨ ਦਾ ਐਲਾਨ

ਨਿਊ ਯਾਰਕ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਕੱਢ ਦੇਣਾ ਚਾਹੁੰਦੇ ਹਨ। ਹਾਲ ਹੀ ਵਿੱਚ ਰਾਸ਼ਟਰਪਤੀ ਟਰੰਪ ਨੇ ਇੱਕ ਨਵੇਂ ਕਾਰਜਕਾਰੀ ਆਦੇਸ਼ ’ਤੇ ਦਸਤਖ਼ਤ ਕੀਤੇ ਹਨ, ਜਿਸ ਨੂੰ ਉਸ ਨੇ ‘ਪਹਿਲਾ ਸੈਲਫ਼-ਡਿਪੋਰਟ ਪ੍ਰੋਗਰਾਮ’ ਦੱਸਿਆ ਹੈ। ਇਸ ਪ੍ਰੋਗਰਾਮ ਤਹਿਤ ਗ਼ੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਬਿਨਾਂ ਕਿਸੇ ਕੀਮਤ ਦੇ ਸੰਯੁਕਤ ਰਾਜ ਛੱਡਣ ਦੀ ਆਗਿਆ ਦਿੱਤੀ ਜਾਵੇਗੀ ਅਤੇ ਇਸ ਲਈ ਉਨ੍ਹਾਂ ਨੂੰ ਇੱਕ ਨਵੀਂ ਸਰਕਾਰ ਸਮਰਥਿਤ ਐਪ ਦੁਆਰਾ ਉਡਾਣਾਂ ਬੁੱਕ ਕਰਾਉਣੀਆਂ ਪੈਣਗੀਆਂ। ਟਰੂਥ ਸੋਸ਼ਲ ’ਤੇ ਪੋਸਟ ਕੀਤੇ ਗਏ ਇੱਕ ਵੀਡੀਓ ਵਿੱਚ ਰਾਸ਼ਟਰਪਤੀ ਟਰੰਪ ਨੇ ਕਿਹਾ, ‘ਅੱਜ ਮੈਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਲਈ ਪਹਿਲਾ ਸੈਲਫ਼-ਡਿਪੋਰਟ ਪ੍ਰੋਗਰਾਮ ਸ਼ੁਰੂ ਕਰਨ ਲਈ ਇੱਕ ਕਾਰਜਕਾਰੀ ਆਦੇਸ਼ ’ਤੇ ਦਸਤਖ਼ਤ ਕੀਤੇ ਹਨ। ਅਸੀਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਲਈ ਅਮਰੀਕਾ ਛੱਡਣਾ ਜਿੰਨਾ ਸੰਭਵ ਹੋ ਸਕੇ ਆਸਾਨ ਬਣਾ ਰਹੇ ਹਾਂ। ਕੋਈ ਵੀ ਗ਼ੈਰ-ਕਾਨੂੰਨੀ ਪ੍ਰਵਾਸੀ ਆਸਾਨੀ ਨਾਲ ਹਵਾਈ ਅੱਡੇ ’ਤੇ ਆ ਸਕਦਾ ਹੈ ਅਤੇ ਸਾਡੇ ਦੇਸ਼ ਤੋਂ ਬਾਹਰ ਮੁਫ਼ਤ ਉਡਾਣ ਪ੍ਰਾਪਤ ਕਰ ਸਕਦਾ ਹੈ। ਇਹ ਘੋਸ਼ਣਾ ਟਰੰਪ ਪ੍ਰਸ਼ਾਸਨ ਦੁਆਰਾ ਸਮੂਹਿਕ ਦੇਸ਼ ਨਿਕਾਲੇ ਨੂੰ ਅੱਗੇ ਵਧਾਉਣ ਦੇ ਇੱਕ ਵਿਸ਼ਾਲ ਯਤਨ ਦਾ ਹਿੱਸਾ ਹੈ। ਟਰੰਪ ਨੇ ਕਿਹਾ, ‘ਸੀ.ਬੀ.ਪੀ. ਹੋਮ ਐਪ ਪ੍ਰਵਾਸੀਆਂ ਨੂੰ ਕਿਸੇ ਵੀ ਵਿਦੇਸ਼ੀ ਦੇਸ਼ ਲਈ ਇੱਕ ਮੁਫ਼ਤ ਫ਼ਲਾਈਟ ਬੁੱਕ ਕਰਨ ਦੀ ਆਗਿਆ ਦਿੰਦੀ ਹੈ।’ ਟਰੰਪ ਨੇ ਕਿਹਾ ਕਿ ਮੁਫ਼ਤ ਯਾਤਰਾ ਤੋਂ ਇਲਾਵਾ ਸਰਕਾਰ ਲੋਕਾਂ ਨੂੰ ਦੇਸ਼ ਛੱਡਣ ਲਈ ਉਤਸ਼ਾਹਿਤ ਕਰਨ ਲਈ ਵਿੱਤੀ ਬੋਨਸ ਦੀ ਪੇਸ਼ਕਸ਼ ਕਰੇਗੀ। ਆਪਣੀ ਮਰਜ਼ੀ ਨਾਲ ਜਾਣ ਤੋਂ ਇਨਕਾਰ ਕਰਨ ਵਾਲਿਆਂ ਨੂੰ ਸਖ਼ਤ ਜ਼ੁਰਮਾਨੇ ਦੀ ਚਿਤਾਵਨੀ ਦਿੱਤੀ ਗਈ ਹੈ। ਟਰੰਪ ਨੇ ਕਿਹਾ,‘ਅਮਰੀਕਾ ਵਿੱਚ ਰਹਿਣ ਵਾਲੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸਜ਼ਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਵਿੱਚ ਜੇਲ੍ਹ, ਭਾਰੀ ਵਿੱਤੀ ਜ਼ੁਰਮਾਨੇ, ਸਾਰੀ ਜਾਇਦਾਦ ਜ਼ਬਤ, ਕੈਦ ਆਦਿ ਸ਼ਾਮਲ ਹਨ।’ ਇਹ ਐਲਾਨ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ ਦੁਆਰਾ ਇੱਕ ਤਾਜ਼ਾ ਘੋਸ਼ਣਾ ਤੋਂ ਬਾਅਦ ਹੈ, ਜੋ ਉਹਨਾਂ ਲੋਕਾਂ ਨੂੰ 1,000 ਡਾਲਰ ਭੁਗਤਾਨ ਦੀ ਪੇਸ਼ਕਸ਼ ਕਰ ਰਿਹਾ ਹੈ ਜੋ ਆਪਣੀ ਮਰਜ਼ੀ ਨਾਲ ਅਮਰੀਕਾ ਛੱਡਦੇ ਹਨ ਅਤੇ ਸੀ.ਬੀ.ਪੀ. ਹੋਮ ਐਪ ਦੁਆਰਾ ਰਜਿਸਟਰ ਕਰਦੇ ਹਨ।



# ਰੂਸ ਅਤੇ ਯੂਕ੍ਰੇਨ ਵਿਚਾਲੇ ‘ਬਿਨਾਂ ਸ਼ਰਤ’ ਹੋ ਸਕਦੀ ਹੈ ਸਿੱਧੀ ਗੱਲਬਾਤ

ਮਾਸਕੋ/ਏ.ਟੀ.ਨਿਊਜ਼ : ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ 15 ਮਈ ਨੂੰ ਇਸਤਾਂਬੁਲ ਵਿੱਚ ਯੂਕ੍ਰੇਨ ਨਾਲ ‘ਬਿਨਾਂ ਸ਼ਰਤ’ ਸਿੱਧੀ ਗੱਲਬਾਤ ਸ਼ੁਰੂ ਕਰਨ ਦੀ ਤਜਵੀਜ਼ ਰੱਖੀ ਹੈ। ਪੂਤਿਨ ਨੇ ਪਿਛਲੇ ਦਿਨੀਂ ਕ੍ਰੈਮਲਿਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ 2022 ਵਿੱਚ ਰੂਸ ਤੇ ਯੂਕ੍ਰੇਨ ਦਰਮਿਆਨ ਹੋਈ ਸ਼ਾਂਤੀ ਵਾਰਤਾ ‘ਮੁੜ ਸ਼ੁਰੂ’ ਕਰਨ ਦੀ ਤਜਵੀਜ਼ ਰੱਖੀ ਹੈ। ਪੂਤਿਨ ਨੇ ਇਹ ਤਜਵੀਜ਼ ਅਜਿਹੇ ਮੌਕੇ ਰੱਖੀ ਹੈ ਜਦੋਂ ਚਾਰ ਪ੍ਰਮੁੱਖ ਯੂਰਪੀ ਮੁਲਕਾਂ ਦੇ ਆਗੂ ਰੂਸ ਉੱਤੇ 30 ਦਿਨਾਂ ਦੀ ਗੋਲੀਬੰਦੀ ਬਾਰੇ ਸਹਿਮਤੀ ਲਈ ਦਬਾਅ ਬਣਾ ਰਹੇ ਹਨ ਤਾਂ ਜੋ ਜੰਗ ਖ਼ਤਮ ਕਰਨ ਲਈ ਸ਼ਾਂਤੀ ਵਾਰਤਾ ਹੋ ਸਕੇ। ਫਰਾਂਸ, ਬਰਤਾਨੀਆ, ਜਰਮਨੀ ਅਤੇ ਪੋਲੈਂਡ ਦੇ ਆਗੂਆਂ ਨੇ ਕਿਹਾ ਕਿ ਜੰਗਬੰਦੀ ਸ਼ੁਰੂ ਕਰਨ ਸਬੰਧੀ ਉਨ੍ਹਾਂ ਦੀ ਤਜਵੀਜ਼ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪੂਰੀ ਹਮਾਇਤ ਹਾਸਲ ਹੈ। ਪੂਤਿਨ ਨੇ ਆਪਣੇ ਬਿਆਨ ਵਿੱਚ ਜੰਗਬੰਦੀ ਦੀ ਨਵੀਂ ਤਜਵੀਜ਼ ਬਾਰੇ ਸਿੱਧੇ ਤੌਰ ’ਤੇ ਕੋਈ ਟਿੱਪਣੀ ਨਹੀਂ ਕੀਤੀ ਸੀ ਜਦੋਂ ਕਿ ਕ੍ਰੈਮਲਿਨ ਦੇ ਬੁਲਾਰੇ ਦਮਿਤਰੀ ਪੈਸਕੋਵ ਨੇ ‘ਸੀ.ਐੱਨ.ਐੱਨ.’ ਨੂੰ ਦੱਸਿਆ ਸੀ ਕਿ ਮਾਸਕੋ ਇਸ ਬਾਰੇ ਵਿਚਾਰ ਕਰੇਗਾ।



ਨਾਜ਼ੀ ਜਰਮਨੀ ਉੱਤੇ ਜਿੱਤ ਦੀ 80ਵੀਂ ਵਰ੍ਹੇਗੰਢ ਮਨਾਉਣ ਲਈ ਰੂਸ ਵੱਲੋਂ ਐਲਾਨੀ ਗਈ ਇੱਕਪਾਸੜ ਤਿੰਨ ਦਿਨਾਂ ਦੀ ਜੰਗਬੰਦੀ ਪਿਛਲੇ ਦਿਨੀਂ ਖ਼ਤਮ ਹੋ ਗਈ। ਉਂਝ ਯੂਕ੍ਰੇਨ ਨੇ ਕਿਹਾ ਕਿ ਰੂਸੀ ਫੌਜਾਂ ਨੇ ਵਾਰ-ਵਾਰ ਜੰਗਬੰਦੀ ਦੀ ਉਲੰਘਣਾ ਕੀਤੀ ਹੈ। ਅਮਰੀਕਾ ਨੇ ਮਾਰਚ ਵਿੱਚ ਫੌਰੀ ਅਤੇ 30 ਦਿਨਾਂ ਦੀ ਜੰਗਬੰਦੀ ਦੀ ਤਜਵੀਜ਼ ਰੱਖੀ ਸੀ, ਜਿਸ ਨੂੰ ਯੂਕ੍ਰੇਨ ਨੇ ਸਵੀਕਾਰ ਕਰ ਲਿਆ ਸੀ ਪਰ ਰੂਸ ਨੇ ਆਪਣੀਆਂ ਸ਼ਰਤਾਂ ਤਹਿਤ ਜੰਗਬੰਦੀ ’ਤੇ ਜ਼ੋਰ ਦਿੱਤਾ ਸੀ।

# ਅੱਧੀ ਰਹਿ ਗਈ ਕੈਨੇਡਾ ਤੇ ਅਮਰੀਕਾ ਦੇ ਆਰ-ਪਾਰ ਆਵਾਜਾਈ

ਵਾਸ਼ਿੰਗਟਨ/ ਏ.ਟੀ.ਨਿਊਜ਼: ਕੈਨੇਡਾ ਤੇ ਅਮਰੀਕਾ ਦੇ ਸਬੰਧਾਂ ਵਿੱਚ ਆਈ ਖਟਾਸ ਨੇ ਜਿੱਥੇ ਮੇਡ ਇੰਨ ਕੈਨੇਡਾ ਦੀ ਸੋਚ ਨੂੰ ਉਭਾਰਿਆ ਹੈ, ਉੱਥੇ ਹੀ ਦੋਹਾਂ ਦੇਸ਼ਾਂ ਦੇ ਵਾਸੀਆਂ ਦੀ ਭਾਈਚਾਰਕ ਸਾਂਝ ਨੂੰ ਵੀ ਪ੍ਰਭਾਵਿਤ ਕੀਤਾ ਹੈ। ਦੋਹਾਂ ਦੇਸ਼ਾਂ ਦੇ ਆਰ-ਪਾਰ ਦੇ ਲਾਂਘਿਆਂ ਦੇ ਪਿਛਲੇ ਮਹੀਨਿਆਂ ਦੇ ਅੰਕੜਿਆਂ ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਟੈਕਸ ਕਾਰਨ ਉੱਭਰੀ ਖਟਾਸ ਨੇ ਆਵਾਜਾਈ ਨੂੰ ਅੱਧਾ ਕਰ ਦਿੱਤਾ ਹੈ। ਇਸ ਸਾਲ ਦੇ ਮਾਰਚ ਮਹੀਨੇ 1 ਲੱਖ 21 ਹਜਾਰ ਲੋਕ ਆਰ-ਪਾਰ ਲੰਘੇ, ਜਦੋਂ ਕਿ ਪਿਛਲੇ ਸਾਲ ਇਸੇ ਮਹੀਨੇ ਦਾ ਇਹ ਅੰਕੜਾ 2 ਲੱਖ 16 ਹਜਾਰ ਸੀ।

ਇਸੇ ਤਰ੍ਹਾਂ ਅਪ੍ਰੈਲ ਮਹੀਨੇ ਆਵਾਜਾਈ ਦਾ ਅੰਕੜਾ ਇਕ ਲੱਖ ਤੋਂ ਘੱਟ ਰਿਹਾ, ਜਦੋਂ ਕਿ ਪਿਛਲੇ ਸਾਲ ਇਹੀ ਅਵਾਜਾਈ ਦੋ ਲੱਖ ਤੋਂ ਵੱਧ ਲੋਕਾਂ ਦੀ ਸੀ। ਸਰੀ ਦੇ ਨਾਲ ਲੱਗਦਾ ਪੀਸ ਆਰਚ ਸਰਹੱਦੀ ਲਾਂਘਾ, ਜਿੱਥੇ ਕੈਨੇਡਾ ਤੇ ਅਮਰੀਕਾ ਵਾਲੇ ਪਾਸੇ 10-12 ਜਾਂਚ ਗੇਟ ਹਨ, ਜਿੰਨ੍ਹਾਂ ਵਿਚੋਂ ’ਚੋਂ ਲਗਭਗ ਦੋ ਹੀ ਖੁੱਲੇ ਰੱਖੇ ਜਾਂਦੇ ਹਨ। ਮੌਕੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪਿਛਲੇ ਦਿਨੀਂ ਅਮਰੀਕਾ ਦਾਖਲੇ ਵਾਸਤੇ ਸਿਰਫ਼ ਦੋ ਗੇਟ ਖੁੱਲੇ ਹੋਣ ਦੇ ਬਾਵਜੂਦ ਵਾਹਨਾਂ ਦੀ ਉਡੀਕ ਕਤਾਰ ਬਹੁਤੀ ਲੰਮੀ ਨਹੀਂ ਸੀ।

ਉਥੇ ਮੌਜੂਦ ਲੋਕਾਂ ਨੇ ਕਿਹਾ ਕਿ ਅਨਿਸ਼ਚਿਤਤਾ ਵਾਲੇ ਹਾਲਾਤ ਵਿੱਚ ਸਿਰਫ਼ ਜਰੂਰੀ ਕੰਮਾਂ ਲਈ ਹੀ ਆਰ-ਪਾਰ ਜਾਇਆ ਜਾਂਦਾ ਹੈ, ਜਦ ਕਿ ਪਹਿਲਾਂ ਸੈਰ ਸਪਾਟੇ ਲਈ ਇੱਧਰ ਉੱਧਰ ਦੇ ਚੱਕਰ ਲੱਗਦੇ ਸਨ। ਸਰੀ ਦੇ ਪ੍ਰਦੁੱਮਣ ਸਿੰਘ ਨੇ ਕਿਹਾ ਕਿ ਉਹ 5 ਮਹੀਨੇ ਬਾਅਦ ਆਪਣੀ ਧੀ ਕੋਲ ਕੈਂਟ ਸਿਟੀ ਜਾ ਰਿਹਾ ਹੈ, ਜਦ ਕਿ ਪਹਿਲਾਂ ਹਰੇਕ ਮਹੀਨੇ ਚੱਕਰ ਲੱਗਦਾ ਸੀ।

## Matrimonial

Punjabi Sikh parents are seeking a suitable match for their 30-year-old son, who is a US citizen and 5'-5" tall. He is a university graduate with a Master of Science degree from Boston University and is currently employed as a scientist in a reputed company. We are looking for a professionally qualified girl from the USA or Canada. Please send your recent pictures and bio data to: b_kaur13@yahoo.com

# ਟਰੰਪ ਵੱਲੋਂ ਯੂਕ੍ਰੇਨ ਨੂੰ ਰੂਸ ਨਾਲ ਗੱਲਬਾਤ ਕਰਨ ਦੀ ਅਪੀਲ



ਵਾਸ਼ਿੰਗਟਨ/ਏ.ਟੀ. ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਯੂਕ੍ਰੇਨ ਰੂਸ ਨਾਲ ਜੰਗਬੰਦੀ ਦਾ ਸਮਝੌਤਾ ਕਰੇਗਾ। ਉਨ੍ਹਾਂ ਯੂਕ੍ਰੇਨ ਨੂੰ ਤੁਰਕੀ ਵਿੱਚ ਰੂਸੀ ਅਧਿਕਾਰੀਆਂ ਨਾਲ ਗੱਲਬਾਤ ਕਰਨ ਲਈ ਮਿਲਣ ਦੀ ਅਪੀਲ ਕੀਤੀ। ਟਰੰਪ ਨੇ ਸੋਸ਼ਲ ਮੀਡੀਆ ’ਤੇ ਲਿਖਿਆ, ‘ਮੈਨੂੰ ਸ਼ੱਕ ਹੋਣ ਲੱਗਾ ਹੈ ਕਿ ਯੂਕ੍ਰੇਨ ਵਲਾਦੀਮੀਰ ਪੂਤਿਨ ਨਾਲ ਸਮਝੌਤਾ ਕਰੇਗਾ। ਰੂਸ ਦੇ ਰਾਸ਼ਟਰਪਤੀ ਪੂਤਿਨ ਯੂਕ੍ਰੇਨ ਨਾਲ ਜੰਗਬੰਦੀ ਸਮਝੌਤਾ ਨਹੀਂ ਕਰਨਾ ਚਾਹੁੰਦੇ ਹਨ ਸਗੋਂ ਖ਼ੂਨੀ ਦੌਰ ਦੇ ਸੰਭਾਵੀ ਅੰਤ ਲਈ ਗੱਲਬਾਤ ਕਰਨ ਲਈ ਅਗਲੇ ਦਿਨਾਂ ਦੌਰਾਨ ਤੁਰਕੀ ਵਿੱਚ ਮਿਲਣਾ ਚਾਹੁੰਦੇ ਹਨ। ਜ਼ਿਕਰਯੋਗ ਹੈ ਕਿ ਟਰੰਪ ਨੇ ਇਸ ਤੋਂ ਪਹਿਲਾਂ ਦੋਵਾਂ ਦੇਸ਼ਾਂ ਵਿੱਚ ਸਮਝੌਤਾ ਕਰਨ ਲਈ ਗੱਲਬਾਤ ਚਲਾਈ ਸੀ।

# ਯੂਕ੍ਰੇਨ ਨੂੰ ਯੁੱਧ ਖ਼ਤਮ ਕਰਨ ਲਈ ਜੰਗਬੰਦੀ ਸ਼ੁਰੂ ਹੋਣ ਦੀ ਪੂਰੀ ਆਸ: ਜ਼ੇਲੈਂਸਕੀ

ਕੀਵ/ਏ.ਟੀ.ਨਿਊਜ਼: ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਕਿਹਾ ਕਿ ਉਹ ਅਗਲੇ ਦਿਨਾਂ ਦੌਰਾਨ ਇਸਤਾਂਬੁਲ ਵਿੱਚ ਗੱਲਬਾਤ ਲਈ ਵਲਾਦੀਮੀਰ ਪੂਤਿਨ ਨੂੰ ਮਿਲਣ ਲਈ ਤਿਆਰ ਹਨ।



ਜ਼ੇਲੈਂਸਕੀ ਨੇ ਐਕਸ ’ਤੇ ਇਕ ਪੋਸਟ ਵਿਚ ਕਿਹਾ ਕਿ ਯੂਕ੍ਰੇਨ ਨੂੰ ਯੁੱਧ ਨੂੰ ਖਤਮ ਕਰਨ ਲਈ ਜੰਗਬੰਦੀ ਸ਼ੁਰੂ ਹੋਣ ਦੀ ਪੂਰੀ ਆਸ ਹੈ ਤੇ ਉਹ ਤੁਰਕੀ ਵਿੱਚ ਪੂਤਿਨ ਨੂੰ ਮਿਲਣ ਦੀ ਉਡੀਕ ਕਰ ਰਹੇ ਹਨ।

# ਯੂ.ਕੇ. ’ਚ ਸਖ਼ਤ ਹੋਣਗੇ ਇਮੀਗ੍ਰੇਸ਼ਨ ਨਿਯਮ

## ਕੰਮ, ਪਰਿਵਾਰ ਅਤੇ ਪੜ੍ਹਾਈ ਨਾਲ ਸਬੰਧਿਤ ਹਰ ਇਮੀਗ੍ਰੇਸ਼ਨ ਸ਼੍ਰੇਣੀ ’ਚ ਸਖ਼ਤੀ ਹੋਵੇਗੀ ਲਾਗੂ

ਲੰਡਨ/ਏ.ਟੀ.ਨਿਊਜ਼: ਯੂ.ਕੇ. ਜਾਣ ਦੇ ਚਾਹਵਾਨਾਂ ਲਈ ਅਹਿਮ ਖ਼ਬਰ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇਸ਼ ਵਿੱਚ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕਰਨ ਲਈ ਯੋਜਨਾਵਾਂ ਪੇਸ਼ ਕਰਨ ਜਾ ਰਹੇ ਹਨ। ਇਹ ਮੁੱਦਾ ਲੰਬੇ ਸਮੇਂ ਤੋਂ ਬ੍ਰਿਟਿਸ਼ ਸਰਕਾਰਾਂ ਲਈ ਇੱਕ ਚੁਣੌਤੀ ਰਿਹਾ ਹੈ ਅਤੇ ਹਾਲ ਹੀ ਵਿੱਚ ਇੱਕ ਨਵੀਂ ਇਮੀਗ੍ਰੇਸ਼ਨ ਵਿਰੋਧੀ ਪਾਰਟੀ ਰਿਫਾਰਮ ਯੂ.ਕੇ ਦੇ ਉਭਾਰ ਦਾ ਇੱਕ ਵੱਡਾ ਕਾਰਨ ਰਿਹਾ ਹੈ। ਤੁਹਾਨੂੰ ਦੱਸ ਦੇਈਏ ਕਿ ਸਟਾਰਮਰ ਦੀ ਲੇਬਰ ਪਾਰਟੀ ਨੂੰ ਪਿਛਲੇ ਸਾਲ ਵੱਡੀ ਜਿੱਤ ਮਿਲੀ ਸੀ, ਪਰ ਹੁਣ ਸਰਕਾਰ ’ਤੇ ਦਬਾਅ ਵਧ ਰਿਹਾ ਹੈ ਕਿਉਂਕਿ ਲੋਕ ਉੱਚ ਇਮੀਗ੍ਰੇਸ਼ਨ ਤੋਂ ਪਰੇਸ਼ਾਨ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਜਨਤਕ ਸੇਵਾਵਾਂ ’ਤੇ ਬੋਝ ਵਧਿਆ ਹੈ ਅਤੇ ਕੁਝ ਖੇਤਰਾਂ ਵਿੱਚ ਫਿਰਕੂ ਤਣਾਅ ਵੀ ਦੇਖਿਆ ਗਿਆ ਹੈ। ਇਸ ਸਬੰਧ ਵਿੱਚ ਸਟਾਰਮਰ ਨੇ ਕਿਹਾ ਹੈ ਕਿ ਕੰਮ, ਪਰਿਵਾਰ ਅਤੇ ਪੜ੍ਹਾਈ ਨਾਲ ਸਬੰਧਿਤ ਹਰ ਇਮੀਗ੍ਰੇਸ਼ਨ ਸ਼੍ਰੇਣੀ ਵਿੱਚ ਸਖ਼ਤੀ ਲਾਗੂ ਕੀਤੀ ਜਾਵੇਗੀ। ਕਾਨੂੰਨ ਦੀ ਪਾਲਣਾ ਕਰਨਾ ਲਾਜ਼ਮੀ ਹੋਵੇਗਾ ਅਤੇ ਇਮੀਗ੍ਰੇਸ਼ਨ ਦੀ ਗਿਣਤੀ ਘਟੇਗੀ। ਉਨ੍ਹਾਂ ਕਿਹਾ ਕਿ ਅਸੀਂ ਇੱਕ ਨਿਯੰਤਰਿਤ, ਚੋਣਵੀਂ ਅਤੇ ਨਿਰਪੱਖ ਪ੍ਰਣਾਲੀ ਬਣਾਵਾਂਗੇ। ਇਸ ਦੌਰਾਨ ਗ੍ਰਹਿ ਮੰਤਰੀ ਯਵੇਟ ਕੂਪਰ ਨੇ ਕਿਹਾ ਕਿ ਸਰਕਾਰ ਹੁਣ ਕੋਈ ਨਵਾਂ ਇਮੀਗ੍ਰੇਸ਼ਨ (**ਬਾਕੀ ਸਫ਼ਾ 31 ’ਤੇ**)



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮਜੀਠਾ ਇਲਾਕੇ 'ਚ 23 ਦੀ ਮੌਤ

ਅੰਮ੍ਰਿਤਸਰ/ਮਜੀਠਾ/ਏ.ਟੀ. ਨਿਊਜ਼: ਅੰਮ੍ਰਿਤਸਰ ਜ਼ਿਲ੍ਹੇ ਦੇ ਹਲਕਾ ਮਜੀਠਾ ਅਧੀਨ ਆਉਂਦੇ ਪੰਜ ਪਿੰਡਾਂ ਵਿੱਚ ਪਿਛਲੇ ਦਿਨੀਂ ਜ਼ਹਿਰੀਲੀ ਸ਼ਰਾਬ ਪੀਣ ਕਰਕੇ ਕਰੀਬ 21 ਵਿਅਕਤੀਆਂ ਦੀ ਮੌਤ ਹੋ ਗਈ ਹੈ। ਇਸ ਦੀ ਪੁਸ਼ਟੀ ਸਰਕਾਰੀ ਬੁਲਾਰੇ ਵੱਲੋਂ ਕੀਤੀ ਗਈ ਹੈ। ਪੁਲਿਸ ਨੇ ਨਕਲੀ ਸ਼ਰਾਬ ਵੇਚਣ ਵਾਲਿਆਂ ਖ਼ਿਲਾਫ਼ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਧਰ ਮੁੱਖ ਮੰਤਰੀ ਭਗਵੰਤ ਮਾਨ ਨੇ ਜ਼ਹਿਰੀਲੀ ਸ਼ਰਾਬ ਪੀਣ ਕਰਕੇ ਗਈਆਂ ਜਾਨਾਂ 'ਤੇ ਦੁੱਖ ਜਤਾਉਂਦਿਆਂ ਕਿਹਾ ਕਿ ਮਾਸੂਮ ਲੋਕਾਂ ਦਾ ਕਾਤਲਾਂ ਨੂੰ ਨਹੀਂ ਬਖ਼ਸ਼ਿਆ ਜਾਵੇਗਾ। ਇਸ ਦੌਰਾਨ ਪੁਲਿਸ ਨੇ ਆਬਕਾਰੀ ਐਕਟ ਅਧੀਨ ਕੇਸ ਦਰਜ ਕਰਕੇ ਮੁੱਖ ਦੋਸ਼ੀ ਪ੍ਰਭਜੀਤ ਸਿੰਘ ਅਤੇ ਉਸ ਦੇ ਸਾਥੀ ਕੁਲਬੀਰ ਸਿੰਘ ਉਰਫ ਜੱਗੂ (ਮੁੱਖ ਦੋਸ਼ੀ ਪ੍ਰਭਜੀਤ ਦਾ ਭਰਾ), ਸਾਹਿਬ ਸਿੰਘ ਉਰਫ ਸਰਾਏ, ਗੁਰਜੰਟ ਸਿੰਘ, ਨਿੰਦਰ ਕੌਰ ਪਤਨੀ ਜੀਤਾ ਵਾਸੀ ਥਰੀਏਵਾਲ ਸਣੇ ਸੱਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਜਾਣਕਾਰੀ ਅਨੁਸਾਰ ਪਿਛਲੇ ਦਿਨੀਂ ਰਾਤ ਸਮੇਂ ਪਿੰਡ ਭੰਗਾਲੀ, ਥਰੀਏਵਾਲ, ਮਰੜੀ ਕਲਾਂ, ਤਲਵੰਡੀ ਖੁੰਮਣ, ਪਤਾਲਪੁਰੀ ਆਦਿ ਪਿੰਡਾਂ ਦੇ ਲੋਕਾਂ ਨੇ ਨਜਾਇਜ਼ ਸ਼ਰਾਬ ਵੇਚਣ ਦੇ ਧੰਦੇ ਵਿੱਚ ਸ਼ਾਮਲ ਕੁਝ ਵਿਅਕਤੀਆਂ ਵੱਲੋਂ ਸਪਲਾਈ ਕੀਤੀ ਗਈ ਸ਼ਰਾਬ ਪੀਤੀ ਅਤੇ ਕੁਝ ਦੇਰ ਬਾਅਦ ਹੀ ਉਨ੍ਹਾਂ



ਦੀ ਤਬੀਅਤ ਵਿਗੜ ਗਈ। ਇਨ੍ਹਾਂ ਵਿਚੋਂ ਕੁਝ ਦੀ ਮਗਰੋਂ ਮੌਤ ਹੋ ਗਈ ਜਦੋਂਕਿ ਬਾਕੀਆਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਚੇਤੇ ਰਹੇ ਕਿ ਕੁਝ ਸਾਲ ਪਹਿਲਾਂ ਕਾਂਗਰਸ ਸਰਕਾਰ ਸਮੇਂ ਵੀ ਇਸ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ 19 ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ ਉਸ ਵਕਤ ਇਹ ਮੁੱਦਾ ਬਹੁਤ ਗਰਮਾਇਆ ਸੀ। ਇਹ ਜ਼ਹਿਰੀਲੀ ਸ਼ਰਾਬ ਪਹਿਲਾਂ ਵੀ ਦਰਜਨਾਂ ਘਰਾਂ ਦੇ ਚਿਰਾਗ ਬੁਝਾ ਚੁੱਕੀ ਹੈ ਘਟਨਾ ਦੀ ਜਾਣਕਾਰੀ ਮਿਲਦਿਆਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਅਤੇ ਐਸ.ਐਸ.ਪੀ. ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ, ਸਿਵਲ ਸਰਜਨ ਕਿਰਨਦੀਪ ਕੌਰ ਸਮੇਤ ਹੋਰ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਉਨ੍ਹਾਂ ਵਲੋਂ ਸਾਰੇ ਹਾਲਾਤ ਦਾ ਜਾਇਜ਼ਾ ਲਿਆ ਗਿਆ।

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਇਸ ਬਾਰੇ ਜਾਣਕਾਰੀ ਮਿਲੀ ਸੀ ਅਤੇ ਉਨ੍ਹਾਂ ਤੁਰੰਤ ਕਾਰਵਾਈ ਕਰਦਿਆਂ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਪਿੰਡਾਂ 'ਚ ਭੇਜਿਆ ਸੀ। ਇਨ੍ਹਾਂ ਟੀਮਾਂ ਨੇ ਲੋਕਾਂ ਨੂੰ ਪ੍ਰੇਰਿਤ ਕੀਤਾ ਤੇ ਉਨ੍ਹਾਂ ਨੂੰ ਹਸਪਤਾਲਾਂ ਵਿੱਚ ਲਿਆਂਦਾ ਗਿਆ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਦੀ ਹਾਲਤ ਬਿਹਤਰ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਜ਼ਹਿਰੀਲੀ ਸ਼ਰਾਬ ਦੀ ਸਪਲਾਈ ਕਰਨ ਵਾਲੇ ਮੁੱਖ ਮੁਲਜ਼ਮ ਨੂੰ ਕਾਬੂ ਕਰ ਲਿਆ ਗਿਆ ਹੈ ਅਤੇ ਹੋਰਨਾਂ ਲੋਕਾਂ ਨੂੰ ਕਾਬੂ ਕਰਨ ਲਈ ਯਤਨ ਕੀਤੇ ਜਾ ਰਹੇ ਹਨ।

**(ਬਾਕੀ ਸਫ਼ਾ 30 'ਤੇ)**

## ਜ਼ਹਿਰੀਲੀ ਸ਼ਰਾਬ ਕਾਰਨ ਮੌਤਾਂ 'ਚ ਗੁਜਰਾਤ ਸਭ ਤੋਂ ਅੱਗੇ, ਪੰਜਾਬ ਦੂਜੇ ਸਥਾਨ 'ਤੇ

ਚੰਡੀਗੜ੍ਹ/ਏ.ਟੀ.ਨਿਊਜ਼: ਸਮੁੱਚੇ ਦੇਸ਼ ਵਿੱਚ 1978 ਤੋਂ ਲੈ ਕੇ ਹੁਣ ਤੱਕ ਜ਼ਹਿਰੀਲੀ ਸ਼ਰਾਬ ਕਾਰਨ 17 ਹਾਦਸੇ ਵਾਪਰੇ ਹਨ ਜਿਨ੍ਹਾਂ ਵਿੱਚ 2302 ਵਿਅਕਤੀਆਂ ਦੀ ਜਾਨ ਗਈ ਹੈ। ਗੁਜਰਾਤ ਇਸ ਮਾਮਲੇ 'ਚ ਦੇਸ਼ ਭਰ ਚੋਂ ਅੱਗੇ ਰਿਹਾ ਹੈ ਜਿੱਥੇ 1987 'ਚ ਸਭ ਤੋਂ ਵੱਧ 200 ਵਿਅਕਤੀਆਂ ਦੀ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤ ਹੋਈ ਸੀ। ਮੌਤਾਂ ਦੀ ਗਿਣਤੀ ਦੇ ਹਿਸਾਬ ਨਾਲ ਦੂਜੇ ਨੰਬਰ 'ਤੇ ਪੰਜਾਬ ਹੈ ਜਿੱਥੇ ਸਾਲ 2020 ਵਿੱਚ ਜ਼ਹਿਰੀਲੀ ਸ਼ਰਾਬ ਨੇ 121 ਜਾਨਾਂ ਲਈਆਂ ਸਨ।

ਪ੍ਰਾਪਤ ਜਾਣਕਾਰੀ ਗੁਜਰਾਤ 'ਚ ਸਾਲ 1976 ਵਿੱਚ ਸੌ ਮੌਤਾਂ ਅਤੇ 1986 ਵਿੱਚ 108 ਮੌਤਾਂ ਜ਼ਹਿਰੀਲੀ ਸ਼ਰਾਬ ਕਾਰਨ ਹੋਈਆਂ ਸਨ। ਪੰਜਾਬ ਵਿੱਚ ਅਕਤੂਬਰ 2010 ਵਿੱਚ ਦਸੂਹਾ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ 16 ਲੋਕਾਂ ਦੀ ਜਾਨ ਚਲੀ ਗਈ ਸੀ ਅਤੇ ਉਸ ਮਗਰੋਂ ਜੁਲਾਈ-ਅਗਸਤ 2020 ਵਿੱਚ ਮਾਝੇ ਇਲਾਕੇ ਵਿੱਚ 121 ਜਾਨਾਂ ਚਲੀਆਂ ਗਈਆਂ ਸਨ। 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਮਾਰਚ 2024 ਵਿੱਚ ਦਿੜ੍ਹਬਾ ਤੇ ਸੁਨਾਮ ਬਲਾਕ ਵਿੱਚ 20 ਲੋਕਾਂ ਦੀ ਜਾਨ ਜ਼ਹਿਰੀਲੀ ਸ਼ਰਾਬ ਕਾਰਨ ਚਲੀ ਗਈ ਸੀ ਅਤੇ ਹੁਣ ਮਜੀਠਾ ਇਲਾਕੇ 'ਚ ਜ਼ਹਿਰੀਲੀ ਸ਼ਰਾਬ ਕਾਰਨ 21 ਲੋਕਾਂ ਦੀ ਮੌਤ ਹੋ ਗਈ ਹੈ।

## ਮੁੱਖ ਮੰਤਰੀ ਵੱਲੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਦੇਣ ਦਾ ਐਲਾਨ



ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਵੱਲੋਂ ਹਰ ਮ੍ਰਿਤਕ ਵਿਅਕਤੀ ਦੇ ਪਰਿਵਾਰ ਨੂੰ 10 ਲੱਖ ਰੁਪਏ ਦੀ ਮਾਇਕ ਮਦਦ ਅਤੇ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਸਰਕਾਰ ਵੱਲੋਂ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤ ਦਾ ਸ਼ਿਕਾਰ ਬਣੇ ਇਹ ਸਾਰੇ ਵਿਅਕਤੀ ਗਰੀਬ ਪਰਿਵਾਰਾਂ ਦੇ ਮੈਂਬਰ ਹਨ ਜੋ ਕਿ ਪਰਿਵਾਰਾਂ ਦੇ ਕਮਾਊ ਜੀਅ ਵੀ ਸਨ। ਇਨ੍ਹਾਂ ਦੀ ਮੌਤ ਕਾਰਨ ਪਰਿਵਾਰਾਂ ਨੂੰ ਵੱਡਾ ਦੁੱਖ ਪੁੱਜਾ ਹੈ ਜਿਸ ਨੂੰ ਦੇਖਿਆ ਨਹੀਂ ਜਾ ਸਕਦਾ।

ਪੀੜਤ ਪਰਿਵਾਰਾਂ ਲਈ ਸਰਕਾਰੀ ਮਦਦ ਦਾ ਐਲਾਨ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸੇ ਵੀ ਪਰਿਵਾਰ ਦਾ ਚੁੱਲ੍ਹਾ ਬੁਝਣ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮੁਢਲੀ ਜਾਂਚ ਵਿੱਚ ਪਤਾ ਲੱਗਾ ਹੈ ਕਿ 600 ਲਿਟਰ ਮੈਥੇਨੋਲ ਦਿੱਲੀ ਤੋਂ ਆਰਡਰ ਕਰਕੇ ਮੰਗਵਾਇਆ ਗਿਆ ਸੀ, ਜਿਸ ਨੂੰ ਅੱਗੇ ਕਿਸੇ ਹੋਰ ਚੀਜ਼ ਵਿੱਚ ਮਿਲਾ ਕੇ ਇਸ ਨੂੰ ਥੈਲੀਆਂ ਵਿੱਚ ਭਰ ਕੇ ਵੇਚਿਆ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਪਿੰਡ ਵਾਸੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਪਹਿਲਾਂ ਵੀ ਅਜਿਹੀਆਂ ਮੌਤਾਂ ਹੁੰਦੀਆਂ ਸਨ ਪਰ ਇੱਕ ਆਦਿ ਮੌਤ ਦੇ ਕਾਰਨ ਇਸ ਦਾ ਪਤਾ ਨਹੀਂ ਲੱਗਦਾ ਸੀ ਪਰ ਹੁਣ ਜਦੋਂ ਵੱਡੀ ਗਿਣਤੀ ਵਿੱਚ ਮੌਤਾਂ ਹੋਈਆਂ ਹਨ ਤਾਂ ਜ਼ਹਿਰੀਲੀ ਸ਼ਰਾਬ ਦੇ ਕਾਰੋਬਾਰ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਜ਼ਹਿਰੀਲੀ ਸ਼ਰਾਬ ਪੀਣ ਨਾਲ ਪਹਿਲਾਂ ਲੋਕਾਂ ਦੀ ਨਿਗ੍ਹਾ ਗਈ ਅਤੇ ਮੂੰਹ ਵਿੱਚੋਂ ਝੱਗ ਆਉਣ ਲਈ ਲੱਗ ਪਈ ਤੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ।

## ਮਜੀਠਾ ਦਾ ਡੀ.ਐੱਸ.ਪੀ. ਤੇ ਥਾਣੇ ਦਾ ਐੱਸ.ਐੱਚ.ਓ. ਮੁਅੱਤਲ

ਡੀ.ਜੀ.ਪੀ. ਗੌਰਵ ਯਾਦਵ ਨੇ ਇਸ ਮਾਮਲੇ ਵਿੱਚ ਮਜੀਠਾ ਦੇ ਡੀ.ਐੱਸ.ਪੀ. ਅਤੇ ਮਜੀਠਾ ਪੁਲਿਸ ਥਾਣੇ ਦੇ ਐੱਸ.ਐੱਚ.ਓ. ਦੀ ਮੁਅੱਤਲੀ ਦੇ ਆਦੇਸ਼ ਜਾਰੀ ਕੀਤੇ ਹਨ। ਯਾਦਵ ਨੇ ਐਕਸ 'ਤੇ ਇੱਕ ਪੋਸਟ ਵਿੱਚ ਦੱਸਿਆ ਕਿ ਇਸ ਮਾਮਲੇ ਵਿੱਚ ਲਾਪਰਵਾਹੀ ਵਰਤਣ ਦੇ ਦੋਸ਼ ਹੇਠ ਦੋਵਾਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ ਅਤੇ ਇਸ ਸਬੰਧ ਵਿੱਚ ਵਿਭਾਗੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਖੁਲਾਸਾ ਕੀਤਾ ਕਿ ਇਸ ਮਾਮਲੇ ਵਿੱਚ ਹੁਣ ਤੱਕ ਮੁੱਖ ਮੁਲਜ਼ਮ ਸਮੇਤ ਨੌਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਜਿਸ ਵਿੱਚ ਜ਼ਹਿਰੀਲੀ ਸ਼ਰਾਬ ਸਪਲਾਈ ਕਰਨ ਵਾਲੇ ਕਈ ਡਿਸਟਰੀਬਿਊਟਰ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਸ ਵਾਸਤੇ ਈਥੇਨੌਲ ਆਨਲਾਈਨ ਮੰਗਵਾਈ ਗਈ ਸੀ, ਜਿਸ ਨੂੰ ਜ਼ਹਿਰੀਲੀ ਸ਼ਰਾਬ ਤਿਆਰ ਕਰਨ ਲਈ ਵਰਤਿਆ ਗਿਆ।

## ਦਿੱਲੀ ਵਾਲਾ ਸ਼ਰਾਬ ਮਾਫ਼ੀਆ ਹੁਣ ਪੰਜਾਬ 'ਚ ਸਰਗਰਮ : ਜਾਖੜ

ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਮਜੀਠਾ ਸ਼ਰਾਬ ਕਾਂਡ ਦੇ ਮਾਮਲੇ 'ਚ 'ਆਪ' ਦੀ ਹਾਈਕਮਾਨ 'ਤੇ ਨਿਸ਼ਾਨੇ ਸੇਧੇ ਹਨ। ਉਨ੍ਹਾਂ ਕਿਹਾ ਕਿ ਸ਼ਰਾਬ ਘੁਟਾਲੇ 'ਚ ਜੇਲ੍ਹਾਂ ਕੱਟਣ ਵਾਲੇ ਹੁਣ ਚੰਡੀਗੜ੍ਹ 'ਚ ਬੈਠ ਕੇ ਸਰਕਾਰ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ 'ਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮਿਲ ਕੇ ਜਾਂਚ ਦੀ ਮੰਗ ਕਰਨਗੇ। ਜਾਖੜ ਨੇ ਕਿਹਾ ਕਿ ਦਿੱਲੀ ਵਾਲਾ ਸ਼ਰਾਬ ਮਾਫ਼ੀਆ ਹੁਣ ਪੰਜਾਬ 'ਚ ਸਰਗਰਮ ਹੈ ਅਤੇ ਸ਼ਰਾਬ ਦੇ ਕਾਰੋਬਾਰੀਆਂ ਨੂੰ ਸਿਆਸੀ ਪੁਸ਼ਤਪਨਾਹੀ ਹੈ। ਸੰਗਰੂਰ ਦੇ ਸ਼ਰਾਬ ਕਾਂਡ ਤੋਂ ਵੀ 'ਆਪ' ਸਰਕਾਰ ਨੇ ਸਬਕ ਨਹੀਂ ਸਿੱਖਿਆ। ਉਨ੍ਹਾਂ ਕਿਹਾ ਕਿ ਦਿੱਲੀ ਦੀ 'ਆਪ' ਲੀਡਰਸ਼ਿਪ ਹੁਣ ਪੰਜਾਬ ਦੀ ਆਰਥਿਕ ਲੁੱਟ ਕਰਨ ਲਈ ਇੱਥੇ ਪੁੱਜੀ ਹੈ। ਇਹ ਆਗੂ ਕਿਸ ਹੈਸੀਅਤ ਵਿੱਚ ਪੰਜਾਬ 'ਚ ਸਰਕਾਰੀ ਮੀਟਿੰਗਾਂ ਕਰ ਰਹੇ ਹਨ।

## ਮੁੱਖ ਮੰਤਰੀ ਅਸਤੀਫ਼ਾ ਦੇਣ : ਬਿੱਟੂ

ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਦੋਸ਼ ਲਾਏ ਕਿ ਦਿੱਲੀ ਤੋਂ ਆਏ ਵੱਡੇ ਆਗੂ ਪੰਜਾਬ 'ਚ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਵਿੱਚੋਂ ਪੈਸਾ ਕਮਾ ਰਹੇ ਹਨ। ਬਿੱਟੂ ਨੇ ਕਿਹਾ ਕਿ ਇਸ ਮਾਮਲੇ ਦੀ ਹਾਈ ਕੋਰਟ ਦੇ ਮੌਜੂਦਾ ਜਾਂ ਸਾਬਕਾ ਜੱਜ ਤੋਂ ਸਮਾਂਬੱਧ ਨਿਆਇਕ ਜਾਂਚ ਕਰਾਈ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਇਸ ਤ੍ਰਾਸਦੀ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ ਅਤੇ ਤੁਰੰਤ ਅਹੁਦੇ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ।

## ਮੁਲਜ਼ਮਾਂ ਨੂੰ ਮਿਸਾਲੀ ਸਜ਼ਾ ਮਿਲੇ: ਵੜਿੰਗ

ਕਾਂਗਰਸ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਅਧਿਕਾਰੀਆਂ ਦੀ ਸਰਪਰਸਤੀ ਬਿਨਾਂ ਅਜਿਹਾ ਸੰਭਵ ਨਹੀਂ ਹੈ। ਵੜਿੰਗ ਨੇ ਮੁੱਖ ਮੰਤਰੀ ਨੂੰ ਯਾਦ ਦਿਵਾਇਆ ਕਿ 2020 ਵਿੱਚ ਜਦੋਂ ਤਰਨ ਤਾਰਨ ਵਿੱਚ ਇਸੇ ਤਰ੍ਹਾਂ ਦੀ ਸ਼ਰਾਬ ਦੀ ਘਟਨਾ ਵਾਪਰੀ ਸੀ, ਤਾਂ ਉਨ੍ਹਾਂ (ਮਾਨ) ਨੇ ਆਬਕਾਰੀ ਮੰਤਰੀ ਤੋਂ ਅਸਤੀਫ਼ਾ ਦੇਣ ਅਤੇ ਉਨ੍ਹਾਂ ਵਿਰੁੱਧ ਕਤਲ ਦੇ ਦੋਸ਼ ਦਰਜ ਕਰਨ ਦੀ ਮੰਗ ਕੀਤੀ ਸੀ। ਵੜਿੰਗ ਨੇ ਕਿਹਾ ਕਿ ਮੁਲਜ਼ਮਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।

# ਸਿੱਖ ਯੂਥ ਸਿਮਪੋਜ਼ੀਅਮ 2025: ਸਿਨਸਿਨੈਟੀ ਗੁਰਦੁਆਰਾ ਸਾਹਿਬ ਵਿਖੇ ਸਿੱਖ ਨੌਜਵਾਨਾਂ ਵੱਲੋਂ ਗੁਰਮਤਿ ਵਿਚਾਰਾਂ ਦੀ ਰੂਹਾਨੀ ਪੇਸ਼ਕਸ਼

ਸਿਨਸਿਨੈਟੀ, ਓਹਾਇਓ/ ਏ.ਟੀ.ਨਿਊਜ਼: ਅਮਰੀਕਾ ਦੇ ਓਹਾਇਓ ਸੂਬੇ ਦੇ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨੈਟੀ ਗੁਰਦੁਆਰਾ ਸਾਹਿਬ ਵਿਖੇ ਸਿੱਖ ਨੌਜਵਾਨਾਂ ਨੇ ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਵੱਲੋਂ ਕਰਵਾਏ ਗਏ ਸਾਲਾਨਾ ਸਿੱਖ ਯੂਥ ਸਿਮਪੋਜ਼ੀਅਮ 2025 ਦੇ ਸਥਾਨਕ ਪੱਧਰ ਦੇ ਮੁਕਾਬਲੇ ਵਿੱਚ ਭਾਗ ਲਿਆ।





ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਿੱਖ ਨੌਜਵਾਨਾਂ ਲਈ ਇਹ ਇੱਕ ਵਿਲੱਖਣ ਮੰਚ ਹੈ ਜੋ ਉਹਨਾਂ ਵਿੱਚ ਵਿਚਾਰ ਕਰਨ, ਗੁਰਮਤਿ ਨੂੰ ਸਮਝਣ ਅਤੇ ਭਾਸ਼ਣ ਦੀ ਕਲਾ ਨੂੰ ਉਭਾਰਨ ਦੇ ਉਦੇਸ਼ ਨਾਲ ਕਰਵਾਇਆ ਜਾਂਦਾ ਹੈ। ਇਸ ਸਾਲ ਸਿਮਪੋਜ਼ੀਆ ਵਿੱਚ 6 ਸਾਲ ਤੋਂ ਲੈ ਕੇ 22 ਸਾਲ ਤੱਕ ਦੇ 28 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ। ਉਹਨਾਂ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ ਜਨਵਰੀ ਮਹੀਨੇ ਇੱਕ ਕਿਤਾਬ ਅਤੇ ਤਿੰਨ ਸਵਾਲ ਦਿੱਤੇ ਜਾਂਦੇ ਹਨ। ਇਹਨਾਂ ਤਿੰਨ ਸਵਾਲਾਂ ਦੇ ਜਵਾਬ ਸਿਮਪੋਜ਼ੀਅਮ ਦੌਰਾਨ ਬੱਚਿਆਂ ਨੇ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ।

ਇਸ ਸਾਲ ਪਹਿਲੇ ਗਰੁੱਪ ਨੂੰ ਸਾਕਾ ਚਮਕੌਰ, ਦੂਜੇ ਨੂੰ ਸਿੱਖ ਸਾਖੀਜ਼, ਤੀਜੇ ਨੂੰ ਸਿੱਖ ਇਤੀਹਾਸ ਦੀਆਂ ਚੋਣਵੀਆਂ ਸਾਖੀਆਂ ਅਤੇ ਚੌਥੇ ਨੂੰ 'ਦ ਮੈਸੇਜ ਆਫ ਗੁਰਬਾਣੀ' ਪੁਸਤਕ ਦਿੱਤੀ ਗਈ। ਹਰ ਸਾਲ ਵਾਂਗ ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ।

ਭਾਈਚਾਰੇ ਦੇ ਸੀਨੀਅਰ ਮੈਂਬਰ ਅਤੇ ਪਿਛਲੇ ਕਈ ਸਾਲਾਂ ਤੋਂ ਜੱਜ ਦੀ ਸੇਵਾ ਕਰ ਰਹੇ ਤਰਲੋਚਨ ਸਿੰਘ ਸੰਧਾਵਾਲੀਆ ਨੇ ਇਸ ਸਮਾਗਮ ਦੀ ਸਫਲਤਾ ਲਈ ਬੱਚਿਆਂ, ਅਧਿਆਪਕਾਂ, ਮਾਪਿਆਂ, ਸੇਵਾਦਾਰਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਵਧਾਈ ਦਿੱਤੀ। ਉਹਨਾਂ ਕਿਹਾ ਕਿ ਛੋਟੇ ਬੱਚਿਆਂ ਨੇ ਅੱਜ ਵੱਡੇ ਸੰਦੇਸ਼ ਦਿੱਤੇ, ਭਾਗ ਲੈਣ ਵਾਲੇ ਸਾਰੇ ਬੱਚੇ ਜੇਤੂ ਹਨ। ਸੇਵਾਦਾਰ ਅਸੀਸ ਕੌਰ ਨੇ ਕਿਹਾ ਕਿ ਸਿਮਪੋਜ਼ੀਅਮ ਦੀ ਤਿਆਰੀ ਲਈ ਵਿਸ਼ੇਸ਼ ਕਲਾਸਾਂ ਗੁਰਦੁਆਰਾ ਸਾਹਿਬ ਵਿਖੇ ਲਾਈਆਂ ਜਾਂਦੀਆ ਹਨ, ਜਿੱਥੇ ਬੱਚਿਆਂ ਨੂੰ ਗੁਰਮਤਿ, ਭਾਸ਼ਣ ਲਿਖਣ ਅਤੇ ਦੇਣ ਸੰਬੰਧੀ ਤਿਆਰੀ ਕਰਾਈ ਜਾਂਦੀ ਹੈ। ਸਮਾਗਮ ਵਾਲੇ ਦਿਨ ਹਰੇਕ ਬੱਚੇ ਦੀ ਮਿਹਨਤ ਉਹਨਾਂ ਦੇ ਭਾਸ਼ਣ ਰਾਹੀਂ ਸਾਫ ਝਲਕ ਰਹੀ ਸੀ। ਭਾਗ ਲੈਣ ਵਾਲੇ ਬੱਚਿਆਂ ਨੂੰ ਪੁਰਸਕਾਰ ਅਤੇ ਕਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਸਾਲ ਸਿਨਸਿਨੈਟੀ ਤੋਂ ਜੇਤੂ ਅੱਠ ਬੱਚੇ, ਓਹਾਇਓ ਅਤੇ ਪੈਨਸਲਵੇਨੀਆਂ ਸੂਬੇ ਦੇ ਹੋਰਨਾਂ ਸ਼ਹਿਰਾਂ ਦੇ ਜੇਤੂਆਂ ਨਾਲ ਕਲੀਵਲੈਂਡ ਵਿਖੇ ਹੋਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਵਿੱਚ ਭਾਗ ਲੈਣਗੇ। ਇਸ ਸਲਾਨਾ ਸਮਾਗਮ ਮੌਕੇ ਮਰਹੂਮ ਜੈਪਾਲ ਸਿੰਘ ਨੂੰ ਵੀ ਯਾਦ ਕੀਤਾ ਗਿਆ ਜਿਸ ਨੇ ਸਿੱਖ ਨੌਜਵਾਨਾਂ ਨੂੰ ਸਾਲ ਦਰ ਸਾਲ ਨਿਰਸਵਾਰਥ ਅਤੇ ਪੂਰੀ ਤਨਦੇਹੀ ਨਾਲ ਸਿੱਖਿਆ ਅਤੇ ਮਾਰਗਦਰਸ਼ਨ ਕੀਤਾ। ਇਸ ਤੋਂ ਇਲਾਵਾ, ਹਾਲ ਹੀ ਵਿੱਚ 12ਵੀ ਜਮਾਤ, ਕਾਲਜ ਜਾਂ ਯੂਨੀਵਰਸਿਟੀ ਦੀ ਡਿਗਰੀ ਪੂਰੀ ਕਰਕੇ ਗ੍ਰੈਜੂਏਟ ਹੋਏ ਬੀਤੇ ਸਾਲਾਂ ਦੇ ਭਾਗ ਲੈਣ ਵਾਲੇ ਨੌਜਵਾਨ ਬੱਚੇ ਅਤੇ ਬੱਚੀਆਂ ਨੂੰ ਵੀ ਵਿਸ਼ੇਸ਼ ਅਵਾਰਡ ਦਿੱਤੇ ਗਏ।




## ਖ਼ੁਸ਼ਹਾਲ ਭਵਿੱਖ ਲਈ ਅੰਤਰਰਾਸ਼ਟਰੀ ਸਿੱਖਿਆ ਨੂੰ ਅਪਣਾਉਂਦੇ ਹਨ ਵਿਦਿਆਰਥੀ

## ਦੁਨੀਆ ਦੀ ਤੀਜੀ ਸਭ ਤੋਂ ਵੱਡੀ ਸਿੱਖਿਆ ਪ੍ਰਣਾਲੀ ਹੈ ਭਾਰਤ 'ਚ

**ਦੁਨੀਆ ਦੇ ਵੱਖ- ਵੱਖ ਮੁਲਕਾਂ ਵਿੱਚ ਜਾ ਕੇ ਪੜ੍ਹਾਈ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਬਾਰੇ ਅਕਸਰ ਹੀ ਵੱਖ- ਵੱਖ ਸੰਸਥਾਵਾਂ, ਏਜੰਸੀਆਂ ਅਤੇ ਸਰਕਾਰਾਂ ਵੱਲੋਂ ਸਰਵੇਖਣ ਹੁੰਦੇ ਰਹਿੰਦੇ ਹਨ, ਜਿਸ ਨਾਲ ਵਿਦੇਸ਼ਾਂ 'ਚ ਜਾ ਕੇ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀ ਅਸਲ ਗਿਣਤੀ, ਰੁਝਾਨ 'ਚ ਆਈ ਤੇਜ਼ੀ ਜਾਂ ਗਿਰਾਵਟ ਬਾਰੇ ਵੀ ਜਾਣਕਾਰੀ ਮਿਲਦੀ ਰਹਿੰਦੀ ਹੈ। ਕਈ ਵਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਸਬੰਧੀ ਵੱਖ- ਵੱਖ ਏਜੰਸੀਆਂ ਦੀਆਂ ਰਿਪੋਰਟਾਂ ਵਿੱਚ ਵੱਖ- ਵੱਖ ਕਿਸਮਾਂ ਦੇ ਦਾਅਵੇ ਕੀਤੇ ਹੁੰਦੇ ਹਨ, ਜਿਸ ਕਾਰਨ ਇਹਨਾਂ ਰਿਪੋਰਟਾਂ ਦੀ ਪ੍ਰਮਾਣਿਕਤਾ 'ਤੇ ਹੀ ਸ਼ੱਕ ਪੈਦਾ ਹੋਣ ਲੱਗਦਾ ਹੈ। ਹੁਣ ਇੱਕ ਤਾਜ਼ਾ ਰਿਪੋਰਟ ਅਨੁਸਾਰ ਅਮਰੀਕਾ, ਕੈਨੇਡਾ ਤੇ ਯੂ.ਕੇ. ਦੀ ਥਾਂ ਆਸਟ੍ਰੇਲੀਆ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੋਣ ਦਾ ਦਾਅਵਾ ਕੀਤਾ ਗਿਆ ਹੈ। ਨਵੀਂ ਦਿੱਲੀ ਦੇ ਅੰਤਰਰਾਸ਼ਟਰੀ ਏਅਰਪੋਰਟ 'ਤੇ ਹਰ ਦਿਨ-ਰਾਤ ਅੱਖਾਂ ਚੁੰਧਿਆਉਂਦੀਆਂ ਰੰਗੀਨ ਰੌਸ਼ਨੀਆਂ ਦੌਰਾਨ ਆਪਣੀਆਂ ਅੱਧਮੀਟੀਆਂ ਅੱਖਾਂ 'ਚ ਸੁਨਹਿਰੀ ਭਵਿੱਖ ਦੇ ਲੱਖਾਂ ਸੁਪਨੇ ਸਜੋਂ ਕੇ ਵਿਦੇਸ਼ ਜਾਣ ਲਈ ਜਹਾਜ਼ ਚੜ੍ਹਨ ਦੀ ਉਡੀਕ ਕਰ ਰਹੇ ਵਿਦਿਆਰਥੀ ਆਪਣੀ ਕਹਾਣੀ ਖੁਦ ਕਹਿ ਰਹੇ ਹੁੰਦੇ ਹਨ।**



**ਜਗਮੋਹਨ ਸਿੰਘ 'ਲੱਕੀ'**

ਸੁਨਹਿਰੇ ਭਵਿੱਖ ਅਤੇ ਕੈਰੀਅਰ ਦੀ ਤਰੱਕੀ ਲਈ ਭਾਰਤੀ ਵਿਦਿਆਰਥੀ ਅਕਸਰ ਵਿਦੇਸ਼ਾਂ ਵਿੱਚ ਪੜ੍ਹਨ ਜਾਂਦੇ ਹਨ। ਭਾਵੇਂ ਇਸ ਸਮੇਂ ਭਾਰਤ ਦੀ ਕੇਂਦਰ ਸਰਕਾਰ ਅਤੇ ਵੱਖ- ਵੱਖ ਸੂਬਿਆਂ ਦੀਆਂ ਰਾਜ ਸਰਕਾਰਾਂ ਭਾਰਤੀ ਵਿਦਿਆਰਥੀਆਂ ਨੂੰ ਚੰਗੀ, ਉਚੇਰੀ, ਵਿਦੇਸ਼ੀ ਸਿੱਖਿਆ ਦੇ ਹਾਣ ਦੀ ਅਤੇ ਸਸਤੀ ਸਿੱਖਿਆ ਉਨ੍ਹਾਂ ਦੇ ਘਰਾਂ ਦੇ ਨੇੜੇ ਦੇਣ ਲਈ ਹੀ ਉਪਰਾਲੇ ਕਰ ਰਹੀਆਂ ਹਨ ਪਰ ਵਿਦੇਸ਼ ਜਾ ਕੇ ਪੜ੍ਹਾਈ ਕਰਨ ਦੇ ਚਾਹਵਾਨ ਵੱਡੀ ਗਿਣਤੀ ਭਾਰਤੀ ਵਿਦਿਆਰਥੀ ਅਜੇ ਵੀ ਜਹਾਜ਼ਾਂ ਵਿੱਚ ਬੈਠ ਕੇ ਵਿਦੇਸ਼ ਜਾ ਰਹੇ ਹਨ।

ਭਾਰਤ 'ਚ ਨੌਕਰੀਆਂ ਲਈ ਹੁਨਰ ਦੀਆਂ ਲੋੜਾਂ ਬਦਲੀਆਂ ਹਨ, ਪਰ ਭਾਰਤ ਵਿੱਚ ਸਿੱਖਿਆ ਵਿੱਚ ਉਸੇ ਤਰ੍ਹਾਂ ਬਦਲਾਓ ਨਹੀਂ ਆਇਆ ਹੈ। ਬਦਲਦੇ ਆਧੁਨਿਕ ਸਮੇਂ ਅਨੁਸਾਰ ਭਾਰਤੀ ਦੀ ਸਿੱਖਿਆ ਹਾਣੀ ਨਹੀਂ ਰਹੀ, ਇਹ ਕਈ ਖੇਤਰਾਂ ਵਿੱਚ ਪਿੱਛੜ ਗਈ ਹੈ। ਇਸ ਕਾਰਨ ਵੀ ਅਨੇਕਾਂ ਭਾਰਤੀ ਵਿਦਿਆਰਥੀਆਂ ਨੂੰ ਸਿੱਖਿਆ ਲਈ ਪਰਵਾਸ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਸਿੱਖਿਆ ਪ੍ਰਣਾਲੀ ਭਾਰਤ ਵਿੱਚ ਮੌਜੂਦ ਹੈ ਪਰ ਸਮੇਂ ਦੇ ਹਾਣ ਦੀ ਨਾ ਹੋਣ ਕਾਰਨ ਭਾਰਤੀ ਵਿਦਿਆਰਥੀ ਇਸ ਪ੍ਰਣਾਲੀ ਨੂੰ ਅਲਵਿਦਾ ਕਹਿ ਕੇ ਵਿਦੇਸ਼ਾਂ ਦੀ ਸਿੱਖਿਆ ਪ੍ਰਣਾਲੀ ਨੂੰ ਅਪਨਾਅ ਰਹੇ ਹਨ।

ਭਾਰਤ ਤੋਂ ਵਿਦੇਸ਼ ਜਾ ਕੇ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਲੱਖਾਂ ਵਿੱਚ ਹੈ, ਜਿਨ੍ਹਾਂ ਵਿੱਚ ਪੰਜਾਬ ਦੇ ਵਿਦਿਆਰਥੀ ਵੀ ਸ਼ਾਮਲ ਹਨ। ਅਸਲ ਵਿੱਚ ਵਿਦੇਸ਼ ਜਾ ਕੇ ਪੜ੍ਹਾਈ ਕਰਨਾ ਭਾਰਤੀ ਵਿਦਿਆਰਥੀਆਂ ਵਿੱਚ 'ਸਟੇਟਸ ਸਿੰਬਲ' ਬਣ ਗਿਆ ਹੈ। ਵੱਡੀ ਗਿਣਤੀ ਭਾਰਤੀ ਵਿਦਿਆਰਥੀਆਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਜੇ ਉਹ ਵਿਦੇਸ਼ ਵਿੱਚ ਪੜ੍ਹਾਈ ਕਰਕੇ ਭਾਰਤ ਵਾਪਸ ਆਉਣਗੇ ਤਾਂ ਭਾਰਤ ਵਿੱਚ ਉਨ੍ਹਾਂ ਨੂੰ ਚੰਗੀਆਂ ਨੌਕਰੀਆਂ ਪਹਿਲ ਦੇ ਆਧਾਰ 'ਤੇ ਮਿਲਣਗੀਆਂ। ਇਸ ਤੋਂ ਇਲਾਵਾ ਵੱਡੀ ਗਿਣਤੀ ਭਾਰਤੀ ਵਿਦਿਆਰਥੀ ਇਸ ਲਈ ਵੀ ਵਿਦੇਸ਼ ਸਿੱਖਿਆ ਪ੍ਰਾਪਤ ਕਰਨ ਚਲੇ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਮੁੱਖ ਮਕਸਦ ਹੀ ਪੜ੍ਹਾਈ ਬਹਾਨੇ ਵਿਦੇਸ਼ਾਂ ਦੀ ਪੀ.ਆਰ.ਲੈਣਾ ਹੁੰਦਾ ਹੈ।

ਇੱਕ ਨਾਮੀ ਅਖ਼ਬਾਰ ਦੀ ਰਿਪੋਰਟ ਅਨੁਸਾਰ, 2022 'ਚ ਭਾਰਤ ਦੇ 9 ਲੱਖ ਵਿਦਿਆਰਥੀ ਦੁਨੀਆਂ ਦੇ ਦੂਜੇ ਦੇਸ਼ਾਂ ਵਿੱਚ ਪੜ੍ਹਾਈ ਲਈ ਗਏ। 2023 'ਚ ਇਹ ਗਿਣਤੀ 13 ਲੱਖ ਅਤੇ 2024 ਵਿੱਚ 13.50 ਲੱਖ ਹੋ ਗਈ। ਇਨ੍ਹਾਂ 13.50 ਲੱਖ ਵਿਦਿਆਰਥੀਆਂ 'ਚ ਸਭ ਤੋਂ ਵੱਧ ਗਿਣਤੀ 4.30 ਲੱਖ, ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਸੀ, 3.50 ਵਿਦਿਆਰਥੀ ਅਮਰੀਕਾ, 1.85 ਲੱਖ ਬ੍ਰਿਟੇਨ ਤੇ ਬਾਕੀ ਆਸਟ੍ਰੇਲੀਆ, ਚੀਨ, ਜਰਮਨੀ, ਯੂਕ੍ਰੇਨ ਤੇ ਫ਼ਿਲਪੀਨਜ਼ ਗਏ।

ਲੱਖਾਂ ਵਿਦਿਆਰਥੀਆਂ ਦੇ ਪਰਵਾਸ ਬਾਰੇ ਕੇਂਦਰੀ ਸਿੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਵਿਦੇਸ਼ ਜਾਣਾ ਵਿਦਿਆਰਥੀ ਵਰਗ ਲਈ 'ਸਟੇਟਸ ਸਿੰਬਲ' ਬਣ ਚੁੱਕਾ ਹੈ। ਇਸ ਨਾਲ ਇੱਕ ਤਾਂ ਦੇਸ਼ ਦਾ ਆਰਥਿਕ ਨੁਕਸਾਨ ਹੋ ਰਿਹਾ ਹੈ, ਦੂਜਾ ਦੇਸ਼ ਦੇ ਹੋਣਹਾਰ ਬੱਚੇ, ਜਿਨ੍ਹਾਂ ਦਾ ਦੇਸ਼ ਨੂੰ ਲਾਭ ਪਹੁੰਚਣਾ ਸੀ, ਵਿਦੇਸ਼ਾਂ ਵਿੱਚ ਵਸ ਰਹੇ ਹਨ।

ਹੁਣ ਵਿਦੇਸ਼ੀ ਮੁਲਕਾਂ ਦੀਆਂ ਸਰਕਾਰਾਂ ਵੀ ਭਾਰਤੀ ਵਿਦਿਆਰਥੀਆਂ ਦੀ ਇਸ ਭਾਵਨਾ ਨੂੰ ਸਮਝ ਗਈਆਂ ਹਨ ਅਤੇ ਉਹਨਾਂ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਆਪਣੇ ਵੀਜ਼ਾ ਨਿਯਮ ਅਤੇ ਕਾਨੂੰਨ ਸਖ਼ਤ ਕੀਤੇ ਜਾ ਰਹੇ ਹਨ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਤਾਂ ਸਪਸ਼ਟ ਐਲਾਨ ਕਰ ਦਿੱਤਾ ਹੈ ਕਿ ਅਮਰੀਕਾ ਵਿੱਚ ਪੜ੍ਹਾਈ ਕਰਨ ਆਉਂਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਅਮਰੀਕਾ ਦੀ ਨਾਗਰਿਕਤਾ ਨਹੀਂ ਦਿੱਤੀ ਜਾਵੇਗੀ ਸਗੋਂ ਉਨ੍ਹਾਂ ਵਿਦਿਆਰਥੀਆਂ ਨੂੰ ਅਮਰੀਕਾ 'ਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਮੁੜ ਵਾਪਸ ਆਪਣੇ ਮੂਲ ਮੁਲਕਾਂ 'ਚ ਮੁੜਨਾ ਪਵੇਗਾ, ਜਿਥੋਂ ਕਿ ਉਹ ਅਮਰੀਕਾ ਵਿੱਚ ਪੜ੍ਹਾਈ ਕਰਨ ਲਈ ਆਏ ਹੋਏ ਹਨ। ਇਸ ਤੋਂ ਇਲਾਵਾ ਕੈਨੇਡਾ, ਯੂ.ਕੇ., ਨਿਊਜ਼ੀਲੈਂਡ ਅਤੇ ਹੋਰ ਮੁਲਕਾਂ ਨੇ ਵੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਿਤ ਕਰਨ ਲਈ ਨਵੇਂ ਵੀਜ਼ਾ ਨਿਯਮ ਅਤੇ ਕਾਨੂੰਨ ਲਾਗੂ ਕਰ ਦਿੱਤੇ ਹਨ ਪਰ ਇਹ ਸਖ਼ਤ ਕਾਨੂੰਨ ਵੀ ਭਾਰਤੀ ਵਿਦਿਆਰਥੀਆਂ ਨੂੰ ਸਿੱਖਿਆ ਬਹਾਨੇ ਪਰਵਾਸ ਕਰਕੇ ਇਹਨਾਂ ਦੇਸ਼ਾਂ ਵਿੱਚ ਜਾਣ ਤੋਂ ਰੋਕਣ ਵਿੱਚ ਨਾਕਾਮ ਹੋ ਰਹੇ ਹਨ। ਪੰਜਾਬ ਸਮੇਤ ਪੂਰੇ ਭਾਰਤ ਵਿਚੋਂ ਹਰ ਸਾਲ ਵੱਡੀ ਗਿਣਤੀ ਵਿਦਿਆਰਥੀ ਦੁਨੀਆਂ ਦੇ ਵੱਖ ਵੱਖ ਮੁਲਕਾਂ 'ਚ ਸਿੱਖਿਆ ਪ੍ਰਾਪਤ ਕਰਨ ਲਈ ਜਾਂਦੇ ਹਨ। ਇਹਨਾਂ ਵਿਦਿਆਰਥੀਆਂ ਵਿੱਚ ਮੈਡੀਕਲ ਵਿਦਿਆਰਥੀ ਵੀ ਵੱਡੀ ਗਿਣਤੀ 'ਚ ਹੁੰਦੇ ਹਨ, ਜੋ ਕਿ ਐਮ. ਬੀ. ਬੀ. ਐਸ. ਤੇ ਹੋਰ ਉਚੇਰੀ ਪੜ੍ਹਾਈ ਲਈ ਵਿਦੇਸ਼ ਜਾਂਦੇ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਇੱਕ ਪਾਸੇ ਤਾਂ ਭਾਰਤ ਵਿੱਚ ਸਿੱਖਿਆ ਸੰਸਥਾਵਾਂ, ਸਰਕਾਰੀ ਤੇ ਨਿੱਜੀ ਯੂਨੀਵਰਸਿਟੀਆਂ, ਮੈਡੀਕਲ ਕਾਲਜਾਂ ਦਾ ਹੜ੍ਹ ਆਇਆ ਹੋਇਆ ਹੈ, ਇਸ ਦੇ ਬਾਵਜੂਦ ਭਾਰਤ ਤੋਂ ਹਰ ਸਾਲ ਹਜ਼ਾਰਾਂ ਵਿਦਿਆਰਥੀ ਦੁਨੀਆਂ ਦੇ 86 ਦੇਸ਼ਾਂ 'ਚ ਜਾ ਰਹੇ ਹਨ।

ਸਰਕਾਰੀ ਅੰਕੜਿਆਂ ਅਨੁਸਾਰ ਸਾਲ 2017 'ਚ 4,54,010 ਭਾਰਤੀ ਵਿਦਿਆਰਥੀ ਵੱਖ-ਵੱਖ ਕੋਰਸਾਂ ਦੀ ਪੜ੍ਹਾਈ ਲਈ ਵਿਦੇਸ਼ ਗਏ ਸਨ, ਸਾਲ 2018 'ਚ 5,18,015 ਵਿਦਿਆਰਥੀ, ਸਾਲ 2019 'ਚ 5,86,337 ਵਿਦਿਆਰਥੀ, ਸਾਲ 2020 'ਚ 2,59,655 ਵਿਦਿਆਰਥੀ, 4. ਸਾਲ 2021 ਵਿੱਚ 44,553 ਵਿਦਿਆਰਥੀ ਅਤੇ ਸਾਲ 2022 ਵਿੱਚ 7,50,365 ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਨ ਲਈ ਗਏ ਸਨ।

ਆਸਟ੍ਰੇਲੀਆ ਦੇ ਗ੍ਰਹਿ ਵਿਭਾਗ ਦੇ ਕੌਮਾਂਤਰੀ ਵਿਦਿਆਰਥੀਆਂ ਦੇ 2022-23 (ਅੱਧੇ ਸਾਲ ਤੱਕ ਦੇ) ਅੰਕੜਿਆਂ 'ਤੇ ਜੇਕਰ ਨਜ਼ਰ ਮਾਰੀ ਜਾਵੇ ਤੋਂ 2 ਲੱਖ 83 ਹਜ਼ਾਰ 573 ਵਿਦਿਆਰਥੀ ਵੀਜ਼ੇ ਗਰਾਂਟ ਕੀਤੇ ਗਏ ਜੋ ਕਿ ਸਾਲ 2021-22 ਦੇ ਇਸ ਸਮੇਂ ਤੱਕ ਅੰਕੜਿਆਂ ਤੋਂ 203 ਪ੍ਰਤੀਸ਼ਤ ਜ਼ਿਆਦਾ ਸਨ।

### 86 ਦੇਸ਼ਾਂ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀ

ਸਰਕਾਰੀ ਅੰਕੜਿਆਂ ਅਨੁਸਾਰ ਕੁੱਲ 86 ਦੇਸ਼ ਅਜਿਹੇ ਹਨ ਜਿੱਥੇ ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ। ਇਨ੍ਹਾਂ ਵਿਚੋਂ 36 ਦੇਸ਼ ਏਸ਼ੀਆ ਤੋਂ, 32 ਯੂਰਪ ਤੋਂ, 8 ਅਫ਼ਰੀਕਾ ਤੋਂ, 6 ਦੱਖਣੀ ਅਮਰੀਕਾ ਤੋਂ ਅਤੇ 2 ਉੱਤਰੀ ਅਮਰੀਕਾ ਅਤੇ ਆਸਟ੍ਰੇਲੀਆ ਤੋਂ ਹਨ। 50% ਤੋਂ ਵੱਧ ਭਾਰਤੀ ਵਿਦਿਆਰਥੀ ਉੱਤਰੀ ਅਮਰੀਕਾ ਵਿੱਚ ਪੜ੍ਹਦੇ ਹਨ। 90000 ਤੋਂ ਵੱਧ ਭਾਰਤੀ ਵਿਦਿਆਰਥੀ ਏਸ਼ੀਆ ਦੇ ਨਾਲ-ਨਾਲ ਆਸਟ੍ਰੇਲੀਆ ਵਿੱਚ ਪੜ੍ਹਦੇ ਹਨ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਵਿਦੇਸ਼ਾਂ 'ਚ ਪੜ੍ਹਾਈ ਕਰਨ ਜਾਣਾ ਭਾਰਤੀ ਵਿਦਿਆਰਥੀਆਂ ਦਾ ਸ਼ੌਕ ਨਹੀਂ ਸਗੋਂ ਇੱਕ ਮਜਬੂਰੀ ਬਣ ਰਿਹਾ ਹੈ। ਭਾਰਤ ਵਿੱਚ ਹਰ ਤਰ੍ਹਾਂ ਦੀ ਸਿੱਖਿਆ ਏਨੀ ਜਿਆਦਾ ਮਹਿੰਗੀ ਹੈ ਕਿ ਇਹ ਹੁਣ ਆਮ ਵਰਗ ਦੇ ਵਿਦਿਆਰਥੀਆਂ ਤੋਂ ਦੂਰ ਹੁੰਦੀ ਜਾ ਰਹੀ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਭਾਰਤ ਵਿੱਚ ਹੀ ਉਚੇਰੀ, ਵਿਦੇਸ਼ਾਂ ਦੇ ਹਾਣ ਦੀ ਸਿੱਖਿਆ ਹਰ ਵਰਗ ਦੇ ਲੋਕਾਂ ਲਈ ਸਸਤੇ ਰੂਪ ਵਿੱਚ ਮੁਹੱਈਆ ਕਰਵਾਏ ਤਾਂ ਕਿ ਭਾਰਤ ਦੇ ਵਿਦਿਆਰਥੀਆਂ ਨੂੰ ਸਿੱਖਿਆ ਲਈ ਪਰਦੇਸੀ ਨਾ ਹੋਣਾ ਪਵੇ।

## ਆਸਟ੍ਰੇਲੀਆ ਬਣਿਆ ਭਾਰਤੀ ਵਿਦਿਆਰਥੀਆਂ ਲਈ ਸਿਖ਼ਰਲਾ ਅਧਿਐਨ ਸਥਾਨ

ਅੰਤਰਰਾਸ਼ਟਰੀ ਸਿੱਖਿਆ ਸੰਸਥਾ ਆਈ.ਡੀ.ਪੀ. ਐਜੂਕੇਸ਼ਨ ਦੁਆਰਾ ਮਾਰਚ 2025 ਵਿੱਚ ਕੀਤੇ ਗਏ ਇੱਕ ਨਵੇਂ ਗਲੋਬਲ ਸਰਵੇਖਣ ਅਨੁਸਾਰ ਸੰਯੁਕਤ ਰਾਜ ਅਮਰੀਕਾ ਨੂੰ ਪਛਾੜ ਕੇ ਆਸਟ੍ਰੇਲੀਆ ਭਾਰਤੀ ਵਿਦਿਆਰਥੀਆਂ ਲਈ ਸਿਖਰਲਾ ਅਧਿਐਨ ਸਥਾਨ ਬਣ ਗਿਆ ਹੈ। ਭਾਰਤੀ ਵਿਦਿਆਰਥੀਆਂ ਵਿੱਚ ਪਹਿਲੀ ਪਸੰਦ ਦੀ ਤਰਜੀਹਾਂ ਦੇ ਮਾਮਲੇ ਵਿੱਚ ਆਸਟ੍ਰੇਲੀਆ 28% ਹੈ ਜੋ ਅਮਰੀਕਾ (22%) ਅਤੇ ਯੂ.ਕੇ (21%) ਤੋਂ ਅੱਗੇ ਹੈ। ਕੈਨੇਡਾ ਦੀ ਲੋਕਪ੍ਰਿਅਤਾ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ ਜੋ ਘਟ ਕੇ 13% ਹੋ ਗਈ, ਜੋ ਕਿ ਮਾਰਚ 2024 ਤੋਂ 6% ਦੀ ਘੱਟ ਹੈ।

ਵਧਦੀ ਟਿਊਸ਼ਨ ਫ਼ੀਸਾਂ ਅਤੇ ਵੀਜ਼ਾ ਲਾਗਤਾਂ ਦੇ ਬਾਵਜੂਦ ਆਸਟ੍ਰੇਲੀਆ ਅਕਾਦਮਿਕ ਗੁਣਵੱਤਾ, ਆਸਟ੍ਰੇਲੀਆ-ਭਾਰਤ ਆਰਥਿਕ ਸਹਿਯੋਗ ਅਤੇ ਵਪਾਰ ਸਮਝੌਤੇ (ਏ.ਆਈ-ਈ.ਸੀ.ਟੀ.ਏ.) ਦੇ ਤਹਿਤ ਵਧੇ ਹੋਏ ਅਧਿਐਨ ਤੋਂ ਬਾਅਦ ਦੇ ਕੰਮ ਦੇ ਅਧਿਕਾਰਾਂ ਅਤੇ ਸੁਰੱਖਿਆ ਵਰਗੇ ਕਾਰਕਾਂ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨਾ ਜਾਰੀ ਰੱਖਦਾ ਹੈ। ਆਈ.ਡੀ.ਪੀ. ਐਜੂਕੇਸ਼ਨ ਟੂ ਬਿਜ਼ਨਸ ਸਟੈਂਡਰਡ ਦੇ ਖੇਤਰੀ ਨਿਰਦੇਸ਼ਕ ਨੇ ਕਿਹਾ, 'ਬਹੁਤ ਸਾਰੇ ਪਰਿਵਾਰ ਇਸ ਨੂੰ ਇੱਕ ਲੰਬੇ ਸਮੇਂ ਦੇ ਨਿਵੇਸ਼ ਵਜੋਂ ਦੇਖਦੇ ਹਨ।' ਦੁਨੀਆਂ ਭਰ ਦੇ 6,000 ਤੋਂ ਵੱਧ ਵਿਦਿਆਰਥੀਆਂ ਦੇ ਜਵਾਬਾਂ 'ਤੇ ਆਧਾਰਿਤ ਐਮਰਜਿੰਗ ਫ਼ਿਊਚਰਜ਼ ਸੇਵਨ ਰਿਪੋਰਟ, ਜਿਸ ਵਿੱਚ ਭਾਰਤ ਦੇ 1,400 ਵਿਦਿਆਰਥੀ ਸ਼ਾਮਲ ਹਨ, ਨੇ ਇਹ ਉਜਾਗਰ ਕੀਤਾ ਹੈ ਕਿ ਵਿਦਿਆਰਥੀਆਂ ਦੀਆਂ ਚੋਣਾਂ ਪਿੱਛੇ ਨੌਕਰੀ ਦੀਆਂ ਸੰਭਾਵਨਾਵਾਂ ਇੱਕ ਪ੍ਰਮੁੱਖ ਚਾਲਕ ਹਨ। ਲਗਭਗ 77% ਭਾਰਤੀ ਉੱਤਰਦਾਤਾਵਾਂ ਨੇ ਕਿਹਾ ਕਿ ਉਹ ਕੈਰੀਅਰ ਦੀ ਤਰੱਕੀ ਲਈ ਅੰਤਰਰਾਸ਼ਟਰੀ ਸਿੱਖਿਆ ਨੂੰ ਅਪਣਾਉਂਦੇ ਹਨ ਅਤੇ 70% ਨੇ ਕੰਮ ਦੀਆਂ ਪਲੇਸਮੈਂਟਾਂ ਤੱਕ ਪਹੁੰਚ ਨੂੰ ਸਭ ਤੋਂ ਮਹੱਤਵਪੂਰਨ ਅਕਾਦਮਿਕ ਕਾਰਕ ਵਜੋਂ ਦਰਜਾ ਦਿੱਤਾ। ਜਦੋਂ ਕਿ ਅਮਰੀਕਾ ਆਪਣੀ ਸਿੱਖਿਆ ਦੀ ਗੁਣਵੱਤਾ ਕਾਰਨ ਮਜ਼ਬੂਤ ਬਣਿਆ ਹੋਇਆ ਹੈ। ਦੋ ਤਿਹਾਈ (66%) ਵਿਦਿਆਰਥੀਆਂ ਨੇ ਲਾਗਤ ਅਤੇ ਵਿੱਤ ਨੂੰ ਆਪਣੀ ਪ੍ਰਮੁੱਖ ਚਿੰਤਾ ਵਜੋਂ ਦੱਸਿਆ। ਇਸ ਤੋਂ ਇਲਾਵਾ ਵੀਜ਼ਾ ਮੁੱਦੇ (47%), ਰਿਹਾਇਸ਼ (43%) ਅਤੇ ਪੜ੍ਹਾਈ ਨਾਲ ਕੰਮ ਨੂੰ ਸੰਤੁਲਿਤ ਕਰਨਾ (39%) ਵਰਗੇ ਮੁੱਦੇ ਸ਼ਾਮਲ ਹਨ। ਅਕਾਦਮਿਕ ਸਾਖ ਅਜੇ ਵੀ ਮਾਇਨੇ ਰੱਖਦੀ ਹੈ। 67% ਵਿਦਿਆਰਥੀਆਂ ਨੇ ਸਿੱਖਿਆ ਦੀ ਗੁਣਵੱਤਾ ਨੂੰ ਵਿਦੇਸ਼ ਜਾਣ ਦਾ ਇੱਕ ਮੁੱਖ ਕਾਰਨ ਦੱਸਿਆ।

## ਆਪਣੀ ਸਿੱਖਿਆ ਦੀ ਗੁਣਵੱਤਾ ਕਾਰਨ ਮਜ਼ਬੂਤ ਬਣਿਆ ਹੋਇਐ ਅਮਰੀਕਾ



# ਪੰਜਾਬ 'ਚ ਲੰਘੇ ਸੱਤ ਸਾਲਾਂ ਵਿੱਚ ਬੁਟੀਕ ਕਾਰੋਬਾਰ 965.58 ਕਰੋੜ ਦਾ ਹੋਇਆ

## ਅੰਮ੍ਰਿਤਸਰ, ਮੋਹਾਲੀ, ਜਲੰਧਰ, ਲੁਧਿਆਣਾ, ਪਟਿਆਲਾ ਤੇ ਬਠਿੰਡਾ ਬੁਟੀਕ ਦੀ ਹੱਬ ਵਜੋਂ ਉੱਭਰੇ

## ਬੁਟੀਕ ਕਾਰੋਬਾਰ ਵਿੱਚ ਔਰਤਾਂ ਮੋਹਰੀ, ਡਿਜ਼ਾਈਨਰ ਵੀ ਬਣੀਆਂ, ਉੱਦਮੀ ਵੀ ਬਣੀਆਂ



ਪੰਜਾਬੀ ਪਹਿਰਾਵੇ ਦੀ ਸ਼ਾਨ ਤੇ ਮੁਟਿਆਰਾਂ ਦਾ ਜੋਸ਼ ਬੁਟੀਕ ਕਾਰੋਬਾਰ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਗਿਆ ਹੈ। ਪਿਛਲੇ ਸੱਤ ਸਾਲਾਂ 'ਚ ਇਹ ਕਾਰੋਬਾਰ 965.58 ਕਰੋੜ ਦਾ ਹੋ ਗਿਆ, ਜਿਸ ਵਿੱਚ 2023-24 ਵਿੱਚ 203.63 ਕਰੋੜ ਦਾ ਕੰਮ ਹੋਇਆ। 2025 ਵਿੱਚ ਵੀ ਇਹ ਚਮਕ ਜਾਰੀ ਹੈ, ਤੇ ਮਾਹਿਰਾਂ ਮੁਤਾਬਕ ਇਸ ਸਾਲ ਬੁਟੀਕ ਕਾਰੋਬਾਰ 220-250 ਕਰੋੜ ਤੱਕ ਪਹੁੰਚ ਸਕਦਾ ਹੈ, ਕਿਉਂਕਿ ਵਿਦੇਸ਼ਾਂ ਵਿੱਚ ਵੀ ਪੰਜਾਬੀ ਸੂਟਾਂ ਦੀ ਮੰਗ ਵਧ ਰਹੀ ਹੈ। ਪੰਜਾਬ ਵਿੱਚ ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਮੋਹਾਲੀ, ਪਟਿਆਲਾ ਤੇ ਬਠਿੰਡਾ ਬੁਟੀਕ ਦੀਆਂ ਹੱਬ ਬਣ ਗਏ ਨੇ। ਸਰਕਾਰੀ ਖ਼ਜ਼ਾਨੇ ਨੂੰ ਇਨ੍ਹਾਂ ਵਰ੍ਹਿਆਂ ਵਿੱਚ ਇਸ ਕਾਰੋਬਾਰ ਤੋਂ 12.79 ਕਰੋੜ ਦਾ ਟੈਕਸ ਮਿਲਿਆ ਸੀ।

ਅਜਿਹੇ ਵੱਡੇ ਬੁਟੀਕ ਵੀ ਹਨ, ਜਿਨ੍ਹਾਂ ਵਿੱਚ 50 ਹਜ਼ਾਰ ਤੋਂ ਰੇਂਜ ਸ਼ੁਰੂ ਹੁੰਦੀ ਹੈ। ਬੁਟੀਕ 'ਤੇ ਜਿਊਲਰੀ ਵੀ ਵਿਕਦੀ ਹੈ। ਅੰਮ੍ਰਿਤਸਰ, ਮੋਹਾਲੀ, ਜਲੰਧਰ, ਲੁਧਿਆਣਾ, ਪਟਿਆਲਾ ਤੇ ਬਠਿੰਡਾ ਬੁਟੀਕ ਦੀ ਹੱਬ ਵਜੋਂ ਉੱਭਰ ਰਹੇ ਹਨ। ਪੱਛਮ ਦੇ ਪਰਛਾਵੇਂ ਤੋਂ ਪੰਜਾਬ ਬੱਚਿਆ ਨਹੀਂ। ਸੱਜ ਧੱਜ ਕੇ ਰਹਿਣ ਲਈ ਬਿਊਟੀ ਸੈਲੂਨ ਹਨ। ਪੰਜਾਬ ਵਿੱਚ 1591 ਬਿਊਟੀ ਸਲੂਨ ਟੈਕਸ ਤਾਰਦੇ ਹਨ। ਸਭ ਤੋਂ ਵੱਧ 383 ਸੈਲੂਨ ਮੋਹਾਲੀ ਵਿੱਚ ਹਨ ਜਦ ਕਿ ਲੁਧਿਆਣਾ 'ਚ 374 ਅਤੇ ਜਲੰਧਰ ਵਿੱਚ 134 ਸੈਲੂਨ ਹਨ। ਲੁਧਿਆਣਾ ਵਿਚ ਬੁਟੀਕ ਮਾਲਕਾਂ ਨੇ ਸਭ ਤੋਂ ਵੱਧ 85.60 ਕਰੋੜ ਦਾ



ਅਤੇ ਦੂਜੇ ਨੰਬਰ 'ਤੇ ਪਟਿਆਲਾ ਵਿੱਚ 70.93 ਕਰੋੜ ਦਾ ਕੰਮ ਕੀਤਾ ਹੈ। ਮੋਹਾਲੀ ਵਿੱਚ 56.17 ਕਰੋੜ, ਜਲੰਧਰ ਵਿੱਚ 40.32 ਕਰੋੜ ਤੇ ਬਠਿੰਡਾ ਵਿੱਚ 18.01 ਕਰੋੜ ਦਾ ਕਾਰੋਬਾਰ ਸੈਲੂਨ ਦਾ ਰਿਹਾ ਹੈ। ਜਲੰਧਰ ਦੇ ਇੱਕ ਸੈਲੂਨ ਦਾ ਕੰਮ ਇੱਕੋ ਸਾਲ ਦਾ 34.31 ਕਰੋੜ ਦਾ ਰਿਹਾ ਹੈ ਜਦ ਕਿ ਲੁਧਿਆਣਾ ਦੇ ਇੱਕ ਸੈਲੂਨ ਨੇ 15.08 ਕਰੋੜ ਦਾ ਕੰਮ ਕੀਤਾ ਹੈ।

### ਹੱਥ ਦੀ ਕਢਾਈ ਦਾ ਕਾਰੋਬਾਰ, ਕਿੱਥੇ ਵਧ ਰਿਹਾ ?

ਹੱਥ ਦੀ ਕਢਾਈ ਦਾ ਕਾਰੋਬਾਰ ਪੰਜਾਬ ਵਿੱਚ ਖ਼ਾਸਕਰ ਲੁਧਿਆਣਾ, ਅੰਮ੍ਰਿਤਸਰ ਤੇ ਜਲੰਧਰ 'ਚ ਸਿਖਰ 'ਤੇ ਹੈ। ਜਲੰਧਰ ਵਿੱਚ ਮੁਸਲਮਾਨ ਕਾਰੀਗਰ ਵਧੀਆ ਹੱਥ ਦੀ ਕਢਾਈ ਕਰ ਰਹੇ ਹਨ। ਲੁਧਿਆਣਾ ਵਿੱਚ ਹੱਥ-ਕਢਾਈ ਵਾਲੇ ਸੂਟਾਂ ਦੀ ਮੰਗ ਸਭ ਤੋਂ ਵੱਧ ਹੈ, ਜਿੱਥੇ ਵੱਡੇ ਬੁਟੀਕ ਸਾਲ 'ਚ ਕਰੋੜਾਂ ਦਾ ਕੰਮ ਕਰਦੇ ਨੇ। ਅੰਮ੍ਰਿਤਸਰ 'ਚ ਫੁੱਲਕਾਰੀ ਕਢਾਈ ਦੀ ਰਵਾਇਤ ਨੂੰ ਨਵੀਂ ਪੀੜ੍ਹੀ ਨੇ ਹੋਰ ਨਿਖਾਰਿਆ ਹੈ। ਜਲੰਧਰ ਵਿੱਚ ਗੋਟਾ-




ਪੱਟੀ ਤੇ ਜ਼ਰਦੋਜ਼ੀ ਵਾਲੇ ਸੂਟਾਂ ਦਾ ਕੰਮ 13.87 ਕਰੋੜ ਸਾਲਾਨਾ ਤੱਕ ਪਹੁੰਚ ਗਿਆ ਹੈ। ਇਸ ਤੋਂ ਇਲਾਵਾ, ਫ਼ਰੀਦਕੋਟ ਤੇ ਬਠਿੰਡਾ ਵਿੱਚ ਵੀ ਹੱਥ-ਕਢਾਈ ਦੀ ਮੰਗ ਵਧ ਰਹੀ ਹੈ। ਇਹ ਕਾਰੀਗਰ ਜ਼ਿਆਦਾਤਰ ਪੰਜਾਬ ਦੇ ਪਿੰਡਾਂ-ਸ਼ਹਿਰਾਂ ਤੋਂ ਹੀ ਨੇ, ਪਰ ਕਈ ਵੱਡੇ ਬੁਟੀਕ ਉੱਤਰ ਪ੍ਰਦੇਸ਼, ਬਿਹਾਰ ਤੇ ਰਾਜਸਥਾਨ ਦੇ ਕਾਰੀਗਰਾਂ ਨੂੰ ਵੀ ਨੌਕਰੀ 'ਤੇ ਰੱਖਦੇ ਨੇ। ਅੰਮ੍ਰਿਤਸਰ ਵਿੱਚ ਫੁੱਲਕਾਰੀ ਕਢਾਈ ਵਿੱਚ ਮਾਹਿਰ ਜ਼ਿਆਦਾਤਰ ਸਥਾਨਕ ਔਰਤਾਂ ਹੀ ਨੇ, ਜੋ ਘਰੋਂ ਹੀ ਇਹ ਕੰਮ ਕਰਦੀਆਂ ਨੇ। ਲੁਧਿਆਣਾ ਵਿੱਚ ਜ਼ਰਦੋਜ਼ੀ ਤੇ ਗੋਟਾ-ਪੱਟੀ ਦੇ ਕਾਰੀਗਰ ਅਕਸਰ ਲਖਨਊ ਤੇ ਜੈਪੁਰ ਤੋਂ ਆਉਂਦੇ ਨੇ। ਇਸ ਤੋਂ ਇਲਾਵਾ, ਪਟਿਆਲਾ ਵਿੱਚ ਸਥਾਨਕ ਕਾਰੀਗਰ ਪਰੰਪਰਾਗਤ ਡਿਜ਼ਾਈਨਾਂ ਨੂੰ ਨਵਾਂ ਰੰਗ ਦੇ ਰਹੇ ਨੇ।

### ਸੂਟ-ਕੋਰ ਸੈਟ ਵਿੱਚ ਕੀ ਚੱਲ ਰਿਹਾ ਟਰੈਂਡ ?


ਅੱਜ-ਕੱਲ੍ਹ ਪੰਜਾਬੀ ਮੁਟਿਆਰਾਂ ਨੂੰ ਸੂਟ-ਕੋਰ ਸੈਟ ਵਿੱਚ ਫੁੱਲਕਾਰੀ, ਗੋਟਾ-ਪੱਟੀ, ਜ਼ਰਦੋਜ਼ੀ ਤੇ ਮਿਰਰ ਵਰਕ ਵਾਲੀ ਕਢਾਈ ਖ਼ੂਬ ਪਸੰਦ ਆ ਰਹੀ ਹੈ। ਪੈਸਟਲ ਰੰਗ ਜਿਵੇਂ ਮਿੰਟ ਹਰਾ, ਗੁਲਾਬੀ ਤੇ ਗੂੜ੍ਹੇ ਰੰਗ ਜਿਵੇਂ ਮਰੂਨ, ਰਾਇਲ ਨੀਲਾ ਤੇ ਸੋਨ ਚੱਲਣ ਵਿੱਚ ਨੇ। ਅਨਾਰਕਲੀ ਸੂਟ, ਪਲਾਜ਼ੋ ਸੈਟ ਤੇ ਸਟਰੇਟ ਕੁੜਤੀਆਂ ਨਾਲ ਕੋਰ ਸੈਟ ਜ਼ਿਆਦਾ ਮੰਗੇ ਜਾ ਰਹੇ ਨੇ। ਵਿਆਹਾਂ ਵਿੱਚ ਹੈਵੀ ਲਹਿੰਗੇ ਤੇ ਸ਼ਰਾਰੇ ਵੀ ਛਾਏ ਹੋਏ ਨੇ। ਨੌਜਵਾਨ ਕੁੜੀਆਂ ਫਿਊਜ਼ਨ ਸਟਾਈਲ ਨੂੰ ਵੀ ਪਸੰਦ ਕਰ ਰਹੀਆਂ ਨੇ, ਜਿਸ ਵਿੱਚ ਪੰਜਾਬੀ ਸਟਾਈਲ 'ਚ ਵੈਸਟਰਨ ਟੱਚ ਸ਼ਾਮਲ ਹੁੰਦਾ ਹੈ।

### ਬੁਟੀਕ ਕਾਰੋਬਾਰ 'ਚ ਔਰਤਾਂ ਦੀ ਮੋਹਰੀ ਭੂਮਿਕਾ



ਬੁਟੀਕ ਕਾਰੋਬਾਰ ਵਿੱਚ ਔਰਤਾਂ ਮੋਹਰੀ ਨੇ, ਜੋ ਨਾ ਸਿਰਫ਼ ਡਿਜ਼ਾਈਨਰ ਹਨ, ਸਗੋਂ ਉੱਦਮੀ ਵੀ ਬਣੀਆਂ ਨੇ। ਗਲੀ-ਮੁਹੱਲਿਆਂ ਵਿੱਚ ਛੋਟੇ ਬੁਟੀਕਾਂ ਨੇ ਹਜ਼ਾਰਾਂ ਔਰਤਾਂ ਨੂੰ ਰੁਜ਼ਗਾਰ ਦਿੱਤਾ ਹੈ। ਸਰਕਾਰ ਨੂੰ ਵੀ ਇਸ ਕਾਰੋਬਾਰ ਤੋਂ ਸੱਤ ਸਾਲਾਂ ਵਿੱਚ 12.79 ਕਰੋੜ ਦਾ ਟੈਕਸ ਮਿਲਿਆ ਹੈ। ਪਰ ਕਰ ਵਿਭਾਗ ਨੇ ਸਰਵੇ 'ਚ 700 ਬੁਟੀਕਾਂ ਨੂੰ ਟੈਕਸ ਚੋਰੀ ਕਰਦਿਆਂ ਫੜਿਆ, ਜਿਸ ਵਿੱਚ ਮੋਹਾਲੀ ਦੇ ਇੱਕ ਬੁਟੀਕ ਦੀ 13 ਲੱਖ ਦੀ ਚੋਰੀ ਸਾਹਮਣੇ ਆਈ। ਪੰਜਾਬ ਵਿੱਚ ਬੁਟੀਕ ਕਾਰੋਬਾਰ ਨੇ ਨਾ ਸਿਰਫ਼ ਸੱਭਿਆਚਾਰ ਨੂੰ ਸੰਭਾਲਿਆ, ਸਗੋਂ ਹਜ਼ਾਰਾਂ ਲੋਕਾਂ ਦੀ ਰੋਜ਼ੀ-ਰੋਟੀ ਦਾ ਸਾਧਨ ਵੀ ਬਣਿਆ। ਮੁਟਿਆਰਾਂ ਦੇ ਸਜਣ-ਧਜਣ ਦੇ ਸ਼ੌਕ ਨੇ ਇਸ ਕਾਰੋਬਾਰ ਨੂੰ ਸੱਤਵੇਂ ਅਸਮਾਨ 'ਤੇ ਪਹੁੰਚਾ ਦਿੱਤਾ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਸਾਈਬਰ ਕ੍ਰਾਈਮ ਦਾ ਵੱਧਦਾ ਘੇਰਾ

## ਆਮ ਲੋਕਾਂ ਨਾਲ ਆਨਲਾਈਨ ਠੱਗੀ ਮਾਰਨ ਦਾ ਯਤਨ ਕਰਦੇ ਹਨ ਸਾਈਬਰ ਅਪਰਾਧੀ

### ਵਿਦਿਆਰਥੀਆਂ ਨੂੰ ਵੀ ਪੁਲਿਸ ਕੇਸ 'ਚ ਫ਼ਸਾਉਣ ਦਾ ਡਰ ਦਿਖਾ ਕੇ ਮੰਗੇ ਜਾਂਦੇ ਨੇ ਪੈਸੇ

### ਜਾਗਰੂਕਤਾ ਦੀ ਘਾਟ ਕਾਰਨ ਡਿਜੀਟਲ ਅਰੈਸਟ ਕਰਨ ਦੇ ਵੀ ਸਾਹਮਣੇ ਆ ਚੁੱਕੇ ਨੇ ਮਾਮਲੇ

ਡਿਜੀਟਲ ਯੁੱਗ ਵਿੱਚ, ਸਾਈਬਰ ਅਪਰਾਧ ਵੀ ਤੇਜ਼ੀ ਨਾਲ ਫ਼ੈਲ ਰਹੇ ਹਨ। ਜਾਗਰੂਕਤਾ ਦੀ ਘਾਟ ਕਾਰਨ ਅਨੇਕਾਂ ਲੋਕ ਸਾਈਬਰ ਠੱਗਾਂ ਦੀ ਠੱਗੀ ਦਾ ਸ਼ਿਕਾਰ ਵੀ ਹੋ ਰਹੇ ਹਨ। ਇਸ ਤੋਂ ਇਲਾਵਾ ਸ਼ਾਤਿਰ ਅਪਰਾਧੀਆਂ ਵੱਲੋਂ ਅਨੇਕਾਂ ਭੋਲੇ ਭਾਲੇ ਲੋਕਾਂ ਨੂੰ ਡਿਜੀਟਲ ਅਰੈਸਟ ਕਰਨ ਅਤੇ ਉਹਨਾਂ ਤੋਂ ਡਰਾ ਧਮਕਾ ਕੇ ਲੱਖਾਂ ਰੁਪਏ ਆਪਣੇ ਖਾਤੇ ਵਿੱਚ ਜਮਾਂ ਕਰਵਾਉਣ ਦੇ ਮਾਮਲੇ ਵੀ ਸਾਹਮਣੇ ਆ ਚੁੱਕੇ ਹਨ।

ਪਿਛਲੇ ਕੁਝ ਸਾਲਾਂ ਤੋਂ ਦੇਸ਼ ਵਿੱਚ ਸਾਈਬਰ ਅਪਰਾਧ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ। ਚਿੰਤਾਜਨਕ ਗੱਲ ਇਹ ਹੈ ਕਿ ਇਹ ਹਰ ਸਾਲ ਵੱਧ ਰਹੇ ਹਨ ਅਤੇ ਇਨ੍ਹਾਂ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। 2021 ਦੇ ਮੁਕਾਬਲੇ 2022 ਵਿੱਚ ਸਾਈਬਰ ਅਪਰਾਧ ਦੇ ਅੰਕੜਿਆਂ ਵਿੱਚ 24 ਪ੍ਰਤੀਸ਼ਤ ਵਾਧਾ ਹੋਇਆ ਸੀ। ਧੋਖੇਬਾਜ਼ ਲੋਕਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਫ਼ਸਾਉਂਦੇ ਹਨ ਅਤੇ ਫ਼ਿਰ ਉਨ੍ਹਾਂ ਨੂੰ ਧੋਖਾ ਦਿੰਦੇ ਹਨ ਅਤੇ ਫ਼ਿਰ ਚਲੇ ਜਾਂਦੇ ਹਨ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅਨੁਸਾਰ, 2020 ਵਿੱਚ ਦੇਸ਼ ਵਿੱਚ ਸਾਈਬਰ ਧੋਖਾਧੜੀ ਦੇ 50,035 ਮਾਮਲੇ, 2021 ਵਿੱਚ 52,974 ਅਤੇ 2022 ਵਿੱਚ 65,893 ਮਾਮਲੇ ਦਰਜ ਕੀਤੇ ਗਏ ਸਨ। ਇਨ੍ਹਾਂ ਮਾਮਲਿਆਂ ਵਿੱਚ ਵਾਧੇ ਦੇ ਮੱਦੇਨਜ਼ਰ, ਮਾਹਰ ਡੇਟਾ ਸੁਰੱਖਿਆ ਵੱਲ ਵਿਸ਼ੇਸ਼ ਧਿਆਨ ਦੇਣ ਦੀ ਸਲਾਹ ਦੇ ਰਹੇ ਹਨ। ਹੁਣ ਤਾਂ ਵਿਦਿਆਰਥੀਆਂ ਨੂੰ ਵੀ ਕੁੱਝ ਅਪਰਾਧੀਆਂ ਵੱਲੋਂ ਪੁਲਿਸ ਮੁਲਾਜ਼ਮ ਬਣ ਕੇ ਡਰਾ ਧਮਕਾ ਕੇ ਕਿਸੇ ਕੇਸ ਵਿੱਚ ਫ਼ਸਾਉਣ ਦਾ ਡਰ ਦੇ ਕੇ ਪੈਸੇ ਠੱਗਣ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਧੋਖੇਬਾਜ਼ ਲੋਕਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਆਪਣਾ ਸ਼ਿਕਾਰ ਬਣਾ ਰਹੇ ਹਨ। ਇਨ੍ਹਾਂ ਵਿੱਚ ਬੈਂਕ ਖਾਤਾ ਹੈਕਿੰਗ, ਅੰਤਰਰਾਸ਼ਟਰੀ ਨੰਬਰਾਂ ਤੋਂ ਕਾਲ ਕਰਕੇ ਪੈਸੇ ਵਸੂਲਣ ਅਤੇ ਜਾਅਲੀ ਲਿੰਕ ਭੇਜ ਕੇ ਲੋਕਾਂ ਦੀ ਨਿੱਜੀ ਜਾਣਕਾਰੀ ਇਕੱਠੀ ਕਰਨ ਵਰਗੇ ਤਰੀਕੇ ਸ਼ਾਮਲ ਹਨ।



**ਅੱਜ ਦੇ ਹਾਈਟੈਕ ਜ਼ਮਾਨੇ ਵਿੱਚ ਅਪਰਾਧੀ ਵੀ ਹਾਈਟੈਕ ਹੋ ਗਏ ਹਨ, ਜੋ ਕਿ ਨਵੇਂ- ਨਵੇਂ ਢੰਗ ਤਰੀਕਿਆਂ ਨਾਲ ਆਮ ਲੋਕਾਂ ਨਾਲ ਠੱਗੀਆਂ ਮਾਰ ਰਹੇ ਹਨ। ਕੇਂਦਰ ਸਰਕਾਰ ਅਤੇ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਵੱਖ-ਵੱਖ ਤਰੀਕਿਆਂ ਨਾਲ ਆਮ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ ਅਤੇ ਅਜਿਹੇ ਅਪਰਾਧੀਆਂ ਵਿਰੁੱਧ ਸਖ਼ਤ ਕਾਰਵਾਈ ਵੀ ਕੀਤੀ ਜਾ ਰਹੀ ਹੈ। ਇਸ ਦੇ ਬਾਵਜੂਦ ਸਾਈਬਰ ਕ੍ਰਾਈਮ ਦਾ ਘੇਰਾ ਵੱਧਦਾ ਜਾ ਰਿਹਾ ਹੈ।**

ਆਪਣੇ ਨਾਲ ਹੋਣ ਵਾਲੇ ਸਾਈਬਰ ਕ੍ਰਾਈਮ ਤੋਂ ਬਚੇ ਇੱਕ ਵਿਦਿਆਰਥੀ ਨੇ ਦੱਸਿਆ ਕਿ ਉਸ ਨੂੰ ਕਿਸੇ ਅਨਜਾਣ ਮੋਬਾਇਲ ਨੰਬਰ ਤੋਂ ਫ਼ੋਨ ਆਇਆ ਅਤੇ ਫ਼ੋਨ ਕਰਨ ਵਾਲੇ ਨੇ ਆਪਣੇ ਆਪ ਨੂੰ ਪੁਲਿਸ ਦਾ ਸਬ ਇੰਸਪੈਕਟਰ ਦੱਸਿਆ ਤੇ ਕਿਹਾ ਕਿ ਪੁਲਿਸ ਨੇ ਇੱਕ ਲੜਕੀ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਦੇ ਮੋਬਾਇਲ ਵਿਚੋਂ ਉਸ ਦਾ ਨੰਬਰ ਵੀ ਮਿਲਿਆ ਹੈ। ਉਸ ਨੇ ਧਮਕਾਉਂਦੇ ਹੋਏ ਕਿਹਾ ਕਿ ਤੂੰ ਕੁੜੀਆਂ ਨੂੰ ਪਰੇਸ਼ਾਨ ਕਰਦਾ ਹੈ

(**ਬਾਕੀ ਸਫ਼ਾ** 30 'ਤੇ)

## ਠੱਗੀਆਂ ਅਤੇ ਡਿਜੀਟਲ ਗ੍ਰਿਫ਼ਤਾਰੀ ਦਾ ਸ਼ਿਕਾਰ ਹੋਣ ਤੋਂ ਕਿਵੇਂ ਬਚੀਏ ?

ਠੱਗੀਆਂ ਤੋਂ ਬਚਣ ਲਈ, ਕਿਸੇ ਵੀ ਅਣਜਾਣ ਵਿਅਕਤੀ ਨੂੰ ਕੋਈ ਵੀ ਨਿੱਜੀ ਜਾਣਕਾਰੀ ਨਾ ਦਿਓ ਅਤੇ ਨਾ ਹੀ ਕਿਸੇ ਅਣਜਾਣ ਵਿਅਕਤੀ ਦੁਆਰਾ ਭੇਜੇ ਗਏ ਕਿਸੇ ਲਿੰਕ 'ਤੇ ਕਲਿੱਕ ਕਰੋ। ਜੇਕਰ ਤੁਹਾਨੂੰ ਧੋਖਾਧੜੀ ਦਾ ਸ਼ੱਕ ਹੈ, ਤਾਂ ਤੁਰੰਤ ਸਾਈਬਰ ਕ੍ਰਾਈਮ ਸੈੱਲ ਨੂੰ ਸੂਚਿਤ ਕਰੋ। ਇਹ ਗੱਲ ਹਮੇਸ਼ਾ ਯਾਦ ਰੱਖੋ ਕਿ ਕਿਸੇ ਨੂੰ ਵੀ ਫ਼ੋਨ ਕਾਲ 'ਤੇ ਬੰਧਕ ਨਹੀਂ ਬਣਾਇਆ ਜਾ ਸਕਦਾ। ਸਾਈਬਰ ਪੁਲਿਸ ਦੇ ਅਧਿਕਾਰੀ ਕਹਿੰਦੇ ਹਨ, 'ਜੇ ਤੁਸੀਂ ਵੀਡੀਓ ਕਾਲ ਕਰਨ ਵਾਲੇ ਵਿਅਕਤੀ ਨੂੰ ਧਿਆਨ ਨਾਲ ਦੇਖੋਗੇ, ਤਾਂ ਤੁਸੀਂ ਸਮਝ ਸਕਦੇ ਹੋ ਕਿ ਉਹ ਧੋਖਾਧੜੀ ਹੈ। ਉਸ ਦੀ ਸਰੀਰਕ ਭਾਸ਼ਾ ਵੱਲ ਧਿਆਨ ਦਿਓ, ਇੱਕ ਆਈ.ਪੀ.ਐਸ. ਅਧਿਕਾਰੀ ਕਦੇ ਵੀ ਕਿਸੇ ਨੂੰ ਧਮਕੀ ਦੇ ਕੇ ਪੈਸੇ ਦੀ ਮੰਗ ਨਹੀਂ ਕਰਦਾ। ਇਸ ਤੋਂ ਇਲਾਵਾ, ਕਿਸੇ ਨੂੰ ਵੀ ਫ਼ੋਨ ਕਾਲ 'ਤੇ ਬੰਧਕ ਨਹੀਂ ਬਣਾਇਆ ਜਾ ਸਕਦਾ ਅਤੇ ਨਾ ਹੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਜਾ ਸਕਦਾ ਹੈ।'

ਪੁਲਿਸ ਅਧਿਕਾਰੀ ਕਹਿੰਦੇ ਹਨ ਕਿ ਘੁਟਾਲੇਬਾਜ਼ ਨਾਲ ਜ਼ਿਆਦਾ ਦੇਰ ਗੱਲ ਨਾ ਕਰੋ, ਫ਼ੋਨ ਬੰਦ ਕਰ ਦਿਓ। ਸਾਈਬਰ ਮਾਹਿਰ ਕਹਿੰਦੇ ਹਨ, 'ਕਦੇ ਵੀ ਕਿਸੇ ਅਣਜਾਣ ਨੰਬਰ ਤੋਂ ਆਈ ਵਟਸਐਪ ਕਾਲ ਜਾਂ ਵੀਡੀਓ ਕਾਲ ਨਾ ਚੁੱਕੋ। ਭਾਵੇਂ ਤੁਸੀਂ ਗਲਤੀ ਨਾਲ ਚੁੱਕ ਲਓ, ਜ਼ਿਆਦਾ ਦੇਰ ਤੱਕ ਗੱਲ ਨਾ ਕਰੋ ਅਤੇ ਕਾਲ ਕੱਟ ਦਿਓ। ਕਿਉਂਕਿ ਜਿੰਨਾ ਜ਼ਿਆਦਾ ਤੁਸੀਂ ਗੱਲ ਕਰੋਗੇ, ਓਨਾ ਹੀ ਜ਼ਿਆਦਾ ਸੰਭਾਵਨਾ ਹੈ ਕਿ ਤੁਸੀਂ ਮਾਨਸਿਕ ਤੌਰ 'ਤੇ ਗੁੰਮਰਾਹ ਹੋ ਜਾਓਗੇ।'

ਮਾਹਿਰ ਕਹਿੰਦੇ ਹਨ ਕਿ ਸੋਸ਼ਲ ਮੀਡੀਆ 'ਤੇ ਸਿਰਫ਼ ਉਨ੍ਹਾਂ ਲੋਕਾਂ ਨੂੰ ਸ਼ਾਮਲ ਕਰੋ ਜਿਨ੍ਹਾਂ ਨੂੰ ਤੁਸੀਂ ਜਾਣਦੇ ਹੋ। ਇਸ ਦੇ ਨਾਲ, ਤੁਹਾਨੂੰ ਸੋਸ਼ਲ ਮੀਡੀਆ 'ਤੇ ਬਹੁਤ ਜ਼ਿਆਦਾ ਜਾਣਕਾਰੀ ਸਾਂਝੀ ਕਰਨ ਤੋਂ ਬਚਣਾ ਚਾਹੀਦਾ ਹੈ। ਉਹ ਅੱਗੇ ਕਹਿੰਦੇ ਹਨ, 'ਡਿਜੀਟਲ ਗ੍ਰਿਫ਼ਤਾਰੀ ਵਰਗੀ ਕੋਈ ਚੀਜ਼ ਨਹੀਂ ਹੈ। ਕੋਈ ਵੀ ਤੁਹਾਨੂੰ ਵੀਡੀਓ ਕਾਲ ਰਾਹੀਂ ਗ੍ਰਿਫ਼ਤਾਰ ਨਹੀਂ ਕਰ ਸਕਦਾ। ਪੂਰੀ ਦੁਨੀਆਂ ਵਿੱਚ ਅਜਿਹਾ ਕੋਈ ਕਾਨੂੰਨ ਨਹੀਂ ਹੈ। ਜੇਕਰ ਕੋਈ ਅਜਿਹਾ ਕਹਿੰਦਾ ਹੈ, ਤਾਂ ਉਹ 100 ਪ੍ਰਤੀਸ਼ਤ ਘੁਟਾਲਾ ਕਰਨ ਵਾਲਾ ਹੈ। ਜੇਕਰ ਕੋਈ ਤੁਹਾਨੂੰ ਵੀਡੀਓ ਕਾਲ ਰਾਹੀਂ ਵਾਰੰਟ ਦਿਖਾਉਂਦਾ ਹੈ, ਤਾਂ ਉਹ ਵੀ ਧੋਖਾਧੜੀ ਹੈ। ਪੁਲਿਸ ਸਰੀਰਕ ਤੌਰ 'ਤੇ ਆਉਂਦੀ ਹੈ ਅਤੇ ਨੋਟਿਸ ਦਿੰਦੀ ਹੈ। ਇਸ ਤੋਂ ਇਲਾਵਾ, ਸੀਨੀਅਰ ਨਾਗਰਿਕਾਂ ਨੂੰ ਜਾਗਰੂਕ ਕਰਨਾ ਵੀ ਜ਼ਰੂਰੀ ਹੈ। ਜਾਣਕਾਰੀ ਹੋਣ ਅਤੇ ਜਾਗਰੂਕਤਾ ਨਾਲ ਹੀ ਸਾਈਬਰ ਕ੍ਰਾਈਮ ਅਤੇ ਹਰ ਤਰ੍ਹਾਂ ਦੀਆਂ ਠੱਗੀਆਂ ਤੋਂ ਬਚਿਆ ਜਾ ਸਕਦਾ ਹੈ।

# ਕੀ ਭਾਰਤ -ਪਾਕਿ ਜੰਗ ਰੁਕ ਗਈ ਹੈ, ਕੀ ਟਰੰਪ ਕਾਰਨ ਯੁੱਧ ਟਲਿਆ ?

### ਭਾਰਤ ਨੇ ਟਰੰਪ ਦਾ ਦਾਅਵਾ ਨਕਾਰਿਆ, ਕਿਹਾ ਜੰਗਬੰਦੀ ਸਿੱਧੀ ਗੱਲਬਾਤ ਦਾ ਨਤੀਜਾ

### ਪ੍ਰਮਾਣੂ ਬਲੈਕਮੇਲਿੰਗ ਬਰਦਾਸ਼ਤ ਨਹੀਂ ਕਰੇਗਾ ਭਾਰਤ: ਮੋਦੀ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ-ਪਾਕਿਸਤਾਨ ਵਿਚਕਾਰ ਹਾਲੀਆ ਜੰਗਬੰਦੀ ਨੂੰ ਆਪਣੀ ਕੂਟਨੀਤਕ ਜਿੱਤ ਦੱਸਿਆ ਅਤੇ ਕਿਹਾ ਕਿ ਅਮਰੀਕੀ ਵਪਾਰਕ ਧਮਕੀਆਂ ਨੇ ਦੋਵਾਂ ਮੁਲਕਾਂ ਨੂੰ ਜੰਗ ਤੋਂ ਰੋਕਿਆ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਪੋਸਟ ਕਰਦਿਆਂ ਦਾਅਵਾ ਕੀਤਾ ਕਿ ਅਮਰੀਕਾ ਨੇ ਸਾਰੀ ਰਾਤ ਚੱਲੀ ਗੱਲਬਾਤ ਵਿੱਚ ਵਿਚੋਲਗੀ ਕੀਤੀ, ਜਿਸ ਨਾਲ ਜੰਗਬੰਦੀ ਸੰਭਵ ਹੋਈ। ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਦੀ ਲੀਡਰਸ਼ਿਪ ਦੀ ਸ਼ਾਂਤੀ ਸਮਝੌਤੇ ਪ੍ਰਤੀ ਅਡਿੱਗ ਰਵੱਈਏ ਦੀ ਸ਼ਲਾਘਾ ਕੀਤੀ ਅਤੇ ਦੋਵਾਂ ਮੁਲਕਾਂ ਨੂੰ ਵਧਾਈ ਦਿੱਤੀ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸਹਾਕ ਡਾਰ ਨੇ ਟਰੰਪ ਦੇ ਬਿਆਨ ਦੀ ਪੁਸ਼ਟੀ ਕਰਦਿਆਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਕਿਹਾ ਕਿ ਅਮਰੀਕਾ, ਸਾਊਦੀ ਅਰਬ ਅਤੇ ਬ੍ਰਿਟੇਨ ਸਮੇਤ 30 ਤੋਂ ਵੱਧ ਮੁਲਕਾਂ ਨੇ ਇਸ ਜੰਗਬੰਦੀ ਲਈ ਕੂਟਨੀਤਕ ਯਤਨ ਕੀਤੇ।

ਪਰ ਭਾਰਤ ਨੇ ਟਰੰਪ ਦੇ ਇਸ ਦਾਅਵੇ ਨੂੰ ਸਿਰੇ ਤੋਂ ਨਕਾਰ ਦਿੱਤਾ। ਭਾਰਤੀ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਸਪੱਸ਼ਟ ਕੀਤਾ ਕਿ ਜੰਗਬੰਦੀ ਭਾਰਤ ਅਤੇ ਪਾਕਿਸਤਾਨ ਦੇ ਫੌਜੀ ਅਧਿਕਾਰੀਆਂ ਦੀ ਸਿੱਧੀ ਗੱਲਬਾਤ ਦਾ ਨਤੀਜਾ ਸੀ, ਜਿਸ ਵਿੱਚ ਕਿਸੇ ਤੀਜੀ ਧਿਰ ਦੀ ਕੋਈ ਭੂਮਿਕਾ ਨਹੀਂ ਸੀ।

ਭਾਰਤੀ ਸੂਚਨਾ ਮੰਤਰਾਲੇ ਨੇ ਵੀ ਕਿਹਾ ਕਿ ਪਾਕਿਸਤਾਨ ਨਾਲ ਅਗਲੀ ਗੱਲਬਾਤ ਬਾਰੇ ਹਾਲੇ ਕੋਈ ਫੈਸਲਾ ਨਹੀਂ ਲਿਆ ਗਿਆ। ਸਾਬਕਾ ਭਾਰਤੀ ਰਾਜਦੂਤ ਅਤੇ ਕੌਮਾਂਤਰੀ ਮਾਮਲਿਆਂ ਦੇ ਮਾਹਿਰ ਰਾਜੀਵ ਭਾਟੀਆ ਨੇ ਕਿਹਾ ਕਿ ਅਮਰੀਕਾ ਨੇ ਵਿਚੋਲਗੀ ਨਹੀਂ ਕੀਤੀ, ਸਗੋਂ ਸਿਰਫ਼ ਗੱਲਬਾਤ ਨੂੰ ਸੰਭਵ ਕਰਨ ਵਿੱਚ ਮਦਦ ਕੀਤੀ। ਉਨ੍ਹਾਂ ਨੇ ਟਰੰਪ ਦੇ ਜੰਗਬੰਦੀ ਦੇ ਐਲਾਨ ਨੂੰ ਵਧੀਕੀ ਦੱਸਿਆ ਅਤੇ ਕਿਹਾ ਕਿ ਇਹ ਸਿਹਰਾ ਲੈਣ ਦੀ ਕੋਸ਼ਿਸ਼ ਹੋ ਸਕਦੀ ਹੈ। ਭਾਟੀਆ ਨੇ ਅੱਗੇ ਕਿਹਾ ਕਿ ਟਰੰਪ ਨੇ ਭਵਿੱਖ ਵਿੱਚ ਕਸ਼ਮੀਰ ਸਮੇਤ ਸਾਰੇ ਮੁੱਦਿਆਂ 'ਤੇ ਚਰਚਾ ਦੀ ਗੱਲ ਕੀਤੀ ਹੈ, ਪਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਅਜਿਹੀ ਕਿਸੇ ਗੱਲਬਾਤ ਲਈ ਸਹਿਮਤੀ ਬਣਨੀ ਮੁਸ਼ਕਿਲ ਲੱਗਦੀ ਹੈ।

**ਪਾਕਿਸਤਾਨ ਦਾ ਅਮਰੀਕੀ ਸਮਰਥਨ ਅਤੇ ਭਾਰਤ ਦੀ ਸਖ਼ਤ ਨੀਤੀ**

ਪਾਕਿਸਤਾਨ ਨੇ ਟਰੰਪ ਦੇ ਬਿਆਨ ਦਾ ਸਵਾਗਤ ਕੀਤਾ ਅਤੇ ਅਮਰੀਕੀ ਦਖਲ ਦੀ ਸ਼ਲਾਘਾ ਕਰਦਿਆਂ ਕਸ਼ਮੀਰ ਨੂੰ ਵਿਵਾਦ ਦੱਸਿਆ। ਪਾਕਿਸਤਾਨੀ ਵਿਦੇਸ਼ ਮੰਤਰਾਲੇ ਨੇ ਸੰਯੁਕਤ ਰਾਸ਼ਟਰ ਦੇ ਮਤਿਆਂ ਅਨੁਸਾਰ ਕਸ਼ਮੀਰ ਮੁੱਦੇ ਦੇ ਹੱਲ ਦੀ ਮੰਗ ਕੀਤੀ ਅਤੇ ਅਮਰੀਕਾ ਨਾਲ ਵਪਾਰਕ ਸਹਿਯੋਗ ਵਧਾਉਣ ਦੀ ਉਮੀਦ ਜਤਾਈ। ਪਰ ਭਾਰਤ ਨੇ ਸ਼ਿਮਲਾ ਸਮਝੌਤੇ (1972) ਦੀ ਭਾਵਨਾ ਨੂੰ ਜਾਰੀ ਰੱਖਦਿਆਂ ਕਿਸੇ ਵੀ ਤੀਜੀ ਧਿਰ ਦੀ ਵਿਚੋਲਗੀ ਨੂੰ ਰੱਦ ਕਰ ਦਿੱਤਾ। ਸ਼ਿਮਲਾ ਸਮਝੌਤੇ ਅਨੁਸਾਰ, ਭਾਰਤ ਅਤੇ ਪਾਕਿਸਤਾਨ ਦੇ ਮੁੱਦਿਆਂ ਦਾ ਹੱਲ ਸਿੱਧੀ ਗੱਲਬਾਤ ਰਾਹੀਂ ਹੀ ਹੋਣਾ ਹੈ।



ਭਾਰਤੀ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਪੱਸ਼ਟ ਕੀਤਾ ਕਿ ਅੱਤਵਾਦ ਵਿਰੁੱਧ ਸਖ਼ਤ ਰੁਖ ਜਾਰੀ ਰਹੇਗਾ ਅਤੇ ਕਸ਼ਮੀਰ 'ਤੇ ਭਾਰਤ ਦੀ ਸਥਿਤੀ ਅਡੋਲ ਹੈ। ਮੋਦੀ ਨੇ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਨੂੰ ਸਪੱਸ਼ਟ ਸੁਨੇਹਾ ਦਿੱਤਾ ਕਿ ਜੇਕਰ ਪਾਕਿਸਤਾਨ ਨੇ ਕੋਈ ਹਰਕਤ ਕੀਤੀ, ਤਾਂ ਜਵਾਬ ਵਿਨਾਸ਼ਕਾਰੀ ਹੋਵੇਗਾ।

**ਮੋਦੀ ਦਾ ਸਖ਼ਤ ਸੁਨੇਹਾ**

ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦਿਆਂ ਸਪੱਸ਼ਟ ਕੀਤਾ ਕਿ ਭਾਰਤ ਅੱਤਵਾਦ ਅਤੇ ਪ੍ਰਮਾਣੂ ਬਲੈਕਮੇਲਿੰਗ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਨੇ ਤਿੰਨ ਮੁੱਖ ਸ਼ਰਤਾਂ ਰੱਖੀਆਂ:

*ਜੇਕਰ ਭਾਰਤ 'ਤੇ ਕੋਈ ਅੱਤਵਾਦੀ ਹਮਲਾ ਹੁੰਦਾ ਹੈ, ਤਾਂ ਭਾਰਤ ਆਪਣੀਆਂ ਸ਼ਰਤਾਂ 'ਤੇ ਜਵਾਬ ਦੇਵੇਗਾ ਅਤੇ ਅੱਤਵਾਦ ਦੀਆਂ ਜੜ੍ਹਾਂ 'ਤੇ ਹਮਲਾ ਕਰੇਗਾ।

* ਭਾਰਤ ਹੁਣ ਪ੍ਰਮਾਣੂ ਧਮਕੀਆਂ ਨੂੰ ਸਹਿਣ ਨਹੀਂ ਕਰੇਗਾ ਅਤੇ ਅੱਤਵਾਦ ਨੂੰ ਪਾਕਿ ਸਰਕਾਰ ਤੋਂ ਵੱਖ ਨਹੀਂ ਮੰਨੇਗਾ।

* ਅੱਤਵਾਦ ਅਤੇ ਗੱਲਬਾਤ ਜਾਂ ਵਪਾਰ ਇਕੱਠੇ ਨਹੀਂ ਹੋ ਸਕਦੇ।

ਮੋਦੀ ਨੇ ਦੱਸਿਆ ਕਿ ਭਾਰਤੀ ਫੌਜ ਨੇ ਪਾਕਿਸਤਾਨ ਦੇ ਨਾਪਾਕ ਮਨਸੂਬਿਆਂ ਨੂੰ ਨਾਕਾਮ ਕਰ ਦਿੱਤਾ। ਪਹਿਲੇ ਤਿੰਨ ਦਿਨਾਂ ਵਿੱਚ ਭਾਰਤ ਨੇ ਪਾਕਿਸਤਾਨ ਨੂੰ ਇਸ ਹੱਦ ਤੱਕ ਨੁਕਸਾਨ ਪਹੁੰਚਾਇਆ ਕਿ ਉਸ ਦੀ ਕਲਪਨਾ ਤੋਂ ਵੀ ਪਰ੍ਹੇ ਸੀ। 10 ਮਈ ਦੀ ਦੁਪਹਿਰ ਨੂੰ ਪਾਕਿਸਤਾਨੀ ਫੌਜ ਨੇ ਭਾਰਤ ਦੇ ਡੀਜੀਐਮਓ ਨਾਲ ਸੰਪਰਕ ਕੀਤਾ ਅਤੇ ਅਪੀਲ ਕੀਤੀ ਕਿ ਉਹ ਅੱਗੇ ਤੋਂ ਅੱਤਵਾਦੀ ਗਤੀਵਿਧੀਆਂ ਜਾਂ ਫੌਜੀ ਹਰਕਤਾਂ ਨਹੀਂ ਕਰੇਗੀ। ਮੋਦੀ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਦੇ ਅੱਤਵਾਦੀ ਢਾਂਚੇ ਨੂੰ ਵੱਡੇ ਪੱਧਰ 'ਤੇ ਤਬਾਹ ਕਰ ਦਿੱਤਾ ਸੀ, ਜਿਸ ਕਾਰਨ ਪਾਕਿਸਤਾਨ ਨੂੰ ਜੰਗਬੰਦੀ ਲਈ ਮਜਬੂਰ ਹੋਣਾ ਪਿਆ।

**ਪ੍ਰਮਾਣੂ ਖਤਰੇ ਦੀ ਪਿੱਠਭੂਮੀ**

ਭਾਰਤ-ਪਾਕਿਸਤਾਨ ਵਿਚਕਾਰ ਤਣਾਅ ਉਸ ਸਮੇਂ ਵਧਿਆ ਜਦੋਂ ਪਾਕਿਸਤਾਨ ਨੇ 300-400 ਡਰੋਨਾਂ ਨਾਲ ਭਾਰਤੀ ਹਵਾਈ ਰੱਖਿਆ 'ਤੇ ਹਮਲਾ ਕੀਤਾ ਅਤੇ ਰਾਵਲਪਿੰਡੀ ਦੇ ਨੂਰ ਖਾਨ ਹਵਾਈ ਅੱਡੇ 'ਤੇ ਵਿਸਫੋਟ ਹੋਇਆ, ਜੋ ਪਾਕਿਸਤਾਨ ਦੀ ਪ੍ਰਮਾਣੂ ਨਿਗਰਾਨੀ ਇਕਾਈ ਦੇ ਨੇੜੇ ਸੀ। ਪਾਕਿਸਤਾਨ ਨੇ ਇਸ ਨੂੰ ਪ੍ਰਮਾਣੂ ਕਮਾਨ 'ਤੇ ਹਮਲੇ ਦੀ ਚਿਤਾਵਨੀ ਮੰਨਿਆ, ਜਿਸ ਨਾਲ ਪ੍ਰਮਾਣੂ ਜੰਗ ਦਾ ਖਤਰਾ ਵਧ ਗਿਆ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਬਾਜ਼ ਸ਼ਰੀਫ ਨੇ ਨੈਸ਼ਨਲ ਕਮਾਂਡ ਅਥਾਰਟੀ ਦੀ ਬੈਠਕ ਸੱਦੀ, ਜਦਕਿ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਪ੍ਰਮਾਣੂ ਜਵਾਬ ਨੂੰ ਦੂਰ ਦੀ ਸੰਭਾਵਨਾ ਦੱਸਿਆ। ਅਮਰੀਕੀ ਮੀਡੀਆ ਨੇ ਸਥਿਤੀ ਨੂੰ ਖਤਰਨਾਕ ਦੱਸਿਆ ਅਤੇ ਮਾਹਿਰਾਂ ਨੇ ਅਮਰੀਕੀ ਦਖਲ ਨੂੰ ਪ੍ਰਮਾਣੂ ਸੰਘਰਸ਼ ਦੇ ਡਰ ਨਾਲ ਜੋੜਿਆ।

**ਭਾਰਤ ਵਿੱਚ ਵਿਰੋਧੀ ਧਿਰ ਦੇ ਸਵਾਲ**

ਟਰੰਪ ਦੇ ਇਸ ਬਿਆਨ ਕਿ ਉਹ ਕਸ਼ਮੀਰ ਮੁੱਦੇ 'ਤੇ ਭਾਰਤ ਅਤੇ ਪਾਕਿਸਤਾਨ ਨਾਲ ਮਿਲ ਕੇ ਕੰਮ ਕਰਨਾ ਚਾਹੁੰਦੇ ਹਨ, ਨੇ ਭਾਰਤ ਦੀਆਂ ਵਿਰੋਧੀ ਪਾਰਟੀਆਂ ਨੂੰ ਹਮਲਾਵਰ ਕਰ ਦਿੱਤਾ। ਕਾਂਗਰਸ ਦੇ ਜੈਰਾਮ ਰਮੇਸ਼ ਨੇ ਸਵਾਲ ਉਠਾਇਆ ਕਿ ਕੀ ਸ਼ਿਮਲਾ ਸਮਝੌਤੇ ਨੂੰ ਨਜ਼ਰਅੰਦਾਜ਼ ਕਰਕੇ ਤੀਜੀ ਧਿਰ ਦੀ ਦਖਲਅੰਦਾਜ਼ੀ ਨੂੰ ਸੱਦਾ ਦਿੱਤਾ ਗਿਆ। ਕਾਂਗਰਸ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਕਿਹਾ ਕਿ ਸ਼ਿਮਲਾ ਸਮਝੌਤੇ ਵਿੱਚ ਸਪੱਸ਼ਟ ਹੈ ਕਿ ਭਾਰਤ-ਪਾਕਿਸਤਾਨ ਦੇ ਮੁੱਦਿਆਂ ਵਿੱਚ ਤੀਜੀ ਧਿਰ ਦਾ ਦਖਲ ਨਹੀਂ ਹੋਵੇਗਾ। ਸ਼ਿਵ ਸੈਨਾ (ਯੂਬੀਟੀ) ਦੇ ਸੰਜੇ ਰਾਊਤ ਨੇ ਭਾਜਪਾ ਨੂੰ ਡੁਪਲੀਕੇਟ ਚਾਣਕਿਆ

(**ਬਾਕੀ ਸਫ਼ਾ** 30 'ਤੇ)

**ਦਰਪਣ ਝੂਠ ਨਹੀਂ ਬੋਲਦਾ**

# ਮਾਮਲਾ 2025 ਜਾਤੀ ਜਨਗਣਨਾ ਦਾ: ਸਿੱਖ ਸੰਸਥਾਵਾਂ ਵੱਲੋਂ ਦਬੇ ਕੁਚਲੇ ਫ਼ਿਰਕਿਆਂ ਨੂੰ ਸਿੱਖ ਵਜੋਂ ਪਛਾਣ ਕਰਨ ਦੀ ਅਪੀਲ

ਸਰਕਾਰ ਵੱਲੋਂ 2025 ਵਿੱਚ ਜਾਤੀ ਜਨਗਣਨਾ ਦੀ ਘੋਸ਼ਣਾ ਦੇ ਨਾਲ, ਸਿੱਖ ਸੰਸਥਾਵਾਂ ਨੇ ਖਾਸ ਤੌਰ ’ਤੇ ਪੰਜਾਬ ਤੋਂ ਬਾਹਰ ਰਹਿਣ ਵਾਲੇ ਛੋਟੇ ਫ਼ਿਰਕਿਆਂ ਦੇ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਨਗਣਨਾ ਫ਼ਾਰਮਾਂ ਵਿੱਚ ਆਪਣਾ ਧਰਮ ਸਿੱਖ ਦੱਸਣ ਅਤੇ ਕਿਸੇ ਵੀ ਜਾਤੀ, ਕਬੀਲਾ ਨਾਮਕਰਨ ਤੋਂ ਬਚਣ। ਇਹ ਕਦਮ ਸਿੱਖ ਆਬਾਦੀ ਦੀ ਸੱਭਿਆਚਾਰਕ ਤੇ ਕੌਮੀ ਸਹੀ ਪਛਾਣ ਨੂੰ ਯਕੀਨੀ ਬਣਾਉਣ ਲਈ ਚੁੱਕਿਆ ਗਿਆ ਹੈ। ਨਵੀਂ ਮੁੰਬਈ ਗੁਰਦੁਆਰਿਆਂ ਦੀ ਸੁਪਰੀਮ ਕੌਂਸਲ ਦੇ ਚੇਅਰਮੈਨ ਜਸਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਸਿਕਲੀਗਰ, ਮੋਹਿਆਲ, ਸਿੰਧੀ, ਲੁਬਾਣਾ ਅਤੇ ਵਣਜਾਰਾ ਵਰਗੇ ਕਬੀਲੇ, ਜੋ ਗੁਰੂ ਨਾਨਕ ਦੀਆਂ ਸਿੱਖਿਆਵਾਂ ਦਾ ਪਾਲਣਾ ਕਰਦੇ ਹਨ, ਅਕਸਰ ਆਪਣਾ ਧਰਮ ਸਿੱਖੀ ਵਜੋਂ ਨਹੀਂ ਦਰਜ ਕਰਦੇ। ਜਾਣ ਬੁਝ ਕੇ ਭਾਰਤ ਵਿੱਚ ਸਿੱਖਾਂ ਦੀ ਗਿਣਤੀ ਘਟਾਈ ਜਾ ਰਹੀ ਹੈ। ਖਾਸ ਤੌਰ ’ਤੇ ਮਹਾਰਾਸ਼ਟਰ ਵਿੱਚ ਸਿਕਲੀਗਰ ਭਾਈਚਾਰੇ ਦੀ ਗਿਣਤੀ ਘੱਟ ਦਰਜ ਹੋਣ ਦੀ ਸਮੱਸਿਆ ਸਾਹਮਣੇ ਆਈ ਹੈ। ਸਿੱਧੂ ਨੇ ਕਿਹਾ ਕਿ ਇਹ ਲੋਕ ਸਤਿਗੁਰੂ ਨਾਨਕ ਸਾਹਿਬ ਜੀ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਦੇ ਹਨ ਅਤੇ ਗੁਰਦੁਆਰਿਆਂ ਵਿੱਚ ਜਾਂਦੇ ਹਨ। ਹੋਰ ਕਿਸੇ ਧਰਮ ਨੂੰ ਨਹੀਂ ਮੰਨਦੇ। ਜੋ ਵੀ ਗੁਰੂ ਦੀਆਂ ਸਿੱਖਿਆਵਾਂ ਮੰਨਦਾ ਹੈ, ਉਹ ਸਿੱਖ ਹੈ।



ਮਹਾਰਾਸ਼ਟਰ ਸਟੇਟ ਪੰਜਾਬੀ ਸਾਹਿਤ ਅਕਾਦਮੀ ਦੇ ਕਾਰਜਕਾਰੀ ਚੇਅਰਮੈਨ ਬਲ ਮਲਕੀਤ ਸਿੰਘ ਨੇ ਕਿਹਾ ਕਿ ਸਹੀ ਜਨਗਣਨਾ ਸਿੱਖ ਪੰਥ ਦੀ ਪਛਾਣ ਨੂੰ ਮਜ਼ਬੂਤ ਕਰੇਗੀ ਅਤੇ ਸਰਕਾਰੀ ਸਕੀਮਾਂ ਤੱਕ ਬਿਹਤਰ ਪਹੁੰਚ ਪ੍ਰਦਾਨ ਕਰੇਗੀ। ਉਨ੍ਹਾਂ ਨੇ ਜੈਨ ਭਾਈਚਾਰੇ ਵੱਲੋਂ ਕੀਤੀ ਗਈ ਸਮਾਨ ਅਪੀਲ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਹੀ ਅੰਕੜੇ ਸਾਡੀਆਂ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਮਜ਼ਬੂਤੀ ਪ੍ਰਦਾਨ ਕਰਨਗੇ। ਮਹਾਰਾਸ਼ਟਰ ਸਿਕਲੀਗਰ ਸੰਗਠਨ ਦੇ ਸੂਬਾ ਮੁਖੀ ਤੇਜਾ ਸਿੰਘ ਬਾਵਰੀ ਦਾ ਕਹਿਣਾ ਸੀ ਕਿ ਮਹਾਰਾਸ਼ਟਰ ਵਿੱਚ ਸਿਕਲੀਗਰ ਭਾਈਚਾਰੇ ਦੀ ਆਬਾਦੀ ਲਗਭਗ 7,50,000 ਹੈ, ਪਰ ਇਹ ਵਿਮੁਕਤ ਜਾਤੀ ਘੁਮੱਕੜ ਜਨਜਾਤੀ ਵਜੋਂ ਸ਼੍ਰੇਣੀਬੱਧ ਹੋਣ ਕਾਰਨ ਅਜੇ ਵੀ ਵਿੱਦਿਅਕ ਤੌਰ ’ਤੇ ਪਛੜਿਆ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਕਈ ਪਰਿਵਾਰਾਂ ਕੋਲ 1961 ਤੋਂ ਪਹਿਲਾਂ ਮਹਾਰਾਸ਼ਟਰ ਵਿੱਚ ਡੋਮਿਸਾਈਲ ਸਾਬਤ ਕਰਨ ਵਾਲੇ ਦਸਤਾਵੇਜ਼ ਨਹੀਂ ਹਨ, ਜਿਸ ਕਾਰਨ ਅਸੀਂ ਰਾਖਵੇਂਕਰਨ ਦਾ ਲਾਭ ਨਹੀਂ ਲੈ ਸਕਦੇ। ਬਾਵਰੀ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫ਼ੜਨਵੀਸ ਨੂੰ ਸਹਾਇਤਾ ਦੀ ਅਪੀਲ ਕੀਤੀ ਹੈ। ਬਲ ਮਲਕੀਤ ਸਿੰਘ ਨੇ ਪੰਜਾਬ ਵਿੱਚ ਸਿੱਖ ਆਬਾਦੀ ਦੇ ਘਟਣ ਅਤੇ ਇਸਾਈਅਤ ਵੱਲ ਧਰਮ ਪਰਿਵਰਤਨ ਦੀ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਮੁਤਾਬਕ, 2011 ਵਿੱਚ ਸਿੱਖ ਪੰਜਾਬ ਦੀ 58% ਆਬਾਦੀ ਸਨ, ਜੋ ਹੁਣ 55% ਹੋ ਸਕਦੀ ਹੈ ਅਤੇ 2030 ਤੱਕ 50% ਤੋਂ ਘੱਟ ਹੋਣ ਦਾ ਅੰਦਾਜ਼ਾ ਹੈ। ਸਿੰਘ ਨੇ ਜ਼ੋਰ ਦੇ ਕੇ ਕਿਹਾ, ਸਿੱਖਾਂ ਵਜੋਂ ਸਾਡੀ ਪਛਾਣ ਨੂੰ ਕਾਇਮ ਰੱਖਣਾ ਸਾਡੀ ਜ਼ਿੰਮੇਵਾਰੀ ਹੈ।

ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਤੇ ਹੋਰ ਪੰਥਕ ਸੰਸਥਾਵਾਂ ਦਾ ਇਸ ਵਲ ਧਿਆਨ ਨਹੀਂ ਕਿ ਸਰਕਾਰ ਸਿੱਖਾਂ ਦੀ ਗਿਣਤੀ ਕਿਵੇਂ ਘਟਾ ਰਹੀ ਹੈ। ਹਾਲੇ ਤੱਕ ਜਨਗਣਨਾ ਬਾਰੇ ਅਕਾਲ ਤਖ਼ਤ ਸਾਹਿਬ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ , ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਕਬੀਲਿਆਂ ਤੇ ਨਾਨਕਪੰਥੀਆਂ ਬਾਰੇ ਹਾਲੇ ਤੱਕ ਕੋਈ ਨੀਤੀ ਨਹੀਂ ਘੜੀ।

# ਸੰਸਾਰ ਦੀ ਹਥਿਆਰਬੰਦ ਦੌੜ ਅਤੇ ਭਾਰਤ-ਪਾਕਿਸਤਾਨ ਦੀ ਜੰਗੀ ਤਾਕਤ: ਇੱਕ ਵਿਸ਼ਲੇਸ਼ਣ

## ਪਾਕਿਸਤਾਨ ਦੀ ਪਿੱਠ ਉੱਪਰ ਚੀਨ, ਭਾਰਤ ਦਾ ਸਹਾਰਾ ਅਮਰੀਕਾ ਬਣਿਆ

### ਭਾਰਤ ਤੇ ਪਾਕਿ ਵਿਚਾਲੇ ਹਥਿਆਰਾਂ ਦੀ ਦੌੜ ਨੇ ਸਮਾਜਿਕ ਤੇ ਆਰਥਿਕ ਖੇਤਰਾਂ ’ਤੇ ਵੀ ਭਾਰੀ ਅਸਰ ਪਾਇਆ

ਸੰਸਾਰ ਦੀ ਇਹ ਹਥਿਆਰਬੰਦ ਦੌੜ, ਜਿਸ ਵਿੱਚ ਸ਼ਕਤੀਸ਼ਾਲੀ ਮੁਲਕ ਅਰਬਾਂ-ਖਰਬਾਂ ਦੀ ਸੰਪਤੀ ਨੂੰ ਮੌਤ ਦੇ ਸੌਦਿਆਂ ’ਤੇ ਲੁਆ ਰਹੇ ਨੇ, ਜੋ ਕਿ ਮਨੁੱਖਤਾ ਦੇ ਭਵਿੱਖ ’ਤੇ ਸਵਾਲ ਖੜ੍ਹੇ ਕਰਦੇ ਹਨ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸਿਪਰੀ) ਦੀ 2024 ਦੀ ਰਿਪੋਰਟ ਅਤੇ ਭਾਰਤ-ਪਾਕਿਸਤਾਨ ਦੇ ਵਧਦੇ ਸੈਨਿਕ ਤਣਾਅ ਦੀ ਖ਼ਬਰ ਸੰਸਾਰੀ ਸੱਤਾ-ਸੰਤੁਲਨ ਅਤੇ ਦੱਖਣੀ ਏਸ਼ੀਆ ’ਤੇ ਇਸ ਦੇ ਪ੍ਰਭਾਵ ਦਾ ਜ਼ਿਕਰ ਕਰਦੀ ਹੈ। ਇਹ ਰਿਪੋਰਟ ਸੰਸਾਰ ਦੀ ਹਥਿਆਰ ਦੌੜ ਨੂੰ ਉਜਾੜਾ ਦੱਸਦੀ ਹੈ, ਜਿਸ ਵਿੱਚ 2.72 ਟ੍ਰਿਲੀਅਨ ਡਾਲਰ ਸੁਆਹ ਹੋਏ, ਜੋ 2023 ਨਾਲੋਂ 9.4% ਵੱਧ ਹਨ। ਅਮਰੀਕਾ, 997 ਬਿਲੀਅਨ ਡਾਲਰ ਖਰਚ ਕਰਕੇ ਸੰਸਾਰੀ ਸੈਨਿਕ ਖਰਚ ਦਾ 37% ਆਪਣੀ ਝੋਲੀ ਪਾਉਂਦਾ ਹੈ। ਚੀਨ (314 ਬਿਲੀਅਨ ਡਾਲਰ), ਰੂਸ (149 ਬਿਲੀਅਨ ਡਾਲਰ), ਜਰਮਨੀ (88.5 ਬਿਲੀਅਨ ਡਾਲਰ) ਅਤੇ ਭਾਰਤ (86.1 ਬਿਲੀਅਨ ਡਾਲਰ) ਹਥਿਆਰਾਂ ਲਈ ਖ਼ਰਚਦੇ ਹਨ।

ਅਮਰੀਕਾ ਕੋਲ 2.1 ਮਿਲੀਅਨ ਸੈਨਿਕ, 12,000 ਜਹਾਜ਼, 13,000 ਟੈਂਕ, 5,277 ਪਰਮਾਣੂ ਹਥਿਆਰ ਹਨ ਜੋ ਸੰਸਾਰ ਦੀ ਵੱਡੀ ਫ਼ੌਜੀ ਤਾਕਤ ਹਨ। ਚੀਨ, ਸਾਈਬਰ ਵਾਰਫ਼ੇਅਰ ਅਤੇ ਨੇਵੀ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਅਮਰੀਕਾ ਨੂੰ ਟੱਕਰ ਦੇਣ ਦੀ ਕੋਸ਼ਿਸ਼ ਵਿੱਚ ਹੈ। ਰੂਸ, ਯੂਕ੍ਰੇਨ ਜੰਗ ਨਾਲ ਕਮਜ਼ੋਰ ਹੋਇਆ ਹੈ, ਪਰ ਰੂਸ 5,449 ਪਰਮਾਣੂ ਹਥਿਆਰਾਂ ਨਾਲ ਅਜੇ ਵੀ ਸ਼ਕਤੀਸ਼ਾਲੀ ਦੇਸ਼ ਹੈ।

ਯੂਕ੍ਰੇਨ-ਰੂਸ ਜੰਗ, ਚੀਨ-ਤਾਈਵਾਨ ਮੁੱਦਾ ਅਤੇ ਮੱਧ ਪੂਰਬ ਦੀ ਅਸਥਿਰਤਾ ਨੇ ਸੈਨਿਕ ਖਰਚ ਨੂੰ ਅਸਮਾਨ ’ਤੇ ਪਹੁੰਚਾਇਆ ਹੈ। ਯੂਰਪ ਵਿੱਚ ਸੈਨਿਕ ਖਰਚ ਸ਼ੀਤ ਯੁੱਧ ਤੋਂ ਬਾਅਦ ਬਹੁਤ ਵਧਿਆ ਹੈ। ਯੂਕ੍ਰੇਨ ਨੇ 64.7 ਬਿਲੀਅਨ ਡਾਲਰ (ਰਾਜਸਵ ਦਾ 34%) ਹਥਿਆਰਾਂ ’ਤੇ ਖਰਚੇ ਸਨ। ਜਾਪਾਨ (55.3 ਬਿਲੀਅਨ ਡਾਲਰ) ਅਤੇ ਤਾਈਵਾਨ (16.5 ਬਿਲੀਅਨ ਡਾਲਰ) ਚੀਨ ਦੇ ਪ੍ਰਭਾਵ ਨੂੰ ਰੋਕਣ ਲਈ ਜੰਗੀ ਤਿਆਰੀਆਂ ਵਿੱਚ ਜੁਟੇ ਹਨ।

ਇਹ ਸਥਿਤੀ ਸੰਸਾਰ ਨੂੰ ਨਵੀਂ ਸ਼ੀਤ ਯੁੱਧ ਦੀ ਅਗਲੀ ਪੌੜੀ ’ਤੇ ਲੈ ਜਾ ਰਹੀ ਹੈ। ਸੈਨਿਕ ਖਰਚ ਦਾ ਵਧਣਾ ਸਿਰਫ਼ ਜੰਗੀ ਤਾਕਤ ਦੀ ਦੌੜ ਨਹੀਂ, ਸਗੋਂ ਸਮਾਜਿਕ ਅਤੇ ਆਰਥਿਕ ਖੇਤਰਾਂ ’ਤੇ ਵੀ ਭਾਰੀ ਅਸਰ ਪਾਉਂਦਾ ਹੈ। ਸਰਕਾਰਾਂ ਸਿੱਖਿਆ, ਸਿਹਤ ਅਤੇ ਗਰੀਬੀ ਨਿਵਾਰਣ ਵਰਗੇ ਖੇਤਰਾਂ ਨੂੰ ਨਜ਼ਰਅੰਦਾਜ਼ ਕਰਕੇ ਹਥਿਆਰਾਂ ਨੂੰ ਤਰਜੀਹ ਦਿੰਦੀਆਂ ਨੇ, ਜੋ ਸਮਾਜ ਦੀਆਂ ਮੁਢਲੀ ਲੋੜਾਂ ’ਤੇ ਘਾਤਕ ਸੱਟ ਮਾਰਦਾ ਹੈ।

ਭਾਰਤ ਅਤੇ ਪਾਕਿਸਤਾਨ, ਜੋ ਇਤਿਹਾਸਕ ਵੈਰ ਅਤੇ ਸਰਹੱਦੀ ਝਗੜਿਆਂ ਕਾਰਣ ਆਪਸੀ ਟਕਰਾਅ ਵਿੱਚ ਰਹਿੰਦੇ ਨੇ ਤੇ ਦੋਵੇਂ ਸੈਨਿਕ ਸਮਰੱਥਾ ਵਿੱਚ ਇੱਕ ਦੂਜੇ ਨੂੰ ਮਾਤ ਦੇਣ ਦੀ ਹੋੜ ਵਿੱਚ ਹਨ। ਸਿਪਰੀ ਅਨੁਸਾਰ, ਭਾਰਤ ਦਾ ਸੈਨਿਕ ਖਰਚ 86.1 ਬਿਲੀਅਨ ਡਾਲਰ (ਵਿਸ਼ਵ ਵਿੱਚ 5ਵਾਂ) ਅਤੇ



ਪਾਕਿਸਤਾਨ ਦਾ 10.2 ਬਿਲੀਅਨ ਡਾਲਰ (29ਵਾਂ) ਹੈ। ਪਾਵਰ ਇੰਡੈਕਸ 2025 ਅਨੁਸਾਰ ਭਾਰਤ ਵਿਸ਼ਵ ਦੀ ਚੌਥੀ ਸਭ ਤੋਂ ਤਾਕਤਵਰ ਸੈਨਿਕ ਸ਼ਕਤੀ ਹੈ,ਜੋ 1.4 ਮਿਲੀਅਨ ਸੈਨਿਕ, 2,200 ਜਹਾਜ਼, 4,600 ਟੈਂਕ ਅਤੇ 180 ਪਰਮਾਣੂ ਹਥਿਆਰਾਂ ਨਾਲ ਲੈਸ ਹੈ। ਸਵਦੇਸ਼ੀ ਤਕਨੀਕ—ਬ੍ਰਹਮੋਸ ਮਿਸਾਈਲ, ਅਗਨੀ ਸੀਰੀਜ਼, ਡੀ.ਆਰ.ਡੀ.ਓ.ਅਤੇ ਵਿਦੇਸ਼ੀ ਸਪਲਾਈ (ਰੂਸ 36%, ਫ਼ਰਾਂਸ, ਅਮਰੀਕਾ, ਇਜ਼ਰਾਇਲ) ਨੇ ਭਾਰਤ ਨੂੰ ਸਰਹੱਦੀ ਸੁਰੱਖਿਆ ਵਿੱਚ ਅਜੇਤੂ ਬਣਾਇਆ ਹੈ। ਐਸ-400 ਮਿਜ਼ਾਇਲ ਡਿਫ਼ੈਂਸ ਸਿਸਟਮ, ਹੈਮਰ, ਸਕੈਲਪ ਅਤੇ ਮੀਟੀਅਰ ਮਿਜ਼ਾਇਲਾਂ ਨੇ ਭਾਰਤ ਦੀ ਸਟੀਕ ਹਮਲਿਆਂ ਦੀ ਸਮਰੱਥਾ ਨੂੰ ਵਧਾਇਆ।.

ਪਾਕਿਸਤਾਨ, 6.5 ਲੱਖ ਸੈਨਿਕ, 1,400 ਜਹਾਜ਼, 3,700 ਟੈਂਕ ਅਤੇ 170 ਪਰਮਾਣੂ ਹਥਿਆਰਾਂ ਨਾਲ, ਭਾਰਤ ਨਾਲੋਂ ਕਈ ਗੁਣਾ ਪਿੱਛੇ ਹੈ। ਸਿਪਰੀ ਅਨੁਸਾਰ, ਉਸ ਦੇ 81% ਹਥਿਆਰ ਚੀਨ ਤੋਂ ਆਉਂਦੇ ਨੇ ਜਿਵੇਂ ਜੇ-10ਸੀਈ ਜਹਾਜ਼, ਵੀ ਟੀ-4 ਟੈਂਕ, ਹੈਂਗੋਰ ਟੂ ਪਣਡੁੱਬੀਆਂ। ਚੀਨ ’ਤੇ ਨਿਰਭਰਤਾ, ਸਵਦੇਸ਼ੀ ਤਕਨੀਕ ਦੀ ਘਾਟ ਅਤੇ ਆਰਥਿਕ ਸੰਕਟ ਪਾਕਿਸਤਾਨ ਦੀ ਸਮਰੱਥਾ ਨੂੰ ਸੀਮਤ ਕਰਦੇ ਨੇ। ਭਾਰਤ ਦਾ ਸੈਨਿਕ ਖਰਚ ਅਤੇ ਸਮਰੱਥਾ ਪਾਕਿਸਤਾਨ ਨਾਲੋਂ 9 ਗੁਣਾ ਵੱਧ ਹੈ।

ਯਾਦ ਰਹੇ ਕਿ 6-7 ਮਈ 2025 ਦੀ ਰਾਤ ਨੂੰ ਪਾਕਿਸਤਾਨ ਵਿੱਚ ਭਾਰਤੀ ਸੈਨਾ ਦੀ ਕਾਰਵਾਈ ਅਤੇ 8-9 ਮਈ ਦੀ ਸਰਹੱਦੀ ਝੜਪ ਨੇ ਤਣਾਅ ਨੂੰ ਸਿਖਰ ’ਤੇ ਪਹੁੰਚਾ ਦਿੱਤਾ ਸੀ। ਭਾਰਤ ਦੇ ਸਟੀਕ ਹਮਲਿਆਂ (ਹੈਮਰ, ਸਕੈਲਪ, ਐਸ-400) ਅਤੇ ਪਾਕਿਸਤਾਨ ਦੀ ਚੀਨੀ ਸਹਾਇਤਾ ਨੇ ਇਸ ਜੰਗੀ ਮਾਹੌਲ ਨੂੰ ਹੋਰ ਭੜਕਾਇਆ ਸੀ। ਇਹ ਤਣਾਅ ਦਾ ਕਾਰਣ ਕਸ਼ਮੀਰ ਮੁੱਦਾ ਹੈ। ਭਾਰਤ ਅਤੇ ਪਾਕਿਸਤਾਨ ਦੀ ਸੈਨਿਕ ਸਪਲਾਈ—ਭਾਰਤ ਦੀ ਪੱਛਮੀ ਅਤੇ ਰੂਸੀ ਨਿਰਭਰਤਾ, ਪਾਕਿਸਤਾਨ ਦੀ ਚੀਨ ਉੱਪਰ ਨਿਰਭਰਤਾ—ਸੰਸਾਰ ਦੀਆਂ ਵੱਡੀਆਂ ਸ਼ਕਤੀਆਂ (ਅਮਰੀਕਾ, ਰੂਸ, ਚੀਨ) ਦੀ ਪ੍ਰੌਕਸੀ ਜੰਗ ਦੀ ਸੰਭਾਵਨਾ ਨੂੰ ਜਨਮ ਦਿੰਦੀ ਹੈ। ਭਾਰਤ ਦੀ ਹਥਿਆਰ ਸਪਲਾਈ ਵਿੱਚ ਵਿਭਿੰਨਤਾ (ਰੂਸ 36%, ਫ਼ਰਾਂਸ, ਅਮਰੀਕਾ, ਇਜ਼ਰਾਇਲ) ਉਸ ਦੀ ਸੁਤੰਤਰ ਰਣਨੀਤੀ ਨੂੰ ਦਰਸਾਉਂਦੀ ਹੈ। 2010 ਤੱਕ ਰੂਸ ਮੁੱਖ ਸਪਲਾਇਰ ਸੀ, ਪਰ ਹੁਣ ਪੱਛਮੀ ਦੇਸ਼ਾਂ ਦੀ ਹਿੱਸੇਦਾਰੀ ਵਧੀ ਹੈ।? ਪਾਕਿਸਤਾਨ ਦੇ 81% ਹਥਿਆਰ ਚੀਨ ਤੋਂ ਆਉਂਦੇ ਨੇ, ਜੋ ਉਸ ਦੀ ਆਰਥਿਕ ਅਤੇ ਸੈਨਿਕ ਮਜਬੂਰੀ ਹਨ। ਚੀਨੀ ਸੈਨਿਕ ਸਹਾਇਤਾ ਨੇ ਪਾਕਿਸਤਾਨ ਨੂੰ ਚੀਨ ਦੀ ਪ੍ਰੌਕਸੀ ਸ਼ਕਤੀ ਵਜੋਂ ਵਰਤਣ ਦੀ ਸੰਭਾਵਨਾ ਵਧਾਈ ਹੈ। ਪਰ, ਅੰਦਰੂਨੀ ਅਸਥਿਰਤਾ ਅਤੇ ਆਰਥਿਕ ਸੰਕਟ ਪਾਕਿਸਤਾਨ ਦੀ ਸਮਰੱਥਾ ਨੂੰ ਖੋਰਾ ਲਾ ਰਹੇ ਨੇ। ਅਮਰੀਕਾ, ਰੂਸ ਅਤੇ ਚੀਨ ਹਥਿਆਰ ਵੇਚ ਕੇ ਅਰਬਾਂ ਕਮਾਉਂਦੇ ਨੇ, ਜੋ ਸ਼ਾਂਤੀ ਦੀ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ। ਸੰਯੁਕਤ ਰਾਸ਼ਟਰ ਕੋਲ ਸ਼ਕਤੀਸ਼ਾਲੀ ਮੁਲਕਾਂ ’ਤੇ ਸਿੱਧੀ ਪਾਬੰਦੀ ਲਗਾਉਣ ਦੀ ਸਮਰੱਥਾ ਨਹੀਂ ਹੈ। ਸੰਧੀਆਂ (ਐਨ.ਪੀ.ਟੀ., ਸੀ.ਟੀ.ਬੀ.ਟੀ.) ਦੀ ਪਾਲਣਾ ਸਵੈ-ਇੱਛਤ ਹੈ, ਜਿਸ ਨੂੰ ਵੱਡੀਆਂ ਸ਼ਕਤੀਆਂ ਨਜ਼ਰਅੰਦਾਜ਼ ਕਰਦੀਆਂ ਹਨ। ਹਥਿਆਰਬੰਦ ਦੌੜ ਨੂੰ ਰੋਕਣ ਲਈ ਸਾਰੇ ਮੁਲਕਾਂ ਵਿੱਚ ਸਹਿਮਤੀ ਅਤੇ ਵਿਸ਼ਵਾਸ ਦੀ ਲੋੜ ਹੈ, ਜੋ ਮੌਜੂਦਾ ਤਣਾਅ (ਯੂਕ੍ਰੇਨ -ਰੂਸ, ਚੀਨ-ਤਾਈਵਾਨ, ਭਾਰਤ-ਪਾਕਿਸਤਾਨ) ਵਿੱਚ ਅਸੰਭਵ ਹੈ।

ਕੁਲ ਮਿਲਾ ਕੇ ਭਾਰਤ, ਆਪਣੀ ਵਿਭਿੰਨ ਸੈਨਿਕ ਸਮਰੱਥਾ ਅਤੇ ਸਵਦੇਸ਼ੀ ਤਕਨੀਕ ਨਾਲ, ਪਾਕਿਸਤਾਨ ਨਾਲੋਂ ਕਈ ਗੁਣਾ ਅੱਗੇ ਹੈ, ਪਰ ਚੀਨ ਵਰਗੀ ਸ਼ਕਤੀ ਨਾਲ ਅਜੇ ਅੰਤਰ ਬਣਿਆ ਹੋਇਆ ਹੈ। ਪ੍ਰੌਕਸੀ ਜੰਗ ਦਾ ਕਿਲਾ ਪਰਛਾਵਾਂ ਕੁਝ ਹੱਦ ਤੱਕ ਸੱਚ ਹੈ, ਕਿਉਂਕਿ ਵੱਡੀਆਂ ਸ਼ਕਤੀਆਂ ਹਥਿਆਰ ਵੇਚਣ ਲਈ ਖੇਤਰੀ ਤਣਾਅ ਨੂੰ ਹਵਾ ਦਿੰਦੀਆਂ ਨੇ। ਪਰ, ਭਾਰਤ-ਪਾਕਿਸਤਾਨ ਦੀ ਅਸਲ ਦੁਸ਼ਮਣੀ ਸਰਹੱਦੀ ਅਤੇ ਇਤਿਹਾਸਕ ਜੜ੍ਹਾਂ ’ਤੇ ਟਿਕੀ ਹੈ। ਸੰਯੁਕਤ ਰਾਸ਼ਟਰ ਦੀ ਨਕਾਮਯਾਬੀ ਸ਼ਾਂਤੀ ਦੀਆਂ ਆਸਾਂ ਨੂੰ ਤਾਰ-ਤਾਰ ਕਰਦੀ ਹੈ। ਸੰਸਾਰ ਨੂੰ ਸ਼ਾਂਤੀ ਵੱਲ ਲਿਜਾਣ ਲਈ ਸਹਿਮਤੀ ਅਤੇ ਸਮਝੌਤਿਆਂ ਦੀ ਲੋੜ ਹੈ, ਜੋ ਅਜੇ ਦੂਰ ਦੀ ਗੱਲ ਹੈ।

ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

# ਭਾਰਤ ਦੇ ਵੱਖ-ਵੱਖ ਸੂਬਿਆਂ 'ਚ ਝੂਲਦਾ ਹੈ ਪੰਜਾਬੀਅਤ ਦਾ ਝੰਡਾ

## ਸੂਬਿਆਂ ਦੀ ਤਰੱਕੀ ਅਤੇ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ ਸਿੱਖਾਂ ਨੇ

### ਅਕਸਰ ਅਣਗੌਲੇ ਰਹਿ ਜਾਂਦੇ ਹਨ ਦੂਜੇ ਰਾਜਾਂ 'ਚ ਵਸੇ ਹੋਏ ਸਿੱਖ

### ਸਿਆਸੀ ਪਾਰਟੀਆਂ ਲਈ ਸਿਰਫ਼ 'ਵੋਟ ਬੈਂਕ' ਬਣ ਕੇ ਰਹਿ ਗਏ ਹਨ ਵੱਖ-ਵੱਖ ਸੂਬਿਆਂ 'ਚ ਰਹਿ ਰਹੇ ਸਿੱਖ

**ਸਿੱਖ ਧਰਮ ਨੂੰ ਦੁਨੀਆਂ ਦਾ 'ਆਧੁਨਿਕ ਧਰਮ' ਹੋਣ ਦਾ ਮਾਣ ਪ੍ਰਾਪਤ ਹੈ ਅਤੇ ਸਿੱਖ ਧਰਮ ਦੇ ਪੈਰੋਕਾਰ ਪੂਰੀ ਦੁਨੀਆਂ 'ਚ ਛਾਏ ਹੋਏ ਹਨ। ਪੰਜਾਬ ਸਮੇਤ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਵੀ ਸਿੱਖ ਵੱਡੀ ਗਿਣਤੀ ਵਿੱਚ ਰਹਿੰਦੇ ਹਨ। ਇਹਨਾਂ ਸਿੱਖਾਂ ਨੇ ਵੱਖ-ਵੱਖ ਸੂਬਿਆਂ ਵਿੱਚ ਰਹਿੰਦੇ ਹੋਏ ਆਪਣੀ ਸਖ਼ਤ ਮਿਹਨਤ, ਇਮਾਨਦਾਰੀ ਅਤੇ ਸਰਬੱਤ ਦੇ ਭਲੇ ਦੀ ਸੋਚ ਨਾਲ ਉਹਨਾਂ ਸੂਬਿਆਂ ਦੀ ਤਰੱਕੀ ਅਤੇ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ। ਜਦੋਂ ਵੀ ਸਿੱਖਾਂ ਦੀ ਗੱਲ ਤੁਰਦੀ ਹੈ ਤਾਂ ਅਕਸਰ ਪੰਜਾਬ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਦੀ ਗੱਲ ਹੀ ਵਧੇਰੇ ਕੀਤੀ ਜਾਂਦੀ ਹੈ। ਇਸ ਦੌਰਾਨ ਭਾਰਤ ਦੇ ਵੱਖ- ਵੱਖ ਸੂਬਿਆਂ 'ਚ ਰਹਿੰਦੇ ਸਿੱਖ ਅਕਸਰ ਅਣਗੌਲੇ ਹੀ ਰਹਿ ਜਾਂਦੇ ਹਨ।**



ਪੰਜਾਬ ਤੋਂ ਇਲਾਵਾ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਵੀ ਵੱਡੀ ਗਿਣਤੀ ਸਿੱਖ ਰਹਿ ਰਹੇ ਹਨ, ਜੋ ਕਿ ਹਰ ਵੇਲੇ ਹੀ ਆਪਣੇ ਸੂਬਿਆਂ, ਪੰਜਾਬ ਅਤੇ ਦੇਸ਼ ਸਮੇਤ ਸਰਬੱਤ ਦਾ ਭਲਾ ਲੋਚਦੇ ਹਨ। ਖਾਸ ਗੱਲ ਇਹ ਹੈ ਕਿ ਪੰਜਾਬ ਵਿੱਚ ਵਾਪਰਦੀ ਹਰ ਘਟਨਾ ਦਾ ਦੂਜੇ ਸੂਬਿਆਂ 'ਚ ਰਹਿੰਦੇ ਸਿੱਖਾਂ ਉੱਪਰ ਕਿਸੇ ਨਾ ਕਿਸੇ ਤਰੀਕੇ ਨਾਲ ਅਸਰ ਜ਼ਰੂਰ ਹੁੰਦਾ ਹੈ, ਇਸੇ ਕਾਰਨ ਦੂਜੇ ਸੂਬਿਆਂ ਵਿੱਚ ਰਹਿੰਦੇ ਸਿੱਖ ਪੰਜਾਬ ਵਿੱਚ ਹਮੇਸ਼ਾ ਹੀ ਅਮਨ-ਸ਼ਾਂਤੀ ਰਹਿਣ ਦੀ ਅਰਦਾਸ ਕਰਦੇ ਹਨ। ਵੱਖ- ਵੱਖ ਸੂਬਿਆਂ 'ਚ ਵਸਦੇ ਸਿੱਖਾਂ ਨੇ ਉਥੇ 'ਮਿੰਨੀ ਪੰਜਾਬ' ਵਸਾਏ ਹੋਏ ਹਨ ਅਤੇ ਸਿੱਖਾਂ ਦੀ ਬਹੁਗਿਣਤੀ ਵਾਲੇ ਇਲਾਕਿਆਂ ਨੂੰ ਉਥੋਂ ਦੇ ਲੋਕ 'ਮਿੰਨੀ ਪੰਜਾਬ' ਕਹਿੰਦੇ ਹਨ।



ਕਿਹਾ ਜਾਂਦਾ ਹੈ ਕਿ ਸਿੱਖ ਭਾਵੇਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਹੋਣ ਉਹਨਾਂ ਦੇ 'ਪੇਕੇ' ਪੰਜਾਬ ਵਿੱਚ ਹੀ ਹੁੰਦੇ ਹਨ। ਇਹੋ ਹਾਲ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਰਹਿੰਦੇ ਸਿੱਖਾਂ ਦਾ ਹੈ। ਉਹਨਾਂ ਦੀਆਂ ਵੱਡੀ ਗਿਣਤੀ ਰਿਸ਼ਤੇਦਾਰੀਆਂ ਪੰਜਾਬ ਵਿੱਚ ਰਹਿੰਦੇ ਲੋਕਾਂ ਨਾਲ ਹਨ ਅਤੇ ਦੂਜੇ ਸੂਬਿਆਂ 'ਚ ਰਹਿੰਦੇ ਸਿੱਖਾਂ ਵੱਲੋਂ ਆਪਣੇ ਬੱਚਿਆਂ ਦੇ ਵਿਆਹ ਪੰਜਾਬ 'ਚ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ। ਹੁਣ ਪੰਜਾਬ ਵਾਂਗ ਹੀ ਦੂਜੇ ਸੂਬਿਆਂ 'ਚ ਰਹਿੰਦੇ ਸਿੱਖ ਵੀ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲੱਗ ਪਏ ਹਨ, ਜਿਸ ਕਰਕੇ ਵਿਦੇਸ਼ ਜਾਣ ਦਾ ਰੁਝਾਨ ਵੱਖ- ਵੱਖ ਸੂਬਿਆਂ 'ਚ ਰਹਿੰਦੇ ਸਿੱਖਾਂ ਵੀ ਵੇਖਿਆ ਜਾ ਰਿਹਾ ਹੈ।

ਵੱਖ- ਵੱਖ ਸੂਬਿਆਂ 'ਚ ਰਹਿੰਦੇ ਸਿੱਖਾਂ ਸਬੰਧੀ ਖੋਜ ਕਰਨ 'ਤੇ ਇਹ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਇਹ ਲੋਕ ਹੁਣ ਸਿਆਸੀ ਤੌਰ 'ਤੇ ਵੀ ਸੁਚੇਤ ਅਤੇ ਜਾਗਰੂਕ ਹੋ ਚੁੱਕੇ ਹਨ ਅਤੇ ਬਹੁਤ ਸੋਚ ਸਮਝ ਕੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋ ਕਰਦੇ ਹਨ। ਕਈ ਸੂਬਿਆਂ 'ਚ ਤਾਂ ਇਹ ਹਾਲ ਹੈ ਕਿ ਪੰਜਾਬੀਆਂ ਤੇ ਸਿੱਖਾਂ ਦੀਆਂ ਵੋਟਾਂ ਕਿਸੇ ਵੀ ਉਮੀਦਵਾਰ ਦੀ ਜਿੱਤ ਹਾਰ ਦਾ ਫੈਸਲਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਵੱਡੀ ਗਿਣਤੀ ਸਿਆਸੀ ਲੋਕਾਂ ਨੇ ਇਹਨਾਂ ਨੂੰ ਆਪਣਾ 'ਵੋਟ ਬੈਂਕ' ਬਣਾਉਣ ਤੱਕ ਹੀ ਸੀਮਿਤ ਕਰ ਰੱਖਿਆ ਹੈ ਅਤੇ ਇਹਨਾਂ ਪੰਜਾਬੀਆਂ ਨੂੰ ਸਿਆਸੀ ਪਾਰਟੀਆਂ ਵਿੱਚ ਬਹੁਤ ਘੱਟ ਨੁਮਾਇੰਦਗੀ ਦਿੱਤੀ ਜਾਂਦੀ ਹੈ। ਭਾਵੇਂ ਕਿ ਕਈ ਸੂਬਿਆਂ ਵਿੱਚ ਪੰਜਾਬੀ/ਸਿੱਖ ਅਹਿਮ ਸਰਕਾਰੀ ਅਹੁਦਿਆਂ 'ਤੇ ਵੀ ਤੈਨਾਤ ਹਨ, ਪਰ ਇਹਨਾਂ ਅਹੁਦਿਆਂ 'ਤੇ ਉਹ ਆਪਣੀ ਸਖ਼ਤ ਮਿਹਨਤ ਨਾਲ ਪਹੁੰਚੇ ਹਨ।

ਪੰਜਾਬ ਵਿੱਚ ਜਦੋਂ ਵੀ ਪਰਵਾਸੀ ਸਿੱਖਾਂ ਦੀ ਗੱਲ ਹੁੰਦੀ ਹੈ ਤਾਂ ਅਕਸਰ ਵੱਖ- ਵੱਖ ਮੁਲਕਾਂ 'ਚ ਰਹਿੰਦੇ ਐਨ.ਆਰ.ਆਈ. ਪੰਜਾਬੀਆਂ ਤੱਕ ਸੀਮਿਤ ਹੁੰਦੀ ਹੈ ਅਤੇ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਰਹਿੰਦੇ ਸਿੱਖ ਅਣਗੌਲੇ ਰਹਿ ਜਾਂਦੇ ਹਨ। ਜਿਸ ਕਾਰਨ ਇਹਨਾਂ ਸੂਬਿਆਂ 'ਚ ਰਹਿੰਦੇ ਸਿੱਖਾਂ ਦੀਆਂ ਮੰਗਾਂ ਪੂਰੀਆਂ ਹੋਣ ਦੀ ਥਾਂ ਅਕਸਰ ਲਟਕਦੀਆਂ ਰਹਿੰਦੀਆਂ ਹਨ।

1984 ਦੇ ਦੁਖਾਂਤ ਤੋਂ ਬਾਅਦ ਭਾਵੇਂ ਭਾਰਤ ਦੇ ਵੱਖ- ਵੱਖ ਸੂਬਿਆਂ 'ਚ ਰਹਿੰਦੇ ਸਿੱਖਾਂ ਵਿਚੋਂ ਵੱਡੀ ਗਿਣਤੀ ਲੋਕ ਪੰਜਾਬ ਵਿੱਚ ਆ ਕੇ ਰਹਿਣ ਲੱਗ ਪਏ ਹਨ ਪਰ ਅਜੇ ਵੀ ਵੱਖ- ਵੱਖ ਸੂਬਿਆਂ ਵਿੱਚ ਸਿੱਖ ਵੱਡੀ ਗਿਣਤੀ ਵਿੱਚ ਰਹਿ ਰਹੇ ਹਨ। ਅਨੇਕਾਂ ਸੂਬਿਆਂ 'ਚ ਕਈ ਇਲਾਕੇ ਤਾਂ ਸਿੱਖਾਂ ਦੇ ਗੜ੍ਹ ਹਨ। ਇਹਨਾਂ ਇਲਾਕਿਆਂ ਵਿੱਚ ਪੰਜਾਬ ਅਤੇ ਸਿੱਖ ਧਰਮ ਦੇ ਕਰੀਬ ਸਾਰੇ ਹੀ ਤਿਉਹਾਰ ਮਨਾਏ ਜਾਂਦੇ ਹਨ ਅਤੇ ਇਹਨਾਂ ਵੱਲੋਂ ਆਪਣੇ ਆਪ ਨੂੰ ਸਿੱਖ ਹੋਣ 'ਤੇ ਮਾਣ ਮਹਿਸੂਸ ਕੀਤਾ ਜਾਂਦਾ ਹੈ।



ਆਪਣੀ ਸਖ਼ਤ ਮਿਹਨਤ ਅਤੇ ਯੋਗਤਾ ਕਾਰਨ ਵੱਖ- ਵੱਖ ਸੂਬਿਆਂ ਵਿੱਚ ਰਹਿੰਦੇ ਵੱਡੀ ਗਿਣਤੀ ਸਿੱਖ ਆਰਥਿਕ ਤੌਰ 'ਤੇ ਵੀ ਮਜ਼ਬੂਤ ਹਨ, ਜਿਸ ਕਾਰਨ ਉਹਨਾਂ ਸੂਬਿਆਂ ਦੇ ਮੂਲ ਵਸਨੀਕਾਂ ਵਿੱਚ ਇਹਨਾਂ ਪੰਜਾਬੀਆਂ ਪ੍ਰਤੀ ਈਰਖਾ ਦੀ ਭਾਵਨਾ ਵੀ ਆ ਜਾਂਦੀ ਹੈ। ਇਸ ਕਰਕੇ ਕਈ ਵਾਰ ਦੰਗਈਆਂ ਵੱਲੋਂ ਦੂਜੇ ਸੂਬਿਆਂ 'ਚ ਰਹਿੰਦੇ ਸਿੱਖਾਂ ਦਾ ਆਰਥਿਕ ਨੁਕਸਾਨ ਵੀ ਕੀਤਾ ਜਾਂਦਾ ਹੈ। ਦੂਜੇ ਪਾਸੇ ਹੋਰਨਾਂ ਸੂਬਿਆਂ ਵਿੱਚ ਉਹਨਾਂ ਸਿੱਖਾਂ ਦੀ ਵੀ ਗਿਣਤੀ ਕਾਫ਼ੀ ਹੈ, ਜੋ ਕਿ ਆਰਥਿਕ ਤੌਰ 'ਤੇ ਮਜ਼ਬੂਤ ਨਹੀਂ ਹਨ, ਅਜਿਹੇ ਲੋਕਾਂ ਵਿੱਚ ਸਿਕਲੀਗਰ ਭਾਈਚਾਰਾ ਵੀ ਆ ਜਾਂਦਾ ਹੈ।

ਵੱਖ- ਵੱਖ ਸੂਬਿਆਂ ਵਿੱਚ ਰਹਿੰਦੇ ਸਿੱਖਾਂ ਨੂੰ ਇਹਨਾਂ ਸੂਬਿਆਂ ਵਿੱਚ ਅਕਸਰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਇਹਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਤਾਂ ਨਾ ਤਾਂ ਉਹਨਾਂ ਸੂਬਿਆਂ ਦੇ ਸਿਆਸੀ ਦਲ ਅੱਗੇ ਆਉਂਦੇ ਹਨ ਤੇ ਨਾ ਹੀ ਪੰਜਾਬ ਵਿੱਚ ਸਰਗਰਮ ਮੁੱਖ ਸਿਆਸੀ ਪਾਰਟੀਆਂ ਦੇ ਆਗੂ ਉਹਨਾਂ ਦੇ ਨਾਲ ਖੜ੍ਹਦੇ ਹਨ, ਇਸ ਕਰਕੇ ਅਜਿਹੇ ਸਿੱਖਾਂ ਨੂੰ ਆਪਣੀ ਹਰ ਸਮੱਸਿਆ ਦਾ ਹੱਲ ਖੁਦ ਕਰਨਾ ਪੈਂਦਾ ਹੈ।

ਚਾਹੀਦਾ ਤਾਂ ਇਹ ਹੈ ਕਿ ਪੰਜਾਬ ਵਿੱਚ ਸਰਗਰਮ ਸਿਆਸੀ ਪਾਰਟੀਆਂ ਅਤੇ ਹੋਰ ਸੰਸਥਾਵਾਂ ਦੇ ਆਗੂ ਵੱਖ- ਵੱਖ ਸੂਬਿਆਂ 'ਚ ਰਹਿੰਦੇ ਸਿੱਖਾਂ ਦੀ ਭਲਾਈ ਲਈ ਉਪਰਾਲੇ ਕਰਨ ਤਾਂ ਕਿ ਇਹਨਾਂ ਸੂਬਿਆਂ 'ਚ ਰਹਿੰਦੇ ਸਿੱਖ ਆਪਣੇ ਆਪ ਨੂੰ ਬੇਗਾਨਾ ਨਾ ਸਮਝਣ।

### 2011 ਦੀ ਮਰਦਮਸ਼ੁਮਾਰੀ ਅਨੁਸਾਰ ਭਾਰਤ ਦੇ ਵੱਖ-ਵੱਖ ਸੂਬਿਆਂ 'ਚ ਸਿੱਖਾਂ ਦੀ ਗਿਣਤੀ



ਪੰਜਾਬ : 16,004,754 (57.69%)
ਹਰਿਆਣਾ : 1,243,752 (4.91%)
ਰਾਜਸਥਾਨ : 872,930 (1.27%)
ਉੱਤਰ ਪ੍ਰਦੇਸ਼: 643,500 (0.32%)
ਦਿੱਲੀ: 570,581 (3.4%)
ਉੱਤਰਾਖੰਡ: 236,340 (2.34%)
ਜੰਮੂ ਅਤੇ ਕਸ਼ਮੀਰ : 232,585 ( .9%)
ਮਹਾਰਾਸ਼ਟਰ : 223,247(0.2%)
ਮੱਧ ਪ੍ਰਦੇਸ਼ : 151,412 (0.21%)
ਚੰਡੀਗੜ੍ਹ : 138,329 (13.11%)
ਹਿਮਾਚਲ ਪ੍ਰਦੇਸ਼ : 79,896 (1.16%)
ਝਾਰਖੰਡ : 71,422 (0.22%)
ਛੱਤੀਸਗੜ੍ਹ : 70,036 (0.27%)
ਪੱਛਮੀ ਬੰਗਾਲ : 63,523 (0.07%)
ਗੁਜਰਾਤ : 58,246 (0.1%)
ਤੇਲੰਗਾਨਾ : 30,340 (0.09%)
ਕਰਨਾਟਕ : 28,773 (0.05%)
ਬਿਹਾਰ : 23,779 (0.02%)
ਓਡੀਸ਼ਾ : 21,991 (0.05%)
ਅਸਾਮ : 20,672 (0.07%)
ਤਾਮਿਲਨਾਡੂ : 14,601 (0.02%)
ਆਂਧਰਾ ਪ੍ਰਦੇਸ਼ : 9,904 (0.02%)
ਕੇਰਲ : 3,814 (0.01%)
ਅਰੁਣਾਚਲ ਪ੍ਰਦੇਸ਼ : 3,287 (0.24%)
ਮੇਘਾਲਿਆ : 3,045 (0.1%)
ਲਦਾਖ : 2,263 (0.83%)
ਨਾਗਾਲੈਂਡ : 1,890 (0.1%)
ਸਿੱਕਮ : 1,868 (0.31%)
ਮਣੀਪੁਰ : 1,527 (0.05%)
ਗੋਆ : 1,473 (0.1%)
ਅੰਡੇਮਾਨ ਅਤੇ ਨਿਕੋਬਾਰ ਟਾਪੂ : 1,286 (0.34%)
ਤ੍ਰਿਪੁਰਾ : 1,070 (0.03%)
ਦਾਦਰਾ, ਨਗਰ ਹਵੇਲੀ ਅਤੇ ਦਮਨ ਅਤੇ ਦੀਉ : 389 (0.07%)
ਪੁਡੂਚੇਰੀ : 297 (0.02%)
ਮਿਜ਼ੋਰਮ : 286 (0.03%)
ਲਕਸ਼ਦੀਪ : 8 (0.01%)

## ਵੱਖ-ਵੱਖ ਸੂਬਿਆਂ 'ਚ ਵਸੇ ਹੋਏ ਸਿੱਖ

**ਅਸਾਮੀ ਸਿੱਖ**

ਅਸਾਮ ਵਿੱਚ ਸਿੱਖ ਧਰਮ ਦੀ ਮੌਜੂਦਗੀ 200 ਸਾਲਾਂ ਤੋਂ ਵੱਧ ਹੈ। ਅਸਾਮ ਵਿੱਚ ਸਿੱਖਾਂ ਦੇ ਰਹਿਣ ਦੀ ਸ਼ੁਰੂਆਤ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੈ ਜੋ ਆਪਣੀ ਫ਼ੌਜ ਨੂੰ ਅਸਾਮ ਲੈ ਕੇ ਗਿਆ ਅਤੇ ਸਥਾਨਕ ਲੋਕਾਂ 'ਤੇ ਸਿੱਖ ਧਰਮ ਦਾ ਕੁਝ ਪ੍ਰਭਾਵ ਪਾਇਆ। 2001 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਅਸਾਮ ਵਿੱਚ 22,519 ਸਿੱਖ ਸਨ, ਜਿਨ੍ਹਾਂ ਵਿੱਚੋਂ 4,000 ਅਸਾਮੀ ਸਿੱਖ ਹਨ।

ਅਸਾਮੀ ਸਿੱਖ, ਸਿੱਖ ਧਰਮ ਨੂੰ ਮੰਨਦੇ ਹਨ ਅਤੇ ਸਿੱਖ ਤਿਉਹਾਰ ਮਨਾਉਂਦੇ ਹਨ ਅਤੇ ਉਹ ਮਾਘ ਬੀਹੂ ਵਰਗੇ ਸੱਭਿਆਚਾਰਕ ਤਿਉਹਾਰ ਵੀ ਮਨਾਉਂਦੇ ਹਨ ਅਤੇ ਰਵਾਇਤੀ ਅਸਾਮੀ ਪਹਿਰਾਵਾ ਪਹਿਨਦੇ ਹਨ। ਉਨ੍ਹਾਂ ਦੀ ਭਾਸ਼ਾ ਅਸਾਮੀ ਭਾਸ਼ਾ ਹੈ।

**ਬਿਹਾਰੀ ਸਿੱਖ**

ਅਗਰਹਰ ਸਿੱਖ ਬਿਹਾਰ ਅਤੇ ਝਾਰਖੰਡ ਵਿੱਚ ਪਾਇਆ ਜਾਣ ਵਾਲਾ ਇੱਕ ਸਿੱਖ ਭਾਈਚਾਰਾ ਹੈ। ਅਗਰਹਰੀ ਸਿੱਖ, ਜਿਨ੍ਹਾਂ ਨੂੰ 'ਬਿਹਾਰੀ ਸਿੱਖ' ਵੀ ਕਿਹਾ ਜਾਂਦਾ ਹੈ, ਸਦੀਆਂ ਤੋਂ ਬਿਹਾਰ ਅਤੇ ਝਾਰਖੰਡ ਵਿੱਚ ਮੌਜੂਦ ਹਨ।

ਬਿਹਾਰੀ ਸਿੱਖ ਸਥਾਨਕ ਬਿਹਾਰੀ ਭਾਈਚਾਰੇ ਨਾਲ ਆਪਣਾ ਸੱਭਿਆਚਾਰ ਸਾਂਝਾ ਕਰਦੇ ਹਨ। ਮਰਦ ਆਮ ਤੌਰ 'ਤੇ ਸਥਾਨਕ ਧੋਤੀ ਪਹਿਨਦੇ ਹਨ ਅਤੇ ਔਰਤਾਂ ਸਾੜ੍ਹੀ ਪਹਿਨਦੀਆਂ ਹਨ। ਉਹ ਛਠ ਤਿਉਹਾਰ ਵਰਗੇ ਹਿੰਦੂ ਤਿਉਹਾਰ ਵੀ ਮਨਾਉਂਦੇ ਹਨ।

**ਦੱਖਣੀ ਸਿੱਖ**

ਦੱਖਣੀ ਸਿੱਖ ਭਾਰਤ ਦੇ ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਰਾਜਾਂ ਦੇ ਅੰਦਰ ਸਥਿਤ ਡੇਕਨ ਪਠਾਰ ਵਿੱਚ ਰਹਿੰਦੇ ਹਨ। ਇਹਨਾਂ ਸਿੱਖ ਔਰਤਾਂ ਦਾ ਰਵਾਇਤੀ ਪਹਿਰਾਵਾ ਸਾੜ੍ਹੀ ਹੈ।



ਦੱਖਣੀ ਸਿੱਖਾਂ ਦੀ ਮੂਲ ਭਾਸ਼ਾ ਤੇਲਗੂ ਹੈ।

**ਕਸ਼ਮੀਰੀ ਸਿੱਖ**

ਕਸ਼ਮੀਰੀ ਸਿੱਖ ਕਸ਼ਮੀਰੀ ਭਾਸ਼ਾ ਬੋਲਦੇ ਹਨ ਅਤੇ ਕਸ਼ਮੀਰੀ ਸੱਭਿਆਚਾਰ ਦੀ ਪਾਲਣਾ ਕਰਦੇ ਹਨ। ਉਹ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਵਿੱਚ 1819 ਵਿੱਚ ਕਸ਼ਮੀਰ ਵਿੱਚ ਵੱਸਣ ਵਾਲੇ ਸਿੱਖ ਸਿਪਾਹੀਆਂ ਦੇ ਪ੍ਰਭਾਵ ਨੂੰ ਆਪਣੀ ਧਾਰਮਿਕ ਵਿਰਾਸਤ ਦੱਸਦੇ ਹਨ। ਉਸ ਸਮੇਂ ਸਿੱਖ ਫ਼ੌਜੀ ਕਸ਼ਮੀਰ ਵਿੱਚ ਪੱਕੇ ਤੌਰ 'ਤੇ ਵੱਸ ਗਏ ਸਨ।

**ਪੰਜਾਬੀ ਸਿੱਖ**

ਪੰਜਾਬੀ ਸਿੱਖ ਅਣਵੰਡੇ ਪੰਜਾਬ ਖੇਤਰ ਦੇ ਮੂਲ ਨਿਵਾਸੀ ਹਨ ਜੋ ਪੰਜਾਬੀ ਭਾਸ਼ਾ ਨੂੰ ਆਪਣੀ ਮਾਂ ਬੋਲੀ ਵਜੋਂ ਬੋਲਦੇ ਹਨ ਅਤੇ ਪੰਜਾਬੀ ਸੱਭਿਆਚਾਰ ਦਾ ਅਭਿਆਸ ਕਰਦੇ ਹਨ। ਉਨ੍ਹਾਂ ਦੇ ਰਵਾਇਤੀ ਪਹਿਰਾਵੇ ਵਿੱਚ ਪੰਜਾਬੀ ਸਲਵਾਰ ਸੂਟ, ਪੰਜਾਬੀ ਤੰਬਾ ਅਤੇ ਕੁੜਤਾ, ਪੰਜਾਬੀ ਜੁੱਤੀ ਅਤੇ ਪਟਿਆਲਾ ਸਲਵਾਰ ਸ਼ਾਮਲ ਹਨ।

ਨਾਨਕਸ਼ਾਹੀ ਕੈਲੰਡਰ ਦੀ ਵਰਤੋਂ ਕਰਦਿਆਂ ਸਿੱਖ ਤਿਉਹਾਰਾਂ ਤੋਂ ਇਲਾਵਾ, ਪੰਜਾਬੀ ਸਿੱਖ ਪੰਜਾਬੀ ਕੈਲੰਡਰ ਦੀ ਵਰਤੋਂ ਕਰਕੇ ਰਵਾਇਤੀ ਪੰਜਾਬੀ ਤਿਉਹਾਰ ਮਨਾਉਂਦੇ ਹਨ।

**ਸਿੰਧੀ ਸਿੱਖ**

ਸਿੰਧੀ ਸਿੱਖ, ਸਿੱਖ ਧਰਮ ਦੇ ਤਿਉਹਾਰ ਮਨਾਉਣ ਤੋਂ ਇਲਾਵਾ ਚੇਤੀ ਚੰਦ, ਸਿੰਧੀ ਨਵਾਂ ਸਾਲ ਵਰਗੇ ਸੱਭਿਆਚਾਰਕ ਤਿਉਹਾਰ ਵੀ ਮਨਾਉਂਦੇ ਹਨ। ਸਿੰਧੀ ਸਿੱਖ ਸਿੰਧੀ ਭਾਸ਼ਾ ਬੋਲਦੇ ਹਨ। ਜ਼ਿਆਦਾਤਰ ਸਿੰਧੀ ਹਿੰਦੂ ਨਾਨਕ ਪੰਥੀ ਹਨ ਜੋ 10 ਸਿੱਖ ਗੁਰੂ ਸਾਹਿਬਾਨ ਨੂੰ ਮੰਨਦੇ ਹਨ ਅਤੇ ਨਿਯਮਿਤ ਤੌਰ 'ਤੇ ਗੁਰਦੁਆਰਿਆਂ ਵਿੱਚ ਜਾਂਦੇ ਹਨ ਅਤੇ ਇਹਨਾਂ ਦੇ ਜ਼ਿਆਦਾਤਰ ਵਿਆਹ ਵੀ ਗੁਰਦੁਆਰਿਆਂ ਵਿੱਚ ਹੁੰਦੇ ਹਨ।

**ਦੱਖਣੀ ਭਾਰਤੀ ਸਿੱਖ**

ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਸਿੱਖ ਭਾਈਚਾਰੇ ਹਨ ਜਿਨ੍ਹਾਂ ਨੇ ਸਦੀਆਂ ਪਹਿਲ਼ਾਂ ਸਿੱਖ ਧਰਮ ਅਪਣਾ ਲਿਆ ਸੀ। ਇਹਨਾਂ ਸਿੱਖਾਂ ਵਿੱਚ ਬੰਜਾਰੇ ਅਤੇ ਸਤਨਾਮੀ ਸ਼ਾਮਲ ਹਨ। ਸਿਕਲੀਗਰਾਂ ਲਈ, ਦੱਖਣੀ ਭਾਰਤ ਵਿੱਚ ਧਰਮ ਦੇ ਮਿਸ਼ਰਣ ਦੀ ਪ੍ਰਕਿਰਿਆ 10ਵੇਂ ਸਿੱਖ ਗੁਰੂ ਗੋਬਿੰਦ ਸਿੰਘ ਨਾਲ ਸ਼ੁਰੂ ਹੋਈ ਸੀ।

ਸਿਕਲੀਗਰ ਸਿੱਖ ਦਸਵੇਂ ਗੁਰੂ ਜੀ ਦੇ ਪੈਰੋਕਾਰ ਹਨ, ਇਹ ਲੋਕ ਮਾਹਰ ਹਥਿਆਰ ਨਿਰਮਾਤਾ ਵਜੋਂ ਦੱਖਣੀ ਭਾਰਤ ਵਿੱਚ ਆਏ ਸਨ। ਸਿਕਲੀਗਰ ਫ਼ਾਰਸੀ ਸ਼ਬਦਾਂ 'ਸੈਕਲ' ਅਤੇ 'ਗਰ' ਤੋਂ ਬਣਿਆ ਹੈ ਜਿਸ ਦਾ ਅਰਥ ਹੈ ਧਾਤ ਪਾਲਿਸ਼ ਕਰਨ ਵਾਲਾ। ਸਿਕਲੀਗਰਾਂ ਦਾ ਰਵਾਇਤੀ ਕਿੱਤਾ ਰਸੋਈ ਦਾ ਸਾਮਾਨ ਬਣਾਉਣਾ ਹੈ।

ਬੰਜਾਰਾ ਇੱਕ ਖ਼ਾਨਾਬਦੋਸ਼ ਕਬੀਲਾ ਹੈ ਜੋ ਰਵਾਇਤੀ ਤੌਰ 'ਤੇ ਮਾਲ ਦੇ ਨਾਲ ਯਾਤਰਾ ਕਰਦਾ ਹੈ ਅਤੇ ਉੱਤਰੀ ਭਾਰਤ ਦੇ ਨਾਲ-ਨਾਲ ਦੱਖਣ ਦੇ ਇੱਕ ਵੱਡੇ ਹਿੱਸੇ ਵਿੱਚ ਪਾਇਆ ਜਾਂਦਾ ਹੈ। ਸਿੱਖ ਖ਼ਾਨਾਬਦੋਸ਼ ਵੀ ਇਸ ਭਾਈਚਾਰੇ ਵਾਂਗ ਹੀ ਹੁੰਦੇ ਹਨ।

# ਜਾਤ ਅਧਾਰਿਤ ਮਰਦਮਸ਼ੁਮਾਰੀ ਪੰਜਾਬ ਦੇ ਸਿੱਖ ਸਮਾਜ 'ਤੇ ਕੀ ਪ੍ਰਭਾਵ ਪਾਵੇਗੀ?

## ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਇਸ ਮੌਕੇ ਪੰਥ ਨੂੰ ਕੀ ਸੇਧ ਦੇਣ? ਕੀ ਨੀਤੀ ਘੜਨ?

ਕੇਂਦਰ ਸਰਕਾਰ ਨੇ ਅਗਲੀ ਮਰਦਮਸ਼ੁਮਾਰੀ ਦੇ ਨਾਲ-ਨਾਲ ਜਾਤ ਅਧਾਰਿਤ ਜਨਗਣਨਾ ਕਰਵਾਉਣ ਦਾ ਐਲਾਨ ਕੀਤਾ ਹੈ। ਇਸ ਫ਼ੈਸਲੇ ਨੇ ਸਿਆਸੀ ਅਤੇ ਸਮਾਜਿਕ ਚਰਚਾਵਾਂ ਨੂੰ ਜਨਮ ਦਿੱਤਾ ਹੈ, ਖ਼ਾਸਕਰ ਪੰਜਾਬ ਵਰਗੇ ਸੂਬੇ ਵਿੱਚ, ਜਿੱਥੇ ਸਿੱਖ ਧਰਮ ਅਤੇ ਜਾਤੀ ਸਮੀਕਰਨਾਂ ਦਾ ਇੱਕ ਵਿਲੱਖਣ ਮਿਸ਼ਰਣ ਮੌਜੂਦ ਹੈ। ਸਿੱਖ ਧਰਮ ਜਾਤ-ਪਾਤ ਦੀ ਵੰਡ ਨੂੰ ਨਕਾਰਦਾ ਹੈ, ਪਰ ਸਮਾਜਿਕ ਹਕੀਕਤਾਂ ਵਿੱਚ ਜਾਤੀ ਅਜੇ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ।



ਪੰਜਾਬ ਵਿੱਚ ਸਿੱਖ ਧਰਮ ਦੀ ਬਹੁਗਿਣਤੀ ਹੈ, ਪਰ ਜਾਤੀ ਅਧਾਰਿਤ ਵੰਡ ਸਮਾਜਿਕ ਅਤੇ ਸਿਆਸੀ ਜੀਵਨ ਵਿੱਚ ਸਪੱਸ਼ਟ ਦਿਖਾਈ ਦਿੰਦੀ ਹੈ। 2011 ਦੀ ਮਰਦਮਸ਼ੁਮਾਰੀ ਮੁਤਾਬਕ, ਪੰਜਾਬ ਦੀ 27% ਅਬਾਦੀ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਸੀ, ਜਿਨ੍ਹਾਂ ਵਿੱਚ ਬਾਲਮੀਕੀ, ਮਜ਼ਹਬੀ ਸਿੱਖ ਅਤੇ ਰਾਏ ਸਿੱਖ ਸ਼ਾਮਲ ਹਨ। ਜਾਤੀ ਜਨਗਣਨਾ ਇਨ੍ਹਾਂ ਸਮੂਹਾਂ ਦੀ ਸਹੀ ਅਬਾਦੀ ਅਤੇ ਆਰਥਿਕ ਸਥਿਤੀ ਨੂੰ ਸਾਹਮਣੇ ਲਿਆ ਸਕਦੀ ਹੈ, ਜਿਸ ਨਾਲ ਸਮਾਜਿਕ ਭਲਾਈ ਸਕੀਮਾਂ ਨੂੰ ਵਧੇਰੇ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ। ਪਰ, ਮਾਹਿਰਾਂ ਜਿਵੇਂ ਪ੍ਰੋਫ਼ੈਸਰ ਸੁਰਿੰਦਰ ਜੋਧਕਾ ਦਾ ਮੰਨਣਾ ਹੈ ਕਿ ਜੇਕਰ ਧਰਮ ਪਰਿਵਰਤਨ (ਖ਼ਾਸਕਰ ਇਸਾਈ ਧਰਮ ਵੱਲ) ਦੀਆਂ ਖ਼ਬਰਾਂ ਸੱਚ ਹਨ, ਤਾਂ ਜਨਗਣਨਾ ਵਿੱਚ ਅਨੁਸੂਚਿਤ ਜਾਤੀਆਂ ਅਤੇ ਓ.ਬੀ.ਸੀ. ਵਰਗਾਂ ਦੀ ਪ੍ਰਤੀਸ਼ਤਤਾ ਵਿੱਚ ਬਦਲਾਅ ਸਿਆਸੀ ਸਮੀਕਰਨਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਨਾਲ ਸਿੱਖ ਸਮਾਜ ਦੀ ਏਕਤਾ ਤੇ ਇਕਮੁਠਤਾ 'ਤੇ ਵੀ ਸਵਾਲ ਉੱਠ ਸਕਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਨੂੰ ਇਸ ਮੁੱਦੇ 'ਤੇ ਸਪੱਸ਼ਟ ਨੀਤੀ ਬਣਾਉਣ ਦੀ ਲੋੜ ਹੈ। ਕੁਝ ਪੰਥਕ ਆਗੂ ਸੁਝਾਅ ਦਿੰਦੇ ਹਨ ਕਿ ਸਿੱਖਾਂ ਨੂੰ ਜਾਤੀ ਦੀ ਥਾਂ ਸਿਰਫ਼ 'ਸਿੱਖ' ਵਜੋਂ ਰਜਿਸਟਰ ਕਰਵਾਉਣਾ ਚਾਹੀਦਾ ਹੈ, ਜਿਸ ਨਾਲ ਸਿੱਖੀ ਦੇ ਸਮਾਨਤਾ ਦੇ ਸਿਧਾਂਤ ਨੂੰ ਮਜ਼ਬੂਤੀ ਮਿਲੇ। ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਨੇ ਕਿਹਾ, 'ਜਾਤੀ ਜਨਗਣਨਾ ਸਿੱਖ ਸਮਾਜ ਵਿੱਚ ਵੰਡ ਪੈਦਾ ਕਰ ਸਕਦੀ ਹੈ। ਸਾਨੂੰ ਸਿੱਖ ਪਛਾਣ ਨੂੰ ਪਹਿਲ ਦੇਣੀ ਚਾਹੀਦੀ ਹੈ, ਨਾ ਕਿ ਜਾਤੀ ਨੂੰ।' ਅਕਾਲ ਤਖ਼ਤ ਸਾਹਿਬ ਨੂੰ ਵੀ ਇਸ ਸਬੰਧ ਵਿੱਚ ਸੰਗਤ ਨੂੰ ਮਾਰਗਦਰਸ਼ਨ ਜਾਰੀ ਕਰਨ ਦੀ ਮੰਗ ਉੱਠ ਰਹੀ ਹੈ।

### ਜਾਤੀ ਜਨਗਣਨਾ ਦੇ ਪੱਖ ਅਤੇ ਵਿਰੋਧ ਵਿੱਚ ਆਵਾਜ਼ਾਂ

ਪੰਜਾਬ ਦੀਆਂ ਪੰਥਕ ਜਥੇਬੰਦੀਆਂ ਅਤੇ ਦਲਿਤ ਸੰਗਠਨਾਂ ਵਿੱਚ ਜਾਤੀ ਜਨਗਣਨਾ ਨੂੰ ਲੈ ਕੇ ਵੱਖ-ਵੱਖ ਰਾਏ ਹੈ। ਕੁਝ ਦਲਿਤ ਸੰਗਠਨ, ਜਿਵੇਂ ਕਿ ਬਾਬਾ ਸਾਹਿਬ ਅੰਬੇਡਕਰ ਮਿਸ਼ਨ, ਜਨਗਣਨਾ ਦਾ ਸਮਰਥਨ ਕਰਦੇ ਹਨ, ਕਿਉਂਕਿ ਇਹ ਅਨੁਸੂਚਿਤ ਜਾਤੀਆਂ ਅਤੇ ਪਿੱਛੜੇ ਵਰਗਾਂ ਦੀ ਸਹੀ ਅਬਾਦੀ ਨੂੰ ਸਾਹਮਣੇ ਲਿਆਵੇਗਾ। ਇਸ ਨਾਲ ਸਰਕਾਰੀ ਸਕੀਮਾਂ ਅਤੇ ਰਾਖਵੇਂਕਰਨ ਦਾ ਲਾਭ ਸਹੀ ਲੋਕਾਂ ਤੱਕ ਪਹੁੰਚ ਸਕਦਾ ਹੈ। ਦੂਜੇ ਪਾਸੇ, ਪੰਥਕ ਜਥੇਬੰਦੀਆਂ ਜਿਵੇਂ ਦਮਦਮੀ ਟਕਸਾਲ, ਅਖੰਡ ਕੀਰਤਨੀ ਜੱਥਾ ਅਤੇ ਸਿੱਖ ਯੂਥ ਫ਼ੈਡਰੇਸ਼ਨ ਦਾ ਮੰਨਣਾ ਹੈ ਕਿ ਜਾਤੀ ਜਨਗਣਨਾ ਸਿੱਖ ਸਮਾਜ ਵਿੱਚ 'ਕਬੀਲਾਵਾਦ' ਅਤੇ ਵੰਡ ਨੂੰ ਉਤਸ਼ਾਹਿਤ ਕਰੇਗੀ। ਉਹ ਚਿੰਤਾ ਜ਼ਾਹਰ ਕਰਦੇ ਹਨ ਕਿ ਇਹ ਸਿੱਖ ਪਛਾਣ ਨੂੰ ਕਮਜ਼ੋਰ ਕਰ ਸਕਦੀ ਹੈ ਅਤੇ ਸਿਆਸੀ ਪਾਰਟੀਆਂ ਨੂੰ ਜਾਤੀ ਅਧਾਰਿਤ ਵੋਟਬੈਂਕ ਦੀ ਸਿਆਸਤ ਲਈ ਮੌਕਾ ਦੇਵੇਗੀ। ਸਿੱਖ ਸਮਾਜ ਲਈ ਇਹ ਮੌਕਾ ਹੈ ਕਿ ਉਹ ਜਾਤੀ ਦੀ ਥਾਂ ਸਿੱਖੀ ਦੀ ਸਮਾਨਤਾ ਦੇ ਸਿਧਾਂਤ ਨੂੰ ਅੱਗੇ ਵਧਾਵੇ। ਪੰਥਕ ਸੰਸਥਾਵਾਂ ਨੂੰ ਸੰਗਤ ਵਿੱਚ ਜਾਗਰੂਕਤਾ ਫ਼ੈਲਾਉਣ ਅਤੇ ਸਮਾਜਿਕ ਏਕਤਾ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ।

## ਜਥੇਦਾਰ ਅਕਾਲ ਤਖ਼ਤ ਸਾਹਿਬ ਕੀ ਨੀਤੀ ਅਪਨਾਉਣ?

ਜਥੇਦਾਰ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਲਿਤ ਸਮਾਜ ਨੂੰ ਸਿੱਖੀ ਦੇ ਨੇੜੇ ਲਿਆਉਣ ਅਤੇ ਜਾਤੀਵਾਦ ਮਿਟਾਉਣ ਲਈ ਠੋਸ ਅਤੇ ਵਿਹਾਰਕ ਉਪਰਾਲੇ ਕਰਨ ਦੀ ਲੋੜ ਹੈ। ਸਿੱਖ ਧਰਮ ਦੇ ਸਿਧਾਂਤ, ਜਿਵੇਂ ਕਿ ਸਮਾਨਤਾ, ਸੇਵਾ ਅਤੇ ਸਰਬੱਤ ਦਾ ਭਲਾ, ਜਾਤੀਵਾਦ ਦੇ ਖ਼ਾਤਮੇ ਅਤੇ ਸਮਾਜਿਕ ਨਿਆਂ ਦੀ ਸਥਾਪਨਾ ਦਾ ਅਧਾਰ ਪ੍ਰਦਾਨ ਕਰਦੇ ਹਨ। ਜਥੇਦਾਰ ਅਕਾਲ ਤਖ਼ਤ ਨੂੰ ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ, ਜਿਵੇਂ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ,' ਨੂੰ ਗੁਰਦੁਆਰਿਆਂ, ਸਮਾਗਮਾਂ ਅਤੇ ਸੋਸ਼ਲ ਮੀਡੀਆ ਰਾਹੀਂ ਪ੍ਰਚਾਰਨ ਦੀ ਮੁਹਿੰਮ ਚਲਾਉਣੀ ਚਾਹੀਦੀ। ਇਸ ਵਿੱਚ ਜਾਤੀਵਾਦ ਦੀ ਨਿਖੇਧੀ ਅਤੇ ਸਮਾਨਤਾ ਦੇ ਸੁਨੇਹੇ ਨੂੰ ਸਰਲ ਭਾਸ਼ਾ ਵਿੱਚ ਪੇਸ਼ ਕਰਨਾ ਸ਼ਾਮਲ ਹੋਵੇ। ਸ਼੍ਰੋਮਣੀ ਕਮੇਟੀ ਨੂੰ ਪਿੰਡਾਂ ਅਤੇ ਸ਼ਹਿਰਾਂ ਵਿੱਚ ਦਲਿਤ ਭਾਈਚਾਰਿਆਂ ਨਾਲ ਸਿੱਧੇ ਸੰਪਰਕ ਵਿੱਚ ਆਉਣ ਲਈ ਸਮਾਜਿਕ ਸੁਧਾਰ ਮੁਹਿੰਮਾਂ ਸ਼ੁਰੂ ਕਰਨੀਆਂ ਚਾਹੀਦੀਆਂ। ਇਨ੍ਹਾਂ ਮੁਹਿੰਮਾਂ ਵਿੱਚ ਸਿੱਖੀ ਦੇ ਸਿਧਾਂਤਾਂ ਨੂੰ ਸਮਝਾਉਣ ਅਤੇ ਜਾਤੀਵਾਦੀ ਮਾਨਸਿਕਤਾ ਨੂੰ ਚੁਣੌਤੀ ਦੇਣ ਵਾਲੇ ਸੈਮੀਨਾਰ, ਵਰਕਸ਼ਾਪਾਂ ਅਤੇ ਸੱਭਿਆਚਾਰਕ ਪ੍ਰੋਗਰਾਮ ਸ਼ਾਮਲ ਹੋਣ। ਗੁਰਦੁਆਰਿਆਂ ਵਿੱਚ ਸੇਵਾ ਅਤੇ ਲੰਗਰ ਦੀ ਪ੍ਰਕਿਰਿਆ ਵਿੱਚ ਦਲਿਤ ਸਮਾਜ ਦੀ ਸਰਗਰਮ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਜਥੇਦਾਰ ਸਾਹਿਬ ਨੂੰ ਇਹ ਹੁਕਮ ਜਾਰੀ ਕਰਨਾ ਚਾਹੀਦਾ ਕਿ ਕਿਸੇ ਵੀ ਗੁਰਦੁਆਰੇ ਵਿੱਚ ਜਾਤੀ ਦੇ ਅਧਾਰ 'ਤੇ ਵਿਤਕਰਾ ਨਹੀਂ ਹੋਣਾ ਚਾਹੀਦਾ। ਜਾਤੀਵਾਦ ਦੇ ਮੁੱਦੇ 'ਤੇ ਸਰਬੱਤ ਖ਼ਾਲਸਾ ਵਰਗੀ ਪੰਥਕ ਇਕੱਤਰਤਾ ਬੁਲਾਈ ਜਾਵੇ, ਜਿਸ ਵਿੱਚ ਦਲਿਤ ਸਿੱਖ ਸੰਗਠਨਾਂ ਅਤੇ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਜਾਵੇ, ਤਾਂ ਜੋ ਸਮੁੱਚੇ ਸਿੱਖ ਪੰਥ ਦੀ ਸਹਿਮਤੀ ਨਾਲ ਇੱਕ ਨੀਤੀ ਬਣਾਈ ਜਾ ਸਕੇ।

ਸ਼੍ਰੋਮਣੀ ਕਮੇਟੀ ਨੂੰ ਦਲਿਤ ਬਹੁਗਿਣਤੀ ਵਾਲੇ ਖੇਤਰਾਂ ਵਿੱਚ ਧਰਮ ਪ੍ਰਚਾਰ ਲਈ ਵਿਸ਼ੇਸ਼ ਟੀਮਾਂ ਗਠਿਤ ਕਰਨੀਆਂ ਚਾਹੀਦੀਆਂ। ਇਹ ਟੀਮਾਂ ਸਿੱਖ ਇਤਿਹਾਸ, ਗੁਰਬਾਣੀ ਅਤੇ ਸਿੱਖੀ ਦੀ ਸਾਂਝੀਵਾਲਤਾ ਦੇ ਫ਼ਲਸਫ਼ੇ ਨੂੰ ਸਥਾਨਕ ਭਾਸ਼ਾਵਾਂ ਅਤੇ ਸੱਭਿਆਚਾਰਕ ਸੰਦਰਭ ਵਿੱਚ ਪੇਸ਼ ਕਰਨ। ਉਦਾਹਰਣ ਵਜੋਂ, ਭਗਤ ਰਵਿਦਾਸ ਜੀ ਅਤੇ ਭਾਈ ਮਰਦਾਨਾ ਜੀ ਦੀਆਂ ਸਿੱਖੀ ਵਿੱਚ ਸੇਵਾਵਾਂ ਨੂੰ ਉਜਾਗਰ ਕੀਤਾ ਜਾਵੇ।

ਦਲਿਤ ਨੌਜਵਾਨਾਂ ਲਈ ਗੁਰਮਤਿ ਸਿਖਲਾਈ ਕੇਂਦਰ ਸਥਾਪਿਤ ਕੀਤੇ ਜਾਣ, ਜਿੱਥੇ ਉਹ ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰਮਤਿ ਸੰਗੀਤ ਸਿੱਖ ਸਕਣ। ਇਹ ਕੇਂਦਰ ਮੁਫ਼ਤ ਸਿੱਖਿਆ ਅਤੇ ਰਹਿਣ-ਸਹਿਣ ਦੀ ਸਹੂਲਤ ਪ੍ਰਦਾਨ ਕਰਨ।

(ਬਾਕੀ ਸਫ਼ਾ 30 'ਤੇ)

# ਕਸ਼ਮੀਰ ਦੇ ਐਲ.ਓ.ਸੀ. ਨਾਲ ਸਿੱਖ ਅਤੇ ਗੁੱਜਰ-ਬਕਰਵਾਲਾਂ ਨੇ ਜੰਗ ਦੇ ਪਰਛਾਂਵੇ ਹੇਠ ਲੋਕਾਂ ਦੀ ਕੀਤੀ ਸੇਵਾ

## ਬਾਰਾਮੂਲਾ, ਪੁੰਛ ਰਜੌਰੀ, ਉੜੀ ਤੇ ਕੁਪਵਾੜਾ ਵਿੱਚ ਸੁਰੱਖਿਅਤ ਪਨਾਹ ਤੇ ਲੰਗਰ ਕੀਤੇ ਪ੍ਰਦਾਨ

## ਸ਼੍ਰੋਮਣੀ ਕਮੇਟੀ, ਖ਼ਾਲਸਾ ਏਡ ਲਗਾਤਾਰ ਰਹੇ ਸਰਗਰਮ

ਕਸ਼ਮੀਰ ਦੀ ਲਾਈਨ ਆਫ਼ ਕੰਟਰੋਲ (ਐਲ.ਓ.ਸੀ.) ਨੇੜੇ ਪਾਕਿਸਤਾਨੀ ਗੋਲੀਬਾਰੀ ਅਤੇ ਡਰੋਨਾਂ ਨੇ ਸਰਹੱਦੀ ਖੇਤਰਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਸੀ। ਅਜਿਹੇ ਸੰਕਟਕਾਲੀ ਹਾਲਾਤ ਵਿੱਚ ਸਿੱਖ ਅਤੇ ਗੁੱਜਰ-ਬਕਰਵਾਲ ਭਾਈਚਾਰਿਆਂ ਨੇ ਮਨੁੱਖਤਾ ਦੀ ਸੇਵਾ ਦੀ ਅਦੁੱਤੀ ਮਿਸਾਲ ਪੇਸ਼ ਕੀਤੀ। ਬਾਰਾਮੂਲਾ, ਪੁੰਛ, ਰਜੌਰੀ, ਉੜੀ ਅਤੇ ਕੁਪਵਾੜਾ ਵਰਗੇ ਸਰਹੱਦੀ ਖੇਤਰਾਂ ਵਿੱਚ ਸਿੱਖ ਜਥੇਬੰਦੀਆਂ, ਗੁਰਦੁਆਰਾ ਕਮੇਟੀਆਂ ਅਤੇ ਗੁੱਜਰ ਸੰਸਥਾਵਾਂ ਨੇ ਫਸੇ ਹੋਏ ਲੋਕਾਂ ਨੂੰ ਸੁਰੱਖਿਅਤ ਪਨਾਹ, ਲੰਗਰ, ਮੈਡੀਕਲ ਸਹਾਇਤਾ, ਅਤੇ ਰੈਸਕਿਊ ਸੇਵਾਵਾਂ ਪ੍ਰਦਾਨ ਕੀਤੀਆਂ। ਇਹ ਸੇਵਾ ਸਿੱਖ ਧਰਮ ਦੀ ਸਰਬੱਤ ਦੇ ਭਲੇ ਦੀ ਭਾਵਨਾ ਅਤੇ ਗੁੱਜਰ-ਬਕਰਵਾਲ ਭਾਈਚਾਰੇ ਦੀ ਸਮਾਜ ਸੇਵਾ ਦੀ ਪਰੰਪਰਾ ਦਾ ਪ੍ਰਤੀਕ ਹੈ।





### ਸਿੱਖ ਜਥੇਬੰਦੀਆਂ ਅਤੇ ਗੁਰਦੁਆਰਿਆਂ ਦੀ ਸੇਵਾ

ਕਸ਼ਮੀਰ ਅਤੇ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਿਆਂ ਨੇ ਸੰਕਟ ਦੌਰਾਨ ਮੋਰਚਾ ਸੰਭਾਲਿਆ। ਗੁਰਦੁਆਰਾ ਛੇਂਵੀ ਪਾਤਸ਼ਾਹੀ, ਬਾਰਾਮੂਲਾ ਨੇ ਸੇਵਾ ਦੀ ਅਗਵਾਈ ਕੀਤੀ। ਇਸ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ 7 ਮਈ, 2025 ਤੋਂ ਸਰਹੱਦੀ ਪਿੰਡਾਂ ਵਿੱਚ ਫਸੇ ਲੋਕਾਂ ਲਈ ਰੈਸਕਿਊ ਮੁਹਿੰਮ ਸ਼ੁਰੂ ਕੀਤੀ। ਅਮਨਜੀਤ ਸਿੰਘ ਵਰਗੇ ਵਲੰਟੀਅਰਾਂ ਨੇ ਉੜੀ ਅਤੇ ਕੁਪਵਾੜਾ ਵਰਗੇ ਖੇਤਰਾਂ ਤੋਂ 150 ਪਰਿਵਾਰਾਂ ਨੂੰ ਸੁਰੱਖਿਅਤ ਬਾਰਾਮੂਲਾ ਪਹੁੰਚਾਇਆ। ਗੁਰਦੁਆਰੇ ਵਿੱਚ ਰਿਹਾਇਸ਼, ਲੰਗਰ ਅਤੇ ਮੁਢਲੀ ਮੈਡੀਕਲ ਸਹਾਇਤਾ ਦਾ ਪ੍ਰਬੰਧ ਕੀਤਾ ਗਿਆ। ਲੰਗਰ ਵਿੱਚ ਸਾਰੇ ਧਰਮਾਂ ਦੇ ਲੋਕਾਂ ਨੂੰ ਸ਼ਾਕਾਹਾਰੀ ਭੋਜਨ ਪਰੋਸਿਆ ਗਿਆ, ਜੋ ਸਿੱਖ ਧਰਮ ਦੀ ਸਮਾਨਤਾ ਦੀ ਭਾਵਨਾ ਨੂੰ ਦਰਸਾਉਂਦਾ ਹੈ। ਅਮਨਜੀਤ ਨੇ ਕਿਹਾ ਕਿ ਸਾਡਾ ਧਰਮ ਸਾਨੂੰ ਮਨੁੱਖਤਾ ਦੀ ਸੇਵਾ ਸਿਖਾਉਂਦਾ ਹੈ ਅਤੇ ਅਸੀਂ ਹਰ ਮੁਸ਼ਕਿਲ ਵਿੱਚ ਲੋਕਾਂ ਦੇ ਨਾਲ ਖੜ੍ਹਦੇ ਹਾਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਮਹੱਤਵਪੂਰਨ ਯੋਗਦਾਨ ਪਾਇਆ। ਐਸ.ਜੀ.ਪੀ.ਸੀ. ਨੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਅੰਮ੍ਰਿਤਸਰ, ਤਰਨਤਾਰਨ, ਅਤੇ ਫਿਰੋਜ਼ਪੁਰ ਵਿੱਚ ਗੁਰਦੁਆਰਿਆਂ ਨੂੰ ਸੇਵਾ ਕੇਂਦਰਾਂ ਵਜੋਂ ਵਰਤਿਆ। ਅੰਮ੍ਰਿਤਸਰ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਅਤੇ ਤਰਨਤਾਰਨ ਦੇ ਗੁਰਦੁਆਰਾ ਸ੍ਰੀ ਤਰਨਤਾਰਨ ਸਾਹਿਬ ਵਿੱਚ ਸਰਹੱਦੀ ਖੇਤਰਾਂ ਤੋਂ ਆਏ ਲੋਕਾਂ ਲਈ ਰਿਹਾਇਸ਼ ਅਤੇ ਲੰਗਰ ਦੀ ਵਿਵਸਥਾ ਕੀਤੀ ਗਈ। ਐਸ.ਜੀ.ਪੀ.ਸੀ. ਦੇ ਸੇਵਾਦਾਰਾਂ ਨੇ ਸਥਾਨਕ ਸਿੱਖ ਭਾਈਚਾਰਿਆਂ ਨਾਲ ਮਿਲ ਕੇ ਭੋਜਨ, ਕੱਪੜੇ, ਅਤੇ ਮੈਡੀਕਲ ਸਹੂਲਤਾਂ ਪਹੁੰਚਾਈਆਂ। ਐਸ.ਜੀ.ਪੀ.ਸੀ. ਦੇ ਪ੍ਰਧਾਨ ਨੇ ਸੇਵਾ ਨੂੰ ਸਿੱਖ ਧਰਮ ਦੀ ਪਰੰਪਰਾ ਦਾ ਹਿੱਸਾ ਦੱਸਿਆ ਅਤੇ ਸਰਕਾਰ ਨੂੰ ਅਪੀਲ ਕੀਤੀ ਕਿ ਅਜਿਹੇ ਸੰਕਟਾਂ ਵਿੱਚ ਸੰਗਤ ਦੀ ਮਦਦ ਲਈ ਜਾਵੇ।

ਖ਼ਾਲਸਾ ਏਡ, ਇੱਕ ਅੰਤਰਰਾਸ਼ਟਰੀ ਸਿੱਖ ਸੰਸਥਾ, ਨੇ ਕਸ਼ਮੀਰ ਦੇ ਰਜੌਰੀ ਅਤੇ ਪੁੰਛ ਜ਼ਿਲ੍ਹਿਆਂ ਵਿੱਚ ਸੇਵਾ ਕਾਰਜ ਸੰਭਾਲੇ। ਖ਼ਾਲਸਾ ਏਡ ਦੀਆਂ ਟੀਮਾਂ ਨੇ ਸਰਹੱਦੀ ਪਿੰਡਾਂ ਵਿੱਚ ਫਸੇ ਲੋਕਾਂ ਨੂੰ ਭੋਜਨ, ਪੀਣ ਵਾਲਾ ਪਾਣੀ, ਅਤੇ ਅਸਥਾਈ ਪਨਾਹਗਾਹਾਂ ਪ੍ਰਦਾਨ ਕੀਤੀਆਂ। ਇਸ ਸੰਸਥਾ ਨੇ ਸਥਾਨਕ ਸਿੱਖ ਅਤੇ ਗੁੱਜਰ ਵਲੰਟੀਅਰਾਂ ਨਾਲ ਮਿਲ ਕੇ ਰੈਸਕਿਊ ਮੁਹਿੰਮਾਂ ਚਲਾਈਆਂ ਅਤੇ ਸਰਕਾਰੀ ਸਹਾਇਤਾ ਦੀ ਘਾਟ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ। ਖ਼ਾਲਸਾ ਏਡ ਨੇ ਖਾਸ ਤੌਰ 'ਤੇ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ 'ਤੇ ਧਿਆਨ ਦਿੱਤਾ ਅਤੇ ਉਨ੍ਹਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਜੰਮੂ ਨੇ ਵੀ ਸਰਹੱਦੀ ਖੇਤਰਾਂ ਤੋਂ ਆਏ ਪਰਿਵਾਰਾਂ ਦੀ ਸਹਾਇਤਾ ਕੀਤੀ। ਇਸ ਗੁਰਦੁਆਰੇ ਨੇ ਰਜੌਰੀ ਅਤੇ ਪੁੰਛ ਤੋਂ ਆਏ ਲੋਕਾਂ ਲਈ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ। ਸਥਾਨਕ ਸਿੱਖ ਵਲੰਟੀਅਰਾਂ ਨੇ ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਲੋਕਾਂ ਨੂੰ ਅਸਥਾਈ ਪਨਾਹ ਦਿੱਤੀ।

### ਗੁੱਜਰ-ਬਕਰਵਾਲ ਸੰਸਥਾਵਾਂ ਦੀ ਭੂਮਿਕਾ

ਸਰੀਮਸਤਾਨ ਟ੍ਰਾਈਬਲ ਗੁੱਜਰ ਵੈੱਲਫੇਅਰ ਫਾਊਂਡੇਸ਼ਨ, ਪੁੰਛ, ਨੇ ਗੁੱਜਰ-ਬਕਰਵਾਲ ਭਾਈਚਾਰੇ ਦੀ ਅਗਵਾਈ ਵਿੱਚ ਸਰਵ-ਧਰਮ ਸੇਵਾ ਕੀਤੀ। 7 ਮਈ, 2025 ਦੀ ਗੋਲੀਬਾਰੀ ਤੋਂ ਬਾਅਦ, ਇਸ ਸੰਸਥਾ ਨੇ 500-600 ਪਰਿਵਾਰਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ। 200 ਵਲੰਟੀਅਰਾਂ ਦੀ ਟੀਮ, ਜਿਸ ਵਿੱਚ ਡਰਾਈਵਰ, ਕਿਸਾਨ ਅਤੇ ਅਧਿਆਪਕ ਸ਼ਾਮਲ ਸਨ, ਨੇ ਦੋ ਐਂਬੂਲੈਂਸਾਂ ਅਤੇ ਨਿੱਜੀ ਵਾਹਨਾਂ ਨਾਲ ਰਾਤ-ਦਿਨ ਕੰਮ ਕੀਤਾ। ਸੰਸਥਾ ਦੇ ਮੋਢੀ ਅਸਦ ਨੁਮਾਨੀ ਨੇ ਕਿਹਾ, 'ਅਸੀਂ ਸਰਕਾਰੀ ਸਹਾਇਤਾ ਦੀ ਉਡੀਕ ਨਹੀਂ ਕਰਦੇ, ਸਾਡਾ ਫ਼ਰਜ਼ ਹੈ ਮਦਦ ਕਰਨਾ। ਇਸ ਸੰਸਥਾ ਨੇ ਮੁਸਲਮਾਨ, ਸਿੱਖ, ਅਤੇ ਹਿੰਦੂ ਪਰਿਵਾਰਾਂ, ਜਿਨ੍ਹਾਂ ਵਿੱਚ ਜਲੰਧਰ ਅਤੇ ਬਿਹਾਰ ਦੇ ਮਜ਼ਦੂਰ ਸ਼ਾਮਲ ਸਨ, ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ।

### ਸੇਵਾ ਦੇ ਖੇਤਰ ਜਿਥੇ ਸੇਵਾ ਕਾਰਜ ਸੰਚਾਲਿਤ ਹੋਏ

**ਬਾਰਾਮੂਲਾ:** ਗੁਰਦੁਆਰਾ ਛੇਵੀਂ ਪਾਤਸ਼ਾਹੀ ਨੇ ਉੜੀ ਅਤੇ ਕੁਪਵਾੜਾ ਤੋਂ ਬਚਾਏ ਗਏ 150 ਪਰਿਵਾਰਾਂ ਨੂੰ ਪਨਾਹ, ਲੰਗਰ ਅਤੇ ਮੈਡੀਕਲ ਸਹਾਇਤਾ ਦਿੱਤੀ। ਵਲੰਟੀਅਰਾਂ ਨੇ ਸਥਾਨਕ ਸਿੱਖ ਘਰਾਂ ਵਿੱਚ ਵੀ ਰਿਹਾਇਸ਼ ਦਾ ਪ੍ਰਬੰਧ ਕੀਤਾ।

**ਪੁੰਛ:** ਸਰੀਮਸਤਾਨ ਫਾਊਂਡੇਸ਼ਨ ਅਤੇ ਸਿੱਖ ਵਲੰਟੀਅਰਾਂ ਨੇ 500-600 ਪਰਿਵਾਰਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ। ਸਥਾਨਕ ਮਸਜਿਦਾਂ ਅਤੇ ਗੁਰਦੁਆਰਿਆਂ ਨੂੰ ਅਸਥਾਈ ਪਨਾਹਗਾਹਾਂ ਵਜੋਂ ਵਰਤਿਆ ਗਿਆ।

**ਰਜੌਰੀ:** ਖ਼ਾਲਸਾ ਏਡ ਅਤੇ ਸਥਾਨਕ ਸਿੱਖ ਜਥੇਬੰਦੀਆਂ ਨੇ ਰਜੌਰੀ ਦੇ ਸਰਹੱਦੀ ਪਿੰਡਾਂ ਵਿੱਚ ਭੋਜਨ ਅਤੇ ਪਨਾਹ ਦੀ ਵਿਵਸਥਾ ਕੀਤੀ। ਸਿੱਖ ਵਲੰਟੀਅਰਾਂ ਨੇ ਰੈਸਕਿਊ ਮੁਹਿੰਮਾਂ ਵਿੱਚ ਹਿੱਸਾ ਲਿਆ।

**ਉੜੀ ਅਤੇ ਕੁਪਵਾੜਾ:** ਇਨ੍ਹਾਂ ਖੇਤਰਾਂ ਵਿੱਚ ਗੋਲੀਬਾਰੀ ਅਤੇ ਡਰੋਨ ਹਮਲਿਆਂ ਨੇ ਪਿੰਡ ਖਾਲੀ ਕਰਵਾ ਦਿੱਤੇ। ਸਿੱਖ ਅਤੇ ਗੁੱਜਰ ਵਲੰਟੀਅਰਾਂ ਨੇ ਪਿੱਛੇ ਰਹਿ ਗਏ ਲੋਕਾਂ ਨੂੰ ਬਚਾਇਆ ਅਤੇ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ।

**ਪੰਜਾਬ ਦੇ ਸਰਹੱਦੀ ਜ਼ਿਲ੍ਹੇ:** ਅੰਮ੍ਰਿਤਸਰ, ਤਰਨਤਾਰਨ, ਅਤੇ ਫਿਰੋਜ਼ਪੁਰ ਵਿੱਚ ਐਸ.ਜੀ.ਪੀ.ਸੀ. ਅਤੇ ਸਥਾਨਕ ਗੁਰਦੁਆਰਿਆਂ ਨੇ ਸਰਹੱਦੀ ਖੇਤਰਾਂ ਤੋਂ ਆਏ ਲੋਕਾਂ ਨੂੰ ਪਨਾਹ ਅਤੇ ਸਹਾਇਤਾ ਪ੍ਰਦਾਨ ਕੀਤੀ।

(ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਜ਼ਹਿਰੀਲੀ ਸ਼ਰਾਬ ਦਾ ਦੁਖਾਂਤ

ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਹਲਕੇ 'ਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਕਰੀਬ 21 ਲੋਕਾਂ ਦੀ ਹੋਈ ਮੌਤ ਨੇ ਕਈ ਸਵਾਲ ਖੜੇ ਕਰ ਦਿੱਤੇ ਹਨ। ਸਭ ਤੋਂ ਵੱਡਾ ਸਵਾਲ ਤਾਂ ਇਸ ਸਮੇਂ ਪੰਜਾਬ ਦੀ 'ਆਪ' ਸਰਕਾਰ ਵੱਲੋਂ ਸ਼ੁਰੂ ਕੀਤੀ ਹੋਈ 'ਯੁੱਧ ਨਸ਼ੇ ਵਿਰੁੱਧ' ਮੁਹਿੰਮ 'ਤੇ ਖੜ੍ਹਾ ਹੋ ਰਿਹਾ ਹੈ। ਇੱਕ ਪਾਸੇ ਪੰਜਾਬ ਸਰਕਾਰ ਵੱਲੋਂ ਪੁਲਿਸ ਦੀ ਸਹਾਇਤਾ ਨਾਲ ਪੰਜਾਬ ਵਿੱਚ ਹਰ ਤਰ੍ਹਾਂ ਦੇ ਨਸ਼ੇ ਦੀ ਰੋਕਥਾਮ ਲਈ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਹੋਈ ਹੈ, ਦੂਜੇ ਪਾਸੇ ਪੰਜਾਬ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਦੋ ਦਰਜਨ ਦੇ ਕਰੀਬ ਲੋਕ ਮਾਰੇ ਗਏ ਹਨ। ਇਹ ਦਰਅਸਲ ਸੰਸਥਾਗਤ ਹੱਤਿਆਵਾਂ ਹਨ, ਜਿਸ ਦੇ ਲਈ ਪੰਜਾਬ ਦੀ ਮੌਜੂਦਾ ਸਰਕਾਰ ਸਮੇਤ ਸਿਆਸਤਦਾਨਾਂ, ਪੁਲਿਸ ਅਤੇ ਨਸ਼ਾ ਮਾਫ਼ੀਆ ਦਾ ਗੱਠਜੋੜ ਜ਼ਿੰਮੇਵਾਰ ਹੈ। ਭਾਵੇਂ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੌਕੇ 'ਤੇ ਪਹੁੰਚ ਕੇ ਪੀੜਤਾਂ ਨਾਲ ਦੁੱਖ ਸਾਂਝਾ ਕਰਦਿਆਂ ਇਹਨਾਂ ਮੌਤਾਂ ਨੂੰ ਕਤਲ ਦੱਸਿਆ ਹੈ ਅਤੇ ਪੀੜਤਾਂ ਨੂੰ ਮੁਆਵਜ਼ਾ ਦੇਣ ਦਾ ਵਾਅਦਾ ਕੀਤਾ ਹੈ ਪਰ ਕੀ ਇਹ ਸਭ ਕੁੱਝ ਜ਼ਹਿਰੀਲੀ ਸ਼ਰਾਬ ਪੀਣ ਨਾਲ ਮਾਰੇ ਗਏ ਲੋਕਾਂ ਨੂੰ ਵਾਪਸ ਲੈ ਆਵੇਗਾ ?

ਇਹ ਤ੍ਰਾਸਦੀ ਕੋਈ ਇੱਕੋ-ਇੱਕ ਮਾਮਲਾ ਨਹੀਂ ਹੈ। ਪੰਜਾਬ ਨੂੰ ਵਾਰ-ਵਾਰ ਅਜਿਹੀਆਂ ਜਾਨਲੇਵਾ ਘਟਨਾਵਾਂ ਦਾ ਸਾਹਮਣਾ ਕਰਨਾ ਪਿਆ ਹੈ। ਪਿਛਲੇ ਛੇ ਸਾਲਾਂ ਦੌਰਾਨ ਜ਼ਹਿਰੀਲੀ ਸ਼ਰਾਬ ਕਾਰਨ 158 ਤੋਂ ਵੱਧ ਲੋਕਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਸਾਲ 2020 ਵਿੱਚ ਤਰਨਤਾਰਨ, ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ 'ਚ ਨਕਲੀ ਸ਼ਰਾਬ ਨਾਲ 100 ਤੋਂ ਵੱਧ ਲੋਕਾਂ ਦੀ ਮੌਤ ਹੋਈ ਸੀ। ਇਸ ਤੋਂ ਪਹਿਲਾਂ ਦੇ ਦਹਾਕਿਆਂ ਵਿੱਚ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਸਨ। ਇਹ ਘਟਨਾਵਾਂ ਸਿਰਫ਼ ਅੰਕੜਿਆਂ ਤੱਕ ਸੀਮਤ ਨਹੀਂ ਹਨ ਸਗੋਂ ਇਨ੍ਹਾਂ ਨੇ ਪਰਿਵਾਰਾਂ ਨੂੰ ਤਬਾਹ ਕੀਤਾ ਹੈ। ਵਾਰ-ਵਾਰ ਅਜਿਹੀਆਂ ਘਟਨਾਵਾਂ ਵਾਪਰਨਾ ਦਰਸਾਉਂਦਾ ਹੈ ਕਿ 'ਯੁੱਧ ਨਸ਼ੇ ਵਿਰੁੱਧ' ਮੁਹਿੰਮ ਨੂੰ ਲਾਗੂ ਕਰਨ ਵਿੱਚ ਖ਼ਾਮੀਆਂ ਰਹੀਆਂ ਹਨ।

ਪੁਲਿਸ ਨੇ ਭਾਵੇਂ ਦੋਸ਼ੀਆਂ ਦੀਆਂ ਗ੍ਰਿਫ਼ਤਾਰੀਆਂ ਦੇ ਨਾਲ-ਨਾਲ ਛਾਪੇ ਮਾਰੇ ਹਨ ਪਰ ਜ਼ਮੀਨੀ ਹਕੀਕਤ ਇਹ ਹੈ ਕਿ ਅਜੇ ਵੀ ਨਾਜਾਇਜ਼ ਸ਼ਰਾਬ ਵਿਕ ਰਹੀ ਹੋ ਸਕਦੀ ਹੈ। ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਰਾਜ ਦਾ ਪ੍ਰਸ਼ਾਸਨ ਇਸ ਸਮੱਸਿਆ ਦਾ ਕੋਈ ਸਥਾਈ ਹੱਲ ਕੱਢਣ ਵਿੱਚ ਅਸਫਲ ਰਿਹਾ ਹੈ। ਅਮੀਰ ਵਰਗ ਦੀ ਸੁਰੱਖਿਅਤ ਸ਼ਰਾਬ ਤੱਕ ਪਹੁੰਚ ਹੋਣਾ ਤੇ ਗ਼ਰੀਬ ਤਬਕੇ ਦਾ ਜ਼ਹਿਰੀਲੇ ਬਦਲਾਂ ਦਾ ਸ਼ਿਕਾਰ ਬਣਨਾ ਸਾਡੇ ਸਮਾਜਿਕ-ਆਰਥਿਕ ਫ਼ਰਕਾਂ ਨੂੰ ਵੀ ਉਭਾਰਦਾ ਹੈ। ਜਿੱਥੇ ਕਾਲਾਬਾਜ਼ਾਰੀ ਨੇ ਕਮਜ਼ੋਰ ਤਬਕਿਆਂ ਦਾ ਫ਼ਾਇਦਾ ਚੁੱਕਿਆ ਹੈ ਅਤੇ ਅਕਸਰ ਸਮਾਜ ਦੇ ਸਭ ਤੋਂ ਗ਼ਰੀਬ ਵਰਗ ਨੂੰ ਨਿਸ਼ਾਨਾ ਬਣਾਇਆ ਹੈ।

ਸਿਆਸੀ ਪਾਰਟੀਆਂ ਦੀਆਂ ਨੀਤੀਆਂ ਅਤੇ ਲੋਕਦੋਖੀ ਸਿਆਸਤ ਨੇ ਪੰਜਾਬ ਦੇ ਲੋਕਾਂ ਨੂੰ ਸਿਹਤਮੰਦ ਸਮਾਜਿਕ-ਸੱਭਿਆਚਾਰਕ ਮਾਹੌਲ ਦੇਣ ਦੀ ਬਜਾਏ ਬਦਹਾਲੀ, ਬੇਰੁਜ਼ਗਾਰੀ, ਨਸ਼ਿਆਂ ਅਤੇ ਜੁਰਮਾਂ ਦੇ ਮੂੰਹ ਧੱਕਿਆ ਹੈ। ਸਟੇਟ ਦੀ ਸਰਪ੍ਰਸਤੀ ਹੇਠ ਸ਼ਰਾਬ ਦੇ ਧੰਦੇ ਨੂੰ ਸਰਕਾਰੀ ਆਮਦਨੀ ਦਾ ਇੱਕ ਮੁੱਖ ਸਰੋਤ ਬਣਾਇਆ ਗਿਆ ਹੈ ਅਤੇ ਇੱਕ ਸਿਲਸਿਲੇਵਾਰ ਤਰੀਕੇ ਨਾਲ ਸ਼ਰਾਬ ਅਤੇ ਹੋਰ ਜਾਨਲੇਵਾ ਨਸ਼ਿਆਂ ਦੀ ਮੰਡੀ ਪੈਦਾ ਕੀਤੀ ਗਈ ਹੈ। ਹਰ ਪੱਧਰ ਦੀਆਂ ਚੋਣਾਂ ਸਮੇਂ ਵੋਟਾਂ ਖ਼ਰੀਦਣ ਲਈ ਸ਼ਰਾਬ ਦੀ ਥੋਕ ਵਰਤੋਂ ਸਿਆਸਤ ਦਾ ਅਟੁੱਟ ਅੰਗ ਹੈ। ਸ਼ਰਾਬ ਮਾਫ਼ੀਆ ਨਾਲ ਸਿਆਸਤਦਾਨਾਂ ਦੇ ਗੂੜ੍ਹੇ ਰਿਸ਼ਤੇ ਜੱਗ ਜ਼ਾਹਰ ਹਨ। ਖਣਨ ਤੇ ਨਸ਼ਾ ਮਾਫ਼ੀਆ ਅਤੇ ਸਿਆਸੀ ਪਾਰਟੀਆਂ ਪਾਰਟੀਆਂ ਇੱਕੋ ਸਿੱਕੇ ਦੇ ਦੋ ਪਾਸੇ ਬਣ ਚੁੱਕੇ ਹਨ। ਲੋਕਾਂ ਨੂੰ ਰੋਜ਼ਗਾਰ ਦੇਣ ਵਾਲੇ ਪੈਦਾਵਾਰੀ ਸਨਅਤੀ ਸ਼ਹਿਰ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਕਾਰਨ ਬਰਬਾਦ ਹੋ ਗਏ ਪਰ ਸ਼ਰਾਬ ਦੀਆਂ ਨਵੀਂਆਂ ਡਿਸਟਿਲਰੀਆਂ ਵਿਸ਼ੇਸ਼ ਸਰਕਾਰੀ ਸਰਪ੍ਰਸਤੀ ਨਾਲ ਲਗਾਈਆਂ ਗਈਆਂ। ਨਕਲੀ ਸ਼ਰਾਬ, ਸ਼ਰਾਬ ਮਾਫ਼ੀਆ ਦੀ ਆਮਦਨੀ ਦਾ ਵੱਡਾ ਸਰੋਤ ਹੈ। ਇੱਕ ਦਿਨ ਵਿੱਚ 21 ਵਿਅਕਤੀਆਂ ਦਾ ਜ਼ਹਿਰੀਲੀ ਸ਼ਰਾਬ ਨਾਲ ਮਰਨਾ ਬਹੁਤ ਦੁਖਦਾਈ ਹੈ ਪਰ ਇਹ ਸੱਚ ਵੀ ਭੁੱਲਣਾ ਨਹੀਂ ਚਾਹੀਦਾ ਹੈ ਕਿ ਨਿੱਤ ਜਵਾਨੀ ਨਸ਼ਿਆਂ ਨਾਲ ਤਿਲ-ਤਿਲ ਕਰਕੇ ਮਰ ਰਹੀ ਹੈ ਅਤੇ ਸਰਕਾਰ ਨਾਗਰਿਕਾਂ ਦੀ ਜ਼ਿੰਦਗੀ ਦੀ ਸੁਰੱਖਿਆ ਕਰਨ 'ਚ ਬੁਰੀ ਤਰ੍ਹਾਂ ਫ਼ੇਲ੍ਹ ਹੋਈ ਹੈ।

ਇਹ ਸਮੱਸਿਆ ਸਿਰਫ਼ ਸਿਹਤ ਜਾਂ ਕਾਨੂੰਨ ਦੀ ਨਹੀਂ ਸਗੋਂ ਸਮਾਜਿਕ, ਆਰਥਿਕ ਅਤੇ ਸਿਆਸੀ ਮੁੱਦਿਆਂ ਨਾਲ ਜੁੜੀ ਹੋਈ ਹੈ। ਸਰਕਾਰਾਂ ਬਦਲਦੀਆਂ ਗਈਆਂ ਪਰ ਜ਼ਹਿਰੀਲੀ ਸ਼ਰਾਬ ਦਾ ਧੰਦਾ ਨਹੀਂ ਰੁਕਿਆ। ਹਰੇਕ ਪਾਰਟੀ ਦੀ ਸਰਕਾਰ ਸਮੇਂ ਜ਼ਹਿਰੀਲੀ ਸ਼ਰਾਬ ਪੀਣ ਨਾਲ ਮੌਤਾਂ ਹੋਈਆਂ। ਪੰਜਾਬ ਦੇ ਗ਼ਰੀਬ ਤੇ ਮਜ਼ਦੂਰ ਵਰਗ ਨੂੰ ਸਸਤੀ ਸ਼ਰਾਬ ਦੀ ਲੋੜ ਹੁੰਦੀ ਹੈ। ਨਕਲੀ ਸ਼ਰਾਬ ਦੇ ਵਪਾਰੀ ਇਸ ਮੰਗ ਦਾ ਫ਼ਾਇਦਾ ਚੁੱਕਦੇ ਹਨ ਤੇ ਮੈਥਨੌਲ ਵਰਗੇ ਜ਼ਹਿਰੀਲੇ ਪਦਾਰਥਾਂ ਨੂੰ ਸ਼ਰਾਬ 'ਚ ਮਿਲਾ ਕੇ ਵੇਚਦੇ ਹਨ।

ਪੰਜਾਬ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਜ਼ਹਿਰੀਲੀ ਸ਼ਰਾਬ ਕਾਰਨ ਵਾਪਰੇ ਦੁਖਾਂਤ ਲਈ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ ਅਤੇ ਵੱਖ- ਵੱਖ ਸਿਆਸੀ ਆਗੂਆਂ ਵੱਲੋਂ ਇਸ ਸਬੰਧੀ ਬਿਆਨ ਜਾਰੀ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਇਸ ਦੁਖਾਂਤ 'ਤੇ ਵੀ ਸਿਆਸਤ ਸ਼ੁਰੂ ਹੋ ਗਈ ਹੈ। ਪੰਜਾਬ ਵਿੱਚ ਜਦੋਂ ਵੀ ਅਜਿਹੇ ਦੁਖਾਂਤ ਵਾਪਰਦੇ ਹਨ ਤਾਂ ਕੁਝ ਦਿਨ ਲਗਾਤਾਰ ਸਿਆਸਤ ਭਖੀ ਰਹਿੰਦੀ ਹੈ ਅਤੇ ਬਾਅਦ ਵਿੱਚ ਸਭ ਕੁਝ ਪਹਿਲਾਂ ਵਾਂਗ ਹੋ ਜਾਂਦਾ ਹੈ। ਆਮ ਲੋਕ ਵੀ ਕੁਝ ਸਮੇਂ ਬਾਅਦ ਅਜਿਹੇ ਦੁਖਾਂਤ ਨੂੰ ਭੁੱਲਣ ਲੱਗਦੇ ਹਨ ਅਤੇ ਸਸਤੀ ਤੇ ਨਾਜਾਇਜ਼ ਸ਼ਰਾਬ ਦਾ ਧੰਦਾ ਮੁੜ ਸ਼ੁਰੂ ਹੋ ਜਾਂਦਾ ਹੈ। ਸਮਾਜ ਦਾ ਗਰੀਬ ਤਬਕਾ ਅਕਸਰ ਸਸਤੀ ਸ਼ਰਾਬ ਦੇ ਲਾਲਚ ਵਿੱਚ ਅਜਿਹੀ ਨਾਜਾਇਜ਼ ਸ਼ਰਾਬ ਦੇ ਮੱਕੜਜਾਲ ਵਿੱਚ ਅਜਿਹਾ ਫਸਦਾ ਹੈ ਕਿ ਉਸ ਦੀ ਜ਼ਿੰਦਗੀ ਮੁੱਕ ਜਾਂਦੀ ਹੈ ਪਰ ਨਾਜਾਇਜ਼ ਸ਼ਰਾਬ ਦਾ ਮੱਕੜਜਾਲ ਹੋਰ ਵਧਦਾ ਜਾਂਦਾ ਹੈ।

ਕਿਹਾ ਜਾਂਦਾ ਹੈ ਕਿ ਪੰਜ ਦਰਿਆਵਾਂ ਦੀ ਧਰਤੀ ਪੰਜਾਬ 'ਤੇ ਸ਼ਰਾਬ/ਨਸ਼ਿਆਂ ਦਾ ਛੇਵਾਂ ਦਰਿਆ ਵਹਿ ਰਿਹਾ ਹੈ। ਨਸ਼ੇ ਦੇ ਇਸ ਦਰਿਆ ਨੂੰ ਬੰਨ੍ਹ ਮਾਰਨ ਲਈ ਸਾਂਝੇ ਉਪਰਾਲੇ ਕਰਨ ਦੀ ਲੋੜ ਹੈ। ਨਾਜਾਇਜ਼ ਸ਼ਰਾਬ ਦੇ ਧੰਦੇ ਨੂੰ ਪੂਰੀ ਤਰ੍ਹਾਂ ਬੰਦ ਕਰਵਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਜ਼ਹਿਰੀਲੀ ਸ਼ਰਾਬ ਦੁਖਾਂਤ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਸਸਤੀ ਤੇ ਸੁਰੱਖਿਅਤ ਸ਼ਰਾਬ ਦੀ ਸਪਲਾਈ ਲਈ ਸਰਕਾਰੀ ਨੀਤੀਆਂ 'ਚ ਸੁਧਾਰ ਹੋਣਾ ਚਾਹੀਦਾ ਹੈ। ਚੰਗਾ ਹੋਵੇਗਾ ਕਿ ਜੇ ਲੋਕ ਸ਼ਰਾਬ ਅਤੇ ਹਰ ਤਰ੍ਹਾਂ ਦੇ ਨਸ਼ੇ ਤੋਂ ਦੂਰ ਰਹਿਣ।

# ਜੰਗ ਬਨਾਮ ਟਰੰਪ ਕਾਰਡ



ਗੁਰਮੀਤ ਸਿੰਘ ਪਲਾਹੀ



ਦੁਨੀਆਂ ਭਰ ਵਿੱਚ ਇਸ ਤੋਂ ਪਹਿਲਾਂ ਲਗਾਤਾਰ ਇੰਨੇ ਸਾਰੇ ਹਥਿਆਰਬੰਦ ਸੰਘਰਸ਼ ਨਹੀਂ ਹੋਏ, ਜਿੰਨੇ ਇਸ ਵੇਲੇ ਹੋ ਰਹੇ ਹਨ। ਗਲੋਬਲ ਪੀਸ ਇੰਡੈਕਸ 2024 ਦੇ ਅਨੁਸਾਰ ਸੰਘਰਸ਼ ਕਰਨ ਵਾਲੇ ਦੇਸ਼ਾਂ ਦੀ ਗਿਣਤੀ, ਦੂਜੇ ਵਿਸ਼ਵ ਯੁੱਧ ਦੇ ਬਾਅਦ ਇਸ ਸਮੇਂ ਸਭ ਤੋਂ ਵੱਧ ਹੈ। ਸਾਲ 2020 'ਚ ਹਥਿਆਰਬੰਦ ਸੰਘਰਸ਼ਾਂ ਦੀ ਗਿਣਤੀ 56 ਅਤੇ 2024 'ਚ 59 ਹੋ ਗਈ। ਸਾਲ 2023 'ਚ ਇਜ਼ਰਾਇਲ-ਹਮਾਸ ਅਤੇ ਯੂਕ੍ਰੇਨ-ਰੂਸ, ਮਿਆਮੀ ਗ੍ਰਹਿ ਯੁੱਧ, ਸੁਡਾਨ ਗ੍ਰਹਿ ਯੁੱਧ ਲੜੇ ਗਏ। ਜਿਹਨਾਂ 'ਚ 10 ਹਜ਼ਾਰ ਤੋਂ ਵੱਧ ਗਿਣਤੀ 'ਚ ਲੋਕ ਮਰੇ।

ਜਾਣਕਾਰਾਂ ਦਾ ਕਹਿਣਾ ਹੈ ਕਿ 2025 ਵਿੱਚ ਇਜ਼ਰਾਇਲ, ਗਾਜ਼ਾ, ਲੈਬਨਾਨ, ਇਰਾਨ, ਇਰਾਕ, ਸੀਰੀਆ, ਯਮਨ, ਪਾਕਿਸਤਾਨ, ਯੁਗਾਂਡਾ ਆਦਿ ਵਿੱਚ ਹਾਲਾਤ ਖਰਾਬ ਹੋ ਜਾਣਗੇ। ਅਮਰੀਕਾ ਨੇ ਇਹਨਾਂ ਵਿੱਚੋਂ ਕਈ ਦੇਸ਼ਾਂ ਨੂੰ ਪਹਿਲਾਂ ਹੀ ਉਕਸਾਇਆ ਹੈ। 2022 ਵਿੱਚ ਅਮਰੀਕਾ ਨੇ ਇਕੱਲੇ ਯੂਕ੍ਰੇਨ ਨੂੰ 18.1 ਅਰਬ ਡਾਲਰ ਦੇ ਹਥਿਆਰ ਦਿੱਤੇ। 2023 ਵਿੱਚ ਇਹ ਵੱਧ ਕੇ 80.9 ਅਰਬ ਡਾਲਰ ਹੋ ਗਏ। ਦੁਨੀਆਂ ਭਰ ਵਿੱਚ ਹਥਿਆਰਾਂ ਦੀ ਵਿਕਰੀ 238 ਅਰਬ ਡਾਲਰ ਦੀ ਸੀ, ਜਿਸ ਵਿੱਚ 81 ਅਰਬ ਡਾਲਰ ਦੀ ਸਿੱਧੀ ਵਿਕਰੀ ਸਿਰਫ਼ ਅਮਰੀਕਾ ਸਰਕਾਰ ਨੇ ਕੀਤੀ, ਜੋ 2022 ਨਾਲੋਂ 56 ਫੀਸਦੀ ਵੱਧ ਹੈ। 2023 ਵਿੱਚ ਅਮਰੀਕਾ ਨੇ ਇਜ਼ਰਾਇਲ ਨੂੰ 21.2 ਅਰਬ ਡਾਲਰ ਦਿੱਤੇ 2024 ਵਿੱਚ ਇਹ ਵਧ ਕੇ 42.76 ਅਰਬ ਡਾਲਰ ਹੋ ਗਏ।

ਲਗਭਗ ਸਾਰੇ ਮਹਾਦੀਪ ਸੰਘਰਸ਼ ਅਤੇ ਯੁੱਧ ਦੇ ਦੌਰ ਵਿੱਚ ਹਨ ਅਤੇ ਹਥਿਆਰਾਂ ਦੀ ਦੌੜ ਵਿੱਚ ਸ਼ਾਮਲ ਹਨ। ਹੋਰ ਸਭ ਅਮੀਰ ਮੁਲਕਾਂ ਨਾਲੋਂ ਅਮਰੀਕਾ ਇਸ ਦੌੜ 'ਚ ਸਭ ਤੋਂ ਅੱਗੇ ਹੈ। ਉਹ ਆਪਣੇ ਹਥਿਆਰਾਂ ਦੇ ਵਪਾਰ ਅਤੇ ਵਪਾਰਕ ਹਿੱਤਾਂ ਲਈ ਹਰ ਹਰਬਾ ਵਰਤ ਰਿਹਾ ਹੈ। ਅਮਰੀਕਾ ਦੀ ਟਰੰਪ ਸਰਕਾਰ ਨੇ ਦੁਨੀਆਂ ਦੇ ਸਾਰੇ ਦੇਸ਼ਾਂ ਨਾਲ ਵਪਾਰਕ ਜੰਗ ਛੇੜੀ ਹੋਈ ਹੈ। ਗਾਜ਼ਾ ਅਤੇ ਯੂਕ੍ਰੇਨ 'ਚ ਅਮਰੀਕਾ ਦੀ ਸਿੱਧੇ ਅਸਿੱਧੇ ਦਖਲ ਨਾਲ ਗਹਿਰੀ ਸ਼ਮੂਲੀਅਤ ਹੈ।

2025 'ਚ ਅੱਤ ਘਿਨਾਉਣੀ 'ਪਹਿਲਗਾਮ' ਘਟਨਾ ਤੋਂ ਬਾਅਦ ਪਾਕਿ-ਭਾਰਤ ਯੁੱਧ ਨੇ ਦੱਖਣੀ ਏਸ਼ੀਆ ਖਿੱਤੇ 'ਚ ਅਸਥਿਰਤਾ ਪੈਦਾ ਕਰ ਦਿੱਤੀ। ਅਚਾਨਕ ਜੰਗਬੰਦੀ ਦਾ ਐਲਾਨ ਹੋ ਗਿਆ। ਦੋਹਾਂ ਪਾਸਿਆਂ ਦੀ ਜਨਤਾ ਦੇ ਮਨਾਂ 'ਚ ਖ਼ੁਸ਼ੀ ਹੈ, ਕਿਉਂਕਿ ਉਹ ਤਾਂ ਜੰਗ ਚਾਹੁੰਦੀ ਹੀ ਨਹੀਂ ਸੀ ਸਗੋਂ ਇਹ ਜੰਗ ਤਾਂ ਉਹਨਾਂ ਉੱਤੇ ਥੋਪੀ ਜਾ ਰਹੀ ਸੀ। ਲੋਕਾਂ 'ਚ ਪਰੇਸ਼ਾਨੀ ਸੀ। ਕਈ ਰਾਤਾਂ ਤੋਂ ਉਹਨਾਂ ਸੌਂ ਕੇ ਨਹੀਂ ਵੇਖਿਆ। ਆਖਰ ਇਹ ਮਾਜਰਾ ਹੈ ਕੀ ਸੀ ? ਆਖਰ ਇਹ ਗੱਲ ਨਿੱਬੜ ਕਿਵੇਂ ਗਈ ? ਆਖਰ ਦੋਹਾਂ ਦੇਸ਼ਾਂ ਦੇ 'ਸੇਵਕ' ਚੁੱਪ ਚੁਪੀਤੇ 'ਥਾਣੇਦਾਰ ਟਰੰਪ' ਦੀ ਗੱਲ ਕਿਵੇਂ ਮੰਨ ਗਏ ? ਆਖਰ ਇਹਨਾਂ ਮੁਲਕਾਂ ਦੇ ਇਹਨਾਂ 'ਰਾਖਿਆਂ' ਨੂੰ ਲੋਕਾਂ ਨੂੰ ਜੰਗ 'ਚ ਝੋਕਣ ਦਾ ਫ਼ਾਇਦਾ ਕੀ ਮਿਲਿਆ ? ਪਾਕਿਸਤਾਨ ਇਸ ਜੰਗ ਦੀ ਆੜ ਵਿੱਚ 2.3 ਅਰਬ ਡਾਲਰ ਦਾ ਆਈ.ਐੱਮ.ਐੱਫ. ਅੰਤਰਰਾਸ਼ਟਰੀ ਕਰਜ਼ਾ ਪ੍ਰਾਪਤ ਕਰ ਗਿਆ ਅਤੇ ਸਾਡੇ ਹਾਕਮ ਨੇ 'ਬਿਹਾਰ' ਦੀ ਚੋਣ ਜਿੱਤਣ ਦਾ ਮਾਹੌਲ ਸਿਰਜਣ ਲਈ ਜੋ ਬਿਸਾਤ ਵਿਛਾਈ ਸੀ, ਉਸ ਨੂੰ ਸਫ਼ਲਤਾ ਨਾਲ ਨੇਪਰੇ ਚਾੜ੍ਹਨ 'ਚ ਕਾਮਯਾਬ ਹੋ ਗਿਆ। ਪਰ ਇੱਕ ਗੱਲ ਜਿਹੜੀ ਉਹ ਨਹੀਂ ਕਰ ਸਕਿਆ, ਉਹ ਹਿੰਦੂ, ਮੁਸਲਮਾਨਾਂ ਦਾ ਫਸਾਦ ਨਾ ਕਰਵਾ ਸਕਿਆ ਜਾਂ ਕਹਿ ਲਈਏ ਆਪਣੇ ਉਸ ਮਨਸੂਬੇ 'ਚ ਸਫ਼ਲ ਨਹੀਂ ਹੋ ਸਕਿਆ, ਜਿਸ ਨੂੰ ਬਣਾਉਣਾ ਉਸਨੇ ਚਿਤਵਿਆ ਸੀ। ਕੀ ਸੱਚ-ਮੁੱਚ ਸਾਡੇ ਹਾਕਮ ਦੇ ਮਨ ਵਿੱਚ ਅੱਤਵਾਦੀਆਂ ਨੂੰ ਸਬਕ ਸਿਖਾਉਣ ਤੇ ਉਹਨਾਂ ਦੇ ਪਾਲਣਹਾਰੇ ਪਾਕਿਸਤਾਨੀ ਹੁਕਮਰਾਨਾਂ ਨੂੰ ਸਬਕ ਸਿਖਾਉਣ ਦੀ ਮਨਸ਼ਾ ਸੀ ਜਾਂ ਮਨਸੂਬਾ ਸਿਰਫ਼ ਆਪਣੀ ਗੱਦੀ ਨੂੰ ਪੱਕਿਆ ਕਰਨਾ ਸੀ ? ਕਹਿੰਦੇ ਹਨ ਸਰਵਿਆਂ ਅਨੁਸਾਰ ਬਿਹਾਰ 'ਚ ਚੋਣ ਸੱਤਾਧਾਰੀ ਹਾਰ ਰਹੇ ਸਨ, ਜਿਸ ਦਾ ਅਸਰ ਸਿਰਫ਼ ਬਿਹਾਰ ਚੋਣਾਂ 'ਚ ਹੀ ਨਹੀਂ ਸੀ ਪੈਣਾ ਸਗੋਂ ਕੇਂਦਰ ਸਰਕਾਰ ਵੀ ਤੜੱਕ ਕਰਕੇ ਨਿਤੀਸ਼ ਕੁਮਾਰ ਕਾਰਨ ਡਿੱਗ ਪੈਣੀ ਸੀ। ਰਹੀ ਗੱਲ ਟਰੰਪ ਦੀ ਉਸਨੂੰ ਤਾਂ ਆਪਣੇ ਹਿੱਤ ਪਿਆਰੇ ਹਨ। ਉਸਨੇ ਤਾਂ ਆਪਣਾ ਫ਼ੌਜੀ ਸਮਾਨ ਵੇਚਣਾ ਹੈ। ਦੁਨੀਆਂ ਦਾ ਸਭ ਤੋਂ ਵੱਡਾ ਸੌਦਾਗਰ ਇਸ ਗੱਲ ਲਈ ਮਸ਼ਹੂਰ ਹੈ ਕਿ ਉਹ ਦੇਸ਼ਾਂ ਨੂੰ ਆਪਸ ਵਿੱਚ ਲੜਾਉਂਦਾ ਹੈ ਅਤੇ ਆਪਣੇ ਹਥਿਆਰ ਵੇਚਦਾ ਹੈ, ਚੋਖਾ ਮੁਨਾਫ਼ਾ ਕਮਾਉਂਦਾ ਹੈ। ਟਰੰਪ ਪ੍ਰਸ਼ਾਸਨ ਤਾਂ ਇਸ ਵੇਲੇ ਦੁਨੀਆਂ ਭਰ ਵਿੱਚ ਧੌਂਸ-ਧੱਕੇ ਲਈ ਮਸ਼ਹੂਰ ਹੈ। ਜਿਸ ਵੱਲੋਂ ਦੁਨੀਆਂ ਦੇ ਹਿੱਤ ਲਾਂਭੇ ਰੱਖ ਕੇ, ਅਮਰੀਕੀ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਨ ਲਈ ਸਿਰਫ਼ ਗੱਲਾਂ ਹੀ ਨਹੀਂ ਕੀਤੀਆਂ ਜਾ ਰਹੀਆਂ, ਸਗੋਂ ਅਮਲੀ ਕਦਮ ਵੀ ਪੁੱਟੇ ਜਾ ਰਹੇ ਹਨ। ਅਸਲ ਅਰਥਾਂ ਵਿੱਚ ਟਰੰਪ ਜੰਗ ਲਗਵਾਉਂਦਾ ਵੀ ਹੈ ਅਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਅਤੇ ਭਲ ਖੱਟਣ ਲਈ ਜੰਗ ਰੁਕਵਾਉਂਦਾ ਵੀ ਹੈ। ਹਿੰਦੁਸਤਾਨ-ਪਾਕਿਸਤਾਨ ਦੀ ਜੰਗ 'ਚ ਇੱਕ ਵਿਚੋਲੇ ਦਾ ਰੋਲ ਅਦਾ ਕਰਕੇ, ਉਹ ਅਮਨ ਦਾ ਮਸੀਹਾ ਬਣਨ ਦੇ ਯਤਨ 'ਚ ਹੈ। ਪਰ ਕੀ ਇਹ ਸੱਚ-ਮੁੱਚ ਇਵੇਂ ਹੀ ਹੈ ? ਜੇ ਹੈ ਤਾਂ ਰੂਸ- ਯੂਕ੍ਰੇਨ ਜੰਗ 'ਚ ਉਸਦੀ ਭੂਮਿਕਾ ਇੱਕ ਪੱਖੀ ਕਿਉਂ ਹੈ ? ਜੇ ਹੈ ਤਾਂ ਇਜ਼ਰਾਇਲ-ਹਮਾਸ 'ਚ ਉਸ ਦਾ ਰੋਲ ਇੱਕ ਪਾਸੜ ਕਿਉਂ ਹੈ ?

ਇਸ ਸਮੇਂ ਭਾਰਤ-ਪਾਕਿ ਜੰਗ ਅਤੇ ਜੰਗਬੰਦੀ 'ਚ ਟਰੰਪ ਦੀ ਭੂਮਿਕਾ ਦੀ ਵੱਡੀ ਚਰਚਾ ਹੈ। ਉਸਦਾ ਮਕਸਦ ਆਪਣਾ ਵਪਾਰ ਵਧਾਉਣਾ ਹੈ ਅਤੇ ਟਰੰਪ ਦੇ ਸ਼ਬਦਾਂ 'ਚ, ਦੋਹੇ ਧਿਰਾਂ ਉਸਦੀਆਂ ਪਿਆਰੀਆਂ ਹਨ। ਉਸ ਨੇ ਦੋਹਾਂ ਪਹਿਲਵਾਨਾਂ ਨੂੰ ਉਦੋਂ ਤੱਕ ਲੜਨ ਦਿੱਤਾ, ਜਦੋਂ ਤੱਕ ਉਸ ਨੇ ਚਾਹਿਆ ਜਾਂ ਜਿੱਥੋਂ ਤੱਕ ਉਸਦਾ ਹਿੱਤ ਸਾਧਿਆ ਮੰਨਿਆ ਗਿਆ। ਉਂਝ ਪਾਕਿਸਤਾਨ ਧਿਰ, ਉੱਥੋਂ ਦੇ ਹਾਕਮ ਪਰੇਸ਼ਾਨ ਹਨ, ਉਥੋਂ ਦੀ ਫ਼ੌਜ ਅਤੇ ਉਥੋਂ ਦੇ ਅੱਤਵਾਦੀ ਸੰਗਠਨਾਂ ਤੋਂ, ਜਿਹੜੇ ਚੈਨ ਨਾਲ਼ ਉਹਨਾਂ ਨੂੰ ਰਾਜ ਨਹੀਂ ਕਰਨ ਦਿੰਦੇ। ਇਹੋ ਵਜ੍ਹਾ ਹੈ ਕਿ ਉਸ ਦੀ ਸੈਨਾ ਅਤੇ ਅੱਤਵਾਦੀਆਂ ਨੂੰ ਭਾਰਤ ਦੇ ਗਲ ਪਾਈ ਰੱਖਦੇ ਹਨ। ਪਰ ਇਸ ਸਭ ਕੁਝ ਦਾ, ਸਭ ਤੋਂ ਭੈੜਾ ਅਸਰ ਪੰਜਾਬ 'ਤੇ ਪੈਂਦਾ ਹੈ। ਹੁਣ ਜਦੋਂ ਦੋਵੇਂ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੋਕ ਨੇੜੇ ਆ ਰਹੇ ਸਨ ਅਤੇ ਹੁਣ ਵੀ ਨੇੜੇ ਹਨ, ਦੂਰ ਨਹੀਂ, ਸਰਹੱਦ ਪਾਰ ਆਪਸੀ ਵਪਾਰ ਦੀਆਂ ਗੱਲਾਂ ਕਰਨ ਲੱਗ ਪਏ ਸਨ। ਇਹ ਗੱਲਾਂ ਹਾਕਮ ਨੂੰ ਸਖਾਂਦੀਆਂ ਨਹੀਂ। ਇਹੋ ਜਿਹਾ ਸੀਨ ਕੁਝ ਦਿਨਾਂ ਵਿੱਚ ਸਿਰਜ ਦਿੱਤਾ, ਦੋਹਾਂ ਧਿਰਾਂ ਦੀਆਂ ਸਵਾਰਥੀ ਹਾਕਮ ਧਿਰਾਂ ਨੇ , ਕਿ ਜੰਗ ਭਖ਼ ਪਈ, ਨੁਕਸਾਨ ਹੋਣ ਲੱਗ ਪਿਆ। ਠਾਹ-ਠੂਹ ਹੋਣ ਲੱਗ ਪਈ। ਲੋਕਾਂ ਦਾ ਚੈਨ ਵਿਗੜ ਗਿਆ ਅਤੇ ਵੱਡੇ ਨੁਕਸਾਨ ਦਾ ਖਦਸ਼ਾ ਅਤੇ ਮੌਤ ਦਾ ਡਰ ਮੰਡਰਾਉਣ ਲੱਗ ਪਿਆ।

ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਕਿ ਇਸ ਜੰਗ ਨਾਲ ਲੋਕਾਂ ਦਾ ਕਿੰਨਾ ਨੁਕਸਾਨ ਹੋਇਆ, ਕਿੰਨੇ ਵਿਸ਼ਵਾਸ ਤਿੜਕੇ, ਕਿੰਨੇ ਰਿਸ਼ਤੇ ਟੁੱਟੇ, ਕਿੰਨੇ ਹਿੰਦੁਸਤਾਨੀ, ਪਾਕਿਸਤਾਨੀ ਪਰੇਸ਼ਾਨ ਹੋਏ। ਉਹਨਾਂ ਕਿੰਨਾ ਮਾਨਸਿਕ ਸੰਤਾਪ ਹੰਢਾਇਆ, ਜਿਹੜੇ ਇਧਰ-ਉਧਰ ਵਿਆਹਾਂ ਬੰਧਨ ਵਿੱਚ ਬੱਧੇ ਹੋਏ ਹਨ। ਆਖਰ ਇਹ ਸਿਆਸਤ, ਹਾਕਮਾਂ ਦਾ ਇਹ ਚਿਹਰਾ, ਜਿਹੜਾ ਅਮਰੀਕੀ ਟਰੰਪ, ਰੂਸੀ ਪੁਤਿਨ ਤੋਂ ਸ਼ੁਰੂ ਹੁੰਦਾ ਹੈ ਅਤੇ ਸਾਡੇ ਹਾਕਮ ਤੱਕ ਪੁੱਜਦਾ ਹੈ, ਜਦੋਂ ਬੇਨਕਾਬ ਹੁੰਦਾ ਹੈ ਤਾਂ ਲੋਕਾਂ ਦੇ ਮਨਾਂ 'ਚ ਲੋਕਤੰਤਰ, ਅਮਨ ਦੀ ਬਾਤ, ਲੋਕ ਹਿਤੈਸ਼ੀ ਯੋਜਨਾਵਾਂ ਅਤੇ ਪਖੰਡ ਦਾ ਪਰਦਾਫਾਸ਼ ਹੁੰਦਾ ਹੈ।

ਸੱਚ-ਮੁੱਚ ਜੇਕਰ ਭਾਰਤ-ਪਾਕਿਸਤਾਨ ਦੇ ਹਾਕਮ ਆਪ ਹੀ ਵਿਚਾਰ ਲੈਂਦੇ ਕਿ ਜੋ ਘਟਨਾ ਪਹਿਲਗਾਮ 'ਚ ਵਾਪਰੀ, ਉਸ ਦਾ ਨਿਰਣਾ ਕਰਕੇ, ਦੋਸ਼ੀਆਂ ਨੂੰ ਸਜ਼ਾ ਮਿਲਦੀ ਅਤੇ ਉਹ ਵੀ ਆਪਸੀ ਗੱਲਬਾਤ ਅਤੇ ਆਪਸੀ ਭਰੋਸੇ ਨਾਲ ਤਾਂ ਦੋਹਾਂ ਦੇਸ਼ਾਂ 'ਚ ਜਿਹੜੀ ਫ਼ਿੱਕ ਸਿੰਧੂ ਨਦੀ ਦਾ ਪਾਣੀ ਰੋਕ ਕੇ, ਇੱਕ-ਦੂਜੇ ਦੇਸ਼ ਦੇ ਡਿਪਲੋਮੈਟ ਆਪੋ-ਆਪਣੇ ਦੇਸ਼ਾਂ ਤੋਂ ਭਜਾ ਕੇ ਅਤੇ ਆਪਸੀ ਕੁੜੱਤਣ ਭਰ ਕੇ ਪਾਈ ਗਈ ਹੈ, ਉਹ ਇੰਵ ਨਾ ਹੁੰਦੀ ਤੇ ਦੁਨੀਆਂ ਦੇ ਵੱਡੇ ਵਪਾਰੀ 'ਟਰੰਪ' ਨੂੰ ਦੋ ਮੁਲਕਾਂ ਦੀ 'ਪ੍ਰਭੂਸੱਤਾ' ਨੂੰ ਆਪਣੇ ਪੈਰਾਂ ਹੇਠ ਮਿੱਧਣ ਦਾ ਮੌਕਾ ਹੀ ਨਾ ਮਿਲ਼ਦਾ।

ਕੀ ਭਾਰਤ ਵੱਲੋਂ ਰੱਦ ਕੀਤਾ ਸਿੰਧੂ ਨਦੀ ਸਮਝੌਤਾ ਅਤੇ ਪਾਕਿਸਤਾਨ ਵੱਲੋਂ ਰੱਦ ਕੀਤਾ ਸ਼ਿਮਲਾ ਸਮਝੌਤਾ ਅਤੇ ਕਸ਼ਮੀਰ ਦਾ ਮਸਲਾ ਹੁਣ ਅਮਰੀਕਾ ਦੀ ਵਿਚੋਲਗੀ ਨਾਲ ਹੀ ਹੱਲ ਹੋਏਗਾ, ਜਿਸ ਸੰਬੰਧੀ ਭਾਰਤ ਦੋਹਾਂ ਦੇਸ਼ਾਂ 'ਚ ਕਿਸੇ ਦੇਸ਼ ਦੀ ਵਿਚੋਲਗੀ ਪਿਛਲੇ ਸਮੇਂ 'ਚ ਪ੍ਰਵਾਨ ਨਹੀਂ ਕਰਦਾ ਰਿਹਾ।

ਬਿਨ੍ਹਾਂ ਸ਼ੱਕ ਭਾਰਤ ਅਤ ਪਾਕਿਸਤਾਨ ਵਿਚਕਾਰ ਜੰਗਬੰਦੀ ਸਵਾਗਤ ਯੋਗ ਸਕਰਾਤਮਕ ਅਤੇ ਜ਼ਰੂਰੀ ਕਦਮ ਹੈ। ਪਰ ਜੰਗਬੰਦੀ ਨੂੰ ਸੁਲਝਾਉਣ ਲਈ ਅਮਰੀਕਾ ਦੀ ਕਥਿਤ ਸ਼ਮੂਲੀਅਤ ਚਿੰਤਾਜਨਕ ਹੈ। ਕੀ ਇਸ ਨਾਲ ਦੱਖਣੀ ਏਸ਼ੀਆਂ ਵਿੱਚ ਉਸਦੀ ਆਮ ਸਰਦਾਰੀ ਅਤੇ ਅਸਥਿਰਤਾ ਵੀ ਭੂਮਿਕਾ ਨਿਭਾਉਣ ਦਾ ਰਾਹ ਨਹੀਂ ਖੁਲ੍ਹਦਾ ? ਚਾਹੀਦਾ ਤਾਂ ਇਹ ਸੀ ਕਿ ਦੋਵੇਂ ਦੇਸ਼ਾਂ ਦੇ ਨੇਤਾ ਸਮਰਾਜਵਾਦੀ ਦਖ਼ਲਅੰਦਾਜ਼ੀ ਨੂੰ ਰੱਦ ਕਰਕੇ ਆਪਸੀ ਵਿਸ਼ਵਾਸ, ਸਤਿਕਾਰ ਅਤੇ ਲੋਕਾਂ ਦੀ ਇਛਾਵਾਂ 'ਤੇ ਅਧਾਰਤ ਕੰਮ ਕਰਦੇ, ਕਿਉਂਕਿ ਦੋਹਾਂ ਦੇਸ਼ਾਂ ਦੇ ਲੋਕ ਜੰਗ ਨਹੀਂ ਅਮਨ ਚਾਹੁੰਦੇ ਹਨ। ਵੇਖਣਾ ਇਹ ਵੀ ਹੋਵੇਗਾ ਕਿ ਅਮਰੀਕਾ ਦੁਆਰਾ ਕੀਤੀ ਵਿਚੋਲਗੀ ਕੀ ਆਖ਼ਿਰ ਹੈ ਕੀ ਸੀ ?

ਇਸ ਸੰਬੰਧੀ ਟਰੰਪ ਦਾ ਬਿਆਨ ਪੜ੍ਹਨ ਵਾਲਾ ਹੈ, ਜੋ ਉਸਦੀ ਸ਼ਾਹੂਕਾਰੀ, ਵਪਾਰਕ ਸੋਚ ਦੀ ਤਰਜ਼ਮਾਨੀ ਕਰਨ ਵਾਲਾ ਅਤੇ ਅਮਰੀਕੀ ਹਿੱਤ ਸਾਧਨ ਵਾਲਾ ਹੈ।

ਟਰੰਪ ਦੇ ਬਿਆਨ ਦੇ ਕੁਝ ਅੰਸ਼ ਪੜ੍ਹੋ 'ਮੈਨੂੰ ਮਾਣ ਹੈ ਕਿ ਅਮਰੀਕਾ ਇਸ ਇਤਿਹਾਸਕ ਅਤੇ ਦਲੇਰਾਨਾ ਫ਼ੈਸਲੇ 'ਤੇ ਪਹੁੰਚਣ ਵਿੱਚ ਤੁਹਾਡੀ ਮਦਦ ਕਰਨ ਦੇ ਯੋਗ ਸੀ। ਭਾਵੇਂ ਇਸ ਬਾਰੇ ਚਰਚਾ ਨਹੀਂ ਕੀਤੀ ਗਈ, ਮੈਂ ਇਹਨਾਂ ਦੋਹਾਂ ਮਹਾਨ ਦੇਸ਼ਾਂ ਨਾਲ ਵਪਾਰ ਨੂੰ ਕਾਫ਼ੀ ਹੱਦ ਤੱਕ ਵਧਾਉਣ ਜਾ ਰਿਹਾ ਹਾਂ।' ਵਪਾਰੀ, ਚੌਧਰ, ਸਿਹਰਾ ਤਿੰਨ ਸ਼ਬਦ ਹਨ, ਜੋ ਟਰੰਪ ਕਾਰਡ ਦੀ ਤਰਜਮਾਨੀ ਕਰਨ ਵਾਲੇ ਹਨ। ਜੇਕਰ ਸੱਚਮੁੱਚ ਭਾਰਤ ਮਹਾਨ ਬਣ ਰਿਹਾ ਹੈ, ਜੇਕਰ ਸੱਚਮੁੱਚ ਭਾਰਤ ਵੱਡੀ ਆਰਥਿਕ ਸ਼ਕਤੀ ਬਣ ਰਿਹਾ ਹੈ ਤਾਂ ਉਹ 'ਚੀਨ' ਵਾਂਗਰ ਦੁਨੀਆਂ ਦੇ ਵੱਡੇ 'ਥਾਣੇਦਾਰ' ਵਿਰੁੱਧ ਹਿੱਕ ਡਾਹ ਕੇ ਕਿਉਂ ਨਹੀਂ ਖੜਦਾ ? ਕਿਉਂ ਉਸ ਦੀਆਂ ਟੈਰਿਫ਼ ਸ਼ਰਤਾਂ ਅਤੇ ਹੋਰ ਹੁਕਮਾਂ ਨੂੰ ਅੱਖਾਂ ਮੀਟਕੇ ਮੰਨ ਕੇ ਉਸ ਦੀ 'ਜੀ- ਹਜ਼ੂਰੀ' ਕਰ ਰਿਹਾ ਹੈ ?

ਅੱਜ ਟਰੰਪ ਨੇ ਦੋਹਾਂ ਦੇਸ਼ਾਂ ਨੂੰ ਆਪਣੀ ਮੁੱਠੀ 'ਚ ਕਰਕੇ ਇਹੋ-ਜਿਹਾ ਕਾਰਡ ਖੇਡਿਆ ਹੈ, ਜਿਸ ਨਾਲ ਦੇਸ਼ ਭਾਰਤ ਦਾ 'ਵੱਡੇ ਹੋਣ ਦਾ ਵੱਕਾਰ' ਦਾਅ 'ਤੇ ਲੱਗਾ ਹੈ।

# ਭਾਰਤ ਤੇ ਪਾਕਿਸਤਾਨ ਦੇ ਉਜਾੜੇ ਤੇ ਤਬਾਹੀ ਦਾ ਕਾਰਨ ਬਣੇਗੀ ਪ੍ਰਮਾਣੂ ਜੰਗ



ਬਲਵਿੰਦਰ ਸਿੰਘ ਭੁੱਲਰ

ਪਹਿਲਗਾਮ ਵਿਖੇ ਪਾਕਿਸਤਾਨ ਤੋਂ ਟਰੇਨਿੰਗ ਹਾਸਲ ਅੱਤਵਾਦੀਆਂ ਵੱਲੋਂ ਸੁੰਦਰ ਜਗ੍ਹਾ, ਜਿਸਨੂੰ ਮਿਨੀ ਸਵਿੱਟਜ਼ਰਲੈਂਡ ਕਿਹਾ ਜਾਂਦਾ ਹੈ, ਵਿਖੇ ਘੁੰਮਣ ਆਏ ਬੇਕਸੂਰ ਛੱਬੀ ਸੈਲਾਨੀਆਂ ਨੂੰ ਗੋਲੀਆਂ ਨਾਲ ਮਾਰ ਮੁਕਾਉਣ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦਰਮਿਆਨ ਕੁੜੱਤਣ ਬਹੁਤ ਵਧ ਗਈ ਹੈ। ਇਸ ਘਿਨਾਉਣੀ ਘਟਨਾ ਨੇ ਕੇਵਲ ਭਾਰਤ ਹੀ ਨਹੀਂ ਸਮੁੱਚੀ ਦੁਨੀਆਂ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ ਹਨ। ਅੰਤਰਰਾਸ਼ਟਰੀ ਪੱਧਰ ’ਤੇ ਇਸ ਅੱਤਵਾਦੀ ਕਾਰਵਾਈ ਦੀ ਨਿੰਦਾ ਹੋ ਰਹੀ ਹੈ।

ਭਾਰਤ ਵੱਲੋਂ ਪਾਕਿਸਤਾਨ ਦੇ ਕੁਝ ਦਹਿਸ਼ਤੀ ਟਿਕਾਣਿਆਂ ’ਤੇ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਤਨਾਓ ਵੱਧ ਗਿਆ ਹੈ। ਹਾਲਾਤ ਅਜਿਹੇ ਬਣੇ ਹੋਏ ਹਨ ਕਿ ਪ੍ਰਮਾਣੂ ਜੰਗ ਦਾ ਖਤਰਾ ਵੀ ਮੰਡਲਾਅ ਰਿਹਾ ਹੈ, ਜਿਸ ਨਾਲ ਮਨੁੱਖਤਾ ਦਾ ਨਾ ਸੋਚਿਆ ਜਾ ਸਕਣ ਵਾਲਾ ਘਾਣ ਹੋਣ ਦਾ ਖਦਸ਼ਾ ਵਿਖਾਈ ਦਿੰਦਾ ਹੈ। ਹਾਲਾਂਕਿ ਅਜਿਹੀ ਜੰਗ ਦੀ ਬਹੁਤੀ ਸੰਭਾਵਨਾ ਤਾਂ ਨਹੀਂ, ਪਰ ਯੁੱਧ ਵਿੱਚ ਕੁਝ ਵੀ ਹੋ ਸਕਦਾ ਹੈ, ਇਸ ਤੱਥ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ। ਦੋਵੇਂ ਦੇਸ਼ ਪ੍ਰਮਾਣੂ ਬੰਬਾਂ ਨਾਲ ਲੈਸ ਹਨ। ਜੇਕਰ ਪ੍ਰਮਾਣੂ ਸ਼ਕਤੀ ’ਤੇ ਨਿਗਾਹ ਮਾਰੀ ਜਾਵੇ ਤਾਂ ਭਾਰਤ ਜ਼ਿਆਦਾ ਤਾਕਤਵਰ ਹੈ। ਭਾਰਤ 1974 ਵਿੱਚ ਹੀ ਪ੍ਰਮਾਣੂ ਸ਼ਕਤੀ ਬਣ ਗਿਆ ਸੀ, ਜਦੋਂ ਕਿ ਪਾਕਿਸਤਾਨ ਨੇ 1998 ਵਿੱਚ ਅਜਿਹੇ ਬੰਬ ਤਿਆਰ ਕੀਤੇ। ਦੋਵਾਂ ਦੇਸ਼ਾਂ ਕੋਲ ਪ੍ਰਮਾਣੂ ਬੰਬਾਂ ਦੀ ਗਿਣਤੀ 170 ਦੇ ਅੰਕੜੇ ਦੇ ਨਜ਼ਦੀਕ ਹੈ, ਪਰ ਅੱਜ ਤਕ ਕਿਸੇ ਨੇ ਵੀ ਪ੍ਰਮਾਣੂ ਬੰਬਾਂ ਦੀ ਵਰਤੋਂ ਨਹੀਂ ਕੀਤੀ। ਭਾਰਤ ਨੇ ਪ੍ਰਮਾਣੂ ਸ਼ਕਤੀ ਬਣ ਜਾਣ ’ਤੇ ਐਲਾਨ ਕੀਤਾ ਸੀ ਕਿ ਉਹ ਵੱਡੀ ਵਿਚਾਰ ਚਰਚਾ ਅਤੇ ਸੰਘਰਸ਼ ਤੋਂ ਬਗੈਰ ਅਜਿਹੇ ਬੰਬਾਂ ਦੀ ਵਰਤੋਂ ਨਹੀਂ ਕਰੇਗਾ, ਪਰ ਪਾਕਿਸਤਾਨ ਨੇ ਅਜਿਹਾ ਕੋਈ ਐਲਾਨ ਨਹੀਂ ਸੀ ਕੀਤਾ, ਇਸ ਲਈ 2019 ਵਿੱਚ ਭਾਰਤ ਨੇ ਵੀ ਕਿਹਾ ਸੀ ਕਿ ਉਹ ਆਪਣੇ ਐਲਾਨ ’ਤੇ ਮੁੜ ਵਿਚਾਰ ਕਰ ਰਿਹਾ ਹੈ। ਇਹ ਸਪਸ਼ਟ ਹੈ ਕਿ ਦੋਵਾਂ ਦੇਸ਼ਾਂ ਦੀ ਜੰਗ ਲੱਗਣ ਦਾ ਖਤਰਾ ਸਿਖ਼ਰਾਂ ’ਤੇ ਪੁੱਜਾ ਹੋਇਆ ਹੈ। ਪਾਕਿਸਤਾਨ ਸਰਕਾਰ ਅਤੇ ਫ਼ੌਜ ਵੀ ਕਹਿ ਰਹੀ ਹੈ ਕਿ ਭਾਰਤੀ ਫ਼ੌਜ ਕਿਸੇ ਵੀ ਸਮੇਂ ਹਮਲਾ ਕਰ ਸਕਦੀ ਹੈ, ਉਹ ਚਿੰਤਾ ਅਤੇ ਡਰ ਦੇ ਸਾਏ ਹੇਠ ਹੈ ਪਰ ਆਪਣੀ ਫ਼ਿਤਰਤ ਅਨੁਸਾਰ ਧਮਕੀਆਂ ਦੇ ਕੇ ਡਰਾਉਣ ਦਾ ਯਤਨ ਕਰ ਰਿਹਾ ਹੈ।

ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਜੇਕਰ ਅਜਿਹੀ ਸਥਿਤੀ ਪੈਦਾ ਹੋ ਜਾਂਦੀ ਹੈ ਤਾਂ ਵੱਧ ਨੁਕਸਾਨ ਪਾਕਿਸਤਾਨ ਦਾ ਹੀ ਹੋਵੇਗਾ। ਭਾਰਤ ਦਾ ਰਕਬਾ 32 ਲੱਖ 87 ਹਜ਼ਾਰ 263 ਕਿਲੋਮੀਟਰ ਹੈ ਅਤੇ ਪਾਕਿਸਤਾਨ ਦਾ



8 ਲੱਖ 81 ਹਜ਼ਾਰ 913 ਕਿਲੋਮੀਟਰ ਹੈ। ਅਬਾਦੀ ਪੱਖੋਂ ਵੀ ਭਾਰਤ ਵੱਡਾ ਹੈ, ਇਸ ਸਮੇਂ ਭਾਰਤ ਦੀ ਅਬਾਦੀ ਤਕਰੀਬਨ 143.81 ਕਰੋੜ ਹੈ ਜਦੋਂ ਕਿ ਪਾਕਿਸਤਾਨ ਦੀ 24.75 ਕਰੋੜ ਹੈ। ਭਾਰਤ ਵਿੱਚ ਸੈਂਕੜੇ ਵੱਡੇ ਸ਼ਹਿਰ ਹਨ, ਜਿਨ੍ਹਾਂ ਦੀ ਅਬਾਦੀ ਕਈ ਕਈ ਲੱਖਾਂ ਤਕ ਹੈ, ਪਰ ਪਾਕਿਸਤਾਨ ਦੇ ਤਾਂ ਲਾਹੌਰ, ਕਰਾਂਚੀ, ਇਸਲਾਮਾਬਾਦ, ਪੇਸ਼ਾਵਰ ਆਦਿ ਅੱਧੀ ਦਰਜਨ ਤੋਂ ਵੀ ਘੱਟ ਹਨ, ਜਿਨ੍ਹਾਂ ਨੂੰ ਅਸਾਨੀ ਨਾਲ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਪਾਕਿਸਤਾਨ ਦੇ ਅੰਦਰ ਵੀ ਸਭ ਅੱਛਾ ਨਹੀਂ ਹੈ। ਖੈਬਰ ਪਖਤੂਨਵਾ ਦੇ ਇੱਕ ਇਸਲਾਮਿਕ ਪ੍ਰਚਾਰਕ ਅਤੇ ਬਲੋਚਸਤਾਨ ਦੇ ਹੀ ਇੱਕ ਸਮਾਜ ਸੇਵਕ ਅਹਸਰ ਮਸਤੀਖਾਨ ਨੇ ਖੁੱਲ੍ਹੇ ਤੌਰ ’ਤੇ ਐਲਾਨ ਕੀਤਾ ਹੈ ਕਿ ਜੇਕਰ ਭਾਰਤੀ ਫ਼ੌਜ ਨੇ ਹਮਲਾ ਕੀਤਾ ਤਾਂ ਉਹ ਪਾਕਿਸਤਾਨੀ ਫ਼ੌਜ ਨਾਲ ਨਹੀਂ ਖੜ੍ਹਣਗੇ ਸਗੋਂ ਭਾਰਤੀ ਫ਼ੌਜ ਦਾ ਸਵਾਗਤ ਕਰਨਗੇ, ਕਿਉਂਕਿ ਪਾਕਿਸਤਾਨ ਦੀ ਫ਼ੌਜ ਨੇ ਉਹਨਾਂ ਉੱਪਰ ਬਹੁਤ ਅੱਤਿਆਚਾਰ ਕੀਤੇ ਹਨ।

ਭਾਰਤੀ ਫ਼ੌਜ ਭਾਵੇਂ ਪੂਰੀ ਤਰ੍ਹਾਂ ਤਿਆਰ ਬਰ ਤਿਆਰ ਹੈ, ਪਰ ਦੇਸ਼ ਦੀ ਸਰਕਾਰ ਅਜੇ ਸੰਜਮ ਤੋਂ ਵੀ ਕੰਮ ਲੈ ਰਹੀ ਹੈ। ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਹੋਰ ਕਈ ਤਰ੍ਹਾਂ ਦੇ ਹੱਥਕੰਡੇ ਵਰਤ ਰਹੀ ਹੈ। ਜਿਵੇਂ ਚਨਾਬ ਦਰਿਆ ਦਾ ਪਾਕਿਸਤਾਨ ਵੱਲ ਜਾ ਰਿਹਾ ਪਾਣੀ ਬਗਲਿਹਾਰ ਬੰਧ ’ਤੇ ਰੋਕ ਲਿਆ ਗਿਆ ਹੈ ਅਤੇ ਜੇਹਲਮ ਦਰਿਆ ਦਾ ਪਾਣੀ ਕਿਸ਼ਨਗੰਗਾ ਬੰਧ ’ਤੇ ਰੋਕਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਪਾਣੀ ਰੋਕਣ ਨਾਲ ਪਾਕਿਸਤਾਨ ਦੀ ਬਹੁਤ ਭੂਮੀ ਬੰਜਰ ਹੋਣ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ। ਪਹਿਲਾਂ ਹੀ ਪਾਕਿਸਤਾਨ ਦੀ ਆਰਥਿਕ ਅਤੇ ਰਾਜਨੀਤਕ ਹਾਲਤ ਮਾੜੀ ਹੈ। ਆਮ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਆਰਥਿਕ ਮੰਦੀ ਕਾਰਨ ਉਹਨਾਂ ਦਾ ਜਿਊਣਾ ਮੁਹਾਲ ਹੋ ਚੁੱਕਾ ਹੈ। ਜੰਗ ਨਾਲ ਉਸਦੀ ਬਚੀ ਖੁਚੀ ਆਰਥਿਕਤਾ ਵੀ ਤਬਾਹ ਹੋ ਜਾਵੇਗੀ।

ਭਾਰਤ ਬਹੁਤ ਵੱਡਾ ਦੇਸ਼ ਹੈ ਅਤੇ ਵਿਕਾਸ ਪੱਖੋਂ ਵੀ ਦੁਨੀਆਂ ਦੇ ਵੱਡੇ ਦੇਸ਼ਾਂ ਦੇ ਮੁਕਾਬਲੇ ਵਿੱਚ ਹੈ। ਇਹ ਸੱਚਾਈ ਹੈ ਕਿ ਜੰਗ ਨਾਲ ਨੁਕਸਾਨ ਹੋਵੇਗਾ ਪਰ ਉਹ ਤਬਾਹੀ ਦੇ ਨੇੜੇ ਨਹੀਂ ਹੈ। ਜਿੱਥੋਂ ਤੱਕ ਦੁਨੀਆਂ ਦੇ ਦੂਜੇ ਦੇਸ਼ਾਂ ਵੱਲੋਂ ਸਹਿਯੋਗ ਮਿਲਣ ਦੀ ਚਰਚਾ ਛਿੜੀ ਹੋਈ ਹੈ, ਦੁਨੀਆਂ ਦਾ ਕੋਈ ਵੀ ਦੇਸ਼ ਅੱਤਵਾਦੀ ਕਾਰਵਾਈਆਂ ਨੂੰ ਜਾਇਜ਼ ਨਹੀਂ ਠਹਿਰਾ ਰਿਹਾ। ਪਾਕਿਸਤਾਨ ਨੂੰ ਕੇਵਲ ਚੀਨ ਤੋਂ ਮਦਦ ਮਿਲਣ ਦੀ ਸੰਭਾਵਨਾ ਜ਼ਰੂਰ ਵਿਖਾਈ ਦਿੰਦੀ ਹੈ, ਪਰ ਭਾਰਤ ਨੂੰ ਅੰਤਰਰਾਸ਼ਟਰੀ ਪੱਧਰ ਤੋਂ ਸਹਿਯੋਗ ਮਿਲਣ ਦੀ ਉਮੀਦ ਹੈ। ਦੁਨੀਆਂ ਦੇ ਵੱਡੇ ਦੇਸ਼ ਅਮਰੀਕਾ, ਰੂਸ, ਇੰਗਲੈਂਡ, ਜਪਾਨ ਆਦਿ ਨੇ ਤਾਂ ਅਜਿਹਾ ਇਸ਼ਾਰਾ ਵੀ ਕੀਤਾ ਹੈ। ਚੀਨ ਬਾਰੇ ਭਾਵੇਂ ਪਾਕਿਸਤਾਨੀ ਨੂੰ ਮਦਦ ਦੇਣ ਦੇ ਅੰਦਾਜ਼ੇ ਤਾਂ ਲਾਏ ਜਾ ਰਹੇ ਹਨ, ਪਰ ਚੀਨ ਇੱਕ ਵਪਾਰਕ ਦੇਸ਼ ਹੈ ਅਤੇ ਉਸ ਲਈ ਸਮਾਨ ਵੇਚਣ ਵਾਸਤੇ ਤਾਂ ਭਾਰਤ ਪਾਕਿਸਤਾਨ ਨਾਲੋਂ ਕਈ ਗੁਣਾ ਵੱਡੀ ਮੰਡੀ ਹੈ। ਜੇਕਰ ਚੀਨ ਦੇ ਭਾਰਤ ਨਾਲ ਸੰਬੰਧ ਵਿਗੜ ਗਏ ਤਾਂ ਉਸਦਾ ਭਾਰੀ ਆਰਥਿਕ ਨੁਕਸਾਨ ਹੋਵੇਗਾ ਅਤੇ ਵਪਾਰੀ ਕਦੇ ਵੀ ਅਜਿਹਾ ਬਰਦਾਸ਼ਤ ਨਹੀਂ ਕਰ ਸਕਦਾ, ਇਸ ਲਈ ਚੀਨ ਵੀ ਅਜਿਹੇ ਮੌਕੇ ਚੁੱਪ ਵੱਟ ਸਕਦਾ ਹੈ।

ਆਖ਼ਰ ਇਸ ਨਤੀਜੇ ’ਤੇ ਹੀ ਪਹੁੰਚਦੇ ਹਾਂ ਕਿ ਜੇਕਰ ਦੋਵਾਂ ਦੇਸ਼ਾਂ ਦੀ ਵਧ ਰਹੀ ਕੁੜੱਤਣ ਪ੍ਰਮਾਣੂ ਲੜਾਈ ਤਕ ਪਹੁੰਚ ਗਈ ਤਾਂ ਪਾਕਿਸਤਾਨ ਤਬਾਹੀ ਵੱਲ ਚਲਾ ਜਾਵੇਗਾ ਅਤੇ ਭਾਰਤ ਦਾ ਵੀ ਬਹੁਤ ਨੁਕਸਾਨ ਹੋਵੇਗਾ। ਅਜਿਹੀ ਲੜਾਈ ਮਨੁੱਖਤਾ ਦੇ ਘਾਣ ਦਾ ਕਾਰਨ ਬਣੇਗੀ। ਦੋਵਾਂ ਦੇਸ਼ਾਂ ਦੀ ਆਰਥਿਕਤਾ ਤੇ ਸੱਟ ਵੱਜੇਗੀ, ਵਿਕਾਸ ਰੁਕ ਜਾਵੇਗਾ, ਅੰਦਰੂਨੀ ਸੰਕਟ ਵਧ ਜਾਣਗੇ ਅਤੇ ਸ਼ਾਇਦ ਸੰਸਾਰ ਪੱਧਰ ਦੇ ਯੁੱਧ ਵੱਲ ਕਦਮ ਪੁੱਟੇ ਜਾਣ। ਜੰਗ ਵਿਕਾਸ ਨਹੀਂ, ਵਿਨਾਸ ਦਾ ਕਾਰਨ ਹੀ ਬਣਦੀ ਹੈ। ਇਸ ਨੂੰ ਰੋਕਣਾ ਹੀ ਮਨੁੱਖਤਾ ਦੀ ਭਲਾਈ ਵਿੱਚ ਹੁੰਦਾ ਹੈ। ਸੋ ਦੋਵਾਂ ਦੇਸ਼ਾਂ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ, ਸਿੱਧੀ ਲੜਾਈ ਤੋਂ ਬਚਣਾ ਚਾਹੀਦਾ ਹੈ। ਦੁਨੀਆਂ ਭਰ ਦੇ ਦੇਸ਼ਾਂ ਨੂੰ ਅਜਿਹੇ ਹਾਲਾਤ ਨੂੰ ਸੁਖਾਵੇਂ ਬਣਾਉਣ ਲਈ ਅੱਗੇ ਹੋ ਕੇ ਸੰਵਾਦ ਰਚਾਉਣਾ ਚਾਹੀਦਾ ਹੈ ਤਾਂ ਜੋ ਕਿਸੇ ਸਾਰਥਿਕ ਨਤੀਜੇ ’ਤੇ ਪਹੁੰਚਿਆ ਜਾ ਸਕੇ। ਸਮੁੱਚੀ ਦੁਨੀਆਂ ਨੂੰ ਮਨੁੱਖਤਾ ਵਿਰੋਧੀ ਅੱਤਵਾਦ ਦੀ ਨਿੰਦਾ ਕਰਕੇ ਉਸ ਨੂੰ ਰੋਕਣ ਲਈ ਇੱਕਮੁੱਠਤਾ ਨਾਲ ਕੰਮ ਕਰਨਾ ਚਾਹੀਦਾ ਹੈ।

# ਵਿਸ਼ਵ ’ਚ ਵੱਧ ਰਿਹੈ ਪ੍ਰਮਾਣੂ ਹਥਿਆਰਾਂ ਦਾ ਖ਼ਤਰਾ

ਡਾ. ਅਰੁਣ ਮਿੱਤਰਾ

ਮੱਧ ਪੂਰਬ ਵਿੱਚ ਅਤੇ ਰੂਸ ਤੇ ਯੂਕ੍ਰੇਨ ਵਿਚਕਾਰ ਜੰਗਾਂ ਦੇ ਨਤੀਜੇ ਵਜੋਂ ਮਨੁੱਖੀ ਸੰਕਟ ਆਪਣੇ ਸਿਖਰ ’ਤੇ ਹੈ। ਇਜ਼ਰਾਇਲ ਅਤੇ ਹਮਾਸ ਵਿਚਕਾਰ ਜੰਗਬੰਦੀ ਦੇ ਬਾਵਜੂਦ ਗਾਜ਼ਾ ਦੇ ਬੇਸਹਾਰਾ ਨਾਗਰਿਕਾਂ ਨੂੰ ਬੰਬ ਧਮਾਕਿਆਂ ਤੋਂ ਕੋਈ ਰਾਹਤ ਨਹੀਂ ਮਿਲੀ ਹੈ। ਜੇਕਰ ਅਸੀਂ ਵੱਡੇ ਅਨੁਮਾਨਾਂ ’ਤੇ ਚੱਲੀਏ ਤਾਂ ਹੁਣ ਤੱਕ ਇੱਕ ਲੱਖ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ। ਇਹ ਅਸਲ ਵਿੱਚ ਇਜ਼ਰਾਇਲ ਦੇ ਜ਼ਾਇਨਵਾਦੀ ਸ਼ਾਸਨ ਦੁਆਰਾ ਫ਼ਲਸਤੀਨੀਆਂ ਨੂੰ ਖ਼ਤਮ ਕਰਨ ਲਈ ਸਪੱਸ਼ਟ ਹਮਲਾ ਹੈ। ਪੈਰਾ-ਮੈਡੀਕਲ ਕਰਮਚਾਰੀਆਂ ਦੀ ਹਾਲ ਹੀ ਵਿੱਚ ਹੋਈ ਹੱਤਿਆ ਇਸ ਗੱਲ ਨੂੰ ਸਾਬਿਤ ਕਰਦੀ ਹੈ। ਅਮਰੀਕੀ ਪ੍ਰਸ਼ਾਸਨ ਨਵੀਨਤਮ ਉੱਚ-ਸ਼ਕਤੀ ਵਾਲੇ ਬੰਬਾਂ ਨਾਲ ਇਜ਼ਰਾਇਲ ਦਾ ਪੂਰਾ ਸਮਰਥਨ ਕਰ ਰਿਹਾ ਹੈ ਅਤੇ ਹਰ ਹਾਲਾਤ ਵਿੱਚ ਇਜ਼ਰਾਇਲ ਦੇ ਪਿੱਛੇ ਹੈ। ਇਸ ਨੇ ਜਨਵਰੀ 2025 ਵਿੱਚ ਇਜ਼ਰਾਇਲ ਨੂੰ 2000 ਪੌਂਡ ਦੇ ਬੰਬ ਜਾਰੀ ਕਰਨ ਦਾ ਅਧਿਕਾਰ ਦਿੱਤਾ। ਇਸ ਹਥਿਆਰ ’ਤੇ ਪਹਿਲਾਂ ਰੋਕ ਲਾਈ ਗਈ ਸੀ।

ਇਸੇ ਤਰ੍ਹਾਂ ਰੂਸ-ਯੂਕ੍ਰੇਨ ਯੁੱਧ ਦੇ ਨਤੀਜੇ ਵਜੋਂ ਮਨੁੱਖੀ ਦੁੱਖਾਂ ਦਾ ਅੰਤ ਨੇੜਲੇ ਭਵਿੱਖ ਵਿੱਚ ਹਕੀਕਤ ਬਣਦਾ ਨਹੀਂ ਜਾਪਦਾ, ਇਹ ਕਿ ਅਮਰੀਕਾ ਅਤੇ ਰੂਸੀ ਸਰਕਾਰਾਂ ਵਿਚਕਾਰ ਯੁੱਧ ਨੂੰ ਖ਼ਤਮ ਕਰਨ ਲਈ ਗੱਲਬਾਤ ਦਾ ਜਲਦੀ ਹੀ ਨਤੀਜਾ ਨਿਕਲੇਗਾ, ਅਨਿਸ਼ਚਿਤ ਹੈ। ਯੂਰੋਪੀਅਨ ਯੂਨੀਅਨ ਨੇ ਇਸ ਗੱਲਬਾਤ ’ਤੇ ਸਖ਼ਤ ਇਤਰਾਜ਼ ਜਤਾਇਆ ਹੈ। ਯੂਰੋਪੀਅਨ ਯੂਨੀਅਨ ਦੇ ਕਈ ਮੈਂਬਰ ਦੇਸ਼ਾਂ ਨੇ ਯੂਕ੍ਰੇਨ ਸਰਕਾਰ ਨੂੰ ਫ਼ੌਜੀ ਸਹਾਇਤਾ ਦਾ ਐਲਾਨ ਕੀਤਾ ਹੈ। ਯੂਕ੍ਰੇਨ ਦੁਆਰਾ ਜਾਰੀ ਕੀਤੇ



ਅੰਕੜਿਆਂ, ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਤੇ ਬੀ.ਬੀ.ਸੀ. ਰੂਸ ਦੁਆਰਾ ਪ੍ਰਕਾਸ਼ਿਤ ਓਪਨ-ਸੋਰਸ ਡੇਟਾ ਅਨੁਸਾਰ, 31 ਮਾਰਚ 2025 ਤੱਕ ਯੂਕ੍ਰੇਨੀ ਅਤੇ ਰੂਸੀ ਸੈਨਿਕਾਂ ਦੇ ਨਾਲ-ਨਾਲ ਯੂਕ੍ਰੇਨੀ ਨਾਗਰਿਕਾਂ ਦੀ ਕੁੱਲ ਮੌਤਾਂ ਦੀ ਗਿਣਤੀ 1,58,341 ਹੈ। ਨਾਟੋ ਯੂਕ੍ਰੇਨ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ ਅਤੇ ਇਹੀ ਗੱਲ ਰੂਸ ਨੂੰ ਪਰੇਸ਼ਾਨ ਕਰਦੀ ਹੈ।

ਜੇਕਰ ਇਹ ਯੁੱਧ ਜਾਰੀ ਰਹੇ ਤਾਂ ਪਰਮਾਣੂ ਹਥਿਆਰਾਂ ਦੀ ਵਰਤੋਂ ਦੇ ਖ਼ਦਸ਼ੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਜ਼ਰਾਇਲੀ ਵਿਰਾਸਤ ਮੰਤਰੀ ਅਮੀਚਾਈ ਏਲੀਆਹੂ ਨੇ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਧਮਕੀ ਦਿੱਤੀ ਸੀ। ਅਮਰੀਕੀ ਸੈਨੇਟਰ ਲਿੰਡਸੇ ਗ੍ਰਾਹਮ ਅਤੇ ਟਿਮ ਵਾਲਬਰਗ ਵੀ ਇਸੇ ਤਰ੍ਹਾਂ ਦੇ ਬਿਆਨ ਦਿੰਦੇ ਰਹੇ ਹਨ। ਇਹ ਬਿਆਨ ਇਜ਼ਰਾਇਲ ਦੇ ਫ਼ਲਸਤੀਨੀਆਂ ਨੂੰ ਤਬਾਹ ਕਰਨ ਦੇ ਮਨ ਦੀ ਪੁਸ਼ਟੀ ਕਰਦੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਰਾਨ ਵਿਰੁੱਧ ਹਮਲਾਵਰ ਬਿਆਨ ਵੀ ਇਸ ਦਿਸ਼ਾ ਵਿੱਚ ਗੰਭੀਰ ਖ਼ਤਰਾ ਹਨ।

ਇੰਟਰਨੈਸ਼ਨਲ ਕੈਂਪੇਨ ਟੂ ਅਬੌਲਿਸ਼ ਨਿਊਕਲੀਅਰ ਵੈਪਨਜ਼ ਲਈ ਲਿਖੀ ਇੱਕ ਟਿੱਪਣੀ ਵਿੱਚ ਹੇਬਾ ਤਾਹਾ ਜੋ ਲੁੰਡ ਯੂਨੀਵਰਸਿਟੀ ਦੇ ਰਾਜਨੀਤੀ ਵਿਗਿਆਨ ਵਿਭਾਗ ਅਤੇ ਸੈਂਟਰ ਫ਼ਾਰ ਐਡਵਾਂਸਡ ਮਿਡਲ ਈਸਟਰਨ ਸਟੱਡੀਜ਼ ਵਿੱਚ ਐਸੋਸੀਏਟ ਸੀਨੀਅਰ ਲੈਕਚਰਾਰ ਹਨ, ਨੇ ਚਿਤਾਵਨੀ ਦਿੱਤੀ ਹੈ- ‘ਪਿਛਲੇ ਸਾਲ ਦੌਰਾਨ ਗਾਜ਼ਾ ਵਿੱਚ ਹਿੰਸਾ ਦਾ ਵਰਣਨ ਪਰਮਾਣੂ ਸਮਾਨਤਾਵਾਂ ਦੀ ਵਰਤੋਂ ਕਰ ਕੇ ਕੀਤਾ ਗਿਆ ਹੈ। ਉਦਾਹਰਨ ਵਜੋਂ ਇਹ ਸੰਕੇਤ ਮਿਲਦੇ ਹਨ ਕਿ ਗਾਜ਼ਾ ’ਤੇ ਸੁੱਟੇ ਗਏ ਇਜ਼ਰਾਇਲੀ ਵਿਸਫ਼ੋਟਕਾਂ ਦੀ ਵਿਨਾਸ਼ਕਾਰੀ ਸ਼ਕਤੀ ਹੀਰੋਸ਼ੀਮਾ ਅਤੇ ਨਾਗਾਸਾਕੀ ਬੰਬਾਂ ਦੇ ਬਰਾਬਰ ਹੈ ਜਾਂ ਇਸ ਤੋਂ ਵੱਧ ਹੈ। ਇਹ ਰੂਪਕ ਗਾਜ਼ਾ ਨੂੰ ਇਨ੍ਹਾਂ ਪਰਮਾਣੂ ਟੀਚਿਆਂ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਨ। ਇਹ ਰਿਪੋਰਟਾਂ ਸ਼ਾਇਦ ਰਵਾਇਤੀ ਅਤੇ ਗੈਰ-ਰਵਾਇਤੀ ਹਥਿਆਰਾਂ ਵਿਚਕਾਰ ਅੰਤਰ ਦੇ ਵਿਰੁੱਧ ਵੀ ਅਸਿੱਧੇ ਤੌਰ ’ਤੇ ਧੱਕਦੀਆਂ ਹਨ ਕਿਉਂਕਿ ਗਾਜ਼ਾ ਰਵਾਇਤੀ ਹਥਿਆਰਾਂ ਦੁਆਰਾ ਕੀਤੇ ਜਾ ਸਕਣ ਵਾਲੇ ਭਾਰੀ ਨੁਕਸਾਨ ਅਤੇ ਕਲਪਨਾ ਤੋਂ ਵੀ ਪਰ੍ਹੇ ਹਿੰਸਾ ਦੇ ਪ੍ਰਦਰਸ਼ਨ ਵਜੋਂ ਖੜ੍ਹਾ ਹੈ’। ਰੂਸ ਦੇ ਰਾਸ਼ਟਰਪਤੀ ਪੂਤਿਨ ਨੇ ਚੱਲ ਰਹੀ ਜੰਗ ਦੌਰਾਨ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਗੱਲ ਕੀਤੀ ਹੈ ਅਤੇ ਰੂਸ ਨੇ ਆਪਣੇ ਹਥਿਆਰਾਂ ਨੂੰ ਉੱਚ ਚਿਤਾਵਨੀ ’ਤੇ ਰੱਖਿਆ ਹੈ। ਚੱਲ ਰਹੀ ਜੰਗ ਵਿੱਚ ਇੱਕ ਸਮੇਂ ਪਰਮਾਣੂ ਪਾਵਰ ਪਲਾਂਟਾਂ ਲਈ ਗੰਭੀਰ ਖ਼ਤਰਾ ਦਿਖਾਈ ਦਿੱਤਾ ਸੀ। ਇਹ ਖ਼ਤਰਾ ਫ਼ਿਲਹਾਲ ਮੁਲਤਵੀ ਹੈ ਪਰ ਖ਼ਤਮ ਨਹੀਂ ਹੋਇਆ ਹੈ।

2025 ਵਿੱਚ ਵਧ ਰਹੇ ਭੂ-ਰਾਜਨੀਤਕ ਤਣਾਅ, ‘ਖਤਰਨਾਕ ਪਰਮਾਣੂ ਬਿਆਨਬਾਜ਼ੀ ਅਤੇ ਧਮਕੀਆਂ’ ਨਾਲ, ਚਿੰਤਾ ਦਾ ਕਾਰਨ ਬਣ ਰਹੇ ਹਨ। ਵਧ ਰਹੇ ਖ਼ਤਰੇ ਨੂੰ ਸਮਝਦੇ ਹੋਏ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਕਾਨੂੰਨੀ ਤੌਰ ’ਤੇ ਬੰਧਨ ਵਾਲੇ ਪਰਮਾਣੂ ਹਥਿਆਰ ’ਤੇ ਪਾਬੰਦੀ ਵਾਲੀ ਸੰਧੀ ਦਾ ਸਮਰਥਨ ਕਰਨ ਲਈ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਰਵਾਇਤੀ ਯੁੱਧ ਉਨ੍ਹਾਂ ਹਾਲਾਤ ਲਈ ਜਿੱਥੇ ਵਧੇਰੇ ਘਾਤਕ ਹਥਿਆਰ ਵਿਕਸਤ ਕੀਤੇ ਜਾਂਦੇ ਹਨ, ਪੂਰਵ ਸ਼ਰਤ ਹਨ। ਇਨ੍ਹਾਂ ਹਾਲਾਤ ਵਿੱਚ ਪਰਮਾਣੂ ਖ਼ਤਰਾ ਵਧ ਰਿਹਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਜੇਕਰ ਅਸੀਂ ਪਰਮਾਣੂ ਹਥਿਆਰ ਖ਼ਤਮ ਕਰਨੇ ਹਨ ਤਾਂ ਰਵਾਇਤੀ ਯੁੱਧ ਰੋਕੇ ਜਾਣੇ ਚਾਹੀਦੇ ਹਨ।

ਬਦਕਿਸਮਤੀ ਦੀ ਗੱਲ ਹੈ ਕਿ ਵਿਸ਼ਵ ਭਾਈਚਾਰਾ ਹੁਣ ਜਾਂ ਤਾਂ ਮੂਕ ਦਰਸ਼ਕ ਹੈ ਜਾਂ ਮੌਜੂਦਾ ਹਾਲਾਤ ਵਿੱਚ ਬੇਅਸਰ ਹੈ। ਸੰਯੁਕਤ ਰਾਸ਼ਟਰ ਵੀ ਵੱਖ-ਵੱਖ ਧਿਰਾਂ ਨੂੰ ਯੁੱਧ ਖ਼ਤਮ ਕਰਨ ਲਈ ਸਹਿਮਤ ਕਰਨ ਵਿੱਚ ਅਸਫ਼ਲ ਰਿਹਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਸ਼ੁਰੂ ਕੀਤਾ ਗਿਆ ਵਪਾਰ ਯੁੱਧ ਕਿਸੇ ਵੀ ਸਮੇਂ ਹਾਲਾਤ ਦੀ ਗੰਭੀਰਤਾ ਨੂੰ ਵਧਾ ਸਕਦਾ ਹੈ। ਗਲੋਬਲ ਸਾਊਥ (ਅਫ਼ਰੀਕਾ, ਏਸ਼ੀਆ, ਲਾਤੀਨੀ ਅਮਰੀਕਾ ਤੇ ਓਸ਼ਨੀਆ ਦੇ ਮੁਲਕ ਜੋ ਘੱਟ ਵਿਕਸਤ ਹਨ) ਜੋ ਪਹਿਲਾਂ ਹੀ ਵਾਂਝਾ ਖੇਤਰ ਹੈ, ਹੋਰ ਵੀ ਖ਼ਤਰਨਾਕ ਹਾਲਤ ਵਿੱਚ ਆ ਗਿਆ ਹੈ।

ਇਹ ਜ਼ਰੂਰੀ ਹੈ ਕਿ ਗਲੋਬਲ ਸਾਊਥ ਨੂੰ ਇਨ੍ਹਾਂ ਯੁੱਧਾਂ ਨੂੰ ਖ਼ਤਮ ਕਰਨ ਲਈ ਵੱਡੀ ਅਤੇ ਕਾਰਗਰ ਪਹਿਲ ਕਰਨੀ ਚਾਹੀਦੀ ਹੈ। ਗੁੱਟ ਨਿਰਲੇਪ ਅੰਦੋਲਨ ਦੇ ਨੇਤਾ ਹੋਣ ਦੇ ਨਾਤੇ ਭਾਰਤ ਕੋਲ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਲਈ ਸ਼ਕਤੀਸ਼ਾਲੀ ਆਵਾਜ਼ ਸੀ। ਇਹ ਸੰਭਾਵਨਾ ਨਹੀਂ ਹੈ ਕਿ ਮੌਜੂਦਾ ਲੀਡਰਸ਼ਿਪ ਅਜਿਹੀ ਕੋਈ ਪਹਿਲ ਕਰੇਗੀ ਕਿਉਂਕਿ ਉਹ ਹਥਿਆਰ ਬਰਾਮਦਕਾਰ ਬਣਨਾ ਚਾਹੁੰਦੇ ਹਨ। ਇਸ ਤੋਂ ਇਲਾਵਾ ਭਾਰਤ ਸਰਕਾਰ ਨੇ ਜ਼ਾਇਨਵਾਦੀਆਂ ਦੀਆਂ ਨਸਲਕੁਸ਼ੀ ਵਾਲੀਆਂ ਕਾਰਵਾਈਆਂ ਵਿਰੁੱਧ ਕੋਈ ਸਖ਼ਤ ਪੈਂਤੜਾ ਨਹੀਂ ਮੱਲਿਆ ਹੈ।

ਇਨ੍ਹਾਂ ਹਾਲਾਤ ਵਿੱਚ ਇਹ ਸਿਵਲ ਸੁਸਾਇਟੀ ਦਾ ਫ਼ਰਜ਼ ਬਣਦਾ ਹੈ ਕਿ ਉਹ ਰਵਾਇਤੀ ਯੁੱਧਾਂ ਦੇ ਅੰਤ ਲਈ ਵਧੇਰੇ ਉੱਚੀ ਆਵਾਜ਼ ਵਿੱਚ ਮੰਗ ਕਰੇ ਅਤੇ ਹਾਲਾਤ ਨੂੰ ਪਰਮਾਣੂ ਹਮਲੇ ਤੱਕ ਵਧਣ ਤੋਂ ਬਚਾਏ, ਜੋ ਤਬਾਹਕੁਨ ਹੋਵੇਗਾ।

# ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ ਲਈ ਠੋਸ ਕਦਮ ਚੁੱਕੇ ਪੰਜਾਬ ਸਰਕਾਰ

ਡਾ. ਕੁਲਦੀਪ ਸਿੰਘ

ਪਾਣੀਆਂ ਦੀ ਵੰਡ ਦਾ ਸਵਾਲ ਮੁੜ ਕੇਂਦਰ ਅਤੇ ਵੱਖ- ਵੱਖ ਸੂਬਿਆਂ ਵਿੱਚ ਨਵੀਆਂ ਸਮੱਸਿਆਵਾਂ ਅਤੇ ਪੇਚੀਦਗੀਆਂ ਵੱਲ ਵਧਦਾ ਜਾ ਰਿਹਾ ਹੈ। ਪਾਣੀ ਦੀ ਵੰਡ ਵਿਚਲੇ ਹਿੱਸਿਆਂ ਉੱਪਰ ਮੁੜ ਨਵੇਂ ਕਿਸਮ ਦੇ ਇਤਰਾਜ਼ ਅਤੇ ਨਵੀਂ ਕਾਣੀ ਵੰਡ ਵੱਲ ਨੂੰ ਵਧਿਆ ਜਾ ਰਿਹਾ ਹੈ। ਦਰਿਆਈ ਪਾਣੀਆਂ ਦੀ ਵੰਡ ਦਾ ਸਵਾਲ ਇਤਿਹਾਸਕ ਤੌਰ ’ਤੇ ਵੱਖ- ਵੱਖ ਸੰਕਟਾਂ ਵਿਚੋਂ ਲੰਘਦਾ ਆ ਰਿਹਾ ਹੈ। ਇਸ ਦੀਆਂ ਗੁੰਝਲਾਂ ਸੁਲਝਾਉਣ ਦੀ ਥਾਂ ਉਲਝਾਈਆਂ ਜਾ ਰਹੀਆਂ ਹਨ। ਹਾਲਾਂਕਿ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਇੱਕਜੁਟ ਹੋ ਕੇ ਕਹਿ ਰਹੀਆਂ ਹਨ ਕਿ ਅਸੀਂ ਇੱਕ ਬੂੰਦ ਪਾਣੀ ਵੀ ਨਹੀਂ ਦਿਆਂਗੇ, ਪਰ ਇਹ ਉਹ ਪਾਰਟੀਆਂ ਹੀ ਹਨ ਜਿਨ੍ਹਾਂ ਦੀਆਂ ਸਿਆਸੀ, ਸੰਵਿਧਾਨਕ ਅਤੇ ਕਾਨੂੰਨੀ ਤੌਰ ’ਤੇ ਵੱਖੋ ਵੱਖਰੇ ਸਮੇਂ ਦੌਰਾਨ ਲਈਆਂ ਗਈਆਂ ਪੁਜ਼ੀਸ਼ਨਾਂ ਕਾਰਨ ਹੀ ਪਾਣੀ ਦਾ ਮਸਲਾ ਹੱਲ ਨਹੀਂ ਹੋ ਰਿਹਾ। ਇਸ ਅੰਦਰਲੀਆਂ ਵੰਨਗੀਆਂ ਨੂੰ ਮੁੜ ਸਮਝਣਾ ਅਤੇ ਸਹੀ ਦ੍ਰਿਸ਼ਟੀਕੋਣ ਬਣਾਉਣਾ ਅਜੋਕੇ ਸਮੇਂ ਦੀ ਅਣਸਰਦੀ ਲੋੜ ਹੈ।

ਪੰਜਾਬ ਦੇ ਦਰਿਆਈ ਪਾਣੀਆਂ ਦੇ ਝਗੜਿਆਂ ਦੀ ਨਿਸ਼ਾਨਦੇਹੀ ਕਰਨ ਨਾਲ ਕੇਂਦਰ ਅਤੇ ਸੂਬਾਈ ਸਬੰਧਾਂ ਦੇ ਨਾਲ-ਨਾਲ ਪੰਜਾਬ ਦੀ ਹੋਣੀ ਅਤੇ ਅਣਹੋਣੀ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਲੰਮੇ ਸਮੇਂ ਤੋਂ ਚਲੇ ਆ ਰਹੇ ਪੰਜਾਬ ਦੇ ਦਰਿਆਈ ਪਾਣੀਆਂ ਵਿਚਲੇ ਵਿਵਾਦਾਂ ਨੇ ਇਸ ਦੀ ਸਿਆਸਤ, ਸਮਾਜ ਅਤੇ ਆਰਥਿਕਤਾ ਨੂੰ ਲਗਾਤਾਰ ਪ੍ਰਭਾਵਿਤ ਕੀਤਾ ਹੈ। ਇਸ ਸਭ ਕੁਝ ਵਿੱਚ ਕੇਂਦਰ ਅਤੇ ਵੱਖ-ਵੱਖ ਸੂਬਾਈ ਸਰਕਾਰਾਂ ਨੇ ਆਪੋ-ਆਪਣੇ ਸਿਆਸੀ ਮੁਫ਼ਾਦਾਂ ਦੇ ਪੱਖ ਤੋਂ ਦਰਿਆਈ ਪਾਣੀਆਂ ਦੇ ਮਸਲਿਆਂ ਨੂੰ ਉਲਝਾਇਆ ਹੈ। ਇਸ ਦੇ ਨਾਲ ਹੀ ਪੰਜਾਬ ਦੀ ਸਿਆਸਤ ਵਿੱਚ ਲਗਾਤਾਰ ਅਜਿਹੇ ਉਤਰਾਅ-ਚੜ੍ਹਾਅ ਪੈਦਾ ਕੀਤੇ ਹਨ, ਜਿਨ੍ਹਾਂ ਕਾਰਨ ਪੰਜਾਬ ਨੂੰ ਕਈ ਤ੍ਰਾਸਦੀਆਂ ਵੀ ਹੰਢਾਉਣੀਆਂ ਪਈਆਂ ਹਨ। ਇਤਿਹਾਸ ਇਸ ਦਾ ਗਵਾਹ ਹੈ ਕਿ ਪਾਣੀਆਂ ਦੀ ਜੰਗ ਵਿੱਚ ਅਕਸਰ ਖ਼ੂਨ ਵੀ ਵਹਿਣ ਲੱਗਦਾ ਹੈ ਜਿਵੇਂ ਹੁਣ ਸਿੰਧ ਜਲ ਸਮਝੌਤੇ ਨੂੰ ਰੱਦ ਕਰਨ ਨਾਲ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਰਿਸ਼ਤਿਆਂ ਵਿੱਚ ਸਥਿਤੀ ਤਣਾਅਪੂਰਨ ਬਣ ਗਈ ਹੈ। ਇਸੇ ਤਰ੍ਹਾਂ ਭਾਰਤ ਅੰਦਰਲੇ ਸੂਬਿਆਂ ਵਿੱਚ ਦਰਿਆਈ ਮਸਲਿਆਂ ਉੱਪਰ ਪੰਜਾਬ ਤੇ ਹਰਿਆਣਾ ਦੀ ਰਾਜਨੀਤੀ ਕਈ ਮੋੜਾਂ ਵਿੱਚੋਂ ਗੁਜ਼ਰਦੀ ਰਹੀ ਹੈ ਜਿਹੜੀ ਮੁੜ ਸੰਕਟਾਂ ਨੂੰ ਜਨਮ ਦਿੰਦੀ ਰਹੀ ਹੈ। ਇਸ ਵਿਚਲੇ ਕਾਨੂੰਨੀ, ਰਾਜਨੀਤਕ, ਆਰਥਿਕ ਅਤੇ ਸਮਾਜਿਕ ਸਵਾਲਾਂ ਨੂੰ ਵੱਖ- ਵੱਖ ਸਮੇਂ ਹੋਈਆਂ ਸੰਧੀਆਂ/ਸਮਝੌਤਿਆਂ ਦੇ ਇਤਿਹਾਸਕ ਦਸਤਾਵੇਜ਼ਾਂ, ਉਨ੍ਹਾਂ ਵਿੱਚ ਰਹਿ ਗਏ ਖੱਪਿਆਂ ਅਤੇ ਨਵੀਂ ਕਿਸਮ ਨਾਲ ਪਾਣੀਆਂ ਦੀ ਵੰਡ ਲਈ ਦਿੱਤੇ ਜਾਂਦੇ ਬੁਨਿਆਦੀ ਨੁਕਤਿਆਂ ਨੂੰ ਵੱਖੋ-ਵੱਖਰੇ ਦਸਤਾਵੇਜ਼ਾਂ ਵਿੱਚੋਂ ਕਈ ਮਾਹਿਰਾਂ ਨੇ ਪਰਤ-ਦਰ-ਪਰਤ ਫ਼ਰੋਲਿਆ। ਪ੍ਰੋਫ਼ੈਸਰ ਕੁਲਦੀਪ ਸਿੰਘ (ਸਾਬਕਾ ਪ੍ਰੋਫ਼ੈਸਰ ਰਾਜਨੀਤੀ ਸ਼ਾਸਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਨੇ ਆਪਣੀ ਪੁਸਤਕ ‘ਪੰਜਾਬ ਰਿਵਰ ਵਾਟਰਜ਼ ਡਿਸਪਿਊਟ ਇਨ ਸਾਊਥ ਏਸ਼ੀਆ’ ਵਿੱਚ ਪਾਣੀਆਂ ਬਾਰੇ ਇਤਿਹਾਸਕਾਰੀ ਦੇ ਦ੍ਰਿਸ਼ਟੀਕੋਣ ਤੋਂ ਮੁੱਲਵਾਨ ਕਾਰਜ ਕੀਤਾ ਹੈ। ਉਸ ਦੀ



ਅਜੋਕੇ ਸੰਦਰਭ ਵਿੱਚ ਬੇਹੱਦ ਸਾਰਥਿਕਤਾ ਹੈ ਕਿ ਕਿਵੇਂ ਰਿਪੇਅਰੀਅਨ ਸਿਧਾਂਤਾਂ ਤੋਂ ਲਾਂਭੇ ਹੋ ਕੇ ਦਰਿਆਵਾਂ ਦੇ ਸਵਾਲ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਸਲ ਵਿੱਚ ਇਸ ਨਾਲ ਸਮੱਸਿਆ ਹੋਰ ਵੀ ਗੁੰਝਲਦਾਰ ਹੋ ਜਾਂਦੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨੇ ਰਿਪੇਰੀਅਨ ਹੱਕਾਂ ਦੇ ਕੇਂਦਰੀ ਦ੍ਰਿਸ਼ਟੀਕੋਣ ਨੂੰ ਸੰਵਿਧਾਨ ਵਿੱਚ ਕੋਈ ਸਥਾਨ ਨਾ ਦੇ ਕੇ ਸਮੱਸਿਆ ਨੂੰ ਸਹੀ ਸੰਦਰਭ ਵਿੱਚ ਹੱਲ ਕਰਨ ਦੀ ਥਾਂ, ਉਲਝਾਉਣ ਵਾਲਾ ਕਾਰਜ ਹੀ ਕੀਤਾ ਹੈ। ਇਸ ਦੇ ਨਾਲ ਹੀ ਦਰਿਆਈ ਪਾਣੀਆਂ ਦੇ ਸਵਾਲ ਉੱਤੇ ਵੱਖ- ਵੱਖ ਪ੍ਰਮੁੱਖ ਸਿਆਸੀ ਪਾਰਟੀਆਂ ਵਿੱਚ ਆਪਸੀ ਰਾਜਨੀਤਕ ਮੁਕਾਬਲੇਬਾਜ਼ੀ ਦੇ ਦੌਰ ਨੇ ਇਹ ਸਵਾਲ ਹੱਲ ਕਰਨ ਦੀ ਥਾਂ ਤ੍ਰਾਸਦੀਆਂ ਉਪਜਾਈਆਂ ਹਨ। ਵੱਖ- ਵੱਖ ਸਿਆਸੀ ਪਾਰਟੀਆਂ ਦੀ ਵੋਟ ਰਾਜਨੀਤੀ ਲਈ ਕਿਸਾਨੀ ਇੱਕ ਵੱਡਾ ਵੋਟ ਬੈਂਕ ਬਣਦੀ ਹੈ, ਜਿਸ ਨੂੰ ਪ੍ਰਭਾਵ ਅਧੀਨ ਲਿਆਉਣ ਲਈ ਪਾਣੀਆਂ ਦੇ ਸਵਾਲ ਉੱਤੇ ਉਨ੍ਹਾਂ ਨੇ ਕਿਸਾਨੀ ਦੇ ਰਖਵਾਲੇ ਹੋਣ ਦੀ ਸਿਆਸਤ ਹੀ ਕੀਤੀ ਹੈ। ਹੁਣ ਬੀ.ਬੀ.ਐੱਮ.ਬੀ. ਦੀ ਮੈਨੇਜਮੈਂਟ ਸਬੰਧੀ ਚੱਲ ਰਹੇ ਰੇੜਕੇ ਨੂੰ ਕੇਂਦਰ ਵਿੱਚ ਰੱਖ ਕੇ ਨਵੇਂ ਕਿਸਮ ਦਾ ਰਾਜਨੀਤਕ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਜਿਹੜਾ ਭਵਿੱਖ ਵਿੱਚ ਵੀ ਦਰਿਆਈ ਪਾਣੀਆਂ ਦੇ ਮਸਲੇ ਨੂੰ ਹੱਲ ਕਰਨ ਵਿੱਚ ਕੋਈ ਵੱਡਾ ਯੋਗਦਾਨ ਨਹੀਂ ਪਾਵੇਗਾ। ਪੰਜਾਬ ਦੀ ਸਿਆਸਤ ਨੂੰ ਪ੍ਰਭਾਵਿਤ ਕਰਦੇ ਰਹੇ ਵੱਖ- ਵੱਖ ਅਦਾਲਤਾਂ ਦੇ ਫ਼ੈਸਲਿਆਂ ਨੇ ਵੀ ਦਰਿਆਈ ਪਾਣੀਆਂ ਦੇ ਸਵਾਲ ਉੱਤੇ ਕੇਂਦਰ ਅਤੇ ਰਾਜ ਸਬੰਧਾਂ, ਇੱਥੋਂ ਤੱਕ ਕਿ ਫ਼ੈਡਰਲਿਜ਼ਮ ਦੇ ਸਵਾਲ ਉੱਤੇ ਵੀ ਨਵੇਂ ਵਿਵਾਦ ਉਤਪੰਨ ਕੀਤੇ ਹਨ। ਇਸ ਦੇ ਨਤੀਜੇ ਵਜੋਂ ਸੂਬਿਆਂ ਦੇ ਆਪਸੀ ਸਬੰਧਾਂ ਵਿੱਚ ਖਟਾਸ ਹੀ ਆਈ ਹੈ।

ਦਰਿਆਈ ਪਾਣੀਆਂ ਦੇ ਝਗੜਿਆਂ ਨੂੰ ਸੰਨ 1947 ਤੋਂ 1979 ਦੇ ਦੌਰ ਵਿੱਚ ਵੰਡਦਿਆਂ ਸਿਆਸੀ ਚਿੰਤਕ ਪ੍ਰੋ. ਕੁਲਦੀਪ ਸਿੰਘ ਦੀ ਧਾਰਨਾ ਹੈ ਕਿ ਭਾਰਤੀ ਰਾਜ ਵਿੱਚ ਪਾਣੀਆਂ ਦੀ ਵੰਡ ਦਾ ਸਵਾਲ ਕੌਮਾਂਤਰੀ ਰਿਪੇਰੀਅਨ ਹੱਕਾਂ ਤੋਂ ਪਰ੍ਹੇ ਹਟਾ ਕੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਇਸ ਦੇ ਨਾਲ ਹੀ ਦਰਿਆਈ ਪਾਣੀਆਂ ਦੇ ਸਵਾਲ ਦਾ ਕੇਂਦਰੀਕਰਨ ਹੁੰਦਾ ਗਿਆ। 1966 ਵਿੱਚ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੀ ਵੰਡ ਹੋਈ ਤਾਂ ਦਰਿਆਈ ਪਾਣੀਆਂ ਦੀ ਵੰਡ ਦਾ ਸਵਾਲ ਹੋਰ ਵੀ ਗੁੰਝਲਦਾਰ ਹੋ ਗਿਆ। ਇਸ ਨੂੰ ਸਾਲ 1976 ਵਿੱਚ ਕੇਂਦਰ ਦੇ ਨੋਟੀਫ਼ਿਕੇਸ਼ਨ ਅਤੇ ਇੰਦਰਾ ਗਾਂਧੀ ਐਵਾਰਡ ਦੀ ਸਿਆਸਤ ਨੇ ਇਸ ਨੂੰ ਨਵੀਂ ਤ੍ਰਾਸਦੀ ਵੱਲ ਧੱਕ ਦਿੱਤਾ। ਜਦੋਂ ਸਾਲ 1981 ਵਿੱਚ ਇਸ ਦਾ ਘੇਰਾ ਤਿੰਨ ਧਿਰਾਂ ਤੱਕ ਵਧਾ ਦਿੱਤਾ ਗਿਆ ਤਾਂ ਪੰਜਾਬ ਵਿੱਚ ਐੱਸ.ਵਾਈ.ਐੱਲ. ਨਹਿਰ ਰੋਕੋ ਅੰਦੋਲਨ ਤੇਜ਼ੀ ਨਾਲ ਫ਼ੈਲਣਾ ਸ਼ੁਰੂ ਹੋਇਆ, ਜਿਸ ਨੇ ਸਿਆਸੀ ਅਤੇ ਧਾਰਮਿਕ ਸੰਕਟਾਂ ਤੇ ਵਿਵਾਦਾਂ ਨੂੰ ਜਨਮ ਦਿੱਤਾ। ਰਾਜੀਵ ਲੌਂਗੋਵਾਲ ਸਮਝੌਤਾ, ਇਰਾਡੀ ਟ੍ਰਿਬਿਊਨਲ ਰਿਪੋਰਟ, ਟਰਮੀਨੇਸ਼ਨ ਐਕਟ 2004, ਪ੍ਰਾਪਰਟੀ ਬਿਲ 2016 ਆਦਿ ਨੇ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਦਰਿਆਈ ਪਾਣੀਆਂ ਦਾ ਮਸਲਾ ਗੁੰਝਲਦਾਰ ਹੀ ਬਣਾਇਆ ਹੈ। ਦਰਅਸਲ, ਪਿਛੋਕੜ ਵਿੱਚ ਹੋਈਆਂ ਗ਼ਲਤੀਆਂ, ਸਿਆਸੀ ਮੁਕਾਬਲੇਬਾਜ਼ੀ ਅਤੇ ਕਿਸਾਨੀ ਦੇ ਹਿੱਤਾਂ ਦੇ ਰੱਖਿਅਕ ਬਣਨ ਵਾਲੀ ਪੰਜਾਬ ਦੀ ਸਥਾਪਤ ਸਿਆਸਤ ਨੇ ਇਸ ਮਸਲੇ ਨੂੰ ਕੇਂਦਰੀ ਸਰਕਾਰ ਨਾਲ ਆਪੋ-ਆਪਣੇ ਦ੍ਰਿਸ਼ਟੀਕੋਣਾਂ ਤੋਂ ਟਕਰਾਅ ਵਿੱਚ ਰੱਖਿਆ ਹੈ। ਇਨ੍ਹਾਂ ਸਭ ਨੁਕਤਿਆਂ ਨੂੰ ਭਾਰਤ ਦੇ ਸੰਵਿਧਾਨ ਵਿਚਲੀਆਂ ਗੁੰਝਲਾਂ, ਅੰਤਰਰਾਜੀ ਪਾਣੀਆਂ ਦੇ ਮੁੱਦੇ ’ਤੇ ਬਣੇ ਕਾਨੂੰਨ ਅਤੇ ਉਸ ਉੱਤੇ ਅਮਲ ਦੀਆਂ ਸਮੱਸਿਆਵਾਂ ਦੇ ਨਾਲ ਨਾਲ ਪੰਜਾਬ ਅਤੇ ਹਰਿਆਣਾ ਦੇ ਪਾਣੀ ਦੇ ਝਗੜਿਆਂ ਸਬੰਧੀ ਹੋਏ ਵੱਖ ਵੱਖ ਖੋਜ ਕਾਰਜਾਂ ਦੀਆਂ ਪਰਤਾਂ ਨੂੰ ਵੀ ਫ਼ਰੋਲਿਆ ਗਿਆ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਪਾਣੀਆਂ ਦੇ ਮੁੱਦੇ ਦਾ ਵੱਖ ਵੱਖ ਸਿਆਸੀ ਪਾਰਟੀਆਂ ਨੇ ਆਪੋ-ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਵਾਰ-ਵਾਰ ਜ਼ਿਕਰ ਕੀਤਾ ਹੈ। ਲੇਖਕ ਲਿਖਦਾ ਹੈ ਕਿ ਪੰਜਾਬ ਦੇ ਦੁਖਾਂਤਕ ਦੌਰ ਵਿੱਚ ਇਸ ਸਵਾਲ ਨੂੰ ਨਜਿੱਠਣ ਲਈ ਅਪਣਾਏ ਗਏ ਢੰਗ ਤਰੀਕਿਆਂ ਅਤੇ ਉਨ੍ਹਾਂ ਦੇ ਕੇਂਦਰ ਤੇ ਪੰਜਾਬ ਦੀ ਸਿਆਸਤ ਉੱਤੇ ਪਏ ਪ੍ਰਭਾਵਾਂ ਨੇ ਪਹਿਲਾਂ ਹੀ ਪੰਜਾਬ ਨੂੰ ਸੰਕਟਗ੍ਰਸਤ ਕੀਤਾ ਹੋਇਆ ਹੈ। ਰਿਪੇਰੀਅਨ ਸਿਧਾਂਤ ਬਾਰੇ ਸਮੁੱਚੇ ਪਹਿਲੂਆਂ ਨੂੰ ਖੰਘਾਲਦਿਆਂ ਕਈ ਸ਼ਖ਼ਸੀਅਤਾਂ ਜਿਵੇਂ ਪਾਲ ਸਿੰਘ ਢਿੱਲੋਂ ਦੇ ਖੋਜ ਕਾਰਜ ਤੋਂ ਲੈ ਕੇ ਰਾਮਾਸੁਆਸੀ.ਆਰ. ਅਈਅਰ ਦੀਆਂ ਖੋਜਾਂ ਵਿਚਲੇ ਨਤੀਜਿਆਂ ਰਾਹੀਂ ਲੇਖਕ ਨੇ ਦਰਸਾਇਆ ਹੈ ਕਿ ਦਰਿਆਵਾਂ ਦੇ ਬੁਨਿਆਦੀ ਵਹਾਅ ਤੋਂ ਪਰ੍ਹੇ ਹਟ ਕੇ ਸਿਰਫ਼ ਸਿਆਸਤ ਦੇ ਦ੍ਰਿਸ਼ਟੀਕੋਣ ਤੋਂ ਕੱਢੇ ਜਾਣ ਵਾਲੇ ਹੱਲ ਨਵੇਂ ਸੰਕਟਾਂ ਨੂੰ ਹੀ ਜਨਮ ਦੇਣਗੇ। ਸਾਲ 1981 ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦਰਮਿਆਨ ਕੇਂਦਰ ਦੀ ਸਿਆਸਤ ਤਹਿਤ ਹੋਏ ਤਿੰਨ ਧਿਰੀ ਸਮਝੌਤੇ ਨੇ ਦਰਿਆਈ ਪਾਣੀਆਂ ਦੇ ਸਵਾਲ ਨੂੰ ਪੰਜਾਬ ਦੀ ਸਿਆਸਤ ਦਾ ਅਹਿਮ ਸਵਾਲ ਬਣਾਉਣ ਵਿੱਚ ਭੂਮਿਕਾ ਨਿਭਾਈ। ਦਰਅਸਲ, ਰਾਜਸਥਾਨ ਨਾ ਤਾਂ ਰਿਪੇਰੀਅਨ ਸੂਬਾ ਸੀ ਅਤੇ ਨਾ ਹੀ ਪੰਜਾਬ ਵਿੱਚੋਂ ਨਿਕਲਿਆ ਰਾਜ। ਦਰਿਆਈ ਪਾਣੀਆਂ ਦੀ ਵੰਡ ਦੇ ਸਵਾਲ ’ਤੇ ਖੜ੍ਹੇ ਹੋਏ ਸਿਆਸੀ ਤੂਫ਼ਾਨ ਕਾਰਨ ਸਿੱਖ ਸਿਆਸਤ ਵਿੱਚ ਨਵਾਂ ਉਭਾਰ ਆਇਆ। ਸਾਲ 2004 ਵਿੱਚ ਪੰਜਾਬ ਟਰਮੀਨੇਸ਼ਨ ਆਫ਼ ਐਗਰੀਮੈਂਟਸ ਬਿਲ ਅਤੇ ਉਸ ਤੋਂ ਬਾਅਦ ਕਿਸਾਨਾਂ ਦੀ ਜ਼ਮੀਨ ਵਾਪਸ ਕਰਨ ਸਬੰਧੀ ਟਰਾਂਸਫ਼ਰ ਆਫ਼ ਪ੍ਰਾਪਰਟੀ ਬਿਲ 2016 ਨੇ ਪਹਿਲਾਂ ਹੀ ਚੱਲ ਰਹੇ ਦਰਿਆਈ ਪਾਣੀਆਂ ਦੇ ਸਵਾਲ ਨੂੰ ਹੋਰ ਪੇਚੀਦਾ ਕਰ ਦਿੱਤਾ। (**ਬਾਕੀ ਸਫ਼ਾ 31 ’ਤੇ**)

# ਅਮਨ-ਸ਼ਾਂਤੀ ਲਈ ਚਿੱਟੀਆਂ ਘੁੱਗੀਆਂ ਵਾਲੇ ਅਸਮਾਨੀ ਝੰਡੇ ਮੁੜ ਝੁਲਾਏ ਜਾਣ

ਅਭੈ ਸਿੰਘ

ਇਹ ਅਮਨ ਦੇ ਸੰਘਰਸ਼ਾਂ ਦੇ ਝੰਡਿਆਂ ਦੇ ਨਿਸ਼ਾਨ ਹਨ ਜੋ ਹੁਣ ਕਿਧਰੇ ਵੀ ਝੁੱਲਦੇ ਤੇ ਲਲਕਾਰੇ ਮਾਰਦੇ ਦਿਖਾਈ ਨਹੀਂ ਦਿੰਦੇ। ਕਦੇ ਕੌਮਾਂਤਰੀ ਅਮਨ ਸੰਸਥਾ ਹੁੰਦੀ ਸੀ ਜਿਸ ਦੇ ਅਹੁਦੇਦਾਰ ਆਮ ਤੌਰ ’ਤੇ ਸੋਵੀਅਤ ਪੱਖੀ ਹੁੰਦੇ ਸਨ। ਇਸ ਸੰਸਥਾ ਦੀਆਂ ਕਾਨਫਰੰਸਾਂ ਵਿੱਚ ਖੁੱਲ੍ਹੇ ਅਸਮਾਨ ਵਿੱਚ ਚਿੱਟੀਆਂ ਘੁੱਗੀਆਂ ਤੇ ਕਬੂਤਰ ਛੱਡੇ ਜਾਂਦੇ ਸਨ। ਇਹ ਇਸ ਗੱਲ ਦਾ ਪ੍ਰਤੀਕ ਸੀ ਕਿ ਅਸੀਂ ਆਪਣੇ ਆਸਮਾਨਾਂ ਨੂੰ ਬੰਬਾਂ ਤੇ ਗੋਲਿਆਂ ਤੋਂ ਮੁਕਤ ਰੱਖੀਏ ਤਾਂ ਜੋ ਇਹ ਪੰਛੀ ਆਜ਼ਾਦੀ ਨਾਲ ਬਿਨਾ ਕਿਸੇ ਖ਼ੌਫ਼ ਦੇ ਉਡਾਰੀ ਭਰ ਸਕਣ। ਅਸਮਾਨੀ ਝੰਡੇ ਉੱਪਰ ਚਿੱਟੀ ਘੁੱਗੀ ਦਾ ਨਿਸ਼ਾਨ ਵੀ ਇਸੇ ਦਾ ਪ੍ਰਤੀਕ ਸੀ। ਹਰ ਸਾਲ 6 ਅਗਸਤ ਨੂੰ ਹੀਰੋਸ਼ੀਮਾ ਨਾਗਾਸਾਕੀ ਦਿਵਸ ਮਨਾਇਆ ਜਾਂਦਾ ਸੀ। ਇੱਕ ਪੁਰਾਣੀ ਤਸਵੀਰ ਵਿੱਚ ਜਵਾਹਰ ਲਾਲ ਨਹਿਰੂ ਤੇ ਚਾਓ ਐਨ ਲਾਈ ਚਿੱਟੀਆਂ ਘੁੱਗੀਆਂ ਅਸਮਾਨ ਵਿੱਚ ਛੱਡਦੇ ਦਿਖਾਈ ਦਿੰਦੇ ਸਨ। ਕਈ ਵਾਰ ਵਿਦੇਸ਼ੀ ਮਹਿਮਾਨਾਂ ਦੀ ਆਮਦ ਉੱਪਰ ਉਨ੍ਹਾਂ ਦਾ ਸਵਾਗਤ ਇਸੇ ਰਸਮ ਨਾਲ ਕੀਤਾ ਜਾਂਦਾ ਸੀ। ਹੁਣ ਇਹ ਸਭ ਬੀਤੇ ਦੀਆਂ ਗੱਲਾਂ ਲਗਦੀਆਂ ਹਨ। ਸ਼ਾਇਦ ਹੁਣ ਅਮਨ ਦੀ ਜ਼ਰੂਰਤ ਨਹੀਂ ਰਹਿ ਗਈ, ਸਾਡੀਆਂ ਤਰਜੀਹਾਂ ਕੁਝ ਹੋਰ ਹੋ ਗਈਆਂ ਜਾਪਦੀਆਂ ਹਨ।

ਅਮਨ ਕਾਨਫਰੰਸਾਂ ਵਿੱਚ ਆਮ ਹੀ ਇਹ ਮੰਗ ਉੱਠਦੀ ਸੀ ਕਿ ਦੁਨੀਆਂ ਦੇ ਸਾਰੇ ਦੇਸ਼ ਪਰਮਾਣੂ ਹਥਿਆਰ ਖ਼ਤਮ ਕਰਨ। ਜਿਤਨੀ ਦੇਰ ਇਹ ਹਥਿਆਰ ਮੁਕੰਮਲ ਤੌਰ ’ਤੇ ਖ਼ਤਮ ਨਹੀਂ ਕੀਤੇ ਜਾ ਸਕਦੇ, ਇਨ੍ਹਾਂ ਉੱਪਰ ਕੁਝ ਪਾਬੰਦੀਆਂ ਤੇ ਸੀਮਾ ਨਿਰਧਾਰਨ ਦੇ ਆਲਮੀ ਸਮਝੌਤੇ ਵੀ ਹੋਏ। ਇਨ੍ਹਾਂ ਸਮਝੌਤਿਆਂ ਦੀ ਹੁਣ ਕੋਈ ਵੁੱਕਤ ਨਹੀਂ ਰਹਿ ਗਈ। ਦੁੱਖ ਦੀ ਗੱਲ ਹੈ ਕਿ ਜਿਹੜੇ ਦੇਸ਼ ਦੁਨੀਆਂ ਭਰ ਵਿੱਚੋਂ ਪਰਮਾਣੂ ਹਥਿਆਰ ਖ਼ਤਮ ਕਰਨ ਦੀ ਲਹਿਰ ਦੇ ਮੋਹਰੀ ਸਨ, ਉਹ ਖੁਦ ਹੀ ਪਰਮਾਣੂ ਸ਼ਕਤੀਆਂ ਬਣ ਗਏ ਤੇ ਇਸ ਉੱਪਰ ਮਾਣ ਵੀ ਕਰ ਰਹੇ ਹਨ। ਜਦੋਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੋਖਰਾਨ ਵਿੱਚ ਪਹਿਲਾ ਪਰਮਾਣੂ ਧਮਾਕਾ ਕੀਤਾ ਤਾਂ ਇਹ ਇਕਰਾਰ ਵਾਰ-ਵਾਰ ਦੁਹਰਾਇਆ ਗਿਆ ਸੀ ਕਿ ਇਸ ਦਾ ਇਸਤੇਮਾਲ ਜੰਗੀ ਕਾਰਵਾਈਆਂ ਵਾਸਤੇ ਨਹੀਂ ਕੀਤਾ ਜਾਵੇਗਾ, ਇਹ ਸਿਰਫ਼ ਸਨਅਤੀ ਵਿਕਾਸ ਵਾਸਤੇ ਵਰਤੋਂ ਵਿੱਚ ਲਿਆਂਦਾ ਜਾਵੇਗਾ ਲੇਕਿਨ ਬਾਅਦ ਵਿੱਚ ਜਦੋਂ ਅਟਲ ਬਿਹਾਰੀ ਵਾਜਪਾਈ ਵੇਲੇ ਉਸੇ ਜਗ੍ਹਾ ਤਿੰਨ ਧਮਾਕੇ ਕੀਤੇ ਤਾਂ ਫ਼ਖ਼ਰ ਨਾਲ ਐਲਾਨ ਕੀਤਾ ਕਿ ਹੁਣ ਭਾਰਤ ਵੀ ਪਰਮਾਣੂ ਮਿਜ਼ਾਈਲ ਵਾਲਾ ਮੁਲਕ ਹੋਵੇਗਾ। ਤੁਰੰਤ ਬਾਅਦ ਪਾਕਿਸਤਾਨ ਨੇ ਪੰਜ ਧਮਾਕੇ ਕੀਤੇ। ਕਾਫੀ ਦੇਰ ਦੋਵੇਂ ਦੇਸ਼ ਇੱਕ ਦੂਜੇ ਨੂੰ ਇਸੇ ਕਰ ਕੇ ਦੂਰ ਰਹਿਣ ਦੀ ਗੱਲ ਕਰਦੇ ਸਨ ਕਿ ਉਹ ਹੁਣ ਦੋਵੇਂ ਪਰਮਾਣੂ ਹਥਿਆਰਾਂ ਵਾਲੇ ਮੁਲਕ ਹਨ। ਇਸ ਤੋਂ ਬਾਅਦ ਦੁਨੀਆਂ ਵਿੱਚ ਪਰਮਾਣੂ ਹਥਿਆਰ ਖ਼ਤਮ ਕਰਨ ਦਾ ਅੰਦੋਲਨ ਅਤੇ ਸੰਸਾਰ ਅਮਨ ਦਾ ਅੰਦੋਲਨ ਕਮਜ਼ੋਰ ਪੈ ਗਿਆ। ਅਹਿੰਸਾ ਪਰਮੋ ਧਰਮ ਦਾ ਨਾਅਰਾ ਦੇਣ ਵਾਲੇ ਅਹਿੰਸਾ ਦੇ ਪੂਜਕ ਮਹਾਤਮਾ ਗਾਂਧੀ ਨੂੰ ਬਾਪੂ ਮੰਨਣ ਵਾਲੇ ਦੇਸ਼ ਵਿੱਚ ਵੀ 26 ਜਨਵਰੀ ਦੀਆਂ ਪਰੇਡਾਂ ਵਿੱਚ ਭਾਰੀ ਜੰਗੀ ਹਥਿਆਰ ਤੇ ਵੱਖ-ਵੱਖ ਤਰ੍ਹਾਂ ਦੀਆਂ ਮਾਰੂ ਮਿਜ਼ਾਇਲਾਂ ਦੀਆਂ ਝਾਕੀਆਂ ਨਿਕਲਦੀਆਂ ਹਨ। ਹੋਰ ਦੇਸ਼ਾਂ ਵਿੱਚ ਵੀ ਇਸੇ ਤਰ੍ਹਾਂ ਹੁੰਦਾ ਹੈ। ਸ਼ਾਇਦ ਦੁਨੀਆਂ ਦੇ ਹਰ ਦੇਸ਼ ਨੂੰ ਆਪਣੇ ਮਾਰੂ ਹਥਿਆਰਾਂ ਉੱਪਰ ਹੀ ਸਭ ਤੋਂ ਵੱਧ ਮਾਣ ਹੋਵੇ ਜੋ ਵੱਡੀ-ਵੱਡੀ ਇਨਸਾਨੀ ਆਬਾਦੀ ਨੂੰ ਜਾਨੋਂ ਮਾਰ ਸਕਦੇ ਹਨ ਤੇ ਬਹੁਤ ਮਿਹਨਤਾਂ ਨਾਲ ਬਣਾਏ ਮਕਾਨ ਤੇ ਹੋਰ ਇਮਾਰਤਾਂ ਖੰਡਰ ਬਣਾ ਸਕਣ ਦੀ ਸਮਰੱਥਾ ਰੱਖਦੇ ਹਨ। ਪਤਾ ਨਹੀਂ ਕਦੋਂ ਤੱਕ ਦੁਨੀਆ ਵਿੱਚ ਇਹ ਪੁਰਾਣਾ ਦਸਤੂਰ ਚੱਲਦਾ ਰਹੇਗਾ ਜਿਸ ਵਿੱਚ ਆਏ ਮੁੱਖ ਵਿਦੇਸ਼ੀ ਮਹਿਮਾਨ ਦਾ ਸਵਾਗਤ ਬੰਦੂਕਾਂ ਵਾਲੇ ਸਿਪਾਹੀਆਂ ਦੀ



ਪਰੇਡ ਨਾਲ ਹੁੰਦਾ ਹੈ।

ਅਜਿਹਾ ਮਾਹੌਲ ਬਣ ਗਿਆ ਹੈ ਕਿ ਹਰ ਮੁਲਕ ਆਪਣੀ ਸੁਰੱਖਿਆ ਤੇ ਸਲਾਮਤੀ ਮਾਰੂ ਹਥਿਆਰਾਂ ਦੀ ਸਮਰੱਥਾ ਵਿੱਚ ਹੀ ਸਮਝਦਾ ਹੈ, ਦੂਜੇ ਦੇਸ਼ਾਂ ਨਾਲ ਦੋਸਤੀ ਤੇ ਚੰਗੇ ਸਬੰਧਾਂ ਵਿੱਚ ਨਹੀਂ। ਆਪਣੀ ਸੁਰੱਖਿਆ ਪੱਕੀ ਕਰਨ ਵਾਸਤੇ ਜਿਹੜਾ ਜ਼ੋਰ ਗੁਆਂਢੀ ਮੁਲਕਾਂ ਨਾਲ ਚੰਗੇ ਸਬੰਧ ਬਣਾਉਣ, ਝਗੜਿਆਂ ਦੇ ਗੱਲਬਾਤ, ਬਹਿਸਾਂ ਜਾਂ ਸਾਲਸੀ ਤਰੀਕਿਆਂ ਨਾਲ ਹੱਲ ਲੱਭਣ ਲਈ ਲਗਾਇਆ ਜਾਣਾ ਹੁੰਦਾ, ਉਹ ਫੌਜੀ ਸਾਜ਼ੋ-ਸਮਾਨ ਇਕੱਠਾ ਕਰਨ ਵਾਸਤੇ ਲਗਾਇਆ ਜਾਂਦਾ ਹੈ। ਦੱਸਿਆ ਜਾ ਰਿਹਾ ਹੈ ਕਿ ਭਾਰਤ ਵਿੱਚ ਸ਼ਸਤਰ ਪੂਜਾ ਦੀ ਰਿਵਾਇਤ ਰਹੀ ਹੈ। ਫਰਾਂਸ ਤੋਂ ਰਾਫੇਲ ਲੜਾਕੂ ਜਹਾਜ਼ ਖਰੀਦਣ ਵੇਲੇ ਸਾਡੇ ਰੱਖਿਆ ਮੰਤਰੀ ਉਥੇ ਗਏ ਤੇ ਜਹਾਜ਼ ਨਾਲ ਪੌੜੀ ਲਗਾ ਕੇ ਉਸ ਉਪਰ ਟਿੱਕਾ ਲਗਾਇਆ, ਕੁਝ ਮੰਤਰ ਵੀ ਉਚਾਰੇ। ਮੋਹਨ ਭਾਗਵਤ ਨੇ ਦੁਸਹਿਰੇ ਦੇ ਤਿਓਹਾਰ ਨੂੰ ਸ਼ਸਤਰ ਪੂਜਾ ਦਿਵਸ ਐਲਾਨਿਆ ਹੈ। ਹੁਣ ਤਾਂ ਇਵੇਂ ਲੱਗਦਾ ਜਿਵੇਂ ਸਾਰੀ ਦੁਨੀਆਂ ਵਿੱਚ ਹੀ ਸ਼ਸਤਰ ਪੂਜਾ ਹੁੰਦੀ ਹੈ। ਜਦੋਂ ਦੋ ਦੇਸ਼ਾਂ ਵਿੱਚ ਕੁਝ ਖੱਟਾਪਣ ਆ ਜਾਵੇ ਤਾਂ ਝਗੜੇ ਦੀ ਵਾਜਬੀਅਤ ਨਹੀਂ ਦੇਖੀ ਜਾਂਦੀ, ਬਸ ਮਾਰੂ ਜੰਗੀ ਸਾਮਾਨ ਦਾ ਲੇਖਾ ਜੋਖਾ ਸ਼ੁਰੂ ਹੋ ਜਾਂਦਾ ਹੈ। ਕੋਈ ਤੀਜਾ ਦੇਸ਼ ਜੇ ਮਦਦ ਕਰਨ ਦੀ ਸੋਚੇ ਤਾਂ ਉਹ ਵੀ ਹਥਿਆਰ ਭੇਜਣ ਦੀ ਹੀ ਗੱਲ ਕਰਦਾ ਹੈ, ਵਿੱਚ ਪੈ ਕੇ, ਦਲੀਲਾਂ ਸੁਣ ਕੇ ਮਸਲਾ ਹੱਲ ਕਰਵਾਉਣ ਦੀਆਂ ਕੋਸ਼ਿਸ਼ਾਂ ਦਾ ਜਿਵੇਂ ਰਿਵਾਜ ਹੀ ਖ਼ਤਮ ਹੋ ਗਿਆ ਹੈ।

ਸਿਰਫ਼ ਦੋ ਦੇਸ਼ਾਂ ਦੀ ਹੀ ਗੱਲ ਨਹੀਂ, ਕਿਸੇ ਇੱਕ ਦੇਸ਼ ਅੰਦਰਲਾ ਕੋਈ ਫਿਰਕਾ ਕਿਸੇ ਬੇਇਨਸਾਫ਼ੀ ਦਾ ਸ਼ਿਕਾਰ ਹੈ ਜਾਂ ਕੁਝ ਲੋਕ ਸਮਝਦੇ ਹੋਣ ਕਿ ਉਹ ਕਿਸੇ ਬੇਇਨਸਾਫ਼ੀ ਦੇ ਸ਼ਿਕਾਰ ਹਨ ਜਾਂ ਉਹ ਸਮਾਜ ਵਿੱਚ ਕੁਝ ਖਾਸ ਰਾਜਨੀਤਕ ਤੇ ਭੂਗੋਲਿਕ ਤਬਦੀਲੀ ਚਾਹੁੰਦੇ ਹਨ ਤਾਂ ਜਨਤਕ ਲਾਮਬੰਦੀ ਦੀ ਬਜਾਏ ਹਥਿਆਰਾਂ ਉੱਪਰ ਭਰੋਸਾ ਹੈ। ਇਉਂ ਸ਼ਸਤਰ ਪੂਜਾ ਸਿਰਫ਼ ਆਰ.ਐੱਸ.ਐੱਸ. ਹੀ ਨਹੀਂ, ਵੱਖ-ਵੱਖ ਤਰ੍ਹਾਂ ਦੇ ਵੱਖਵਾਦੀ ਤੇ ਕ੍ਰਾਂਤੀਵਾਦੀ ਵੀ ਕਰਦੇ ਹਨ।

ਇਜ਼ਰਾਇਲ ਦੀ ਸਥਾਪਨਾ ਤੋਂ ਬਾਅਦ ਕਰੀਬ 80 ਸਾਲ ਤੋਂ ਫ਼ਲਸਤੀਨ ਭਾਰੀ ਬੇਇਨਸਾਫ਼ੀ ਝੱਲ ਰਹੇ ਹਨ। ਉਹ ਆਪਣੇ ਘਰਾਂ ਤੇ ਖੇਤਾਂ ਤੋਂ ਮਹਿਰੂਮ ਹੋ ਗਏ। ਪਹਿਲਾਂ ਅਰਬ ਮੁਲਕਾਂ ਦੇ ਇਤਿਹਾਦ ਨਾਲ ਜੰਗੀ ਹੱਲ ਲੱਭਣ ਦੀ ਕੋਸ਼ਿਸ਼ ਕੀਤੀ, ਫੇਲ੍ਹ ਹੋਏ ਤੇ ਫਿਰ ਲੰਮਾ ਗੁਰੀਲਾ ਯੁੱਧ ਵੀ ਚਲਾਇਆ। ਫ਼ਲਸਤੀਨੀ ਲੀਡਰ ਯਾਸਰ ਅਰਾਫ਼ਾਤ ਕੌਮਾਂਤਰੀ ਕਾਨਫਰੰਸਾਂ ਵਿੱਚ ਪਿਸਤੌਲ ਪਹਿਨ ਕੇ ਜਾਂਦਾ ਸੀ। ਹੁਣ ‘ਹਮਾਸ’ ਦੀ ਨੇ ਹਥਿਆਰਾਂ ਉੱਪਰ ਟੇਕ ਰੱਖੀ ਹੋਈ ਹੈ। ਇਨ੍ਹਾਂ ਨੇ ਵੱਡਾ ਮਾਅਰਕੇਬਾਜ਼ ਐਕਸ਼ਨ ਕਰ ਕੇ 700 ਲੋਕਾਂ ਨੂੰ ਬੰਦੀ ਬਣਾਇਆ। ਇਸ ਕਾਰਵਾਈ ਵਿੱਚ ਹਜ਼ਾਰ ਤੋਂ ਉਪਰ ਇਜ਼ਰਾਇਲੀ ਨਾਗਰਿਕ ਮਾਰੇ ਗਏ। ਜਿਹੜੇ ਲੋਕ ਬੰਦੀ ਬਣਾ ਕੇ ਆਪਣੇ ਪਰਿਵਾਰਾਂ ਤੋਂ ਅਲੱਗ ਕੀਤੇ, (**ਬਾਕੀ ਸਫ਼ਾ 31 ’ਤੇ**)

# ਕਿਤੇ ਨੈੱਟ ਸਾਨੂੰ ਵਿਰਾਸਤੀ ਜੜ੍ਹਾਂ ਨਾਲੋਂ ਨਾ ਤੋੜ ਦੇਵੇ?



ਹਰਲਾਜ ਸਿੰਘ ਬਹਾਦਰਪੁਰ

ਜਦੋਂ ਕਿਸੇ ਨੂੰ ਕਿਸੇ ਪਾਸਿਉਂ ਤੋੜਨਾ ਹੋਵੇ ਤਾਂ ਉਸ ਨੂੰ ਦੂਜੇ ਪਾਸੇ ਜੋੜਨ ਦਾ ਪ੍ਰਬੰਧ ਵੀ ਕਰਨਾ ਪੈਂਦਾ ਹੈ, ਜਿਵੇਂ ਕਿ ਕਿਸੇ ਦੇ ਹੱਥ ਵਿਚੋਂ ਪਹਿਲੀ ਵਸਤੂ ਛੁਡਾਉਣ ਲਈ ਉਸ ਦੇ ਹੱਥ ਵਿਚ ਦੂਜੀ ਨਵੀਂ ਵਸਤੂ ਦੇਣੀ ਪੈਂਦੀ ਹੈ। ਇਸੇ ਤਰ੍ਹਾਂ ਹੀ ਸਾਡੇ ਕੋਲੋਂ ਵੀ ਅਸਲੀ ਧਰਤੀ, ਕਿਰਤ ਅਤੇ ਸਾਡਾ ਸੱਭਿਆਚਾਰ ਛੁਡਾਉਣ ਲਈ ਸਾਨੂੰ ਨੈੱਟ ਦੀ ਨਕਲੀ ਧਰਤੀ, ਨਕਲੀ ਕਿਰਤ ਅਤੇ ਬਿਗਾਨੇ ਸੱਭਿਆਚਾਰ ਨਾਲ ਜੋੜਿਆ ਜਾ ਰਿਹਾ ਹੈ । ਵੱਡੀਆਂ ਕੰਪਨੀਆਂ ਦੇ ਮਾਲਕ ਹੁਣ ਆਪਣੀਆਂ ਵਸਤਾਂ ਦੇ ਭਾਅ ਆਪਣੀਆਂ ਮਨਮਰਜ਼ੀਆਂ ਅਨੁਸਾਰ ਤੈਅ ਕਰਕੇ ਅੰਨ੍ਹੀ ਲੁੱਟ ਕਰਦੇ ਹੋਏ ਸਮੇਂ ਦੀਆਂ ਸਰਕਾਰਾਂ ਨੂੰ ਖ਼ਰੀਦ ਕੇ ਦੇਸ਼ ਦੇ ਸਮੁੱਚੇ ਪ੍ਰਬੰਧ ਉੱਤੇ ਕਾਬਜ਼ ਹੋ ਰਹੇ ਹਨ। ਹੁਣ ਉਹ ਚਾਹੁੰਦੇ ਹਨ ਕਿ ਦੇਸ਼ ਦੀ ਸਮੁੱਚੀ ਧਰਤੀ ਦੇ ਮਾਲਕ ਵੀ ਅਸੀਂ ਹੀ ਹੋਈਏ, ਕਿਉਂਕਿ ਧਰਤੀ ਹੀ ਸਭ ਤੋਂ ਵੱਡਾ ਕੁਦਰਤੀ ਕਾਰਖਾਨਾ ਹੈ ਜਿਸ ਵਿੱਚ ਅਨੇਕਾਂ ਤਰ੍ਹਾਂ ਦਾ ਅਨਾਜ ਅਤੇ ਜੜੀਆਂ ਬੂਟੀਆਂ ਦੀ ਪੈਦਾਵਾਰ ਹੁੰਦੀ ਹੈ। ਧਰਤੀ ਵਾਲੀ ਅਜਿਹੀ ਉਪਜ ਹੋਰ ਕਿਸੇ ਵੀ ਤਰ੍ਹਾਂ ਦੇ ਕਾਰਖਾਨੇ ਵਿੱਚ ਪੈਦਾ ਨਹੀਂ ਕੀਤੀ ਜਾ ਸਕਦੀ। ਕੋਈ ਵੀ ਕਾਰਖਾਨਾ ਧਰਤੀ ਦੀ ਉਪਜ ਤੋਂ ਬਗੈਰ ਚੱਲ ਨਹੀਂ ਸਕਦਾ। ਕਾਰਖਾਨਿਆਂ ਨੂੰ ਪੈਦਾਵਾਰ ਕਰਨ ਲਈ ਧਰਤੀ ਦੀ ਲੋੜ ਹੈ ਪਰ ਧਰਤੀ ਲਈ ਪੈਦਾਵਾਰ ਲਈ ਕਾਰਖਾਨਿਆਂ ਦੀ ਜ਼ਰੂਰਤ ਨਹੀਂ ਪੈਂਦੀ। ਬੇਸ਼ੱਕ ਕਾਰਖਾਨੇ ਵੀ ਅੱਜ ਸਾਡੀ ਮੁੱਢਲੀ ਲੋੜ ਬਣ ਚੁੱਕੇ ਹਨ ਪਰ ਧਰਤੀ ਦੀ ਕੁਦਰਤੀ ਉਪਜ (ਪੈਦਾਵਾਰ) ਉਹ ਨਿਆਮਤ ਹੈ ਜੋ ਆਦਿ ਮਾਨਵ ਤੋਂ ਲੈ ਕੇ ਅੱਜ ਤੱਕ ਦੇ ਆਧੁਨਿਕ ਮਨੁੱਖ ਸਮੇਤ ਹਰ ਤਰ੍ਹਾਂ ਦੇ ਜੀਵ ਜੰਤੂਆਂ, ਬਨਸਪਤੀ ਆਦਿ ਦਾ ਪਾਲਣ-ਪੋਸ਼ਣ ਕਰ ਰਹੀ ਹੈ, ਸਮੁੱਚੀ ਧਰਤੀ ਦੇ ਜੀਵ ਜੰਤੂਆਂ ਨੂੰ ਜੀਵਤ ਰਹਿਣ ਲਈ ਧਰਤੀ ਦੀ ਲੋੜ ਹੈ ਨਾ ਕਿ ਕਾਰਖਾਨਿਆਂ ਦੀ ।ਕਾਰਖਾਨਿਆਂ ਨੇ ਸਾਨੂੰ ਸੁੱਖ, ਸਹੂਲਤਾਂ ਤਾਂ ਬਹੁਤ ਦਿੱਤੀਆਂ ਹਨ ਪਰ ਇਨ੍ਹਾਂ ਦੇ ਮਾੜੇ ਪ੍ਰਭਾਵਾਂ ਕਾਰਨ ਜਿੱਥੇ ਮਨੁੱਖਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਬਹੁਤ ਸਾਰੇ ਕੁਦਰਤੀ ਜੀਵ ਜੰਤੂਆਂ ਦੀਆਂ ਕਈ ਨਸਲਾਂ ਵੀ ਸਦਾ ਲਈ ਖਤਮ ਹੋ ਗਈਆਂ ਤੇ ਹੋ ਰਹੀਆਂ ਹਨ। ਹੁਣ ਮਨੁੱਖਾਂ ਵਿਚੋਂ ਚਲਾਕ ਬੁੱਧੀ ਵਾਲੇ ਗਿਣਤੀ ਦੇ ਮਨੁੱਖ ਧਰਤੀ ਨੂੰ ਆਪਣੀ ਨਿੱਜੀ ਜਾਇਦਾਦ ਅਤੇ ਸਮੁੱਚੀ ਮਨੁੱਖਾ ਜਾਤੀ ਨੂੰ ਆਪਣੀ ਗੁਲਾਮ ਬਣਾਉਣਾ ਚਾਹੁੰਦੇ ਹਨ। ਅੱਜ ਸਾਡੇ ਦੇਸ਼ ਦੀ ਧਰਤੀ ਕਿਸੇ ਨਾ ਕਿਸੇ ਰੂਪ ਵਿੱਚ ਸਾਰੇ ਦੇਸ਼ ਵਾਸੀਆਂ ਦੀ ਸਾਂਝੀ ਧਰਤੀ ਹੈ। ਕਿਸੇ ਕੋਲ ਘੱਟ ਹੈ ਕਿਸੇ ਕੋਲ ਵੱਧ ਹੈ, ਆਪੋ-ਆਪਣੀਆਂ ਲੋੜਾਂ ਅਨੁਸਾਰ ਵੱਖੋ ਵੱਖਰੀ ਪੈਦਾਵਾਰ ਹੋ ਰਹੀ ਹੈ, ਕੋਈ ਖੇਤੀ ਕਰ ਰਿਹਾ ਹੈ ਕੋਈ ਮਜ਼ਦੂਰੀ ਕਰ ਰਿਹਾ ਹੈ, ਕੋਈ ਮਜ਼ਦੂਰ ਵੀ ਖੇਤੀ ਕਰ ਰਿਹਾ ਹੈ, ਕੋਈ ਆਪਣੀ ਮਰਜ਼ੀ ਦੇ ਕੰਮ ਦੀ ਮਜ਼ਦੂਰੀ ਕਰ ਰਿਹਾ ਹੈ ਭਾਵ ਕਿ ਸਭ ਨੂੰ ਰੁਜ਼ਗਾਰ ਮਿਲ ਰਿਹਾ ਹੈ। ਜੇ ਇਸ ਦੇਸ਼ ਦੀ ਧਰਤੀ ਦਾ ਮਾਲਕ ਸਿਰਫ਼ ਇੱਕ ਹੀ ਵਿਅਕਤੀ ਜਾਂ ਅਦਾਰਾ ਹੋਇਆ ਫਿਰ ਅਸੀਂ ਸਾਰੇ ਗੁਲਾਮ ਮਜ਼ਦੂਰ ਹੋਵਾਂਗੇ, ਮਾਲਕ ਆਪਣੀ ਮਰਜ਼ੀ ਦੀ ਫਸਲ ਪੈਦਾ ਕਰੇਗਾ। ਆਪਣੀ ਮਨਮਰਜ਼ੀ ਨਾਲ ਫਸਲ ਅਤੇ ਮਜ਼ਦੂਰੀ ਦਾ ਭਾਅ ਤੈਅ ਕਰੇਗਾ, ਉਹ ਮਾਲਕ ਫਿਰ ਸਾਨੂੰ ਸਾਰਿਆਂ ਨੂੰ ਜਿਉਂਦੇ ਰੱਖਣ ਲਈ ਮਜ਼ਦੂਰੀ ਰਾਹੀਂ ਭੋਜਨ ਵੀ ਉਨੇ ਕੁ



ਲੋਕਾਂ ਨੂੰ ਹੀ ਦੇਵੇਗਾ ਜਿੰਨੇ ਮਜ਼ਦੂਰਾਂ ਦੀ ਉਸ ਨੂੰ ਲੋੜ ਹੋਵੇਗੀ ਬਾਕੀਆਂ ਨੂੰ ਮਰਨ ਲਈ ਛੱਡ ਦੇਵੇਗਾ। ਸਾਡੇ ਕੋਲ ਕੋਈ ਹੱਕ ਵੀ ਨਹੀਂ ਹੋਣਗੇ, ਇਹ ਹੋਵੇਗੀ ਅਸਲੀ ਗੁਲਾਮੀ। ਸਾਡੇ ਲਈ ਅਜਿਹੀ ਗੁਲਾਮੀ ਦਾ ਤਾਣਾ ਬਾਣਾ ਨੈੱਟ ਰਾਹੀਂ ਬੁਣਿਆ ਜਾ ਰਿਹਾ ਹੈ। ਇਸ ਨੈੱਟ ਰਾਹੀਂ ਜਿੱਥੇ ਸਾਨੂੰ ਆਪਣੀ ਧਰਤੀ, ਕਿਰਤ ਅਤੇ ਸੱਭਿਆਚਾਰ ਨਾਲ਼ੋਂ ਤੋੜਿਆ ਜਾ ਰਿਹਾ ਹੈ, ਉੱਥੇ ਸਾਡੇ ਸਮੇਂ, ਸ਼ਰਮ ਅਤੇ ਮਿਲਵਰਤਣ ਵਾਲ਼ੇ ਸੰਸਕਾਰਾਂ ਨੂੰ ਵੀ ਖ਼ਤਮ ਕੀਤਾ ਜਾ ਰਿਹਾ ਹੈ। ਅਫਸੋਸ ਕਿ ਅਸੀਂ ਬਿਨਾਂ ਸੋਚੇ ਸਮਝੇ ਨੈੱਟ ਦੀ ਇਸ ਚਾਲ ਵਿੱਚ ਬੁਰੀ ਤਰ੍ਹਾਂ ਫਸਦੇ ਜਾ ਰਹੇ ਹਾਂ। ਅਸੀਂ ਲੋੜੀਂਦੀ ਖੇਤੀ ਜਾਂ ਲੋੜੀਂਦੇ ਕਾਰਖਾਨਿਆਂ ਵਿੱਚ ਸਰੀਰਕ ਮਿਹਨਤ ਵਾਲਾ ਕੰਮ ਕਰਕੇ ਕਮਾਈ ਕਰਨ ਦੀ ਥਾਂ ਨੈੱਟ ’ਤੇ ਬਣੇ ਵੱਖਰੇ ਵੱਖਰੇ ਬੇਲੋੜੇ ਸਾਧਨਾਂ (ਫੇਸਬੁੱਕ, ਇੰਸਟਾਗ੍ਰਾਮ ਆਦਿ) ਰਾਹੀ ਚੰਗੀ, ਮੰਦੀ ਅਤੇ ਬੇਲੋੜੀ ਸਮੱਗਰੀ ਸਾਂਝੀ ਕਰਕੇ ਕਮਾਈ ਕਰਨ ਵੱਲ ਨੂੰ ਦੌੜ ਰਹੇ ਹਾਂ। ਯਾਦ ਰੱਖਿਓ, ਇਸ ਨੈੱਟ ’ਤੇ ਪੈਸੇ ਕਮਾਏ ਜਾ ਸਕਦੇ ਹਨ ਪਰ ਭੋਜਨ ਪੈਦਾ ਨਹੀਂ ਕੀਤਾ ਜਾ ਸਕਦਾ। ਸਾਨੂੰ ਨੈੱਟ ਤੋਂ ਕਮਾਏ ਪੈਸਿਆਂ ਨਾਲ ਭੋਜਨ ਵੀ ਤਾਂ ਹੀ ਮਿਲ ਰਿਹਾ ਹੈ ਕਿਉਂਕਿ ਹਾਲੇ ਬਹੁਤ ਸਾਰੇ ਲੋਕ ਅੰਨ ਪੈਦਾ ਕਰ ਰਹੇ ਹਨ। ਸਾਡੀਆਂ ਮੁਢਲੀਆਂ ਲੋੜਾਂ ਲਈ ਸਾਜ਼ੋ ਸਾਮਾਨ ਵੀ ਸਰੀਰਕ ਮਿਹਨਤ ਰਾਹੀਂ ਹੀ ਤਿਆਰ ਹੁੰਦਾ ਹੈ ਨਾ ਕਿ ਨੈੱਟ ਰਾਹੀਂ। ਨੈੱਟ ਇੱਕ ਵਧੀਆ ਸੰਚਾਰ ਸਾਧਨ ਤਾਂ ਹੈ ਜਿਸ ਰਾਹੀਂ ਤੁਸੀਂ ਆਡੀਓ, ਵੀਡੀਓ ਜਾਂ ਲਿਖਤੀ ਸਮੱਗਰੀ ਬਿਨਾਂ ਕਿਸੇ ਦੇਰ ਦੇ ਇੱਕ ਦੂਜੇ ਕੋਲ ਭੇਜ ਸਕਦੇ ਹੋ, ਪਰ ਮਨੁੱਖ ਦੀਆਂ ਮੁਢਲੀਆਂ ਲੋੜਾਂ ਰੋਟੀ, ਕੱਪੜਾ ਅਤੇ ਮਕਾਨ ਲਈ ਸਮੱਗਰੀ ਨਾ ਤਾਂ ਨੈੱਟ ਦੀ ਧਰਤੀ ’ਤੇ ਪੈਦਾ ਹੁੰਦੀ ਹੈ, ਨਾ ਇਹ ਨੈੱਟ ਰਾਹੀਂ ਇਕ ਥਾਂ ਤੋਂ ਦੂਜੀ ਥਾਂ ’ਤੇ ਭੇਜੀ ਜਾ ਸਕਦੀ ਹੈ। ਜਿਸ ਹਿਸਾਬ ਨਾਲ ਅਸੀਂ ਨੈੱਟ ਦੀ ਖੇਤੀ ਵੱਲ ਦੌੜ ਰਹੇ ਹਾਂ ਅਤੇ ਸਾਨੂੰ ਇਸ ਤੋਂ ਕਮਾਈ ਹੋ ਰਹੀ ਹੈ, ਉਸ ਹਿਸਾਬ ਨਾਲ ਖੇਤੀ ਜਾਂ ਕਾਰਖਾਨਿਆਂ ਦੇ ਸਰੀਰਕ ਮਿਹਨਤ ਵਾਲੇ ਕੰਮ ਤਾਂ ਕਿਸੇ ਨੇ ਵੀ ਨਹੀਂ ਕਰਨੇ। ਸਰੀਰਕ ਮਿਹਨਤ ਵਾਲੇ ਕੰਮ ਕਰਕੇ ਅਸੀਂ ਰਾਜ਼ੀ ਨਹੀਂ ਹਾਂ। ਜ਼ਮੀਨਾਂ ਨਾਲ ਸਾਡਾ ਪਿਆਰ ਨਹੀਂ ਰਿਹਾ। ਜ਼ਮੀਨਾਂ ਨਾਲ ਪਿਆਰ ਵੀ ਉਨ੍ਹਾਂ ਨੂੰ ਹੀ ਹੁੰਦਾ ਹੈ ਜੋ ਕਿਸੇ ਨਾ ਕਿਸੇ ਰੂਪ ਵਿੱਚ ਜ਼ਮੀਨਾਂ ਨਾਲ ਜੁੜੇ ਹੋਏ ਹੋਣ। ਜ਼ਮੀਨਾਂ ਵੇਚ ਕੇ ਅਸੀਂ ਨੈੱਟ ਦੇ ਸਾਧਨ ਮੋਬਾਈਲ ਵਗੈਰਾ ਖ਼ਰੀਦਣ ਨੂੰ ਆਪਣੀ ਸ਼ਾਨ ਸਮਝਦੇ ਹਾਂ। ਕਾਰਪੋਰੇਟ ਘਰਾਣਿਆਂ ਤੋਂ ਜ਼ਮੀਨਾਂ ਨੂੰ ਬਚਾਉਣ ਲਈ ਵੱਡੀ ਉਮਰ ਦੇ ਲੋਕ ਜੋ ਮਿੱਟੀ ਨਾਲ ਜੁੜੇ ਹੋਏ ਹਨ, ਉਹ ਦੇਸ਼ ਵੇਚੂ ਲੀਡਰਾਂ ਵਿਰੁੱਧ ਧਰਨਿਆਂ ਮੁਜ਼ਾਹਰਿਆਂ ਰਾਹੀਂ ਲੜ ਰਹੇ ਹਨ। ਨਵੀਂ ਪੀੜ੍ਹੀ ਕੁੱਝ ਕੁ ਤਾਂ ਦੇਸ਼ ਦੀ ਧਰਤੀ ਉੱਤੇ ਹੀ ਰਹਿਣਾ ਪਸੰਦ ਨਹੀਂ ਕਰਦੀ। ਜੋ ਦੇਸ਼ ਵਿੱਚ ਰਹਿਣਾ ਚਾਹੁੰਦੀ ਹੈ ਉਹ ਆਪਣੀ ਅਸਲੀ ਧਰਤੀ ਉੱਤੇ ਰਹਿਣ ਦੀ ਥਾਂ ਨੈੱਟ ਦੀ ਉਸਾਰੀ ਨਕਲੀ ਧਰਤੀ ’ਤੇ ਸਵਾਰ ਹੋ ਚੁੱਕੀ ਹੈ। ਬਜ਼ੁਰਗ ਕਿੰਨਾ ਕੁ ਚਿਰ ਲੜਨਗੇ? ਜਿਸ ਤਰ੍ਹਾਂ ਅਸੀਂ ਨੈੱਟ ਨਾਲ ਜੁੜਦੇ ਜਾ ਰਹੇ ਹਾਂ, ਇਸ ਨੂੰ ਵੇਖ ਕੇ ਤਾਂ ਮੈਨੂੰ ਇਹ ਨੈੱਟ ਚਿੱਟੇ (ਨਸ਼ਿਆਂ) ਨਾਲੋਂ ਵੀ ਵੱਧ ਖ਼ਤਰਨਾਕ ਲੱਗ ਰਿਹਾ ਹੈ । ਕਿਤੇ ਇਹ ਨਾ ਹੋਵੇ ਕਿ ਸਾਨੂੰ ਇਸ ਨੈੱਟ ਦੀ ਨਕਲੀ ਧਰਤੀ ਅਤੇ ਕਮਾਈ ਨਾਲ ਜੋੜ ਕੇ ਕਾਰਪੋਰੇਟ ਘਰਾਣੇ ਸਾਡੇ ਕੋਲੋਂ ਸਾਡੀ ਅਸਲੀ ਧਰਤੀ ਅਤੇ ਕਮਾਈ ਹੀ ਅਤੇ ਖੋਹ ਲੈਣ ਅਸੀਂ ਕਾਰਪੋਰੇਟਾਂ ਦੀਆਂ ਚਾਲਾਂ ਨੂੰ ਨਾ ਸਮਝਦੇ ਹੋਏ, ਜਿਉਂਦੇ ਰਹਿਣ ਲਈ ਲੋੜੀਂਦੇ ਖੇਤੀ ਅਤੇ ਕਾਰਖਾਨਿਆਂ ਦੇ ਕੰਮ ਦੀ ਕਿਰਤ ਨੂੰ ਛੱਡ ਕੇ ਨੈੱਟ ’ਤੇ ਪਾਉਣ ਲਈ ਬੇਲੋੜੀ ਸਮੱਗਰੀ ਤਿਆਰ ਕਰਨ ਵਾਲੀ ਬੇਲੋੜੀ ਕਿਰਤ ਕਰਨ ਨੂੰ ਪਹਿਲ ਦੇਣ ਲੱਗੀਏ। ਅਸੀਂ ਅਮੀਰ ਬਣਨ ਦੀ ਦੌੜ ਵਿੱਚ ਅੰਨ੍ਹੇਵਾਹ ਦੌੜ ਰਹੇ ਹਾਂ, ਨੈੱਟ ਸਮੱਗਰੀ ਨੂੰ ਮੈਂ ਬੇਲੋੜੀ ਇਸ ਲਈ ਕਹਿ ਰਿਹਾ ਹਾਂ ਕਿਉਂਕਿ ਸਾਨੂੰ ਜਿਉਂਦੇ ਰਹਿਣ ਲਈ ਇਸ ਦੀ ਲੋੜ ਨਹੀਂ ਹੈ, ਖੇਤੀ ਅਤੇ ਕਾਰਖਾਨਿਆਂ ਦਾ ਕੰਮ ਸਾਡੀ ਜ਼ਿੰਦਗੀ ਦੀ ਲੋੜ ਹੈ। ਦੂਜੀ ਗੱਲ ਇਹ ਇਸ ਹਵਾ ਵਿੱਚ ਚੱਲ ਰਹੇ ਨੈੱਟ ਕਾਰਖਾਨੇ ਦਾ ਮਾਲਕ ਇੱਕ ਹੈ। ਉਹ ਕਦੇ ਵੀ ਇਸ ਨੂੰ ਬੰਦ ਕਰ ਸਕਦਾ ਹੈ ਜਾਂ ਇਹ ਵੀ ਕਹਿ ਸਕਦਾ ਹੈ ਕਿ ਤੁਸੀਂ ਨੈੱਟ ’ਤੇ ਸਮੱਗਰੀ ਪਾਓ ਜਾਂ ਨਾ ਪਾਓ ਪਰ ਇਸ ਦਾ ਤੁਹਾਨੂੰ ਪੈਸਾ ਕੋਈ ਨਹੀ ਮਿਲੇਗਾ। ਫਿਰ ਤੁਹਾਡੇ ਕੋਲ ਇਸ ਦਾ ਕੀ ਬਦਲ ਹੋਵੇਗਾ। ਸਾਨੂੰ ਸਾਡੀ ਧਰਤੀ ਨਾਲੋਂ ਤੋੜਨ ਲਈ ਜੋ ਸਾਡੇ ਜਿਉਂਦੇ ਰਹਿਣ ਲਈ ਅਤੀ ਜ਼ਰੂਰੀ ਹੈ ਉਸ ਖੇਤੀ ਅਤੇ ਇਸ ਦੇ ਸਹਾਇਕ ਧੰਦਿਆਂ ਨੂੰ ਘਾਟੇ ਦੇ ਸੌਦੇ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ। ਹੱਥੀਂ ਕੰਮ ਕਰਨ ਨੂੰ ਬੇਇੱਜ਼ਤੀ ਸਮਝਿਆ ਜਾ ਰਿਹਾ ਹੈ। ਸਾਡੇ ਦੇਸ਼ ਦੀ ਧਰਤੀ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਕਿ ਇਹ ਤਾਂ ਰੇਹਾਂ ਸਪ੍ਰੇਆਂ ਨਾਲ ਪ੍ਰਦੂਸ਼ਤ ਹੋ ਚੁੱਕੀ ਹੈ। ਸਾਡੇ ਦੇਸ਼ ਦੇ ਨੌਜੁਆਨ ਆਪਣੇ ਘਰ ਰਹਿ ਕੇ ਸੌਖੀ ਕਿਰਤ ਕਰਨ ਦੀ ਥਾਂ ਆਪਣੀਆਂ ਕੀਮਤੀ ਜ਼ਮੀਨਾਂ ਵੇਚ ਕੇ ਜਾਂ ਕੋਈ ਹੋਰ ਹੀਲਾ ਵਸੀਲਾ ਵਰਤ ਕੇ ਆਪਣੀ ਬਹੁਮੁੱਲੀ ਛੇ ਰੁੱਤਾਂ ਦੇ ਵਾਤਾਵਰਣ ਵਾਲੀ ਧਰਤੀ ਨੂੰ ਛੱਡ ਕੇ ਠੰਡੇ ਜਾਂ ਤੱਤੇ ਵਾਤਾਵਰਣਾਂ ਵਾਲ਼ੇ ਵਿਦੇਸ਼ਾਂ ਵਿੱਚ ਜਾ ਕੇ ਔਖੀ ਤੋਂ ਔਖੀ ਮਜ਼ਦੂਰੀ ਕਰਨ ਨੂੰ ਪਹਿਲ ਦੇ ਰਹੇ ਹਨ। ਸਾਨੂੰ ਆਪਣੀ ਧਰਤੀ ਅਤੇ ਕਿਰਤ ਨਾਲ਼ੋਂ ਤੋੜਨ ਲਈ ਨੈੱਟ ਰਾਹੀਂ ਚੱਲੀ ਜਾ ਰਹੀ ਇਸ ਚਾਲ ਵਿਚੋਂ ਨਿਕਲ ਕੇ ਨੈੱਟ ਲਈ ਬੇਲੋੜੀ ਸਮੱਗਰੀ ਤਿਆਰ ਕਰਨ ਦੀ ਥਾਂ ਖੇਤੀ, ਖੇਤੀ ਦੇ ਸਹਾਇਕ ਧੰਦਿਆਂ ਅਤੇ ਕਾਰਖਾਨਿਆਂ ਵਿੱਚ ਹੱਥੀਂ ਮਿਹਨਤ ਕਰਨੀ ਚਾਹੀਦੀ ਹੈ ਤਾਂ ਕਿ ਇਸ ਸੱਚੀ ਕਿਰਤ ਰਾਹੀਂ ਅਸੀਂ ਆਪਣੇ-ਆਪ ਨੂੰ ਅਤੇ ਅਪਣੇ ਦੇਸ਼ ਨੂੰ ਖੁਸ਼ਹਾਲ ਬਣਾ ਸਕੀਏ। ਅਸੀਂ ਹਰ ਉਮਰ ਦੇ ਲੋਕ ਦਿਨ ਰਾਤ ਨੈੱਟ ਚਲਾ ਕੇ ਬੈਠੇ ਰਹਿੰਦੇ ਹਾਂ ਤੇ ਚੰਗੀ, ਮੰਦੀ ਅਤੇ ਬੇਲੋੜੀ ਸਮੱਗਰੀ ਨੈੱਟ ਉੱਤੇ ਚਾੜ੍ਹਦੇ ਰਹਿੰਦੇ ਹਾਂ। ਫਿਰ ਉਨ੍ਹਾਂ ’ਤੇ ਬੇਲੋੜੀਆਂ ਪਸੰਦਾਂ, ਬੇਪਸੰਦਾਂ, ਟਿੱਪਣੀਆਂ, ਫਾਲਤੂ ਦੀਆਂ ਬਹਿਸਾਂ ਕਰਨ ਅਤੇ (ਬਾਕੀ ਸਫ਼ਾ 31 ’ਤੇ)

# ਪੰਜਾਬ ਨੂੰ ਆਰਥਿਕ ਤੌਰ ’ਤੇ ਮਜ਼ਬੂਤ ਕਿਵੇਂ ਬਣਾਇਆ ਜਾਵੇ?

ਡਾ. ਕੁਲਵੰਤ ਸਿੰਘ ਫ਼ੁਲ

ਕਿਸੇ ਵੀ ਦੇਸ਼ ਜਾਂ ਸੂਬੇ ਦੇ ਆਰਥਿਕ ਵਿਕਾਸ ਲਈ ਸੰਬਧਿਤ ਸਰਕਾਰ ਦਾ ਵਿੱਤੀ ਤੌਰ ’ਤੇ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ। ਵਿੱਤੀ ਮਜ਼ਬੂਤੀ (ਫ਼ਿਸਕਲ ਕੰਸੋਲੀਡੇਸ਼ਨ) ਸਰਕਾਰ ਦੀਆਂ ਅਜਿਹੀਆਂ ਕਾਰਵਾਈਆਂ ਕਰਕੇ ਹੁੰਦੀ ਹੈ, ਜਿਸ ਨਾਲ ਸਰਕਾਰ ਆਪਣੀ ਆਮਦਨ ਨੂੰ ਆਪਣੇ ਖਰਚਿਆਂ ਦੇ ਅਨੁਰੂਪ ਰੱਖ ਕੇ ਵਿੱਤੀ ਘਾਟਾ ਕੰਟਰੋਲ ਵਿੱਚ ਬਣਾਈ ਰੱਖੇ, ਭਾਵ ਵਿੱਤੀ ਘਾਟਾ ਤੇ ਕਰਜ਼-ਭਾਰ ਘਟਾਉਣ ਵਿੱਚ ਮਦਦ ਮਿਲਦੀ ਹੋਵੇ। ਇਸ ਦਾ ਪ੍ਰਗਟਾਵਾ ਸਰਕਾਰ ਦੇ ਮਾਲੀਏ ਵਿੱਚ ਸੁਧਾਰ, ਵਿੱਤੀ ਘਾਟੇ ਵਿੱਚ ਕਮੀ ਅਤੇ ਨਿਰਧਾਰਤ ਖਰਚਿਆਂ ਨੂੰ ਯਕੀਨੀ ਬਣਾਉਣ ਤੋਂ ਹੁੰਦਾ ਹੈ। ਪੰਜਾਬ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਸਮੇਂ ਦੀ ਹਰੇਕ ਸੱਤਾਧਾਰੀ ਧਿਰ ਨੇ ਸੌੜੀ ਵੋਟ ਸਿਆਸਤ ਖ਼ਾਤਰ ਲੋਕ ਲੁਭਾਵਣੀਆਂ ਬੇਲੋੜੀਆਂ ਮੁਫ਼ਤ ਸਹੂਲਤਾਂ ਵੰਡ ਕੇ ਸੂਬੇ ਦੀ ਵਿੱਤੀ ਸਥਿਤੀ ਨੂੰ ਕਮਜ਼ੋਰ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਇਸ ਕੰਮ ਵਿੱਚ ਸੂਬੇ ਦੀ ਮੌਜੂਦਾ ਆਮ ਆਦਮੀ ਪਾਰਟੀ (ਆਪ) ਸਰਕਾਰ ਵੀ ਕੋਈ ਅਪਵਾਦ ਨਹੀਂ ਹੈ। ਇਸ ਦਾ ਅੰਦਾਜ਼ਾ 3 ਸਾਲ ਦਾ ਕਾਰਜਕਾਲ ਪੂਰਾ ਕਰ ਚੁੱਕੀ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਤੋਂ ਲਗਾ ਸਕਦੇ ਹਾਂ। ਪਿਛਲੇ ਸਮੇਂ ਵਿੱਚ ਇਸ ਵੱਲੋਂ ਦੋ ਮਾਹਿਰ ਆਰਥਿਕ ਸਲਾਹਕਾਰ ਅਰਵਿੰਦ ਮੋਦੀ ਤੇ ਸੇਬਸਤੀਅਨ ਜੇਮਸ ਨੂੰ ਨਿਯੁਕਤ ਕੀਤਾ ਗਿਆ ਸੀ, ਇਸ ਦੇ



ਬਾਵਜੂਦ ਸੂਬੇ ਦੀ ਵਰਤਮਾਨ ਵਿੱਤੀ ਸਥਿਤੀ ਵਿੱਚ ਅਜੇ ਠੋਸ ਸੁਧਾਰ ਨਹੀਂ ਹੋ ਸਕਿਆ। ਸੂਬਾ ਸਰਕਾਰ ਦੇ ਸਾਲ 2024-25 ਦੇ ‘ਆਰਥਿਕ ਸਰਵੇਖਣ’ ਤੇ 2025-26 ਦੇ ‘ਸਾਲਾਨਾ ਵਿੱਤੀ ਵੇਰਵੇ’ ਵਾਚਣ ਤੋਂ ਸਪਸ਼ਟ ਹੁੰਦਾ ਹੈ ਕਿ ਸਰਕਾਰ ਦਿਨ-ਬ-ਦਿਨ ਬੁਰੀ ਤਰਾਂ ‘ਕਰਜ਼ਾ-ਜਾਲ’ ਦੀ ਸਥਿਤੀ ਵਿੱਚ ਫ਼ਸਦੀ ਜਾ ਰਹੀ ਹੈ। ਸਾਲ 2017-18 ਭਾਵ ਕਾਂਗਰਸ ਦੀ ਕੈਪਟਨ ਸਰਕਾਰ ਦੇ ਸੱਤਾ ਵਿੱਚ ਆਉਣ ਦੇ ਪਹਿਲੇ ਸਾਲ ਸੂਬੇ ਸਿਰ ਕੁੱਲ 1,95,153 ਕਰੋੜ ਰੁਪਏ ਦਾ ਕਰਜ਼ਾ ਸੀ, ਜੋ ਕਿ 2021-22 ਵਿੱਚ ਕਾਂਗਰਸ ਦੀ ਚੰਨੀ ਸਰਕਾਰ ਦੀ ਵਿਦਾਇਗੀ ਸਮੇਂ ਵਧ ਕੇ 2,81,773 ਕਰੋੜ ਰੁਪਏ ਹੋ ਗਿਆ। ਮੌਜੂਦਾ ਮਾਨ ਸਰਕਾਰ ਦੌਰਾਨ ਸਾਲ 2024-25 ਵਿੱਚ ਇਹ ਕਰਜ਼ਾ ਵਧ ਕੇ 3,82,935 ਕਰੋੜ ਰੁਪਏ ਹੋ ਗਿਆ ਹੈ, ਜਿਸ ਦੇ 2025-26 ਦੇ ਅੰਤ ਤੱਕ ਹੋਰ ਵਧ ਕੇ 4,17,136 ਕਰੋੜ ਰੁਪਏ ਹੋ ਜਾਣ ਦਾ ਬਜਟ ਅਨੁਮਾਨ ਹੈ। ਜੇਕਰ ਪੰਜਾਬ ਦੇ ਇਸ ਕਰਜ਼ੇ ਦਾ ਸੂਬੇ ਦੀ ਕੁੱਲ ਘਰੇਲੂ ਆਮਦਨ (ਐਸ.ਜੀ.ਡੀ.ਪੀ.) ਨਾਲ ਅਨੁਪਾਤ ਕਰਕੇ ਦੇਖਿਆ ਜਾਵੇ ਤਾਂ ਸਪੱਸ਼ਟ ਹੁੰਦਾ ਹੈ ਕਿ ਸਾਲ 2017-18 ਵਿੱਚ ਪੰਜਾਬ ਸਿਰ ਖੜ੍ਹਾ ਇਹ ਕਰਜ਼ਾ ਕੁੱਲ ਸਾਲਾਨਾ ਘਰੇਲੂ ਆਮਦਨ ਦਾ 41.43 ਫ਼ੀਸਦੀ ਹਿੱਸਾ ਸੀ, ਜੋ ਕਿ 2021-22 ਵਿੱਚ ਵਧ ਕੇ 42.33 ਫ਼ੀਸਦੀ ਅਤੇ ਸਾਲ 2024-25 ਦੌਰਾਨ ਹੋਰ ਵਧ ਕੇ 47.3 ਫ਼ੀਸਦੀ ਹੋ ਗਿਆ, ਭਾਵ ਸੂਬੇ ਦੀ ਲੱਗਪੱਗ ਅੱਧੀ ਸਾਲਾਨਾ ਘਰੇਲੂ ਆਮਦਨ, ਕਰਜ਼ੇ ਦੇ ਰੂਪ ਵਿੱਚ ਮੋੜਨਯੋਗ ਖੜ੍ਹੀ ਹੈ। ਪੰਜਾਬ ਦਾ ਇਹ ਕਰਜ਼-ਅਨੁਪਾਤ ਸੂਬਿਆਂ ਵਾਸਤੇ ਬਣਾਈ ਗਈ ‘ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ’ ਰੀਵਿਊ ਕਮੇਟੀ ਦੁਆਰਾ ਸੁਝਾਈ ਗਈ 20 ਫ਼ੀਸਦੀ ਸੀਮਾ ਦੇ ਦੁੱਗਣੇ ਤੋਂ ਵੀ ਜ਼ਿਆਦਾ ਹੈ। ਦਿਨ ਬ ਦਿਨ ਭਾਰੀ ਹੁੰਦੀ ਇਹ ਕਰਜ਼ੇ ਦੀ ਪੰਡ ਸੂਬੇ ਵਿੱਚ ਪੈਦਾ ਹੋ ਰਹੇ ਇੱਕ ਗੰਭੀਰ ਆਰਥਿਕ ਸੰਕਟ ਦਾ ਪ੍ਰਤੀਕ ਹੈ, ਕਿਉਂ ਜੋ ਪਹਿਲਾਂ ਹੀ ਪ੍ਰਤੀਕੂਲ ਮਾਲੀ ਘਾਟੇ ’ਚੋਂ ਗੁਜ਼ਰ ਰਹੀ ਪੰਜਾਬ ਸਰਕਾਰ ਵਾਸਤੇ ਖੜ੍ਹੇ ਕਰਜ਼ੇ ’ਤੇ ਵਿਆਜ ਅਦਾਇਗੀਆਂ ਵਧਦੀਆਂ ਜਾ ਰਹੀਆਂ ਹਨ। ਨਤੀਜਨ ਸੂਬੇ ਵਿੱਚ ਲੋੜੀਦੀਆਂ- ਜ਼ਰੂਰੀ ਸਿੱਖਿਆ, ਸਿਹਤ, ਲੋਕ ਭਲਾਈ ਸਹੂਲਤਾਂ, ਸੜਕਾਂ ਤੇ ਹੋਰ ਜਨਤਕ ਸੰਸਥਾਵਾਂ ਵਾਸਤੇ ਮੁੱਢਲੇ ਢਾਂਚੇ ਦੇ ਵਿਕਾਸ ਲਈ ਫ਼ੰਡਾਂ ਦੀ ਘਾਟ ਬਣੀ ਹੋਈ ਹੈ। ਜਿਸ ਲਈ ਪਿਛਲੀਆਂ ਸਰਕਾਰਾਂ ਦੇ ਨਾਲ ਨਾਲ ਮੌਜੂਦਾ ਸੂਬਾ ਸਰਕਾਰ ਵੀ ਬਰਾਬਰ ਦੀ ਜ਼ਿੰਮੇਵਾਰ ਹੈ। ਇਸ ਤੋਂ ਇਲਾਵਾ ਪੰਜਾਬ ਦੇ ਸਾਲਾਨਾ ਬਜਟ ਵਿੱਚ ਕੁੱਲ ਘਰੇਲੂ ਆਮਦਨ ਦੇ ਮੁਕਾਬਲੇ ਮਾਲੀਆ ਘਾਟੇ ਅਤੇ ਵਿੱਤੀ ਘਾਟੇ ਵਿੱਚ ਲਗਾਤਾਰ ਵਾਧਾ ਹੋਣਾ ਵੀ ਸੂਬੇ ਦੀ ਦਿਨ-ਬ-ਦਿਨ ਨਿੱਘਰਦੀ ਵਿੱਤੀ ਸਥਿਤੀ ਦਾ ਸੰਕੇਤ ਹੈ। ਪੰਜਾਬ ਸਰਕਾਰ ਸਾਲ 2015-16 ਤੋਂ ਲਗਾਤਾਰ ਮਾਲੀਆ ਘਾਟੇ ਵਿੱਚ ਚੱਲ ਰਹੀ ਹੈ। 2017-18 ਵਿੱਚ ਸੂਬੇ ਦਾ ਮਾਲੀਆ ਘਾਟਾ ਪੰਜਾਬ ਦੀ ਕੁੱਲ ਘਰੇਲੂ ਆਮਦਨ ਦਾ ਸਿਰਫ਼ ਦੋ ਫ਼ੀਸਦੀ ਹਿੱਸਾ ਹੁੰਦਾ ਸੀ, ਜੋ ਕਿ 2021-22 ਵਿੱਚ ਵਧ ਕੇ 3.16 ਫ਼ੀਸਦੀ ਅਤੇ ਸਾਲ 2024-25 ਵਿੱਚ ਹੋਰ ਵਧ ਕੇ 3.54 ਫ਼ੀਸਦੀ ਹੋ ਗਿਆ ਹੈ। ਇਸੇ ਪ੍ਰਕਾਰ ਸਾਲ 2017-18 ਵਿੱਚ ਵਿੱਤੀ ਘਾਟਾ ਸੂਬੇ ਦੀ ਕੁੱਲ ਘਰੇਲੂ ਆਮਦਨ ਦਾ 2.65 ਫ਼ੀਸਦੀ ਹਿੱਸਾ ਬਣਦਾ ਸੀ, ਜੋ ਕਿ 2024-25 ਵਿੱਚ ਵਧ ਕੇ 4.54 ਫ਼ੀਸਦੀ ਹੋ ਚੁੱਕਾ ਹੈ। ਇਸ ਦਾ ਮੁੱਖ ਕਾਰਨ ਸੂਬਾ ਸਰਕਾਰ ਦੀ ਨਵੇਂ ਵਿੱਤੀ ਸਾਧਨ ਜੁਟਾਉਣ ਦੀ ਸੀਮਤ ਸਮਰੱਥਾ ਦੇ ਨਾਲ ਨਾਲ ਟੈਕਸ-ਰਹਿਤ ਬਜਟ ਪੇਸ਼ ਕਰਦਿਆਂ ਬੇਲੋੜੀਆਂ ਮੁਫ਼ਤ-ਖੋਰੀਆਂ- ਮੁਫ਼ਤ ਬਿਜਲੀ ਸਪਲਾਈ ਤੇ ਔਰਤ ਬੱਸ ਸਫ਼ਰ ਸਹੂਲਤ ਪ੍ਰਦਾਨ ਕਰਨਾ ਹਨ।

ਭਾਰਤੀ ਸੰਵਿਧਾਨ ਦੇ ਅਨੁਛੇਦ 151(2) ਤਹਿਤ ਦੇਸ਼ ਦਾ ਕੰਟਰੋਲਰ ਤੇ ਆਡੀਟਰ ਜਨਰਲ (ਕੈਗ) ਸੰਬਧਿਤ ਸੂਬੇ ਦੇ ਗਵਰਨਰ ਨੂੰ ਰਾਜ ਦੇ ਲੇਖਾ-ਖਾਤਿਆਂ ਬਾਰੇ ਰਿਪੋਰਟਾਂ ਸੌਂਪਦਾ ਹੈ, ਫ਼ਿਰ ਉਨ੍ਹਾਂ ਨੂੰ ਸੂਬਾ ਵਿਧਾਨ ਸਭਾ ਵਿੱਚ ਰੱਖਿਆ ਜਾਂਦਾ ਹੈ। ਪਿਛਲੇ ਸਮੇਂ ਵਿੱਚ ਪੰਜਾਬ ਵਿਧਾਨ ਸਭਾ ਵਿੱਚ ਸਾਲ 2024 ਦੀ ਦੂਸਰੀ ‘ਸਟੇਟ ਫ਼ਾਇਨਾਂਸ ਆਡਿਟ ਰਿਪੋਰਟ’ ਪੇਸ਼ ਕੀਤੀ ਗਈ, ਜੋ 31 ਮਾਰਚ 2023 ਤੱਕ ਸੂਬੇ ਦੀ ਵਿੱਤੀ ਸਥਿਤੀ ਦਾ ਵਿਸ਼ਲੇਸ਼ਣ ਕਰਦੀ ਹੈ। ਇਸ ਮੁਤਾਬਿਕ ਸਬਸਿਡੀਆਂ ’ਤੇ ਵਧਦਾ ਖਰਚਾ, ਸੂਬੇ ਦੇ ਮਾਲੀਆ ਘਾਟੇ, ਵਿੱਤੀ ਘਾਟੇ ਅਤੇ ਦਿਨ-ਬ-ਦਿਨ ਭਾਰੀ ਹੁੰਦੀ ਕਰਜ਼ੇ ਦੀ ਪੰਡ ਦਾ ਪ੍ਰਮੁੱਖ ਕਾਰਨ ਹੈ। ਇਸ ਆਡਿਟ ਰਿਪੋਰਟ ਮੁਤਾਬਕ ਸਾਲ 2018-19 ਵਿੱਚ ਪੰਜਾਬ ਸਰਕਾਰ ਦਾ ਪ੍ਰਤੱਖ ਸਬਸਿਡੀਆਂ ’ਤੇ ਕੁੱਲ ਖਰਚਾ 13,361 ਕਰੋੜ ਰੁਪਏ ਸੀ, ਜੋ 2021-22 ਵਿੱਚ ਕਾਂਗਰਸ ਸਰਕਾਰ ਦੇ ਕਾਰਜਕਾਲ ਖਤਮ ਹੋਣ ਸਮੇਂ ਵਧ ਕੇ 14,516 ਕਰੋੜ ਰੁਪਏ ਹੋ ਗਿਆ ਅਤੇ ਮੌਜੂਦਾ ਸਰਕਾਰ ਸਮੇਂ ਸਾਲ 2022-23 ਵਿੱਚ ਹੋਰ ਵਧ ਕੇ 20,607 ਕਰੋੜ ਰੁਪਏ ਹੋ ਗਿਆ ਹੈ। (ਬਾਕੀ ਸਫ਼ਾ 31 ’ਤੇ)



# ਇੱਕ ਜੇਠ ਦਾ ਮਹੀਨਾ...

# ਜੇਠ ਮਹੀਨਾ ਲੂਆਂ ਦਾ ਪਾਣੀ ਸੁੱਕਦਾ ਖੂਹਾਂ ਦਾ...




ਅੰਮ੍ਰਿਤ ਵੇਲੇ ਚਿੜੀਆਂ ਦੀ ਚੀਂ ਚੀਂ, ਕੋਇਲ ਦੀ ਮਿੱਠੀ ਕੂਕ ਦੇ ਨਾਲ ਹਲਕੇ ਨੀਲੇ ਅਸਮਾਨ 'ਤੇ ਚੜ੍ਹਦੇ ਸੂਰਜ ਦੀ ਫੈਲਦੀ ਲਾਲੀ, ਚਿਤਕਬਰੇ ਬੱਦਲਾਂ ਨਾਲ ਅੱਠਖੇਲੀਆਂ ਕਰਦੀ ਹੋਈ ਦਿਨ ਚੜ੍ਹਨ ਦੀ ਸੂਚਨਾ ਦਿੰਦੀ ਹੈ ਤਾਂ ਦੂਰੋਂ ਨੇੜਿਓਂ ਧਾਰਮਿਕ ਸਥਾਨ ਤੋਂ ਆਉਂਦੀ ਧਾਰਮਿਕ ਸ਼ਬਦਾਂ ਦੀ ਆਵਾਜ਼ ਸਭ ਆਮ ਤੇ ਖਾਸ ਨੂੰ ਸੂਚਨਾ ਦੇ ਦਿੰਦੀ ਹੈ ਕਿ ਭਾਈ, ਅੱਜ ਜੇਠ ਮਹੀਨੇ ਦੀ ਸੰਗਰਾਂਦ ਤੋਂ ਜੇਠ ਮਹੀਨਾ ਸ਼ੁਰੂ ਹੋ ਗਿਆ ਹੈ ਜੀ।

ਜੇਠ ਮਹੀਨੇ ਦੀ ਸ਼ੁਰੂਆਤ ਮੌਕੇ ਪਹਿਲੇ ਦਿਨ ਹੀ ਜਦੋਂ ਦਿਨ ਚੜ੍ਹਦਾ ਹੈ, ਸੂਰਜ ਦੀ ਤੇਜ਼ ਧੁੱਪ ਆਪਣਾ ਅਸਰ ਦਿਖਾਉਂਦੀ ਹੈ ਅਤੇ ਚਲਦੀ ਹੋਈ ਗਰਮ ਲੂ ਅੱਜ ਕੱਲ੍ਹ ਮਹਿੰਗਾਈ ਦੀ ਭੱਠੀ ਵਿੱਚ ਪਹਿਲਾਂ ਤੋਂ ਤਪ ਕੇ ਗਰਮ ਹੋਏ ਬੈਠੇ ਆਮ ਲੋਕਾਂ ਨੂੰ ਹੋਰ ਗਰਮ ਕਰ ਜਾਂਦੀ ਹੈ। ਆਮ ਲੋਕਾਂ ਨੂੰ ਇਹ ਸਮਝ ਨਹੀਂ ਲੱਗਦੀ ਕਿ ਉਹਨਾਂ ਨੂੰ ਜੇਠ ਮਹੀਨੇ ਦੌਰਾਨ ਚਲਦੀਆਂ ਗਰਮ ਲੂਆਂ ਨੇ ਤਪਾਇਆ ਹੈ ਜਾਂ ਦਿਨੋਂ ਦਿਨ ਅਮਰ ਵੇਲ ਵਾਂਗ ਵੱਧ ਰਹੀ ਮਹਿੰਗਾਈ ਨੇ। ਜੇਠ ਮਹੀਨਾ ਆਪਣੇ ਗਰਮ ਸੁਭਾਅ ਕਰਕੇ ਹਰ ਵਿਅਕਤੀ ਨੂੰ ਘਰਾਂ ਅੰਦਰ ਬੈਠਣ ਲਈ ਮਜਬੂਰ ਕਰ ਦਿੰਦਾ ਹੈ। ਜੇਠ ਮਹੀਨੇ ਦੌਰਾਨ ਸਿਰਫ਼ ਉਹ ਲੋਕ ਘਰਾਂ ਤੋਂ ਬਾਹਰ ਨਿਕਲਦੇ ਹਨ, ਜੋ ਕਿ ਜਾਂ ਤਾਂ ਦਫ਼ਤਰ ਜਾਂ ਕੰਮ ਧੰਦੇ ਜਾਣ ਵਾਲੇ ਹੁੰਦੇ ਨੇ, ਜਾਂ ਕਿਸੇ ਹੋਰ ਦੁੱਖ ਸੁੱਖ ਵਿੱਚ ਜਾਣ ਵਾਲੇ ਹੁੰਦੇ ਨੇ। ਜੇਠ ਮਹੀਨੇ ਦੌਰਾਨ ਬੱਚਿਆਂ ਨੂੰ ਘਰਾਂ ਤੋਂ ਬਾਹਰ ਨਿਕਲਣ ਤੋਂ ਸਖ਼ਤੀ ਨਾਲ ਵਰਜਿਆ ਜਾਂਦਾ ਹੈ।

ਜਦੋਂ ਤੋਂ ਮਨੁੱਖ ਨੇ ਆਪਣੇ ਲਾਲਚ ਲਈ ਕੁਦਰਤ ਨਾਲ ਛੇੜ-ਛਾੜ ਕਰਨੀ ਆਰੰਭ ਕੀਤੀ ਹੈ, ਉਦੋਂ ਤੋਂ ਕੁਦਰਤ ਵੀ ਸਮੇਂ ਸਮੇਂ ਆਪਣਾ ਰੋਸ ਪ੍ਰਗਟ ਕਰਦੀ ਰਹਿੰਦੀ ਹੈ ਪਰ ਲਾਲਚੀ ਮਨੁੱਖ ਅਜੇ ਤਕ ਕੁਦਰਤ ਦਾ ਇਸ਼ਾਰਾ ਨਹੀਂ ਸਮਝਿਆ, ਜਿਸ ਕਾਰਨ ਕੁਦਰਤ ਨਾਰਾਜ਼ ਹੁੰਦੀ ਜਾ ਰਹੀ ਹੈ, ਇਸ ਨਾਰਾਜ਼ਗੀ ਨਾਲ ਰੁੱਤਾਂ ਦਾ ਸਮਾਂ ਬਦਲ ਰਿਹਾ ਹੈ। ਜੇਠ ਮਹੀਨਾ ਲੂਆਂ ਦਾ ਮਹੀਨਾ ਮੰਨਿਆ ਜਾਂਦਾ ਹੈ, ਸੱਚਮੁੱਚ ਇਸ ਮਹੀਨੇ ਗਰਮ ਲੂਆਂ ਚੱਲਦੀਆਂ ਹਨ ਅਤੇ ਜੇਠ ਮਹੀਨੇ ਪੈਂਦੀ ਕਹਿਰ ਦੀ ਗਰਮੀ ਦੌਰਾਨ ਖੂਹਾਂ ਦੇ ਪਾਣੀ ਵੀ ਸੁੱਕ ਜਾਂਦੇ ਹਨ। ਜੇਠ ਮਹੀਨੇ ਧਰਤੀ ਵੀ ਪੂਰੀ ਤਪਦੀ ਹੋਈ ਭੱਠੀ ਵਰਗੀ ਹੋ ਜਾਂਦੀ ਹੈ ਅਤੇ ਧਰਤੀ ਦੀ ਰੂਹ ਤਕ ਪਾਣੀ ਮੰਗਦੀ ਮਹਿਸੂਸ ਹੁੰਦੀ ਹੈ। ਕੁਝ ਵਿਦਵਾਨਾਂ ਅਨੁਸਾਰ ਜੇਠ ਮਹੀਨੇ ਦੀ ਪੁੰਨਿਆ ਵਾਲੇ ਦਿਨ ਚੰਦਰਮਾ 'ਜੇਠ' ਨਛੱਤਰ ਵਿੱਚ ਹੁੰਦਾ ਹੈ, ਇਸ ਲਈ ਇਸ ਮਹੀਨੇ ਨੂੰ ਜੇਠ ਮਹੀਨਾ ਕਿਹਾ ਜਾਂਦਾ ਹੈ। ਪੰਜਾਬੀ ਜਨ ਜੀਵਨ ਅਤੇ ਸੱਭਿਆਚਾਰ ਵਿੱਚ ਜੇਠ ਮਹੀਨੇ ਦਾ ਆਪਣਾ ਵੱਖਰਾ ਹੀ ਮਹੱਤਵ ਹੈ। ਦੇਸੀ ਸਾਲ ਵਿੱਚ ਜੇਠ ਮਹੀਨਾ ਚੇਤ ਅਤੇ ਵੈਸਾਖ ਮਹੀਨਿਆਂ ਤੋਂ ਬਾਅਦ ਤੀਜੇ ਨੰਬਰ ਦਾ ਮਹੀਨਾ ਮੰਨਿਆ ਜਾਂਦਾ ਹੈ। ਜੇਠ ਮਹੀਨਾ ਪੂਰੇ 31 ਦਿਨਾਂ ਦਾ ਹੁੰਦਾ ਹੈ ਅਤੇ ਚੇਤ ਮਹੀਨੇ ਦੌਰਾਨ ਜਿਹੜੀ ਬਸੰਤ ਰੁੱਤ ਹਰ ਬਨਸਪਤੀ ਉੱਪਰ ਪੈਲਾਂ ਪਾਉਂਦੀ ਨਜ਼ਰ ਆਉਂਦੀ ਹੈ, ਉਹ ਬਸੰਤ ਬਹਾਰ ਜੇਠ ਮਹੀਨੇ ਦੌਰਾਨ ਕਿਤੇ ਦੂਰ ਚਲੀ ਜਾਂਦੀ ਹੈ ਅਤੇ ਜੇਠ ਮਹੀਨੇ ਦੌਰਾਨ ਤੇਜ਼ ਧੁੱਪਾਂ ਅਤੇ ਚਲਦੀਆਂ ਗਰਮ ਲੂਆਂ ਕਾਰਨ ਹਰੀ ਭਰੀ ਬਨਸਪਤੀ ਵੀ ਕੁਮਲਾਅ ਜਾਂਦੀ ਹੈ। ਜੇਠ ਮਹੀਨੇ ਦੇ ਆਉਣ ਤੱਕ ਕਿਸਾਨਾਂ ਨੇ ਕਣਕ ਦੀ ਫਸਲ ਦੀ ਕਟਾਈ ਕਰਕੇ ਫਸਲ ਸਾਂਭ ਲਈ ਹੁੰਦੀ ਹੈ ਜਾਂ ਫਿਰ ਫਸਲ ਵੇਚ ਕੇ ਚੰਗੀ ਕਮਾਈ ਕਰ ਲਈ ਹੁੰਦੀ ਹੈ। ਇਸ ਦੇ ਨਾਲ ਹੀ ਜੇਠ ਮਹੀਨੇ ਦੌਰਾਨ ਕਿਸਾਨਾਂ ਵੱਲੋਂ





> **ਹਵਾਵਾਂ ਵਿੱਚ ਪੈਦਾ ਹੁੰਦੀ ਪੱਛਮੀ ਗੜਬੜੀ ਕਾਰਨ ਬਦਲਦੇ ਮੌਸਮ, ਜੇਠ ਮਹੀਨੇ ਦੌਰਾਨ ਪੈਂਦੀ ਕਹਿਰ ਦੀ ਗਰਮੀ, ਚਲਦੀਆਂ ਗਰਮ ਲੂਆਂ, ਹਰ ਪਾਸੇ ਝੁਲਸਾਈ ਬਨਸਪਤੀ ਦੇ ਬਾਵਜੂਦ ਪੈਲਾਂ ਪਾਉਂਦੇ, ਤਪਦੀ ਸਿਖਰ ਦੁਪਹਿਰੇ ਬਸੰਤ ਬਹਾਰ ਦਾ ਆਨੰਦ ਮਾਣਦੇ ਅਮਲਤਾਸ ਅਤੇ ਗੁਲਮੋਹਰ ਦੇ ਹਰੇ ਭਰੇ ਰੁੱਖਾਂ ਅਤੇ ਕੇਸੂ ਦੇ ਖਿੜੇ ਹੋਏ ਲਾਲ ਸੂਹੇ ਫੁੱਲਾਂ ਵਾਂਗ ਹਰ ਮਨੁੱਖ ਨੂੰ ਮਹਿਕਾਂ ਵੰਡਣ ਦਾ ਯਤਨ ਕਰਨ ਦੀ ਲੋੜ ਹੈ।**

ਅਗਲੀ ਫਸਲ ਬੀਜਣ ਦੀ ਵਿਉਂਤਬੰਦੀ ਕੀਤੀ ਜਾਂਦੀ ਹੈ। ਜੇਠ ਮਹੀਨੇ ਦੌਰਾਨ ਵੱਡੀ ਗਿਣਤੀ ਖੇਤ ਅਗਲੀ ਫਸਲ ਦੀ ਬਿਜਾਈ ਲਈ ਖਾਲੀ ਹੁੰਦੇ ਹਨ, ਜਿਸ ਕਾਰਨ ਹਰ ਪਾਸੇ ਖਾਲੀਪਣ ਨਜ਼ਰ ਆਉਂਦਾ ਹੈ, ਜੋ ਕਿ ਚਲਦੀਆਂ ਤੇਜ਼ ਲੂਆਂ ਕਾਰਨ ਹੋਰ ਵੀ ਸੁੰਨਾ ਸੁੰਨਾ ਲੱਗਦਾ ਹੈ ਅਤੇ ਹਰ ਪਾਸੇ ਫੈਲੇ ਖਾਲੀਪਣ ਨੂੰ ਵੇਖ ਕੇ ਮਨੁੱਖੀ ਦਿਲ ਵੀ ਖਾਲੀ ਖਾਲੀ ਮਹਿਸੂਸ ਹੁੰਦਾ ਹੈ।

ਜੇਠ ਮਹੀਨੇ ਦੌਰਾਨ ਅੱਗ ਵਰਾਉਂਦੀਆਂ ਤੇਜ਼ ਧੁੱਪਾਂ ਅਤੇ ਚਲਦੀਆਂ ਗਰਮ ਲੂਆਂ ਕਾਰਨ ਜਿਥੇ ਪੂਰੀ ਬਨਸਪਤੀ ਕੁਮਲਾਅ ਜਾਂਦੀ ਹੈ, ਉਥੇ ਵੱਡੀ ਗਿਣਤੀ ਰੁੱਖ ਅਤੇ ਪੌਦੇ ਸੁੱਕ ਜਾਂਦੇ ਹਨ। ਹਰ ਪਾਸੇ ਹਰਿਆਲੀ ਨੂੰ ਔੜ ਪਈ ਲੱਗਦੀ ਹੈ। ਇਸ ਤਰਾਂ ਲੱਗਦਾ ਹੈ ਜਿਵੇਂ ਬਨਸਪਤੀ ਨੂੰ ਸੋਕਾ ਪੈ ਗਿਆ ਹੋਵੇ ਤੇ ਪੂਰੀ ਹਰਿਆਲੀ ਉੱਡ ਪੁੱਡ ਗਈ ਹੋਵੇ। ਜੇਠ ਮਹੀਨੇ ਸਾਨੂੰ ਆਪਣਾ ਆਲਾ ਦੁਆਲਾ ਉਜੜਿਆ ਉਜੜਿਆ ਲੱਗਦਾ ਹੈ। ਜੇਠ ਮਹੀਨੇ ਦੌਰਾਨ ਕੁਦਰਤ ਦੇ ਅਜੀਬ ਰੰਗ ਵੇਖਣ ਨੂੰ ਮਿਲਦੇ ਹਨ। ਜੇਠ ਮਹੀਨੇ ਦੀਆਂ ਤੇਜ਼ ਧੁੱਪਾਂ ਅਤੇ ਗਰਮ ਲੂਆਂ ਕਾਰਨ ਜਿਥੇ ਹਰ ਰੁੱਖ, ਹਰਿਆਲੀ ਅਤੇ ਪੂਰੀ ਬਨਸਪਤੀ ਝੁਲਸ ਜਿਹੀ ਜਾਂਦੀ ਹੈ, ਉਥੇ ਜੇਠ ਮਹੀਨੇ ਦੌਰਾਨ ਹੀ ਅਮਲਤਾਸ ਅਤੇ ਗੁਲਮੋਹਰ ਦੇ ਰੁੱਖਾਂ 'ਤੇ ਜਵਾਨੀ ਆਈ ਹੁੰਦੀ ਹੈ। ਜੇਠ ਮਹੀਨੇ ਅਮਲਤਾਸ ਅਤੇ ਗੁਲਮੋਹਰ ਦੇ ਰੁੱਖਾਂ 'ਤੇ ਖਿੜੇ ਪੀਲੇ-ਪੀਲੇ ਕੇਸਰ ਰੰਗੇ ਅਤੇ ਲਾਲ ਫੁੱਲ ਸਭ ਦਾ ਮਨ ਮੋਹ ਲੈਂਦੇ ਹਨ। ਜੇਠ ਮਹੀਨੇ ਅਮਲਤਾਸ ਦਾ ਰੁੱਖ ਪਹਿਲਾਂ ਪੂਰੇ ਦਾ ਪੂਰਾ ਖਿੜ ਜਾਂਦਾ ਹੈ ਅਤੇ ਫਿਰ ਪੱਤੀ ਪੱਤੀ ਹੋ ਕੇ ਬਿਖਰ ਜਾਂਦਾ ਹੈ। ਇਸ ਤਰਾਂ ਜੇਠ ਮਹੀਨੇ ਖੁਸ਼ੀਆਂ ਖੇੜਿਆਂ ਵਿੱਚ ਖੀਵੇ ਹੋ ਕੇ ਬਹਾਰ ਰੁੱਤ ਵਰਗਾ ਆਨੰਦ ਲੈਣਾ ਅਮਲਤਾਸ ਅਤੇ ਗੁਲਮੋਹਰ ਦੇ ਰੁੱਖਾਂ ਦੇ ਹਿੱਸੇ ਆਇਆ ਹੈ। ਜਿਥੇ ਅਮਲਤਾਸ ਦੇ ਰੁੱਖ ਲੱਗੇ ਹੁੰਦੇ ਹਨ, ਉਥੇ ਹਰ ਪਾਸੇ ਕੇਸਰ ਹੀ ਕੇਸਰ, ਉਪਰ ਵੀ ਕੇਸਰ ਅਤੇ ਹੇਠਾਂ ਵੀ ਕੇਸਰ ਹੁੰਦਾ ਹੈ। ਅਮਲਤਾਸ ਵਾਂਗ ਕੇਸੂ ਦੇ ਫੁੱਲ ਵੀ ਜੇਠ ਮਹੀਨੇ ਪੂਰੇ ਜੋਬਨ ਵਿੱਚ ਆ ਕੇ ਖਿੜ ਕੇ ਲਾਲ ਸੂਹੇ ਹੋ ਜਾਂਦੇ ਹਨ। ਜੇਠ ਮਹੀਨੇ ਅਮਲਤਾਸ ਦੇ ਰੁੱਖਾਂ ਅਤੇ ਕੇਸੂ ਦੇ ਫੁੱਲਾਂ ਦਾ ਹੁਸਨ ਵੇਖਣ ਵਾਲਿਆਂ ਦੇ ਮਨ ਮੋਹ ਲੈਂਦਾ ਹੈ। ਜੇਠ ਮਹੀਨੇ ਅਮਲਤਾਸ ਦੇ ਰੁੱਖਾਂ ਅਤੇ ਕੇਸੂ ਦੇ ਫੁੱਲਾਂ ਨੂੰ ਵੇਖ ਕੇ ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਪੂਰੀ ਬਸੰਤ ਬਹਾਰ ਨੇ ਇਹਨਾਂ ਉੱਪਰ ਹੀ ਆਪਣਾ ਰੈਣ ਬਸੇਰਾ ਬਣਾ ਲਿਆ ਹੋਵੇ। ਅਸਮਾਨੋਂ ਅੱਗ ਵਰਾਉਂਦੀ ਤੇਜ਼ ਧੁੱਪ ਅਤੇ ਚਲ ਰਹੀਆਂ ਗਰਮ ਲੂਆਂ ਦੌਰਾਨ ਅਮਲਤਾਸ ਦੇ ਰੁੱਖਾਂ ਉਪਰ ਆਈ ਬਹਾਰ ਵੇਖਣ ਦਾ ਨਜ਼ਾਰਾ ਅਦਭੁਤ ਹੁੰਦਾ ਹੈ। ਇਸੇ ਤਰਾਂ ਕੇਸੂ ਦੇ ਫੁੱਲ ਵੀ ਜੇਠ ਮਹੀਨੇ ਦੀ ਕੜਕਦੀ ਧੁੱਪ ਵਿੱਚ ਆਪਣਾ ਹੁਸਨ ਬਿਖੇਰ ਕੇ ਮਨੁੱਖ ਨੂੰ ਹਰ ਮੌਸਮ ਵਿਚ ਮੁਸਕਰਾਉਣ ਅਤੇ ਹੱਸਦਾ ਵਸਦਾ ਰਹਿਣ ਦੀ ਪ੍ਰੇਰਨਾ ਦਿੰਦੇ ਜਾਪਦੇ ਹਨ। ਜੇਠ ਮਹੀਨੇ ਦੇ ਸ਼ਬਦਾਦਿਕ ਅਰਥ ਵੀ ਹਨ । ਵੱਖ-ਵੱਖ ਵਿਦਵਾਨਾਂ ਵਲੋਂ ਜੇਠ ਮਹੀਨੇ ਬਾਰੇ ਕਈ ਤਰਾਂ ਦੀਆਂ ਕਥਾ ਕਹਾਣੀਆਂ ਲਿਖੀਆਂ ਗਈਆਂ ਹਨ। ਜੇ ਜੇਠ ਸ਼ਬਦ ਦਾ ਸ਼ਬਦਿਕ ਅਰਥ ਵੇਖੀਏ ਤਾਂ ਜੇਠ ਦਾ ਅਰਥ 'ਵੱਡਾ' ਹੁੰਦਾ ਹੈ। ਇਸੇ ਕਾਰਨ ਵੱਡੇ ਪੁੱਤਰ ਨੂੰ ਜੇਠਾ ਪੁੱਤਰ ਕਿਹਾ ਜਾਂਦਾ ਹੈ। ਨੂੰਹਾਂ ਵੱਲੋਂ ਆਪਣੇ ਪਤੀ ਦੇ ਵੱਡੇ ਭਰਾ ਨੂੰ ਜੇਠ ਕਿਹਾ ਜਾਂਦਾ ਹੈ। ਨੂੰਹਾਂ ਵੱਲੋਂ ਸਹੁਰੇ ਵਾਂਗ ਹੀ ਜੇਠ ਸਾਹਮਣੇ ਵੀ ਘੁੰਡ ਕੱਢਣ ਦੀ ਪਰੰਪਰਾ ਸਦੀਆਂ ਪੁਰਾਣੀ ਹੈ। ਪੁਰਾਤਨ ਸਮੇਂ ਵਿੱਚ ਘਰ ਦੇ ਮੋਢੀ ਨੂੰ ਵੀ ਜੇਠ ਕਿਹਾ ਜਾਂਦਾ ਸੀ। ਘਰ ਦੇ ਮੋਢੀ ਜੇਠ ਕੋਲ ਹੀ ਪੈਸੇ- ਧੇਲੇ ਦਾ ਹਿਸਾਬ ਕਿਤਾਬ ਹੁੰਦਾ ਸੀ ਅਤੇ ਸਾਰੇ ਤਾਲਿਆਂ ਦੀ ਚਾਬੀ ਵੀ ਉਸ ਕੋਲ ਹੁੰਦੀ ਸੀ। ਜੇਠ ਦੇ ਕਿਸੇ ਵੀ ਫੈਸਲੇ ਅੱਗੇ ਪਰਿਵਾਰ ਦਾ ਕੋਈ ਮੈਂਬਰ ਕੁਸਕਦਾ ਨਹੀਂ ਸੀ। ਪੁਰਾਤਨ ਸੁੱਤੀਆਂ ਸਦੀਆਂ ਦੌਰਾਨ ਘਰ ਦੇ ਮੋਢੀ ਨੂੰ ਜੇਠ ਕਿਹਾ ਜਾਂਦਾ ਹੋਣ ਕਰਕੇ ਹੀ ਅੱਜ ਦੇ ਸਮੇਂ ਵਿੱਚ ਵੀ ਜਠੇਰਿਆਂ ਭਾਵ ਵੱਡ ਵਡੇਰਿਆਂ ਦੀ ਪੂਜਾ ਕੀਤੀ ਜਾਂਦੀ ਹੈ। ਜੇਠ ਮਹੀਨੇ ਦੌਰਾਨ ਤੇਜ਼ ਧੁੱਪ ਅਤੇ ਗਰਮ ਲੂਆਂ ਤੋਂ ਬਚਣ ਲਈ ਅਕਸਰ ਕੁੜੀਆਂ ਅਤੇ ਮਹਿਲਾਵਾਂ ਵੱਲੋਂ ਆਪਣਾ ਮੂੰਹ ਚੁੰਨੀ ਜਾਂ ਕਿਸੇ ਕਪੜੇ ਨਾਲ ਢੱਕ ਲਿਆ ਜਾਂਦਾ ਹੈ, ਜਿਸ ਕਰਕੇ ਅਕਸਰ ਮਨਚਲੇ ਮਸ਼ਕਰੀ ਕਰਦੇ ਹੋਏ ਕਹਿੰਦੇ ਹਨ ਕਿ ਜੇਠ ਮਹੀਨੇ ਨੂੰ ਜੇਠ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਹ ਮਹੀਨਾ ਹਰ ਮੁਟਿਆਰ ਨੂੰ ਘੁੰਡ ਕਢਵਾ ਦਿੰਦਾ ਹੈ, ਜਿਵੇਂ ਵਿਆਹੁਤਾ ਮੁਟਿਆਰਾਂ ਆਪਣੇ ਜੇਠ ਤੋਂ ਘੁੰਡ ਕੱਢਦੀਆਂ ਹਨ। ਜੇਠ ਮਹੀਨੇ ਭਰ ਤਿੱਖੀ ਦੁਪਹਿਰ ਨੂੰ ਫਰਾਂਹ ਦੇ ਰੁੱਖ ਅਤੇ ਹੋਰ ਰੁੱਖ ਸੀਟੀਆਂ ਮਾਰਦੇ ਜਾਪਦੇ ਹਨ, ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਕੋਈ ਵੱਡਾ ਅਜਗਰ ਫੁੰਕਾਰਦਾ ਹੈ। ਜੇਠ ਮਹੀਨੇ ਗਰਮ ਲੂਆਂ ਮਨੁੱਖ, ਪਸ਼ੂ ਅਤੇ ਪੰਛੀ ਜਨੌਰਾਂ ਦੇ ਜਿਸਮ ਝੁਲਸਾਉਂਦੀਆਂ ਹੋਈਆਂ ਲੰਘਦੀਆਂ ਹਨ। ਜੇਠ ਮਹੀਨੇ ਆਮ ਲੋਕ ਦੁਪਹਿਰ ਸਮੇਂ ਸਿਵਿਆਂ, ਕਬਰਾਂ, ਸ਼ਮਸ਼ਾਨ ਘਾਟਾਂ, ਸਮਾਧਾਂ ਕੋਲੋਂ ਲੰਘਣ ਤੋਂ ਡਰਦੇ ਹਨ ਅਤੇ ਇਹਨਾਂ ਥਾਂਵਾਂ ਤੋਂ ਦੂਰ ਦੂਰ ਹੋ ਕੇ ਲੰਘਦੇ ਹਨ। ਆਮ ਲੋਕਾਂ ਵਿੱਚ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਜੇਠ ਮਹੀਨੇ ਦੀ ਦੁਪਹਿਰ ਵੇਲੇ ਸਿਵਿਆਂ ਵਿੱਚ ਭੂਤ -ਪ੍ਰੇਤ ਵਿਚਰਦੇ ਹਨ। ਇਸ ਤੋਂ ਇਲਾਵਾ ਲੋਕ ਜੇਠ ਮਹੀਨੇ ਦੀ ਤਿੱਖੀ ਤੇ ਤਪਦੀ ਦੁਪਹਿਰ ਨੂੰ ਸੈਂਟ ਜਾਂ ਇਤਰ ਫੁਲੇਲ ਲਗਾ ਕੇ ਬਾਹਰ ਨਹੀਂ ਨਿਕਲਦੇ, ਲੋਕਾਂ ਦਾ ਵਿਸ਼ਵਾਸ ਹੈ ਕਿ ਜੇਠ ਮਹੀਨੇ ਦੀ ਦੁਪਹਿਰ ਨੂੰ ਸਰੀਰ ਉਪਰ ਇਤਰ, ਸੈਂਟ ਆਦਿ ਲਗਾ ਕੇ ਘਰ ਤੋਂ ਬਾਹਰ ਨਿਕਲਣ ਦੌਰਾਨ ਭੂਤ ਪ੍ਰੇਤ ਚੁੰਬੜ ਜਾਂਦੇ ਹਨ। ਜੇਠ ਮਹੀਨੇ ਦੇ ਸਿਖਰ ਦੁਪਹਿਰੇ ਲੋਕ ਘਰਾਂ ਵਿਚੋਂ ਘੱਟ ਹੀ ਬਾਹਰ ਨਿਕਲਦੇ ਹਨ ਅਤੇ ਰੋਹੀਆਂ-ਕੱਲਰਾਂ ਵਾਲੇ ਪਾਸੇ ਤਾਂ ਬਿਲਕੁਲ ਨਹੀਂ ਜਾਂਦੇ। ਜੇਠ ਮਹੀਨੇ ਘੜੇ ਦਾ ਪਾਣੀ ਪੀਣਾ ਸਿਹਤ ਲਈ ਗੁਣਕਾਰੀ ਸਮਝਿਆ ਜਾਂਦਾ ਹੈ, ਪਰ ਘੜੇ ਦੀ ਸਾਫ ਸਫਾਈ ਦਾ ਪੂਰਾ ਧਿਆਨ ਰਖਣਾ ਚਾਹੀਦਾ ਹੈ। ਮਨੁੱਖ ਨੂੰ ਆਪਣੇ ਲਾਲਚ ਕਾਰਨ ਕੁਦਰਤ ਨਾਲ ਕੀਤੀ ਜਾਂਦੀ ਛੇੜ-ਛਾੜ ਬੰਦ ਕਰ ਦੇਣੀ ਚਾਹੀਦੀ ਹੈ ਤਾਂ ਕਿ ਜੇਠ ਮਹੀਨੇ ਗਰਮੀ ਦਾ ਤੇਜ਼ ਕੁਝ ਘੱਟ ਹੋ ਸਕੇ। ਇਸ ਦੇ ਨਾਲ ਹਰ ਮਨੁੱਖ ਨੂੰ ਵੱਧ ਤੋਂ ਵੱਧ ਰੁੱਖ ਅਤੇ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਕਿ ਸਾਡਾ ਆਲਾ ਦੁਆਲਾ ਜੇਠ ਮਹੀਨੇ ਵੀ ਹਰਿਆ ਭਰਿਆ ਰਹੇ ਅਤੇ ਆਉਂਦੇ ਜਾਂਦੇ ਰਾਹੀ ਜੇਠ ਦੀ ਸਿਖਰ ਦੁਪਹਿਰੇ ਰੁੱਖਾਂ ਦੀ ਠੰਡੀ ਛਾਂ ਦਾ ਆਨੰਦ ਮਾਣ ਸਕਣ। ਜੇਠ ਮਹੀਨੇ ਦੀ ਸ਼ੁਰੂਆਤ ਮੌਕੇ ਹਰ ਇਨਸਾਨ ਨੂੰ ਇਹ ਸੋਚ ਅਪਨਾਅ ਲੈਣੀ ਚਾਹੀਦੀ ਹੈ ਕਿ ਉਹ ਆਪਣੇ ਆਲ਼ੇ ਦੁਆਲ਼ੇ ਵਾਤਾਵਰਣ ਹਰਿਆ ਭਰਿਆ ਕਰਨ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਵਿੱਚ ਆਪਣਾ ਯੋਗਦਾਨ ਪਾਵੇਗਾ ਤਾਂ ਕਿ ਜੇਠ ਮਹੀਨੇ ਤਪਦੀਆਂ ਦੁਪਹਿਰਾਂ ਨੂੰ ਚਲਦੀਆਂ ਤੇਜ਼ ਲੂਆਂ ਤੋਂ ਬਚਾਉਣ ਵਿੱਚ ਰੁੱਖਾਂ ਦੀ ਠੰਡੀ ਛਾਂ ਆਪਣਾ ਯੋਗਦਾਨ ਪਾ ਸਕੇ ਅਤੇ ਲੋਕਾਈ ਦੇ ਦਿਲਾਂ ਨੂੰ ਠਾਰ ਸਕੇ।

# ਕਿਵੇਂ ਪਾਈ ਜਾਵੇ ਨਸ਼ਿਆਂ ਦੇ ਰੁਝਾਨ ਨੂੰ ਠੱਲ੍ਹ?

## ਨਸ਼ਾ ਤਸਕਰਾਂ, ਪੁਲਿਸ ਤੇ ਸਿਆਸਤਦਾਨਾਂ ਦੇ ਗੱਠਜੋੜ ਨੇ ਚੰਗੇ ਪੁਲਿਸ ਅਫ਼ਸਰਾਂ ਦੀ ਛਵੀ ਨੂੰ ਦਾਗ਼ੀ ਬਣਾਇਆ



ਬਘੇਲ ਸਿੰਘ ਧਾਲੀਵਾਲ
99142-58142

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਪੰਜਾਬ ਸਰਕਾਰ ਦੀ ਦੇਰੀ ਨਾਲ ਹੀ ਸਹੀ ਪਰ ਇੱਕ ਚੰਗੀ ਸ਼ੁਰੂਆਤ ਵੱਜੋਂ ਦੇਖਿਆ ਜਾ ਰਿਹਾ ਹੈ। ਪੰਜਾਬ ਪੁਲਿਸ ਵੱਲੋਂ ਵੱਡੇ ਸਾਮਾਜਿਕ ਸਮਾਗਮ ਕਰਕੇ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਸਹਿਯੋਗ ਦੀ ਮੰਗ ਵੀ ਕੀਤੀ ਜਾ ਰਹੀ ਹੈ। ਨਸ਼ਾ ਤਸਕਰਾਂ ਬਾਰੇ ਜਾਣਕਾਰੀ ਦੇਣ ਵਾਲਿਆਂ ਦੇ ਨਾਮ ਗੁਪਤ ਰੱਖਣ ਸਬੰਧੀ ਲੋਕਾਂ ਨੂੰ ਜਾਣਕਾਰੀ ਦੇਣ ਲਈ ਮੁੱਖ ਮੰਤਰੀ ਦੀ ਤਸਵੀਰ ਵਾਲੇ ਵੱਡੇ ਫਲੈਕਸ ਬੋਰਡ ਹਰ ਸਹਿਰ ਦੇ ਹਰ ਚੌਂਕ ਵਿੱਚ ਲਾਏ ਗਏ ਹਨ। ਇਸ ਮੁਹਿੰਮ ਨੇ ਬਹੁਤ ਸਾਰੇ ਇਲਾਕਿਆਂ ਵਿੱਚ ਜ਼ਿਕਰਯੋਗ ਕੰਮ ਕਰਕੇ ਚੰਗੀ ਸ਼ੁਰੂਆਤ ਕਰਨ ਦਾ ਸੁਨੇਹਾ ਵੀ ਦਿੱਤਾ ਹੈ,ਪਰ ਨਸ਼ਾ ਤਸਕਰਾਂ ,ਪੁਲਿਸ ਅਤੇ ਸਿਆਸੀ ਲੋਕਾਂ ਦੇ ਬਣ ਚੁੱਕੇ ਮਜਬੂਤ ਗੱਠਜੋੜ ਨੇ ਇਮਾਨਦਾਰ ਪੁਲਿਸ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੀ ਛਵੀ ਨੂੰ ਵੀ ਦਾਗੀ ਬਣਾ ਦਿੱਤਾ ਹੈ,ਲਿਹਾਜਾ ਪੁਲਿਸ ਦੀ ਨਸ਼ਿਆਂ ਵਿਰੁੱਧ ਲੜਾਈ 'ਤੇ ਵੀ ਸਵਾਲੀਆ ਨਿਸ਼ਾਨ ਲੱਗਣ ਲੱਗੇ ਹਨ। ਸ਼ੋਸ਼ਲ ਮੀਡੀਆ ਖੋਲਦੇ ਹੀ ਅਜਿਹੀਆਂ ਵੀਡੀਓ ਜਾਂ ਲਿਖਤੀ ਪੋਸਟਾਂ ਸਾਹਮਣੇ ਆਉਂਦੀਆਂ ਹਨ ਜਿਹੜੀਆਂ ਹਰ ਇਨਸਾਫ ਪਸੰਦ ਵਿਅਕਤੀ ਨੂੰ ਪਰੇਸਾਨ ਕਰਨ ਵਾਲੀਆਂ ਹੁੰਦੀਆਂ ਹਨ। ਨਸ਼ੇੜੀਆਂ ਵੱਲੋਂ ਲੁੱਟ ਖੋਹ ਕਰਨ, ਨਸ਼ਿਆਂ ਦੀ ਪੂਰਤੀ ਲਈ ਪੈਸਿਆਂ ਖਾਤਰ ਆਪਣੇ ਪਰਿਵਾਰਿਕ ਜੀਆਂ ਨੂੰ ਕੁੱਟ ਮਾਰ ਕਰਨ, ਮਾਪਿਆਂ ਨੂੰ ਜਾਨ ਤੋਂ ਮਾਰਨ ਤੱਕ ਦੀਆਂ ਵਾਰਦਾਤਾਂ ਅਤੇ ਨਸ਼ਾ ਤਸਕਰਾਂ ਵੱਲੋਂ ਨਸ਼ਾ ਬੰਦ ਕਰਵਾਉਂਣ ਵਾਲਿਆਂ ਨੂੰ ਡਰਾਉਣ ਧਮਕਾਉਣ ਤੋਂ ਲੈ ਕੇ ਝੂਠੇ ਪੁਲਿਸ ਕੇਸ ਦਰਜ ਕਰਵਾਉਣ ਤੱਕ ਦੀਆਂ ਵੀਡੀਓ ਅਤੇ ਪੋਸਟਾਂ ਦੀ ਬਹੁਤਾਤ ਪੰਜਾਬ ਦੀ ਤਰਾਸਦੀ ਨੂੰ ਦਰਸਾ ਰਹੀ ਹੁੰਦੀ ਹੈ। ਪਿਛਲੇ ਦਿਨਾਂ ਵਿੱਚ ਦੇਖਿਆ ਜਾ ਚੁੱਕਾ ਹੈ ਕਿ ਕਿਸਤਰ੍ਹਾਂ ਪੰਜਾਬ ਸਰਕਾਰ ਵੱਲੋਂ ਆਲੋਚਨਾਤਮਿਕ ਸਵਾਲ ਕਰਨ ਵਾਲੇ ਪੱਤਰਕਾਰਾਂ ਤੇ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ। ਮਾਨਸਾ ਵਿੱਚ ਪਰਵਿੰਦਰ ਸਿੰਘ ਝੋਟਾ ਨਾਮ ਦੇ ਵਿਅਕਤੀ ਦੀ ਨਸ਼ਿਆਂ ਖ਼ਿਲਾਫ਼ ਸਲਾਹੁਣਯੋਗ ਕਾਰਵਾਈ ਨੂੰ ਗਲਤ ਠਹਿਰਾ ਕੇ ਪੁਲਿਸ ਕੇਸ ਦਰਜ ਕਰਕੇ ਜੇਲ੍ਹ ਭੇਜਣ ਅਤੇ ਸ਼ੋਸ਼ਲ ਮੀਡੀਏ 'ਤੇ ਸਰਕਾਰ ਦੀ ਨੁਕਤਾਚੀਨੀ ਕਰਨ ਬਦਲੇ ਸਾਮਾਜਿਕ ਕਾਰਕੁਨ ਮਾਲਵਿੰਦਰ ਸਿੰਘ ਮਾਲੀ 'ਤੇ ਝੂਠਾ ਪਰਚਾ ਦਰਜ ਕਰਕੇ ਜੇਲ ਭੇਜਣ ਤੱਕ ਅਤੇ ਉਸ ਤੋਂ ਪਹਿਲਾਂ ਅਤੇ ਬਾਅਦ ਵੀ ਇਹ ਵਰਤਾਰੇ ਵਾਪਰਦੇ ਆ ਰਹੇ ਹਨ। ਸੂਬਾ ਸਰਕਾਰ ਦੇ ਇਸ ਫਾਸ਼ੀਵਾਦੀ ਵਤੀਰੇ ਵਿਰੁੱਧ ਭਾਵੇਂ ਸਮੂਹ ਭਰਾਤਰੀ ਜਥੇਬੰਦੀਆਂ ਵੱਲੋਂ ਅਵਾਜ ਬੁਲੰਦ ਕੀਤੀ ਵੀ ਜਾਂਦੀ ਹੈ,ਪਰ ਸਰਕਾਰ ਦਾ ਵਤੀਰਾ ਫਿਰ ਵੀ ਜਿਉਂ ਦਾ ਤਿਉਂ ਰਹਿੰਦਾ ਹੈ। ਇਹ ਕਹਿਣ ਵਿੱਚ ਕੋਈ ਬੁਰਾਈ ਨਹੀਂ ਹੋਵੇਗੀ ਕਿ ਇਹ ਅਜਿਹੀ ਪਹਿਲੀ ਸਰਕਾਰ ਬਨਣ ਜਾ ਰਹੀ ਹੈ,ਜਿਸਨੇ ਆਪਣੇ ਵਿਰੋਧੀਆਂ ਦੀ ਜ਼ੁਬਾਨ ਬੰਦ ਕਰਨ ਲਈ ਅਜਿਹੇ ਹਥਕੰਡੇ ਅਪਣਾਏ,ਜਿਹੜੇ ਲੋਕਤੰਤਰ ਦਾ ਘਾਣ ਕਰਨ ਅਤੇ ਕਲੰਕਤ ਕਰਨ ਵਾਲੇ ਹਨ। ਇਹ ਕੋਈ ਝੂਠ ਨਹੀਂ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਵੀ ਆਪਣੇ ਵਿਰੋਧੀਆਂ ਨੂੰ ਪਰਚਿਆਂ ਦੀ ਦਹਿਸ਼ਤ ਵਿੱਚ ਜਿਉਣ ਲਈ ਮਜਬੂਰ ਕਰਕੇ ਰੱਖਿਆ ਹੋਇਆ ਹੈ,ਪਰ ਪੰਜਾਬ ਸਰਕਾਰ ਉਸ ਤੋਂ ਵੀ ਅੱਗੇ ਜਾਂਦੀ ਪਰਤੀਤ ਹੋ ਰਹੀ ਹੈ। ਇੱਕ ਪਾਸੇ ਪੱਤਰਕਾਰੀ ਨੂੰ ਲੋਕਤੰਤਰ ਦਾ ਚੌਥਾ ਥੰਮ ਕਿਹਾ ਜਾਂਦਾ ਹੈ,ਪਰ ਦੂਜੇ ਪਾਸੇ ਲੋਕਤੰਤਰ ਦੇ ਇਸ ਥੰਮ ਨੂੰ ਜੜ ਤੋਂ ਖੋਖਲਾ ਕਰਨ ਦੇ ਯਤਨ ਹੋ ਰਹੇ ਹਨ। ਪੰਜਾਬ ਅਤੇ ਭਾਰਤ ਦੇ ਲੋਕਾਂ ਨੂੰ ਯਾਦ ਰੱਖਣਾ ਹੋਵੇਗਾ ਕਿ ਜੇਕਰ ਪੱਤਰਕਾਰੀ ਖਤਮ ਹੋ ਗਈ,ਤਾਂ ਇਹ ਸਮਝ ਲਓ ਤੁਹਾਡੀ ਜੁਬਾਨ ਨੂੰ ਜਿੰਦਰੇ ਉਸ ਤੋਂ ਵੀ ਪਹਿਲਾਂ ਲਾ ਦਿੱਤੇ ਜਾਣਗੇ। ਪੱਤਰਕਾਰ ਦੀ ਜ਼ੁਬਾਨ ਬੰਦ ਕਰਨ ਦਾ ਮਤਲਬ ਹੈ,ਲੋਕਾਈ ਦੀ ਜ਼ੁਬਾਨ ਦਾ ਬੰਦ ਹੋਣਾ। ਫਿਰ ਲੋਕਾਂ ਦੀ ਆਵਾਜ਼, ਲੋਕਾਂ ਦੀਆਂ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾਉਣ ਵਾਲਾ ਕੋਈ ਨਹੀਂ ਬਚੇਗਾ। ਇਹ ਵੀ ਸੱਚ ਹੈ ਕਿ ਸ਼ੋਸ਼ਲ ਮੀਡੀਏ ਨੇ ਹਰ ਇੱਕ ਉਸ ਵਿਅਕਤੀ ਨੂੰ ਜਿਸਦੇ ਹੱਥ ਵਿੱਚ ਸਮਾਰਟ ਫੋਨ ਹੈ ਉਹਨੂੰ ਪੱਤਰਕਾਰ ਬਣਾ ਦਿੱਤਾ ਹੈ। ਬਹੁਤ ਸਾਰੇ ਅਜਿਹੇ ਵਿਅਕਤੀ ਬਤੌਰ ਪੱਤਰਕਾਰ ਵਿਚਰਦੇ ਦੇਖੇ ਜਾਂਦੇ ਹਨ,ਜਿੰਨਾਂ ਨੂੰ ਪੱਤਰਕਾਰੀ ਦਾ ਕੋਈ ਇਲਮ ਹੀ ਨਹੀ ਹੁੰਦਾ। ਸੋ ਇਸ ਰੁਝਾਨ ਨੇ ਵੀ ਪੱਤਰਕਾਰੀ ਨੂੰ ਬਿਨਾ ਸ਼ੱਕ ਵੱਡੀ ਢਾਹ ਲਾਈ ਹੈ। ਭਾਵੇਂ ਇਹਦੇ ਵਿੱਚ ਇਕੱਲੀ ਸਰਕਾਰ ਹੀ ਨਹੀ ਸਮੁੱਚੀਆਂ ਰਾਜਨੀਤਕ ਪਾਰਟੀਆਂ ਹੀ ਜਿੰਮੇਵਾਰ ਹਨ,ਪਰ ਮੌਜੂਦਾ ਸੂਬਾ ਸਰਕਾਰ ਦੀ ਭੂਮਿਕਾ ਜ਼ਿਆਦਾ ਨਿੰਦਣਯੋਗ ਰਹੀ ਹੈ। ਆਮ ਆਦਮੀ ਪਾਰਟੀ ਦੇ ਆਗੂਆਂ ਖਾਸ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੋਰਾਂ ਵੱਲੋਂ ਪੰਜਾਬ ਵਿੱਚ ਆਪ ਦੀ ਸਰਕਾਰ ਬਨਣ ਤੋਂ ਪਹਿਲਾਂ ਆਪਣੇ ਜਲਸਿਆਂ ਵਿੱਚ,ਰੈਲੀਆਂ ਵਿੱਚ ਤੇ ਮੀਟਿੰਗਾਂ ਵਿੱਚ ਲੋਕਾਂ ਨੂੰ ਇਹ ਪਾਠ ਪੜ੍ਹਾਇਆ ਜਾਂਦਾ ਰਿਹਾ ਹੈ ਕਿ ਰਾਜਨੀਤਕ ਲੋਕ ਜਦੋਂ ਪਿੰਡਾਂ ਵਿੱਚ ਆਉਂਦੇ ਹਨ,ਤਾਂ ਉਹਨਾਂ ਨੂੰ ਸਵਾਲ ਕਰਨੇ ਤੁਹਾਡਾ ਅਧਿਕਾਰ ਹੈ। ਉਹਨਾਂ ਦੀ ਕਾਰਗੁਜ਼ਾਰੀ ਤੇ ਸਵਾਲ ਚੁੱਕਣੇ ਤੁਹਾਡਾ ਅਧਿਕਾਰ ਵੀ ਹੈ ਅਤੇ ਫਰਜ਼ ਵੀ,ਇਸ ਲਈ ਜਦੋਂ ਰਾਜਨੀਤਕ ਆਗੂ ਪਿੰਡਾਂ ਵਿੱਚ ਆਉਂਦੇ ਹਨ,ਤਾਂ ਉਹਨਾਂ ਨੂੰ ਘੇਰ ਕੇ ਸਵਾਲ ਜਰੂਰ ਪੁੱਛਿਆ ਕਰੋ,ਪਰ ਹੁਣ ਜਦੋਂ ਪੰਜਾਬ ਅੰਦਰ ਪੂਰਨ ਬਹੁਮੱਤ ਨਾਲ ਆਪ ਦੀ ਸਰਕਾਰ ਬਣੀ ਹੋਈ ਹੈ,ਉਦੋਂ ਸਰਕਾਰ ਦੇ ਨੁਮਾਇੰਦੇ ਆਪਣੇ ਵੱਲੋਂ ਹੀ ਸੁਝਾਏ ਹੋਏ ਸਵਾਲਾਂ ਦੇ ਜਵਾਬ ਦੇਣ ਤੋ ਭੱਜਣ ਹੀ ਨਹੀਂ ਲੱਗੇ ,ਬਲਕਿ ਸਵਾਲ ਕਰਨ ਵਾਲਿਆਂ ਤੇ ਝੂਠੇ ਪਰਚੇ ਦਰਜ ਕਰਕੇ ਜੇਲ੍ਹਾਂ ਵਿੱਚ ਤਾੜਿਆ ਜਾ ਰਿਹਾ ਹੈ,ਤਾਂ ਕਿ ਕੋਈ ਵਿਅਕਤੀ ਅਜਿਹਾ ਕਰਨ ਦੀ ਹਿੰਮਤ ਨਾ ਕਰੇ। ਇਹ ਵੀ ਸੱਚ ਹੈ ਕਿ ਪਿਛਲੇ 75 ਸਾਲਾਂ ਵਿੱਚ ਪੰਜਾਬ ਅੰਦਰ ਅਜਿਹੀ ਕੋਈ ਸਰਕਾਰ ਨਹੀਂ ਬਣੀ,ਜਿਸਨੇ ਲੋਕ ਹਿਤਾਂ ਦੀ ਗੱਲ ਕੀਤੀ ਹੋਵੇ,ਜਾਂ ਸੂਬੇ ਦੇ ਹਿਤਾਂ ਦੀ ਰਾਖੀ ਪ੍ਰਤੀ ਵਚਨਵਬੱਧਤਾ ਤੇ ਪਹਿਰਾ ਦਿੱਤਾ ਹੋਵੇ,ਬਲਕਿ ਇਸ ਦੇ ਉਲਟ ਪੰਜਾਬ ਅੰਦਰ ਅਜਿਹੇ ਮੌਕੇ ਵੀ ਆਏ ਜਦੋਂ ਪੰਜਾਬ ਦੀ ਪੁਲਿਸ ਵੱਲੋਂ ਪੰਜਾਬ ਦੀ ਜੁਆਨੀ ਨੂੰ ਕੋਹ ਕੋਹ ਕੇ ਮਾਰਿਆ ਗਿਆ। ਅਜਿਹੇ ਦਮਨ 70,71 ਤੋਂ ਸ਼ੁਰੂ ਹੋ ਕੇ 95 ਤੱਕ ਲਗਾਤਾਰ ਚੱਲਦੇ ਰਹੇ,ਜਦੋਂਕਿ ਲੁਕਵੇਂ ਰੂਪ ਵਿੱਚ ਮੌਜੂਦਾ ਸਮੇ ਤੱਕ ਵੀ ਚੱਲਦੇ ਆ ਰਹੇ ਹਨ। ਇਸ ਦੇ ਨਾਲ ਹੁਣ ਹੋਰ ਵੀ ਭਿਆਨਕ ਹੱਥਕੰਡੇ ਵਰਤੇ ਜਾ ਰਹੇ ਹਨ। ਪੰਜ ਦਰਿਆਵਾਂ ਦੀ ਇਸ ਪਵਿੱਤਰ ਧਰਤੀ ਅਤੇ ਕੁੱਖਾਂ ਨੂੰ ਬੰਜਰ ਬਨਾਉਣ ਲਈ ਬੇਹੱਦ ਭਿਆਨਕ ਨਸ਼ਿਆਂ ਦੀ ਭਰਮਾਰ ਪੰਜਾਬ ਨੂੰ ਬਰਬਾਦੀ ਵੱਲ ਲਿਜਾ ਰਹੀ ਹੈ। ਜਦੋਂਕਿ ਇਸ ਮਾਰੂ ਰੁਝਾਨ ਨੂੰ ਰੋਕਣ ਲਈ ਅਤੇ ਇਸ ਦੇ ਖਿਲਾਫ਼ ਆਵਾਜ਼ ਚੁੱਕਣ ਵਾਲਿਆਂ ਤੇ ਗੰਭੀਰ ਝੂਠੇ ਦੋਸ਼ਾਂ ਤਾਹਿਤ ਪਰਚੇ ਦਰਜ ਕੀਤੇ ਜਾ ਰਹੇ ਹਨ। ਪਿਛਲੇ ਦਿਨੀਂ ਮੋਗਾ ਦੇ ਵਿੱਚ ਇੱਕ ਨਸ਼ਾ ਛਡਾਊ ਮੁਹਿੰਮ ਦੇ ਕਾਰਕੁਨ ਅਤੇ ਇੱਕ ਪੱਤਰਕਾਰ ਦੇ ਖ਼ਿਲਾਫ਼ ਇਸ ਕਰਕੇ ਬਲਾਤਕਾਰ ਵਰਗੇ ਸੰਗੀਨ ਅਤੇ ਗੈਰ ਇਖਲਾਕੀ ਇਲਜਾਮਾਂ ਤਹਿਤ ਪਰਚਾ ਦਰਜ ਕੀਤਾ ਗਿਆ ਹੈ,ਕਿਉਂਕਿ ਉਹਨਾਂ ਵੱਲੋਂ ਨਸ਼ੇ ਦੀ ਦਲਦਲ ਵਿੱਚ ਗਲੇ ਤੱਕ ਖੁਭੀ ਇੱਕ 17 ਸਾਲਾਂ ਦੀ ਨਾਬਾਲਗ ਬਾਲੜੀ ਦੀ ਵੀਡੀਓ ਜਨਤਕ ਕਰਕੇ ਜਿੱਥੇ ਸਰਕਾਰ ਦੀ ਨਸ਼ਿਆਂ ਖ਼ਿਲਾਫ਼ ਚਲਾਈ ਮੁਹਿੰਮ ਦਾ ਚੁਰਾਹੇ ਭਾਂਡਾ ਭੰਨਣ ਦੀ ਹਿਕਾਮਤ ਕੀਤੀ ਸੀ,ਓਥੇ ਉਸ ਬਾਲੜੀ ਨੂੰ ਇਸ ਦਲਦਲ ਵਿੱਚੋਂ ਕੱਢਣ ਦੇ ਯਤਨ ਅਰੰਭ ਕੀਤੇ ਗਏ ਸਨ। ਮੋਗਾ ਪੁਲਿਸ ਦੀ ਇਸ ਕਾਰਵਾਈ ਨੇ ਪੁਲਿਸ ਅਤੇ ਸਰਕਾਰ ਨੂੰ ਸ਼ੱਕ ਦੇ ਘੇਰੇ ਵਿੱਚ ਖੜਾ ਕਰ ਦਿੱਤਾ ਹੈ। ਸਰਕਾਰ ਦੇ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ 'ਤੇ ਸਵਾਲ ਉੱਠਣੇ ਸੁਰੂ ਹੋ ਗਏ ਹਨ। ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਨੂੰ ਇਸ ਰੁਝਾਨ ਨੂੰ ਠੱਲ੍ਹ ਪਾਉਣ ਲਈ ਸੁਹਿਰਦ ਹੋਣ ਦੀ ਜਰੂਰਤ ਹੈ। ਲੋਕ ਕਚਹਿਰੀ ਵਿੱਚ ਮੌਜੂਦਾ ਸਰਕਾਰ ਅਜਿਹੇ ਮੰਦਭਾਗੇ ਰੁਝਾਨ ਦੀ ਇਸ ਕਰਕੇ ਵੀ ਮੁੱਖ ਦੋਸ਼ੀ ਗਰਦਾਨੀ ਜਾਵੇਗੀ,ਕਿਉਂਕਿ ਆਮ ਆਦਮੀ ਪਾਰਟੀ ਨੇ ਹੀ ਆਮ ਲੋਕਾਂ ਨੂੰ ਸਵਾਲ ਕਰਨ ਦੀ ਜਾਚ ਸਿਖਾਈ ਹੈ।



# ਨਕਲੀ ਡਿਜੀਟਲ-ਕ੍ਰਿਪਟੋ ਕਰੰਸੀ ਐਪ ਦੀ ਠੱਗੀ ਤੋਂ ਕਿਵੇਂ ਬਚਿਆ ਜਾਵੇ

ਡਾ. ਪ੍ਰਭਦੀਪ ਸਿੰਘ ਚਾਵਲਾ



ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਕਿਸੇ ਨਿਵੇਸ਼ ਐਪ ਵਿੱਚ ਲੋਕਾਂ ਦੇ ਪੈਸੇ ਡੁੱਬਣ ਜਾਂ ਠੱਗੀ ਹੋਣ ਦੀਆਂ ਹਜ਼ਾਰਾਂ ਪੋਸਟਾਂ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ ਤੇ ਲੋਕ ਇੱਕ-ਦੂਜੇ ਨੂੰ ਇਹੀ ਸਵਾਲ ਪੁੱਛ ਰਹੇ ਹਨ ਕਿ 'ਭਾਈ ਤੂੰ ਪੈਸੇ ਕੱਢ ਲਏ ਸੀ-ਕਿ ਡੁੱਬ ਗਏ'। ਅੱਜ ਦੇ ਇਸ ਤੇਜ਼-ਤਰਾਰ ਯੁੱਗ ਵਿੱਚ ਹਰ ਪਾਸੇ ਵੱਧ ਤੋਂ ਵੱਧ ਪੈਸੇ ਕਮਾਉਣ ਦੀ ਦੌੜ ਜਿਹੀ ਲੱਗੀ ਹੋਈ ਹੈ, ਪੈਸਾ ਸਾਡੀ ਜ਼ਿੰਦਗੀ ਵਿੱਚ ਅਹਿਮ ਸਥਾਨ ਰੱਖਦਾ ਹੈ ਅਤੇ ਕਮਾਉਣਾ ਵੀ ਚਾਹੀਦਾ ਹੈ। ਪਰ ਅੱਜਕਲ੍ਹ ਲੋਕ ਤੁਰੰਤ ਅਮੀਰ ਹੋ ਜਾਣ ਦੀ ਇੱਛਾ ਵਿੱਚ ਅਜਿਹੀਆਂ ਧੋਖੇ ਵਾਲੀਆਂ ਯੋਜਨਾਵਾਂ ਦਾ ਸ਼ਿਕਾਰ ਹੋ ਰਹੇ ਹਨ, ਜਿੱਥੇ ਉਨ੍ਹਾਂ ਨੂੰ ਜ਼ਿਆਦਾ ਮੋਟਾ ਮੁਨਾਫ਼ਾ ਮਿਲਣ ਦਾ ਸੁਪਨਾ ਵਿਖਾਇਆ ਜਾਂਦਾ ਹੈ। ਲੋਕਾਂ ਨੂੰ ਦਿਨਾਂ ਵਿੱਚ ਰਾਸ਼ੀ ਦੁੱਗਣੀ ਕਰਨ, ਦੇਸ਼-ਵਿਦੇਸ਼ ਦੇ ਟੂਰ ਅਤੇ ਹੋਟਲਾਂ ਵਿੱਚ ਮੁਫ਼ਤ ਰਹਿਣ ਦੇ ਸਬਜ਼ਬਾਗ ਵਿਖਾਏ ਜਾਂਦੇ ਹਨ। ਇਸ ਡਿਜੀਟਲ ਵਿਦੇਸ਼ੀ ਨਿਵੇਸ਼ ਦੇ ਨਾਂਅ 'ਤੇ ਠੱਗਾਂ ਵੱਲੋਂ ਆਰਜ਼ੀ ਤਿਆਰ ਕੀਤੀਆਂ ਨਕਲੀ ਕੰਪਨੀਆਂ, ਐਪ ਤੇ ਵੈੱਬ-ਸਾਈਟਾਂ ਦੇ ਜਾਲ ਵਿੱਚ ਰੋਜ਼ਾਨਾਂ ਲੱਖਾਂ ਹੀ ਲੋਕ ਫ਼ਸ ਰਹੇ ਹਨ ।

**ਠੱਗੀ ਦੇ ਨਵੇਂ ਢੰਗ :** ਨਕਲੀ ਡਿਜੀਟਲ-ਕ੍ਰਿਪਟੋ ਕਰੰਸੀ ਐਪ ਤੇ ਫ਼ੋਰੈਕਸ ਟ੍ਰੇਡਿੰਗ ਐਪ ਸਕੀਮਾਂ ਰਾਹੀਂ ਲੋਕਾਂ ਨੂੰ ਪੈਸੇ ਦੀ ਉੱਚੀ ਵਾਪਸੀ ਦਰ ਦੇ ਨਾਂਅ 'ਤੇ ਲੁੱਟਿਆ ਜਾਂਦਾ ਹੈ। ਇਨ੍ਹਾਂ ਸਕੀਮਾਂ ਦੀ ਸ਼ੁਰੂਆਤ ਵਿੱਚ ਕੁਝ ਮੁਨਾਫ਼ਾ ਦਿਖਾ ਕੇ ਲੋਕਾਂ ਨੂੰ ਵੱਡੀਆਂ ਰਕਮਾਂ ਨਿਵੇਸ਼ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਅਤੇ ਜਦੋਂ ਵੱਡੇ ਨਿਵੇਸ਼ ਹੋ ਜਾਂਦੇ ਹਨ ਤਾਂ ਸੇਵਾਵਾਂ ਦੇ ਰਹੀਆਂ ਵੈੱਬਸਾਈਟਾਂ 'ਤੇ ਡਿਜੀਟਲ ਕਰੰਸੀ-ਟ੍ਰੇਡਿੰਗ ਐਪ ਬੰਦ ਹੋ ਜਾਂਦੀਆਂ ਹਨ, ਜਿਨ੍ਹਾਂ ਵਿੱਚ ਲੋਕਾਂ ਨੇ ਵੱਡੀਆਂ ਰਕਮਾਂ ਨਿਵੇਸ਼ ਕੀਤੀਆਂ ਹੁੰਦੀਆਂ ਹਨ। ਇਸ ਤਰ੍ਹਾਂ ਲੋਕ ਮੱਥੇ 'ਤੇ ਹੱਥ ਮਾਰਦੇ, ਪਛਤਾਵਾ ਕਰਦੇ ਠੱਗੀਆਂ ਦੇ ਸ਼ਿਕਾਰ ਹੋ ਜਾਂਦੇ ਹਨ।

**ਸਿੱਖਿਆ ਦੇ ਨਾਂਅ 'ਤੇ ਠੱਗੀ:** ਬੱਚਿਆਂ ਨੂੰ ਨਿਸ਼ਾਨਾ ਬਣਾਉਣ ਲਈ ਵੱਖ-ਵੱਖ ਵੀਡੀਓ ਸੁਨੇਹਿਆਂ ਤੇ ਆਕਰਸ਼ਿਤ ਐਪਾਂ ਰਾਹੀਂ ਛੋਟੀ ਉਮਰ ਦੇ ਬੱਚਿਆਂ, ਨੌਜਵਾਨਾਂ ਤੇ ਮਾਪਿਆਂ ਨੂੰ ਸਿੱਖਿਆ ਦੇ ਨਾਂਅ 'ਤੇ ਚੰਗੇ ਭਵਿੱਖ ਅਤੇ ਚੰਗੇ ਪੈਸੇ ਕਮਾਉਣ ਦਾ ਲਾਲਚ ਦਿੱਤਾ ਜਾ ਰਿਹਾ ਹੈ। ਇਸ ਐਪ ਰਾਹੀਂ ਪੈਸੇ ਕਮਾਉਣ ਦੇ ਤਰੀਕੇ ਸਿੱਖਣ ਲਈ ਲੱਖਾਂ ਰੁਪਏ ਕੋਚਿੰਗ ਕਲਾਸਾਂ ਦੇ ਨਾਂਅ 'ਤੇ ਬਟੋਰੇ ਜਾ ਰਹੇ ਹਨ। ਨੌਜਵਾਨਾਂ ਨੂੰ ਮਹਿਸੂਸ ਹੁੰਦਾ ਹੈ ਕਿ ਬਾਕੀ ਸਾਰੇ ਲੋਕ ਇਨ੍ਹਾਂ ਸਾਧਨਾਂ ਰਾਹੀਂ ਪੈਸੇ ਦੀ ਮੋਟੀ ਕਮਾਈ ਕਰ ਗਏ, ਸਿਰਫ਼ ਮੈਂ ਹੀ ਪਿੱਛੇ ਰਹਿ ਗਿਆ।

**ਨਕਲੀ ਗੁਰੂ-ਆਨਲਾਈਨ ਠੱਗੀ :** ਅੱਜਕਲ੍ਹ ਕਈ ਆਨਲਾਈਨ ਪਲੇਟਫ਼ਾਰਮਾਂ 'ਤੇ ਅਜਿਹੇ ਲੋਕ ਵੀ ਮਿਲਦੇ ਹਨ, ਜੋ ਆਪਣੇ-ਆਪ ਨੂੰ ਨਿਵੇਸ਼ ਗੁਰੂ ਜਾਂ ਆਰਥਿਕ ਮਾਹਿਰ ਦੱਸ ਕੇ ਲੋਕਾਂ ਨੂੰ ਗ਼ਲਤ ਰਾਹ ਦਿਖਾ ਰਹੇ ਹਨ। ਇਹ ਲੋਕ ਆਪਣੇ ਲਾਭਕਾਰੀ ਅਨੁਭਵਾਂ ਦੀਆਂ ਝੂਠੀਆਂ ਗੱਲਾਂ ਕਰ ਕੇ ਵੀਡੀਓ ਜਾਂ ਸਕ੍ਰੀਨਸ਼ਾਟ ਸਾਂਝੇ ਕਰ ਕੇ ਲੋਕਾਂ ਨੂੰ ਭਰੋਸਾ ਦਿਵਾਉਂਦੇ ਹਨ। ਜਿਵੇਂ-ਜਿਵੇਂ ਡਿਜੀਟਲ ਦੁਨੀਆਂ ਵਧ ਰਹੀ ਹੈ ਉਵੇਂ-ਉਵੇਂ ਠੱਗੀ ਦੇ ਤਰੀਕੇ ਵੀ ਚਲਾਕੀ ਭਰੇ ਹੁੰਦੇ ਜਾ ਰਹੇ ਹਨ। ਇਸ ਲਈ ਹਰ ਕਿਸੇ ਨੂੰ ਚਾਹੀਦਾ ਹੈ ਕਿ ਕਿਸੇ ਵੀ ਅਣਜਾਣ ਸਲਾਹਕਾਰ ਜਾਂ ਆਨਲਾਈਨ ਵਿਅਕਤੀ ਅਤੇ ਐਪ 'ਤੇ ਅੰਨ੍ਹਾ ਵਿਸ਼ਵਾਸ ਨਾ ਕਰੇ। ਸਾਵਧਾਨੀ ਹੀ ਠੱਗੀ ਤੋਂ ਬਚਣ ਦਾ ਸਭ ਤੋਂ ਵਧੀਆ ਹਥਿਆਰ ਹੈ, ਲਾਲਚ ਵਿੱਚ ਆਉਣ ਦੀ ਬਜਾਏ, ਹੁਸ਼ਿਆਰੀ ਨਾਲ ਸੋਚੋ ਅਤੇ ਆਪਣੇ ਸਖ਼ਤ ਮਿਹਨਤ ਨਾਲ ਕਮਾਏ ਪੈਸੇ ਨੂੰ ਠੱਗੀ ਦਾ ਸ਼ਿਕਾਰ ਹੋਣ ਤੋਂ ਬਚਾਓ।



ਕਿਵੇਂ ਬਚਿਆ ਜਾਵੇ-ਕਿਸੇ ਵੀ ਨਿਵੇਸ਼ ਸਕੀਮ ਵਿੱਚ ਪੈਸਾ ਲਗਾਉਣ ਤੋਂ ਪਹਿਲਾਂ ਉਸ ਬਾਰੇ ਪੂਰੀ ਜਾਂਚ-ਪੜਤਾਲ ਕਰੋ। ਅਜਿਹੀਆਂ ਸਕੀਮਾਂ ਤੋਂ ਸਾਵਧਾਨ ਰਹੋ, ਜੋ ਤੁਹਾਨੂੰ ਮੂੰਹ-ਜ਼ੁਬਾਨੀ ਤੁਰੰਤ ਹੋਣ ਵਾਲੇ ਵੱਡੇ ਲਾਭ ਹੋਣ ਦਾ ਵਾਅਦਾ ਜਾਂ ਭਰੋਸਾ ਦੇ ਰਹੀਆਂ ਹੋਣ, ਕੋਈ ਵੀ ਤੁਹਾਨੂੰ ਪੈਸਾ ਕਮਾ ਕੇ ਦੇਣ ਵਾਸਤੇ ਨਹੀਂ ਬੈਠਾ ਹੋਇਆ, ਜੇ ਕੋਈ ਕਹਿ ਰਿਹਾ ਹੈ ਕਿ ਜਲਦੀ-ਜਲਦੀ ਪੈਸਾ ਡਬਲ-ਟ੍ਰਿਪਲ ਹੋ ਜਾਏਗਾ ਤਾਂ ਇਹ ਠੱਗੀ ਦੀ ਸਾਫ਼ ਨਿਸ਼ਾਨੀ ਹੈ। ਆਪਣੇ ਪੈਸੇ ਜਾਂ ਜਮ੍ਹਾਂ ਪੂੰਜੀ ਦੀ ਜਾਣਕਾਰੀ ਕਦੇ ਵੀ ਕਿਸੇ ਅਨਜਾਣ ਵਿਅਕਤੀ ਜਾਂ ਫ਼ਰਮ ਨਾਲ ਸਾਂਝੀ ਨਾ ਕਰੋ। ਹਮੇਸ਼ਾ ਸਰਕਾਰੀ ਜਾਂ ਸਰਕਾਰ ਪਾਸੋਂ ਮਾਨਤਾ ਪ੍ਰਾਪਤ ਤਰੀਕੇ ਨਾਲ ਪ੍ਰਮਾਣਿਤ ਨਿਵੇਸ਼ ਦੇ ਤਰੀਕੇ ਹੀ ਚੁਣੋ।

**ਸਮਾਜਿਕ ਜ਼ਿੰਮੇਵਾਰੀ:** ਅਸੀਂ ਸਮਾਜ ਵਿੱਚ ਇੱਕ-ਦੂਜੇ ਨੂੰ ਸੁਚੇਤ ਕਰ ਸਕਦੇ ਹਾਂ। ਜੇਕਰ ਤੁਹਾਨੂੰ ਕੋਈ ਅਜਿਹੀ ਠੱਗੀ ਜਾਂ ਸ਼ੱਕੀ ਸਕੀਮ ਬਾਰੇ ਪਤਾ ਲੱਗੇ ਤਾਂ ਤੁਰੰਤ ਆਪਣੇ ਪਰਿਵਾਰ, ਦੋਸਤਾਂ-ਮਿੱਤਰਾਂ ਅਤੇ ਸਮਾਜ ਨੂੰ ਇਸ ਬਾਰੇ ਜਾਗਰੂਕ ਕਰਨ।

# ਫ਼ਸਲੀ ਵਿਭਿੰਨਤਾ ਲਈ ਝੋਨੇ ਦੀ ਕਾਸ਼ਤ ਘਟਾਉਣ ਦੀ ਲੋੜ

**ਭਗਵਾਨ ਦਾਸ**

ਅਪ੍ਰੈਲ 'ਚ ਕਣਕ ਦੀ ਵਾਢੀ ਹੋਣ ਉਪਰੰਤ ਖਰੀਫ਼ ਮੌਸਮ ਮਈ 'ਚ ਸ਼ੁਰੂ ਹੋ ਜਾਵੇਗਾ। ਕਿਸਾਨ ਹੁਣੇ ਤੋਂ ਖਰੀਫ਼ ਦੇ ਮੌਸਮ 'ਚ ਬਿਜਾਈ ਕਰਨ ਸੰਬੰਧੀ ਵਿਚਾਰ ਕਰ ਰਹੇ ਹਨ। ਝੋਨਾ ਮੁੱਖ ਫ਼ਸਲ ਹੈ। ਇਸ ਸੰਬੰਧੀ ਉਹ ਸੋਚ 'ਚ ਹਨ ਕਿ ਝੋਨੇ ਦੀ ਕਿਹੜੀ ਕਿਸਮ ਬੀਜਣ। ਪਿਛਲੇ ਸਾਲ ਕੁਝ ਵੱਡੇ ਰਕਬੇ ਤੇ ਝੋਨੇ ਦੀ ਪੀ.ਆਰ. 126 ਕਿਸਮ ਦੀ ਕਾਸ਼ਤ ਕੀਤੀ ਗਈ ਸੀ, ਕਿਉਂਕਿ ਇਹ ਕਿਸਮ ਪੱਕਣ ਨੂੰ ਥੋੜ੍ਹਾ ਸਮਾਂ ਲੈਂਦੀ ਹੈ ਅਤੇ ਇਸ ਦਾ ਝਾੜ ਵੀ ਚੰਗਾ ਹੈ, ਪ੍ਰੰਤੂ ਇਸ ਸਾਲ ਕਿਸਾਨ ਇਸ ਕਿਸਮ ਨੂੰ ਬੀਜਣ ਲਈ ਦੁਬਿਧਾ 'ਚ ਹਨ, ਕਿਉਂਕਿ ਪਿਛਲੇ ਸਾਲ ਮਿਲਰਾਂ ਤੇ ਆੜ੍ਹਤੀਆਂ ਨੇ ਇਸ ਕਿਸਮ ਦੀ ਫ਼ਸਲ ਪੂਰੇ ਭਾਅ 'ਤੇ ਨਹੀਂ ਸੀ ਖ਼ਰੀਦੀ। ਉਹ ਦਾਅਵਾ ਕਰਦੇ ਸਨ ਕਿ ਇਸ ਕਿਸਮ 'ਚੋਂ ਚੌਲਾਂ ਦੀ ਮਾਤਰਾ ਜੋ ਹੋਰ ਕਿਸਮਾਂ 'ਚੋਂ 67 ਪ੍ਰਤੀਸ਼ਤ ਨਿਕਲਦੀ ਹੈ, ਉਹ ਇਸ ਕਿਸਮ 'ਚੋਂ 62 63 ਪ੍ਰਤੀਸ਼ਤ ਹੀ ਨਿਕਲਦੀ ਹੈ ਅਤੇ ਇਸ ਕਿਸਮ 'ਚ ਟੋਟਾ ਵੀ ਜ਼ਿਆਦਾ ਹੁੰਦਾ ਹੈ। ਪੂਸਾ 44 ਕਿਸਮ ਜੋ ਕਿਸਾਨਾਂ ਦੀ ਦੋ ਦਹਾਕਿਆਂ ਤੋਂ ਵੱਧ ਸਮੇਂ ਤੱਕ ਪਸੰਦ ਬਣੀ ਰਹੀ, ਦਾ ਹੁਣ ਆਈ.ਸੀ.ਏ.ਆਰ. ਭਾਰਤੀ ਖੇਤੀ ਖੋਜ ਸੰਸਥਾਨ ਨੇ ਇਸ ਦਾ ਬੀਜ ਬਣਾਉਣਾ ਬੰਦ ਕਰ ਦਿੱਤਾ ਹੈ। ਕਿਸਾਨ ਇਸ ਕਿਸਮ ਦੀ ਕਾਸ਼ਤ ਨੂੰ ਨਾ ਚਾਹੁੰਦੇ ਹੋਏ ਵੀ ਛੱਡਣ ਲਈ ਮਜਬੂਰ ਹਨ। ਭਾਵੇਂ ਕੁਝ ਕਿਸਾਨ ਪੁਰਾਣਾ ਬੀਜ ਵਰਤਣ ਦੀ ਵੀ ਸੋਚ ਰਹੇ ਹਨ। ਆਈ.ਏ.ਆਰ.ਆਈ. ਵਲੋਂ ਵਿਕਸਿਤ ਪੂਸਾ 2090 ਅਤੇ ਪੂਸਾ 1824 ਕਿਸਮਾਂ ਦੇ ਝੋਨੇ ਦੇ ਬੀਜਾਂ ਲਈ ਕਿਸਾਨ ਹੁਣੇ ਤੋਂ ਭਾਲ ਕਰ ਰਹੇ ਹਨ। ਇਹ ਕਿਸਮਾਂ ਪੱਕਣ ਨੂੰ ਘੱਟ ਸਮਾਂ ਲੈਂਦੀਆਂ ਹਨ। ਇਨ੍ਹਾਂ ਕਿਸਮਾਂ ਦਾ ਬੀਜ ਪੰਜਾਬ 'ਚ ਦੇਣ ਲਈ ਭਾਰਤੀ ਖੇਤੀ ਖੋਜ ਸੰਸਥਾਨ ਕੀ ਨੀਤੀ ਵਰਤੇਗੀ ਅਜੇ ਇਸ ਸੰਬੰਧੀ ਕੋਈ ਘੋਸ਼ਣਾ ਨਹੀਂ ਕੀਤੀ ਗਈ। ਪੂਸਾ ਕ੍ਰਿਸ਼ੀ ਵਿਗਿਆਨ ਮੇਲਾ ਆਈ.ਏ.ਆਰ.ਆਈ. ਮੇਲਾ ਗਰਾਊਂਡ ਦਿੱਲੀ ਵਿਖੇ 22 ਤੋਂ 24 ਫ਼ਰਵਰੀ ਨੂੰ ਹੋ ਰਿਹਾ ਹੈ (ਪਹਿਲਾਂ ਇਹ 24 ਤੋਂ 26 ਫ਼ਰਵਰੀ ਦੌਰਾਨ ਹੋਣਾ ਸੀ)। ਕਿਸਾਨ ਇਨ੍ਹਾਂ ਕਿਸਮਾਂ ਦਾ ਬੀਜ ਲੈਣ ਲਈ ਕ੍ਰਿਸ਼ੀ ਵਿਗਿਆਨ ਮੇਲੇ ਦੀ ਉਡੀਕ 'ਚ ਹਨ। ਕੀ ਇਸ ਮੇਲੇ 'ਚ ਇਨ੍ਹਾਂ ਕਿਸਮਾਂ ਦੇ ਬੀਜ ਪੰਜਾਬ ਦੇ ਕਿਸਾਨਾਂ ਨੂੰ ਦਿੱਤੇ ਜਾਣਗੇ? ਆਈ.ਏ. ਆਰ.ਆਈ. ਵੱਲੋਂ ਇਸ ਸੰਬੰਧੀ ਸਪੱਸ਼ਟੀਕਰਨ ਦੀ ਲੋੜ ਹੈ।

ਪੰਜਾਬ ਸਰਕਾਰ ਵੱਲੋਂ ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਾਉਣ ਲਈ ਜ਼ੋਰ ਦਿੱਤਾ ਜਾ ਰਿਹਾ ਹੈ। ਪਿਛਲੇ ਦੋ ਦਹਾਕਿਆਂ ਤੋਂ ਇਸ ਦੀ ਕਾਸ਼ਤ ਥੱਲੇ ਰਕਬਾ ਘਟਣ ਦੀ ਬਜਾਏ ਵਧ ਰਿਹਾ ਹੈ, ਜੋ ਹੁਣ 32 ਲੱਖ ਹੈਕਟੇਅਰ ਨੂੰ ਛੂਹ ਗਿਆ। ਕਿਸਾਨ ਝੋਨੇ ਦੀ ਕਾਸ਼ਤ 'ਤੇ ਇਸ ਲਈ ਜ਼ੋਰ ਦਿੰਦੇ ਹਨ ਕਿ ਇਹ ਫ਼ਸਲ ਦੂਜੀਆਂ ਸਾਰੀਆਂ ਫ਼ਸਲਾਂ ਨਾਲੋਂ ਖਰੀਫ਼ ਦੇ ਮੌਸਮ 'ਚ ਵੱਧ ਮੁਨਾਫ਼ਾ ਦਿੰਦੀ ਹੈ। ਪੰਜਾਬ ਸਰਕਾਰ ਵੱਲੋਂ ਵੀ ਫ਼ਸਲੀ ਵਿਭਿੰਨਤਾ ਲਿਆਉਣ ਨੂੰ ਅਹਿਮੀਅਤ ਦਿੱਤੀ ਜਾ ਰਹੀ ਹੈ, ਜਿਸ ਨੀਤੀ ਥੱਲੇ ਬਾਸਮਤੀ, ਕਪਾਹ ਨਰਮਾ, ਫ਼ਲਾਂ, ਸਬਜ਼ੀਆਂ ਆਦਿ ਦੀ ਕਾਸ਼ਤ ਥੱਲੇ ਮੁੱਖ ਤੌਰ 'ਤੇ ਰਕਬਾ ਵਧਾਉਣ ਦੀ ਯੋਜਨਾ ਹੈ। ਝੋਨੇ ਦੀ ਕਾਸ਼ਤ ਥੱਲੇ ਪਾਣੀ ਦੇ ਪੱਧਰ ਨੂੰ ਬਰਕਾਰ ਰੱਖਣ ਲਈ 10 ਲੱਖ ਹੈਕਟੇਅਰ ਰਕਬਾ ਘਟਾਉਣਾ ਲੋੜੀਂਦਾ ਹੈ। ਝੋਨੇ ਦੀ ਪਾਣੀ ਦੀ ਲੋੜ ਦੂਜੀਆਂ ਫ਼ਸਲਾਂ ਦੇ ਮੁਕਾਬਲੇ ਵੱਧ ਹੋਣ ਕਾਰਨ ਜ਼ਮੀਨ ਥੱਲੇ ਪਾਣੀ ਦੀ ਸਤਹਿ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ। ਉੱਚੀ ਤਾਕਤ ਦੇ ਸਬਮਰਸੀਬਲ ਲੱਗ ਰਹੇ ਹਨ, ਜਿਨ੍ਹਾਂ 'ਤੇ ਕਿਸਾਨਾਂ ਦਾ ਖਰਚਾ ਜ਼ਿਆਦਾ ਆਉਂਦਾ ਹੈ ਅਤੇ ਬਿਜਲੀ ਦੀ ਖਪਤ ਵੀ ਵਧੇਰੇ ਹੁੰਦੀ ਹੈ। ਰਾਜ ਦੇ ਬਹੁਤੇ ਰਕਬੇ 'ਤੇ ਹੁਣ ਨਵੇਂ ਟਿਊਬਵੈੱਲ ਵੀ ਨਹੀਂ ਲਗਾਏ ਜਾ ਸਕਦੇ। ਝੋਨੇ ਦੀ ਵਧ ਰਹੀ ਕਾਸ਼ਤ ਨਾਲ ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਦੀ ਸਮੱਸਿਆ ਵੀ ਵਧ ਰਹੀ ਹੈ। ਸਬਜ਼ ਇਨਕਲਾਬ ਤੋਂ ਪਹਿਲਾਂ ਝੋਨੇ ਦੀ ਕਾਸ਼ਤ ਥੱਲੇ ਸੰਨ 1960 61 'ਚ 2.27 ਲੱਖ ਹੈਕਟੇਅਰ ਰਕਬਾ ਹੁੰਦਾ ਸੀ, ਜੋ ਸਬਜ਼ ਇਨਕਲਾਬ ਦੇ ਆਗਾਜ਼ ਤੋਂ ਬਾਅਦ 1970 71 'ਚ ਵਧ ਕੇ 3.90 ਲੱਖ ਹੈਕਟੇਅਰ ਹੋ ਗਿਆ। ਇਸ ਤੋਂ ਬਾਅਦ ਇਸ ਰਕਬੇ 'ਚ ਲਗਾਤਾਰ ਵਾਧਾ ਹੁੰਦਾ ਗਿਆ। ਸਾਲ



1980 81 'ਚ 11.83 ਲੱਖ ਹੈਕਟੇਅਰ ਤੇ 1999 2000 'ਚ 26.04 ਲੱਖ ਹੈਕਟੇਅਰ ਹੋ ਗਿਆ, ਜੋ ਹੁਣ ਵੱਧ ਕੇ 32 ਲੱਖ ਹੈਕਟੇਅਰ ਨੂੰ ਛੂਹ ਗਿਆ ਹੈ।

ਕਿਸਾਨਾਂ ਨੂੰ ਝੋਨੇ ਦਾ ਰਕਬਾ ਘਟਾਉਣ ਲਈ ਉਪਰਾਲਾ ਕਰਨਾ ਚਾਹੀਦਾ ਹੈ। ਇਸ ਦੇ ਮੰਡੀਕਰਨ 'ਚ ਸਮੱਸਿਆਵਾਂ ਦਾ ਆਉਣਾ ਸੁਭਾਵਿਕ ਹੈ। ਕਿਸਾਨਾਂ ਨੂੰ ਛੇਤੀ ਝੋਨੇ ਦੇ ਬਦਲ ਲੱਭਣੇ ਚਾਹੀਦੇ ਹਨ। ਸਰਕਾਰ ਵੱਲੋਂ ਝੋਨੇ ਦੀ ਬਜਾਏ ਮੱਕੀ, ਬਾਸਮਤੀ, ਕਪਾਹ ਨਰਮਾ ਅਤੇ ਫ਼ਲਾਂ ਤੇ ਸਬਜ਼ੀਆਂ ਦੀ ਕਾਸ਼ਤ ਵਧਾਉਣ ਲਈ ਖਰੀਫ਼ ਦੇ ਮੌਸਮ 'ਚ ਕਿਸਾਨਾਂ ਨੂੰ ਪ੍ਰੇਰਿਆ ਜਾ ਰਿਹਾ ਹੈ। ਮੱਕੀ ਦੀ ਕਾਸ਼ਤ ਲਈ ਵੀ ਪਾਣੀ ਵਧੇਰੇ ਚਾਹੀਦਾ ਹੈ। ਮੰਡੀ 'ਚ ਵੀ ਕਿਸਾਨਾਂ ਨੂੰ ਪਿਛਲੇ ਸਾਲਾਂ 'ਚ ਮੱਕੀ ਦੀ ਲਾਹੇਵੰਦ ਕੀਮਤ ਨਹੀਂ ਮਿਲੀ। ਹੁਣ ਸਰਕਾਰ ਵਲੋਂ ਲਾਹੇਵੰਦ ਕੀਮਤ ਦਿਵਾਉਣ ਦੇ ਉਪਰਾਲੇ ਜ਼ਰੂਰ ਕੀਤੇ ਜਾ ਰਹੇ ਹਨ। ਬਾਸਮਤੀ ਦਾ ਉਜੱਵਲ ਭਵਿੱਖ ਹੈ। ਪੰਜਾਬ ਜੀ.ਆਈ. ਭੂਗੋਲਿਕ ਜ਼ੋਨ 'ਚ ਹੋਣ ਕਰਕੇ ਇਸ ਦੀ ਬਾਸਮਤੀ ਦੀ ਕੁਆਲਿਟੀ ਵਧੀਆ ਹੈ ਅਤੇ ਦੂਜੇ ਮੁਲਕ ਇਸ ਨੂੰ ਖਰੀਦਣਾ ਪਸੰਦ ਕਰਦੇ ਹਨ। ਇਸ ਦਾ ਕੁੱਲ ਬਾਸਮਤੀ ਦੀ ਬਰਾਮਦ 'ਚ 40 ਪ੍ਰਤੀਸ਼ਤ ਤੱਕ ਹਿੱਸਾ ਹੈ। ਬਾਸਮਤੀ ਦਾ ਘਰੇਲੂ ਖਪਤ 'ਚ ਵੀ ਕੁਝ ਵਾਧਾ ਹੋ ਰਿਹਾ ਹੈ। ਆਈ.ਸੀ. ਏ.ਆਰ. ਆਈ.ਏ.ਆਰ.ਆਈ. ਵੱਲੋਂ ਨਵੀਆਂ ਕਿਸਮਾਂ ਪੀ.ਬੀ. 1885, ਪੀ.ਬੀ. 1886, ਪੀ.ਬੀ. 1882, ਪੀ.ਬੀ. 1979 ਅਤੇ ਪੀ.ਬੀ. 1985 ਵਿਕਸਿਤ ਹੋਣ ਨਾਲ ਕਿਸਾਨਾਂ ਲਈ ਕਿਸਮਾਂ ਦੀ ਚੋਣ ਦਾ ਦਾਇਰਾ ਵਸੀਹ ਹੋ ਗਿਆ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਪਿਛਲੇ ਸਾਲ ਬਾਸਮਤੀ 'ਚ ਕੁਝ ਮੰਦਾ ਆਇਆ, ਪਰ ਬਾਅਦ 'ਚ ਇਸ ਦੀ ਕੀਮਤ 'ਚ ਚੜ੍ਹ ਕੇ 3000 3200 ਰੁਪਏ ਤੱਕ ਪਹੁੰਚਣ ਨਾਲ ਕਿਸਾਨਾਂ ਦਾ ਘਰ ਪੂਰਾ ਹੋ ਗਿਆ। ਆਲ ਇੰਡੀਆ ਰਾਈਸ ਐਕਸਪੋਰਟਰਜ਼ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਅਤੇ ਬਾਸਮਤੀ ਦੇ ਬਰਾਮਦਕਾਰ ਵਿਜੇ ਸੇਤੀਆ ਅਨੁਸਾਰ ਭਵਿੱਖ 'ਚ ਬਾਸਮਤੀ ਦੀ ਕੀਮਤ ਸਥਿਰ ਤੇ ਕਿਸਾਨਾਂ ਲਈ ਲਾਹੇਵੰਦ ਰਹਿਣ ਦੀ ਸੰਭਾਵਨਾ ਹੈ। ਉਨ੍ਹਾਂ ਨੂੰ ਆਪਣੀ ਯੋਜਨਾਬੰਦੀ 'ਚ ਬਾਸਮਤੀ ਨੂੰ ਮੁਨਾਸਿਬ ਥਾਂ ਦੇਣੀ ਚਾਹੀਦੀ ਹੈ। ਕਪਾਹ ਨਰਮੇ ਦੀ ਕਾਸ਼ਤ ਬਠਿੰਡਾ, ਫ਼ਾਜ਼ਿਲਕਾ, ਮਾਨਸਾ, ਫ਼ਰੀਦਕੋਟ, ਮੁਕਤਸਰ ਸਾਹਿਬ ਅਤੇ ਮੋਗਾ ਜ਼ਿਲ੍ਹਿਆਂ 'ਚ ਵਧਾਏ ਜਾਣ ਦੀ ਸੰਭਾਵਨਾ ਹੈ। ਥੋੜ੍ਹਾ-ਥੋੜ੍ਹਾ ਰਕਬਾ ਫ਼ਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਥੱਲੇ ਵੀ ਵਧ ਸਕਦਾ ਹੈ। ਫ਼ਲਾਂ 'ਚੋਂ ਲਾਭ ਲੈਣ ਲਈ ਕਿਸਾਨਾਂ ਨੂੰ ਲੰਮਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ। ਫ਼ਲਾਂ ਦੀ ਕਾਸ਼ਤ ਵਧਾਉਣ ਸੰਬੰਧੀ ਰਾਜ ਬਾਗ਼ਬਾਨੀ ਮਿਸ਼ਨ ਅਧੀਨ ਸਬਸਿਡੀ ਦੀਆਂ ਸਹੂਲਤਾਂ ਮੁਹੱਈਆ ਕਰਕੇ ਸਰਕਾਰ ਬਾਗ਼ਬਾਨੀ ਦਾ ਰਕਬਾ ਵਧਾਉਣ ਲਈ ਉਪਰਾਲੇ ਕਰ ਰਹੀ ਹੈ। ਸਬਜ਼ੀਆਂ ਦੀ ਕੀਮਤ 'ਚ ਬੜਾ ਉਤਰਾਅ ਚੜ੍ਹਾਅ ਹੈ, ਜੋ ਖਪਤਕਾਰ ਅਦਾ ਕਰਦਾ ਹੈ, ਕਿਸਾਨ ਨੂੰ ਉਸ ਕੀਮਤ ਦਾ ਬਹੁਤ ਥੋੜ੍ਹਾ ਹਿੱਸਾ ਹੀ ਪੱਲੇ ਪੈਂਦਾ ਹੈ। ਸਬਜ਼ੀਆਂ ਦੇ ਮੰਡੀਕਰਨ ਦਾ ਯੋਗ ਪ੍ਰਬੰਧ ਕਰਨ ਦੀ ਲੋੜ ਹੈ। ਜ਼ਿਆਦਾ ਰਕਬਾ ਆਲੂਆਂ ਤੇ ਗੰਢਿਆਂ ਦੀ ਕਾਸ਼ਤ ਅਧੀਨ ਹੈ। ਕਿਸਾਨਾਂ ਦੇ ਨੌਜਵਾਨ ਮੁੰਡੇ ਤੇ ਖ਼ੁਦ ਕਿਸਾਨ ਆਪ ਖਪਤਕਾਰਾਂ ਨੂੰ ਸਬਜ਼ੀਆਂ ਵੇਚਣ ਤਾਂ ਚੋਖਾ ਮੁਨਾਫ਼ਾ ਕਮਾ ਸਕਦੇ ਹਨ। ਤੇਲ ਬੀਜਾਂ ਦੀ ਕਾਸ਼ਤ ਲਈ ਕੇਂਦਰ ਸਰਕਾਰ ਬੜਾ ਜ਼ੋਰ ਦੇ ਰਹੀ ਹੈ। ਪੰਜਾਬ ਦੇ ਕਿਸਾਨਾਂ ਨੂੰ ਇਸ ਤੋਂ ਲਾਭ ਉਠਾਉਣਾ ਚਾਹੀਦਾ ਹੈ। ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਜੋ ਕਿਸਾਨਾਂ ਲਈ ਕਿਸਾਨ ਸਿਖਲਾਈ ਕੈਂਪ ਲਗਾਏ ਜਾ ਰਹੇ ਹਨ, ਉਨ੍ਹਾਂ 'ਚ ਕਿਸਾਨਾਂ ਨੂੰ ਖੇਤੀ ਸਮੱਗਰੀ ਦੀ ਸਹੀ ਵਰਤੋਂ ਅਤੇ ਖਾਦ ਸਿਫ਼ਾਰਸ਼ ਅਨੁਸਾਰ ਭੌਂਅ ਪਰਖ ਕਾਰਡਾਂ 'ਚ ਦਿੱਤੀਆਂ ਗਈਆਂ ਸਿਫ਼ਾਰਸ਼ਾਂ ਅਨੁਸਾਰ ਪਾਉਣ ਲਈ ਪੂਰੀ ਜਾਣਕਾਰੀ ਮੁਹੱਈਆ ਕੀਤੀ ਜਾਣੀ ਚਾਹੀਦੀ ਹੈ, ਜੋ ਕਿਸਾਨ ਝੋਨੇ ਤੇ ਕਣਕ 'ਚ ਯੂਰੀਏ ਦੇ ਪੰਜ-ਪੰਜ, ਛੇ-ਛੇ ਥੈਲੇ ਪਾਉਂਦੇਹਨ, ਜਦੋਂ ਕਿ ਸਿਫ਼ਾਰਸ਼ 2.5 ਥੈਲਿਆਂ ਦੀ ਕੀਤੀ ਗਈ ਹੁੰਦੀ ਹੈ, ਉਨ੍ਹਾਂ ਨੂੰ ਇਨ੍ਹਾਂ ਕੈਂਪਾਂ 'ਚ ਸਹੀ ਸੇਧ ਦੇ ਕੇ ਖੇਤੀ ਸਮੱਗਰੀ 'ਤੇ ਲੋੜ ਨਾਲੋਂ ਵੱਧ ਖਰਚਾ ਕਰਨ ਤੋਂ ਰੋਕਣਾ ਚਾਹੀਦਾ ਹੈ। ਫ਼ਸਲੀ ਵਿਭਿੰਨਤਾ ਸੰਬੰਧੀ ਸਰਕਾਰ ਅਤੇ ਕਿਸਾਨਾਂ ਵਲੋਂ ਰਲ ਕੇ ਪੂਰੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਇਹ ਸਮੇਂ ਦੀ ਲੋੜ ਹੈ।



# ਸਦਾ ਰਹੇ ਮਾਪਿਆਂ ਦੀ ਸੰਘਣੀ ਛਾਂ



**ਜੋਗਿੰਦਰ ਸਿੰਘ ਪ੍ਰਿੰਸੀਪਲ**

ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ
ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ

ਗੁਰੂ ਸਾਹਿਬ ਦਾ ਇਹ ਫ਼ਰਮਾਨ ਦੱਸਦਾ ਹੈ ਕਿ ਜਿੱਥੇ ਪਰਿਵਾਰ ਅਤੇ ਸਮਾਜ 'ਚ ਮਾਂ ਦਾ ਦਰਜਾ ਜਾਂ ਰੁਤਬਾ ਪਵਿੱਤਰ, ਮਹਾਨ ਅਤੇ ਸ਼੍ਰੇਸ਼ਠ ਹੈ, ਉੱਥੇ ਪਿਤਾ ਦਾ ਰੁਤਬਾ ਵੀ ਪਰਿਵਾਰ, ਸਮਾਜ ਅਤੇ ਰਾਸ਼ਟਰ ਲਈ ਆਦਰ ਅਤੇ ਸਨਮਾਨ ਦਾ ਪਾਤਰ ਹੈ। ਸੱਚ-ਮੁੱਚ ਜੇ ਮਾਂ ਦੀ ਗੋਦ ਰਹਿਮਤਾਂ ਦਾ ਦਰ ਏ, ਉੱਥੇ ਪਿਤਾ ਦੀ ਸਰਪ੍ਰਸਤੀ ਦਾ ਸਾਇਆ ਵੀ ਬਰਕਤਾਂ ਦਾ ਘਰ ਹੈ। ਜੇ ਮਾਂ ਦੇ ਉੱਚੇ-ਸੁੱਚੇ ਪਿਆਰ ਦਾ ਮਹੱਤਵ 'ਮਾਵਾਂ ਠੰਢੀਆਂ ਛਾਵਾਂ' ਜਾਂ 'ਮਾਂ ਜਿਹਾ ਘਣਛਾਵਾਂ ਬੂਟਾ' ਦਰਸਾਇਆ ਜਾਂਦਾ ਹੈ ਤਾਂ ਨਿਸ਼ਚੇ ਹੀ ਪਿਤਾ ਇੱਕ ਅਜਿਹਾ ਰਹਿਮਤਾਂ ਭਰਿਆ ਦਰੱਖਤ ਹੈ, ਜਿਸ ਦੀਆਂ ਟਾਹਣੀਆਂ 'ਤੇ ਬਹਿ ਕੇ ਬੱਚੇ ਜੀਵਨ ਜਾਚ ਦੀਆਂ ਹਕੀਕਤਾਂ ਸਿੱਖਦੇ ਹਨ।

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਅਬਰਾਹਮ ਲਿੰਕਨ ਨੇ ਮਾਂ ਦਾ ਮਹੱਤਵ ਇਸ ਤਰ੍ਹਾਂ ਦਰਸਾਇਆ ਸੀ; 'ਜੋ ਕੁਝ ਮੈਂ ਹਾਂ, ਜਾਂ ਹੋਣ ਦੀ ਆਸ਼ਾ ਰੱਖਦਾ ਹਾਂ, ਉਹ ਆਪਣੀ ਫ਼ਰਿਸ਼ਤਿਆਂ ਵਰਗੀ ਮਾਂ ਸਦਕਾ ਹਾਂ' ਅਤੇ ਨੈਪੋਲੀਅਨ ਨੇ ਕਿਹਾ ਸੀ, 'ਮੈਨੂੰ ਚੰਗੀਆਂ ਮਾਵਾਂ ਦਿਓ ਮੈਂ ਤੁਹਾਨੂੰ ਚੰਗੀ ਕੌਮ ਦਿਆਂਗਾ'। ਨਿਸ਼ਚੇ ਹੀ ਮਾਤਾ ਪਰਿਵਾਰ ਦਾ ਥੰਮ੍ਹ ਹੁੰਦੀ ਹੈ, ਪਰ ਮਾਂ ਦੇ ਨਾਲ ਹੀ ਘਰ ਵਿੱਚ ਪਿਤਾ ਦੀ ਅਹਿਮੀਅਤ ਵੀ ਘੱਟ ਨਹੀਂ ਹੈ। ਪਿਤਾ ਇੱਕ ਅਜਿਹਾ ਸੁੱਘੜ ਸਿਆਣਾ ਪਾਤਰ ਹੈ ਜੋ ਆਪਣੇ ਬੱਚਿਆਂ ਨੂੰ ਆਪਣੇ ਆਦੇਸ਼ਾਂ ਅਤੇ ਸਖ਼ਤ ਅਨੁਸ਼ਾਸਨ 'ਚ ਰੱਖਦਾ ਹੈ ਤਾਂ ਜੋ ਉਹ ਬਾ-ਅਦਬ, ਬਾ-ਸਲੀਕਾ, ਮਿਹਨਤੀ ਅਤੇ ਸੂਝਵਾਨ ਨਾਗਰਿਕ ਬਣ ਸਕਣ।

ਮਾਂ ਬੱਚਿਆਂ ਨੂੰ ਬੋਲਣਾ ਸਿਖਾਉਂਦੀ ਹੈ ਜਦੋਂ ਕਿ ਪਿਤਾ ਬੱਚਿਆਂ ਨੂੰ ਸਿਖਾਉਂਦਾਹੈ ਕਿ 'ਸਮੇਂ ਅਨੁਸਾਰ ਚੁੱਪ ਕਿਵੇਂ ਰਹਿਣਾ ਹੈ?' ਮਾਂ ਦੀ ਸ੍ਰੇਸ਼ਠਤਾ ਦਾ ਮਹਤੱਵ, ਇਸ ਤਰ੍ਹਾਂ ਵੀ ਦਰਸਾਇਆ ਜਾਂਦਾ ਹੈ;

ਮਾਂ ਤੇਰੀ ਸੂਰਤ ਸੇ ਅਲੱਗ
ਭਗਵਾਨ ਕੀ ਸੂਰਤ ਕਿਆ ਹੋਗੀ?

ਸੂਝਵਾਨ ਅਤੇ ਸਮਝਦਾਰ ਪਿਤਾ ਆਪਣੇ ਬੱਚਿਆਂ ਨੂੰ ਅਨੁਸ਼ਾਸਨ ਅਤੇ ਆਪਣੇ ਪਿਆਰ ਦੀ ਛਾਂ ਥੱਲੇ ਰੱਖਦਾ ਹੈ ਤਾਂ ਜੋ ਉਹ ਨੇਕ ਅਤੇ ਸੁੱਘੜ-ਸਿਆਣੇ ਬਣ ਸਕਣ। ਪਿਤਾ ਸਮਝਦਾ ਹੈ ਕਿ ਜ਼ਿਆਦਾ ਲਾਡ ਬੱਚਿਆਂ ਨੂੰ ਵਿਗਾੜਦਾ ਹੈ। ਪਿਤਾ ਦਾ ਪਿਆਰ ਸਮੇਂ ਦਾ ਗੁਲਾਮ ਨਹੀਂ ਹੁੰਦਾ, ਉਹ ਫ਼ਰਜ਼ ਦੀ ਕਸੌਟੀ 'ਤੇ ਹਰ ਸਮੇਂ ਖ਼ਰਾ ਉਤਰਦਾ ਹੈ। ਜੀਵਨ ਦੀ ਵਾਸਤਵਿਕਤਾ ਇਹ ਦਰਸਾਉਂਦੀ ਹੈ ਕਿ ਮਾਤਾ-ਪਿਤਾ ਦੋਹਾਂ ਦਾ ਆਦਰਸ਼ਕ, ਸਾਰਥਕ, ਉੱਚਾ-ਸੁੱਚਾ ਅਤੇ ਪਾਕ-ਪਵਿੱਤਰ ਜੀਵਨ ਨਾ ਕੇਵਲ ਪਰਿਵਾਰ ਲਈ ਵਰਦਾਨ ਹੈ, ਸਗੋਂ ਭਾਈਚਾਰੇ, ਸਮਾਜ ਅਤੇ ਰਾਸ਼ਟਰ ਲਈ ਵੀ ਲਾਹੇਵੰਦ, ਉਪਯੋਗੀ ਅਤੇ ਦਿਸ਼ਾ-ਸੂਚਕ ਹੈ।



ਪਿਤਾ ਦੀ ਪਦਵੀ ਜਿੱਥੇ ਪਰਿਵਾਰ ਲਈ ਮਹੱਤਵਪੂਰਨ ਅਤੇ ਲਾਹੇਵੰਦ ਹੈ, ਉੱਥੇ ਉਸ ਦੀਆਂ ਭਾਈਚਾਰਕ, ਸਮਾਜਿਕ ਅਤੇ ਰਾਸ਼ਟਰਵਾਦੀ ਗਤੀਵਿਧੀਆਂ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਸੂਝਵਾਨ ਪਿਤਾ ਸਮਾਜ 'ਚ ਵੀ ਆਪਣੇ ਵਿਵਹਾਰ ਦੀ ਸੁਗੰਧੀ ਫੈਲਾਉਂਦਾ ਹੈ। ਭਾਰਤੀ ਸਮਾਜ 'ਚ ਪਿਤਾ ਪਰਿਵਾਰ ਨੂੰ ਆਦਰਸ਼ਕ, ਆਰਥਿਕ ਅਤੇ ਨੈਤਿਕ ਪੱਖੋਂ ਵਧੇਰੇ ਚਮਕ-ਦਮਕ ਦੇਣ ਵਾਲਾ ਅਨਮੋਲ ਹੀਰਾ ਹੁੰਦਾ ਹੈ। ਭਾਰਤੀ ਸੱਭਿਅਤਾ ਅਤੇ ਸੰਸਕ੍ਰਿਤੀ ਦਰਸਾਉਂਦੀ ਹੈ ਕਿ ਪਿਤਾ ਨੂੰ ਪਰਿਵਾਰ ਦਾ ਮੁਖੀ ਮਿੱਥਿਆ ਜਾਂਦਾ ਹੈ। ਉਸ ਦੀ ਧਰਮ ਪਤਨੀ ਨੂੰ ਉਸ ਦੀ ਹਮਰਾਜ਼ ਹਮਸਫ਼ਰ, ਸਹਿਯੋਗੀ ਅਤੇ ਹਮਨਸ਼ੀ ਮਿੱਥਿਆ ਜਾਂਦਾ ਹੈ। ਦੋਹਾਂ ਦੀ ਸਹਿਯੋਗੀ ਸਾਰਥਿਕ ਤੌਰ ਪਰਿਵਾਰ ਦੀ ਉੱਨਤੀ ਅਤੇ ਵਿਕਾਸ ਲਈ ਚਾਨਣ-ਮੁਨਾਰਾ ਬਣਦੀ ਹੈ।

ਪਤੀ-ਪਤਨੀ ਦੇ ਵਿਚਾਰਾਂ ਦੀ ਇਕਸਾਰਤਾ, ਇਕਸੁਰਤਾ ਅਤੇ ਸੁਚੱਜੀ ਵਿਉਂਤਬੰਦੀ ਬੱਚਿਆਂ ਦੇ ਚਰਿੱਤਰ ਨਿਰਮਾਣ, ਸਿੱਖਿਆ, ਸਮਾਜਿਕ ਵਿਕਾਸ ਅਤੇ ਸ਼ਿਸ਼ਟਾਚਾਰੀ ਉਦੇਸ਼ਾਂ ਲਈ ਬੜੀ ਮਹੱਤਵਪੂਰਨ ਹੁੰਦੀ ਹੈ। ਅਜਿਹਾ ਸੁਚੱਜਾ ਅਤੇ ਚੰਗੇਰਾ ਪਰਿਵਾਰ ਆਪਣੇ ਲਈ ਵਰਦਾਨ ਅਤੇ ਸਮਾਜ ਲਈ ਚਾਨਣ ਮੁਨਾਰਾ ਬਣ ਜਾਂਦਾ ਹੈ। ਗਿਆਨ ਵਿਹੂਣੇ ਅਤੇ ਜੀਵਨ ਜਾਚ ਪੱਖੋਂ ਕੁਰਾਹੇ ਪਏ ਮਾਤਾ-ਪਿਤਾ ਕੋਲ ਆਪਣੇ ਬੱਚਿਆਂ ਨੂੰ ਦੇਣ ਲਈ ਕੁਝ ਵੀ ਨਹੀਂ ਹੁੰਦਾ। ਕੇਵਲ ਯੋਗ ਅਤੇ ਸੂਝਵਾਨ ਮਾਤਾ-ਪਿਤਾ ਹੀ ਆਪਣੇ ਬੱਚਿਆਂ ਦੇ ਹਿੱਤਕਾਰੀ, ਕਲਿਆਣਕਾਰੀ ਅਤੇ ਚਾਨਣ ਮੁਨਾਰੇ ਹੁੰਦੇ ਹਨ।

ਅਸਲ ਵਿੱਚ ਬੱਚਿਆਂ ਲਈ ਮਾਤਾ-ਪਿਤਾ ਦਾ ਨਿੱਜੀ ਘਰੇਗੀ ਜੀਵਨ ਹੀ ਰਾਹ-ਦਸੇਰਾ ਹੈ। ਸੁੱਘੜ ਸਿਆਣੇ ਮਾਤਾ-ਪਿਤਾ ਦੇ ਨਕਸ਼ੇ ਕਦਮ 'ਤੇ ਚੱਲਣ ਵਾਲੇ ਬੱਚੇ ਹੀ ਮਾਤਾ-ਪਿਤਾ ਦੇ ਮਾਨ-ਸਨਮਾਨ ਦੀ ਕਲਗੀ ਉੱਚੀ ਕਰਦੇ ਹਨ। ਮਾਤਾ-ਪਿਤਾ ਲੋੜ ਅਤੇ ਢੁੱਕਵੇਂ ਸਮੇਂ ਅਨੁਸਾਰ ਆਪਣੇ ਬੱਚਿਆਂ ਨੂੰ ਜੀਵਨ- ਜਾਚ ਅਤੇ ਸਦਭਾਵਨਾ ਦੀ ਘੁੱਟੀ ਪਿਲਾਉਂਦੇ ਰਹਿੰਦੇ ਹਨ। ਅਜਿਹੀ ਗੋਡੀ ਨੂੰ ਡੋਡੀ ਜ਼ਰੂਰ ਲੱਗਦੀ ਏ। ਮਾਂ-ਬਾਪ ਆਪਣੇ ਬੱਚਿਆਂ ਨੂੰ ਫਰਜ਼ਾਂ ਦੀ ਮਾਲਾ ਵਿੱਚ ਪਿਰੋਅ ਦਿੰਦੇ ਹਨ।

ਪਰਿਵਾਰ 'ਚ ਆਰਥਿਕ ਸਥਿਤੀ ਦਾ ਬੜਾ ਮਹੱਤਵ ਹੈ। ਪੈਸੇ ਦੀ ਤੰਗੀ ਹਵਾਲਾਤ ਦੀ ਤੰਗੀ ਨਾਲੋਂ ਵੀ ਵਧੇਰੇ ਦੁਖਦਾਈ ਹੁੰਦੀ ਹੈ। ਪਰਿਵਾਰ ਦੀਆਂ ਲੋੜਾਂ ਤਾਂ ਮੂੰਹ ਟੱਡ ਕੇ ਰੱਖਦੀਆਂ ਹਨ, ਪਰ ਸੁੱਘੜ-ਸਿਆਣੇ ਮਾਤਾ-ਪਿਤਾ ਚਾਦਰ ਵੇਖ ਕੇ ਆਪਣੇ ਪੈਰ ਪਸਾਰਦੇ ਹਨ। ਉਹ ਮਾਤਾ-ਪਿਤਾ ਭਾਗਾਂ ਵਾਲੇ ਹਨ, ਜਿਹੜੇ ਬਜ਼ੁਰਗੀ ਦੀ ਲੰਮੀ ਛਾਂ ਨੂੰ ਮਾਣਦੇ ਹਨ। ਜੇ ਸੰਤਾਨ ਬੁਢਾਪੇ 'ਚ ਉਨ੍ਹਾਂ ਦੀ ਸੁਚੱਜੀ ਦੇਖ-ਭਾਲ ਅਤੇ ਸੇਵਾ ਕਰ ਰਹੀ ਹੈ ਤਾਂ ਨਿਸ਼ਚੇ ਹੀ ਉਨ੍ਹਾਂ ਨੇ ਕਿਸੇ ਸਮੇਂ ਮੋਤੀ ਦਾਨ ਕੀਤੇ ਹੋਣਗੇ। ਨਿਕੰਮੀ ਅਤੇ ਫਰਜ਼ੋਂ ਥਿੜਕੀ ਔਲਾਦ ਲੋਕ-ਲਾਜ ਦੀ ਪਰਵਾਹ ਨਾ ਕਰਦੇ ਹੋਏ, ਆਪਣੇ ਬਜ਼ੁਰਗਾਂ ਨੂੰ ਬਿਰਧ ਆਸ਼ਰਮ 'ਚ ਛੱਡ ਆਉਂਦੀਹੈ। ਅਜਿਹੇ ਦੁਖੀ ਮਾਪਿਆਂ ਦੇ ਦਿਲਾਂ 'ਚੋਂ ਹੂਕ ਉੱਠਦੀ ਹੈ ਕਿ 'ਬੁਢਾਪਾ ਬੜਾ ਲਾਹਨਤੀ' ਹੈ।

ਸਮਾਜ 'ਚ ਮਾਪੇ ਆਦਰਸ਼ ਪਾਤਰ ਹਨ। ਮਾਪਿਆਂ ਦਾ ਮਹਤੱਵ ਉਨ੍ਹਾਂ ਯਤੀਮ, ਅਨਾਥ ਅਤੇ ਬੇਸਹਾਰਾ ਬੱਚਿਆਂ ਕੋਲੋਂ ਪੁੱਛੋ ਜਿਨ੍ਹਾਂ ਦੀ ਹਿਰਦੇ-ਵੇਧਕ ਹੂਕ ਕੂਕ-ਕੂਕ ਕੇ ਕਹਿੰਦੀ ਹੈ; ਸਲਾਮਤ ਰਹੇ ਸਾਇਆ ਮਾਂ-ਬਾਪ ਦਾ। ਪਤੀ-ਪਤਨੀ ਦੀ ਉਹ ਜੋੜੀ ਜ਼ਰੂਰ ਕਰਮਾਂ ਵਾਲੀ ਹੈ ਜੋ ਸਿਦਕ ਦਿਲੀ ਅਤੇ ਦ੍ਰਿੜ ਨਿਸ਼ਚੇ ਨਾਲ ਗ੍ਰਹਿਸਥ ਮਾਰਗ ਦੇ ਕੰਡਿਆਲੀ ਭਰਪੂਰ ਰਸਤਿਆਂ 'ਤੇ ਚੱਲਦੇ ਹੋਏ ਜੀਵਨ-ਪੰਧ ਪੂਰਾ ਕਰਦੇ ਹਨ।

# ਸਿਹਤ ਅਤੇ ਵਾਤਾਵਰਣ ਲਈ ਵਰਦਾਨ ਹੁੰਦੇ ਨੇ ਘੜੇ



**ਪ੍ਰਭਜੋਤ ਕੌਰ**

ਸਿਆਣਿਆਂ ਦਾ ਆਖਿਆ ਅਤੇ ਔਲੇ ਦਾ ਖਾਧਾ ਬਾਅਦ 'ਚ ਪਤਾ ਚੱਲਦਾ ਜਾਂ ਫਿਰ ਕਹਿ ਲਵੋ ਕਿ ਨਵਾਂ ਨੌਂ ਦਿਨ ਤੇ ਪੁਰਾਣਾ ਸੌ ਦਿਨ। ਇਹ ਦੋਵੇਂ ਕਹਾਵਤਾਂ ਉਨ੍ਹਾਂ ਨੇ ਕਿੰਨੀ ਸੋਚ ਸਮਝ ਕੇ ਬਣਾਈਆਂ ਹੋਣਗੀਆਂ ਜਿਹੜੀਆਂ ਅੱਜ ਵੀ ਹਰ ਪੀੜ੍ਹੀ ਅਤੇ ਵਰਗ ਉੱਤੇ ਸਹੀ ਢੁੱਕਦੀਆਂ ਹਨ, ਜਿਵੇਂ ਉਨ੍ਹਾਂ ਨੂੰ ਪਤਾ ਹੋਵੇ ਕਿ ਸਵੇਰ ਦੇ ਭੁੱਲੇ ਆਦਮੀ ਨੇ ਅਖੀਰ ਘਰ ਵਾਪਸ ਆਉਣਾ ਹੈ। ਅਸੀਂ ਜਿੰਨਾ ਮਰਜ਼ੀ ਆਧੁਨਿਕਤਾ ਦਾ ਰੌਲਾ ਪਾ ਲਈਏ, ਪਰ ਜਦੋਂ-ਜਦੋਂ ਸਾਨੂੰ ਆਪਣੀਆਂ ਪੁਰਾਣੀਆਂ ਚੀਜ਼ਾਂ ਦੇ ਜ਼ਾਇਕੇ ਅਤੇ ਤਾਸੀਰ ਦੀਆਂ ਖ਼ੂਬੀਆਂ ਬਾਰੇ ਪਤਾ ਲੱਗਦਾ ਹੈ ਤਾਂ ਸਾਡੇ ਲਈ ਆਧੁਨਿਕ ਚੀਜ਼ਾਂ ਆਈਆਂ-ਗਈਆਂ ਹੋ ਰਹੀਆਂ ਹਨ।

ਪਿਛਲੇ ਮਹੀਨੇ ਜਿਵੇਂ ਹੀ ਮੌਸਮ 'ਚ ਗਰਮਾਹਟ ਆਉਣੀ ਸ਼ੁਰੂ ਹੋਈ ਤਾਂ ਪੱਖੇ ਤਾਂ ਚੱਲਣੇ ਸ਼ੁਰੂ ਹੋਏ ਹੀ, ਪਰ ਇਸ ਦੇ ਨਾਲ ਹੀ ਕੂਲਰਾਂ ਦੀ ਵਿਕਰੀ ਵਿੱਚ ਵੀ ਅਤੇ ਇਸ ਨੂੰ ਇਸਤੇਮਾਲ ਕਰਨ ਵਾਲਿਆਂ ਦੀ ਗਿਣਤੀ 'ਚ ਵੀ ਵਾਧਾ ਸਾਫ਼ ਦਿਖਾਈ ਦੇ ਰਿਹਾ ਹੈ। ਚਾਹੇ ਅੱਜਕੱਲ੍ਹ ਪਿੰਡਾਂ-ਸ਼ਹਿਰਾਂ ਦੇ ਹਰ ਘਰ 'ਚ ਏਸੀ ਲੱਗ ਚੁੱਕੇ ਹਨ, ਪਰ ਜੋ ਮਜ਼ਾ ਕੂਲਰ ਅੱਗੇ ਸੌਣ ਦਾ ਆਉਂਦਾ ਹੈ, ਉਸ ਦੀਆਂ ਗੱਲਾਂ ਹੀ ਹੋਰ ਹਨ। ਸ਼ਾਇਦ ਸਾਨੂੰ 90ਵੇਂ ਦਹਾਕੇ ਵਾਲਿਆਂ ਨੂੰ ਕੂਲਰ ਨਾਲ ਇਸ ਕਰਕੇ ਵੀ ਜ਼ਿਆਦਾ ਮੋਹ ਹੈ ਕਿਉਂਕਿ ਇਹ ਸਾਨੂੰ ਸਾਡੇ ਬਚਪਨ ਦੀਆਂ ਗਰਮੀਆਂ ਵੱਲ ਲੈ ਜਾਂਦੇ ਹਨ, ਜਦੋਂ ਪੂਰਾ ਪਰਿਵਾਰ ਘਰਾਂ ਦੀਆਂ ਛੱਤਾਂ 'ਤੇ ਮੰਜੇ ਡਾਹ ਕੇ ਕੂਲਰ ਮੂਹਰੇ ਸੌਂਦਾ ਸੀ। ਕੂਲਰ ਦੇ ਵਾਂਗ ਹੀ ਇੱਕ ਹੋਰ ਚੀਜ਼ ਹੈ, ਜਿਸ ਦੀ ਗਿਣਤੀ ਅੱਜਕੱਲ੍ਹ ਮਈ-ਜੂਨ-ਜੁਲਾਈ ਦੇ ਮਹੀਨਿਆਂ 'ਚ ਕਾਫ਼ੀ ਵਧ ਜਾਂਦੀ ਹੈ ਅਤੇ ਉਹ ਹਨ ਮਿੱਟੀ ਦੇ ਘੜੇ। ਵੈਸੇ ਤਾਂ ਆਧੁਨਿਕਤਾ 'ਚ ਅੰਨ੍ਹਾ ਹੋਇਆ ਆਦਮੀ ਹਰ ਪੁਰਾਣੀ ਚੀਜ਼ ਨੂੰ ਦਰਕਿਨਾਰ ਕਰਕੇ ਨਵੀਆਂ ਵੱਲ ਵਧੀ ਜਾ ਰਿਹਾ ਹੈ, ਪਰ ਸ਼ੁਕਰ ਹੈ ਕਿ ਠੰਢੇ ਪਾਣੀ ਦੇ ਨਾਂ 'ਤੇ ਉਹ ਅੱਜ ਵੀ ਘੜਿਆਂ ਨੂੰ ਤਰਜੀਹ ਦੇ ਰਿਹਾ ਹੈ।

ਪਿੰਡਾਂ ਵਿੱਚ ਆਮ ਹੀ ਨਜ਼ਰੀ ਪੈਣ ਵਾਲੇ ਘੜਿਆਂ ਨੇ ਹੁਣ ਸ਼ਹਿਰਾਂ ਵਿੱਚ ਵੀ ਆਪਣਾ ਰਾਜ ਕਾਇਮ ਕਰ ਲਿਆ ਹੈ। ਮੈਂ ਛੋਟੇ ਤੋਂ ਛੋਟੇ ਘਰ ਅਤੇ ਵੱਡੇ ਤੋਂ ਵੱਡੇ ਮਹਿਲਾਂ ਦੀਆਂ ਰਸੋਈਆਂ 'ਚ ਇਨ੍ਹਾਂ ਦੀ ਸੱਤਾ ਘੱਟ ਹੁੰਦਿਆ ਨਹੀਂ ਦੇਖੀ। ਜਿਸ ਨੂੰ ਦੇਖ ਕੇ ਹੈਰਾਨੀ ਘੱਟ ਅਤੇ ਖ਼ੁਸ਼ੀ ਜ਼ਿਆਦਾ ਹੁੰਦੀ ਹੈ ਕਿ ਚਲੋ ਸਿਹਤ ਦੇ ਨਾਮ 'ਤੇ ਹੀ ਸਹੀ, ਅਸੀਂ ਸਾਰਿਆਂ ਨੇ ਆਪਣੇ ਸਿਆਣਿਆਂ ਦੀਆਂ ਕੁੱਝ ਯਾਦਾਂ ਨੂੰ ਤਾਂ ਅਪਣਾਇਆ। ਗੋਲਾਈ ਦੇ ਆਕਾਰ ਵਾਲੇ ਘੜੇ, ਢੱਕਣ ਅਤੇ ਬਿਨਾਂ ਢੱਕਣ ਤੋਂ ਮਿਲ ਜਾਂਦੇ ਹਨ। ਕਈ ਘੜਿਆਂ ਵਿੱਚ ਤਾਂ ਪਾਣੀ ਲਈ ਟੂਟੀਆਂ ਵੀ ਲਗਾਈਆਂ ਗਈਆਂ ਨੇ ਤਾਂ ਜੋ ਕੰਮ ਸੌਖਾ ਹੋ ਜਾਵੇ ਅਤੇ ਕਈ ਤਰ੍ਹਾਂ ਦੀਆਂ ਕਲਾ-ਕ੍ਰਿਤੀਆਂ ਬਣਾ ਕੇ ਇਸ ਨੂੰ ਸੋਹਣੀ ਤਰ੍ਹਾਂ ਸਜਾਇਆ ਜਾਂਦਾ ਹੈ। ਕਈ ਅਫ਼ਸਰਾਂ ਦੇ ਦਫ਼ਤਰਾਂ ਵਿੱਚ ਵੀ ਉਹ ਰੁਟੀਨ ਵਿੱਚ ਪਾਣੀ ਪੀਣ ਲਈ ਘੜਿਆਂ ਦੀ ਹੀ ਵਰਤੋਂ ਕਰਦੇ ਨੇ, ਜਿਸ ਤੋਂ ਇੱਕ ਗੱਲ ਤਾਂ ਸਾਫ਼ ਹੈ ਕਿ ਇਹ ਘੜੇ ਸਿਰਫ਼ ਸਾਡੀ ਸਿਹਤ ਦੇ ਲਈ ਹੀ ਨਹੀਂ ਬਲਕਿ ਵਾਤਾਵਰਣ ਦੇ ਲਈ ਵੀ ਓਨੇ ਹੀ ਫਾਇਦੇਮੰਦ ਹਨ।



ਇਨ੍ਹਾਂ ਘੜਿਆਂ ਦੇ ਕਈ ਫਾਇਦੇ ਹਨ। ਸਭ ਤੋਂ ਵੱਡਾ ਤਾਂ ਇਹ ਕਿ ਇਹ ਪੁਰਾਣੇ ਕਿੱਤਿਆਂ ਨੂੰ ਮੂਹਰੇ ਰੱਖਣ ਵਾਲੇ ਅਤੇ ਸਾਡੇ ਸੱਭਿਆਚਾਰ ਨੂੰ ਜ਼ਿੰਦਾ ਰੱਖਣ ਵਾਲੇ ਘੁਮਿਆਰਾਂ ਦੇ ਕੰਮ ਨੂੰ ਅੱਜ ਵੀ ਇੱਜ਼ਤ ਦਿਵਾ ਰਿਹਾ ਹੈ ਤੇ ਨਾਲ ਹੀ ਉਨ੍ਹਾਂ ਦੀ ਕਮਾਈ ਦਾ ਸਾਧਨ ਵੀ ਬਣਿਆ ਹੋਇਆ ਹੈ, ਕਿਉਂਕਿ ਜਿੰਨੀ ਸਪੀਡ ਦੇ ਨਾਲ ਨਵੀਂ ਪੀੜ੍ਹੀ ਆਧੁਨਿਕ ਸੰਦਾਂ ਅਤੇ ਮਸ਼ੀਨਰੀ ਵੱਲ ਅੱਗੇ ਵੱਧ ਰਹੀ ਹੈ, ਓਨੀ ਵੱਧ ਸਪੀਡ ਦੇ ਨਾਲ ਹੀ ਅਧੇੜ ਉਮਰ 'ਚ ਪਹੁੰਚ ਚੁੱਕੇ ਲੋਕਾਂ ਨੇ ਹੁਣ ਘਰ ਵਾਪਸੀ ਕਰਨੀ ਸ਼ੁਰੂ ਕਰ ਦਿੱਤੀ ਹੈ, ਚਾਹੇ ਉਹ ਖਾਣ-ਪੀਣ 'ਚ ਹੋਵੇ, ਦਿਨ-ਤਿਉਹਾਰਾਂ ਨੂੰ ਮਨਾਉਣ 'ਚ ਜਾਂ ਫਿਰ ਸਿਆਣਿਆਂ ਵੱਲੋਂ ਸਮਝਾਈਆਂ ਗਈਆਂ ਬਾਤਾਂ ਨੂੰ ਰੋਜ਼-ਮਰ੍ਹਾ ਦੀ ਜ਼ਿੰਦਗੀ 'ਚ ਉਤਾਰਨ ਬਾਰੇ ਹੋਣ। ਦੂਜਾ ਕਾਰਨ ਇਹ ਕਿ ਇਨ੍ਹਾਂ ਕਰਕੇ ਪਾਣੀ ਦੇ ਸੁਆਦ ਦੇ ਨਾਲ ਨਾਲ ਇਸ ਦੇ ਤੱਤ ਵੀ ਗੁਣਕਾਰੀ ਹੋ ਜਾਂਦੇ ਨੇ ਜੋ ਬੰਦੇ ਦੀ ਸਿਹਤ ਨੂੰ ਦਰੁਸਤ ਰੱਖਦੇ ਨੇ। ਹੋਰ ਤਾਂ ਹੋਰ ਇਸ ਵਿੱਚ ਠੰਡਾ ਕਰਕੇ ਪੀਤਾ ਗਿਆ ਪਾਣੀ ਫਰਿੱਜ ਦੇ ਮੁਕਾਬਲੇ ਵਧੀਆ ਪਿਆਸ ਤਾਂ ਮਿਟਾਉਂਦਾ ਹੀ ਹੈ ਤੇ ਨਾਲ ਦੀ ਨਾਲ ਕਈ ਬਿਮਾਰੀਆਂ ਨੂੰ ਦੂਰ ਵੀ ਕਰਦਾ ਹੈ। ਸਭ ਤੋਂ ਵਧੀਆ ਇਹ ਕਿ ਇਹ ਫਰਿੱਜ ਵਾਂਗ ਕੋਈ ਮਾੜੀ ਗੈਸ ਛੱਡ ਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਨਹੀਂ ਕਰਦੇ, ਸਗੋਂ ਖ਼ਰਾਬ ਹੋਏ ਤਾਂ ਘੜੇ ਵੀ ਮਿੱਟੀ 'ਚ ਮਿਲ ਕੇ ਮਿੱਟੀ ਨੂੰ ਹੋਰ ਉਪਜਾਊ ਬਣਾ ਦਿੰਦੇ ਹਨ। ਇਸ ਲਈ ਘੜਿਆਂ ਦੀਆਂ ਤਾਂ ਖ਼ੂਬੀਆਂ ਹੀ ਖ਼ੂਬੀਆਂ ਹਨ। ਵੈਸੇ ਵੀ ਜਿਸ ਤਰ੍ਹਾਂ ਨਾਲ ਗਰਮੀ ਆਪਣੇ ਸਿਖਰ 'ਤੇ ਵਧ ਰਹੀ ਹੈ ਤਾਂ ਵਿਗਿਆਨੀਆਂ ਦਾ ਵੀ ਇਹੀ ਸੁਝਾਅ ਹੈ ਕਿ ਜਿੰਨਾ ਹੋ ਸਕੇ ਬਿਜਲਈ ਉਪਕਰਨਾਂ ਦਾ ਘੱਟ ਤੋਂ ਘੱਟ ਇਸਤੇਮਾਲ ਕਰਕੇ ਸਾਦੇ ਅਤੇ ਪੁਰਾਣੇ ਰਹਿਣ-ਸਹਿਣ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਕੁਦਰਤ ਨੂੰ ਵੀ ਬਚਾਇਆ ਜਾ ਸਕੇ ਅਤੇ ਕੁਦਰਤ ਨੂੰ ਮਾਨਣ ਵਾਲੇ ਸਾਰੇ ਜੀਵ-ਜੰਤੂਆਂ ਨੂੰ ਵੀ। ਇਸ ਲਈ ਆਓ ਸਾਰੇ ਰਲ-ਮਿਲ ਕੇ ਕੋਸ਼ਿਸ਼ ਕਰੀਏ ਕਿ ਅਸੀਂ ਜਿੰਨਾ ਆਪਣੇ ਸੱਭਿਆਚਾਰ ਦੇ ਨਾਲ ਜੁੜ ਕੇ ਵਾਤਾਵਰਣ ਨੂੰ ਸਾਫ਼-ਸੁਥਰਾ ਬਣਾ ਸਕਦੇ ਹਾਂ, ਬਣਾਈਏ ਤਾਂ ਜੋ ਸਾਡੇ ਲਈ ਨਹੀਂ, ਬਲਕਿ ਸਾਡੀ ਆਉਣ ਵਾਲੀ ਪੀੜ੍ਹੀ ਲਈ ਇਹ ਆਬੋ-ਹਵਾ ਸਾਫ਼-ਸੁਥਰੀ ਬਣ ਸਕੇ।

# ਸਿੱਖ ਵਿਗਿਆਨੀਆਂ ਦੀ ਦੇਣ ਦਰਸਾਉਂਦੀ ਹੈ ਡਾ. ਸੁਰਜੀਤ ਸਿੰਘ ਭੱਟੀ ਦੀ ਪੁਸਤਕ

**ਕੁਝ ਪ੍ਰਮੁੱਖ ਸਿੱਖ ਵਿਗਿਆਨਕ (ਸਮ ਪ੍ਰੋਮੀਨੈਂਟ ਸਿੱਖ ਸਾਈਂਟਿਸਟਸ)**
**ਸਮੀਖਿਅਕ - ਸ੍ਰ. ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)**
**ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ**
**(ਪੰਨੇ : 148, ਕੀਮਤ : 395 ਰੁਪਏ)**

ਸਿੱਖਾਂ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਇਹ ਸਮਾਜ ਸੇਵਾ, ਖੇਤੀ ਅਤੇ ਦੇਸ਼ ਭਗਤੀ ਵਿੱਚ ਤਾਂ ਅੱਗੇ ਹਨ, ਪਰ ਵਿਗਿਆਨਕ ਖੋਜ ਕਾਰਜਾਂ ਵਿੱਚ ਪਿੱਛੇ ਹਨ। ਇਹ ਪੁਸਤਕ ਉਪਰੋਕਤ ਭੁਲੇਖੇ ਦਾ ਇੱਕ ਤਰਕਪੂਰਨ ਜਵਾਬ ਹੈ। ਪੁਸਤਕ ਇਸ ਗੱਲ ਦੀ ਗਵਾਹ ਹੈ ਕਿ ਸਿੱਖਾਂ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਆਪਣੇ ਗਿਆਨ ਅਤੇ ਵਿਗਿਆਨਕ ਖੋਜ ਕਾਰਜਾਂ ਨਾਲ ਹੈਰਾਨ ਕਰਨ ਵਾਲੀਆਂ ਵੱਡੀਆਂ ਮੱਲਾਂ ਮਾਰੀਆਂ ਹਨ। ਕਿਹਾ ਜਾਂਦਾ ਰਿਹਾ ਹੈ ਕਿ ਸਿੱਖਾਂ ਨੇ ਇਤਿਹਾਸ ਬਣਾਇਆ ਜ਼ਰੂਰ ਹੈ ਪਰ ਉਸ ਨੂੰ ਸਾਂਭਿਆ ਨਹੀਂ। ਡਾ. ਭੱਟੀ ਨੇ ਇਸ ਉਲਾਂਭੇ ਨੂੰ ਲਾਹੁਣ ਲਈ ਕੁਝ ਸਿਰਕੱਢ ਸਿੱਖ ਵਿਗਿਆਨਕਾਂ ਨੂੰ ਇਸ ਪੁਸਤਕ ਵਿੱਚ ਸ਼ਾਮਲ ਕੀਤਾ ਹੈ ਜਿਹਨਾਂ ਨੇ ਵਿਲੱਖਣ ਖੋਜਾਂ ਕੀਤੀਆਂ ਹਨ। ਪਰ ਬਹੁਤੇ ਸਿੱਖਾਂ ਨੂੰ ਵੀ ਇਸ ਦਾ ਗਿਆਨ ਨਹੀਂ ਅਤੇ ਉਹ ਸੰਸਾਰ ਨੂੰ ਸਿੱਖਾਂ ਦੀਆਂ ਪ੍ਰਾਪਤੀਆਂ ਬਾਰੇ ਕੁਝ ਵੀ ਦੱਸ ਨਹੀਂ ਸਕਦੇ। ਇਸ ਵਿਸ਼ੇ 'ਤੇ ਇਸ ਖੋਜਪੂਰਨ ਪੁਸਤਕ ਲਈ ਲੇਖਕ ਦੀ ਪ੍ਰਸੰਸਾ ਕਰਨੀ ਬਣਦੀ ਹੈ।

ਵਿਗਿਆਨ ਦੀ ਗੱਲ ਉਹ ਹੀ ਕਰ ਸਕਦਾ ਹੈ, ਜੋ ਆਪ ਇਸ ਨਾਲ ਧੁਰ ਅੰਦਰੋਂ ਜੁੜਿਆ ਹੋਵੇ। ਡਾ. ਭੱਟੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਪ੍ਰੋਫ਼ੈਸਰ, ਮੁਖੀ ਫਿਜਿਕਸ ਵਿਭਾਗ ਅਤੇ ਡੀਨ, ਫੈਕਲਟੀ ਆਫ ਸਾਇੰਸਜ਼ ਰਹਿ ਚੁੱਕੇ ਹਨ। ਉਨ੍ਹਾਂ ਦੇ ਵਿਗਿਆਨਕ ਵਿਸ਼ਿਆਂ 'ਤੇ 100 ਤੋਂ ਵੱਧ ਲੇਖ ਦੇਸ਼ ਵਿਦੇਸ਼ ਵਿੱਚ ਛਪ ਚੁੱਕੇ ਹਨ। ਕਈ ਵਿਦਿਆਰਥੀ ਉਨ੍ਹਾਂ ਦੀ ਨਿਗਰਾਨੀ ਵਿੱਚ ਪੀ. ਐਚ. ਡੀ. ਕਰ ਚੁੱਕੇ ਹਨ।

ਵੱਡੀ ਖੂਬੀ ਇਹ ਕਿ ਉਹ ਗੁਰਮਤਿ ਨੂੰ ਪ੍ਰਣਾਏ ਇੱਕ ਸਿਦਕੀ ਅਤੇ ਨਿਮਰਤਾ ਦੇ ਮਾਲਕ ਸਿੱਖ ਹਨ। ਉਨ੍ਹਾਂ ਨੇ ਬੜੀ ਮਿਹਨਤ ਕਰ ਕੇ ਇਨ੍ਹਾਂ ਹੀਰੇ ਵਿਗਿਆਨਕ ਸਿੱਖਾਂ ਦੀ ਪਰਖ ਕੀਤੀ ਹੈ।

ਪ੍ਰੋ. ਪੂਰਨ ਸਿੰਘ ਨੂੰ ਬਹੁਤੇ ਲੋਕ ਇੱਕ ਖੁਲ੍ਹਦਿਲੇ ਕਵੀ ਅਤੇ ਸ਼ਰਧਾਲੂ ਸਿੱਖ ਦੇ ਰੂਪ ਵਿੱਚ ਵਧੇਰੇ ਜਾਣਦੇ ਹਨ, ਪਰ ਉਨ੍ਹਾਂ ਦੀ ਵਿਗਿਆਨਕ ਦੇਣ ਪੜ੍ਹਦੇ ਹਾਂ, ਤਾਂ ਹੈਰਾਨ ਹੁੰਦੇ ਹਾਂ। ਕੁਦਰਤੀ ਸੋਮਿਆਂ ਤੋਂ ਉਨ੍ਹਾਂ ਨੇ ਖੁਸ਼ਬੂਦਾਰ ਅਤੇ ਉਦਯੋਗਿਕ ਤੇਲਾਂ 'ਤੇ ਡੂੰਘੀ ਖੋਜ ਕੀਤੀ।


ਚੀਨੀ ਨੂੰ ਪਹਿਲਾਂ ਜਾਨਵਰਾਂ ਦੀ ਹੱਡੀਆਂ ਦੇ ਚਾਰਕੋਲ ਨਾਲ ਸਾਫ਼ ਕੀਤਾ ਜਾਂਦਾ ਸੀ, ਪਰ ਉਨ੍ਹਾਂ ਨੇ ਇਸ ਤੋਂ ਬਿਨਾਂ ਚੀਨੀ ਸਾਫ ਕਰਨ ਦਾ ਢੰਗ ਲੱਭਿਆ। ਉਨ੍ਹਾਂ ਦੀਆਂ ਨਵੀਆਂ ਖੋਜਾਂ ਦਾ ਉਦਯੋਗਾਂ ਅਤੇ ਲੋਕਾਂ ਵਲੋਂ ਭਰਪੂਰ ਸਵਾਗਤ ਕੀਤਾ ਗਿਆ।

ਡਾ. ਬਾਵਾ ਕਰਤਾਰ ਸਿੰਘ ਨੂੰ 'ਸਟੀਰੀਓ ਕੈਮਿਸਟਰੀ' ਦਾ ਪਿਤਾ ਆਖਿਆ ਜਾਂਦਾ ਹੈ। ਉਨ੍ਹਾਂ ਗੁਰੂ ਅਮਰਦਾਸ ਜੀ ਦੀ ਵੰਸ਼ ਵਿਚੋਂ ਹੋਣ ਦੇ ਬਾਵਜੂਦ ਕੋਈ ਡੇਰਾ ਬਣਾਉਣ ਦੀ ਥਾਂ ਮਿਹਨਤ ਅਤੇ ਖੋਜ ਵਿੱਚ ਜੀਵਨ ਗੁਜਾਰਿਆ ਅਤੇ 'ਔਪਟੀਕਲੀ ਐਕਟਿਵ' ਰਸਾਇਣਕ ਪਦਾਰਥਾਂ ਬਾਰੇ ਨਵੀਆਂ ਧਾਰਨਾਵਾਂ ਦਿੱਤੀਆਂ। ਕਈ ਖੋਜਾਂ ਕਾਰਨ ਉਨ੍ਹਾਂ ਦੀ ਪ੍ਰਸਿੱਧੀ ਏਨੀ ਹੋਈ ਕਿ ਉਨ੍ਹਾਂ ਨੂੰ ਨੋਬੈਲ ਕਮੇਟੀ ਦੇ ਉਸ ਪੈਨਲ ਦਾ ਮੈਂਬਰ ਲਿਆ ਗਿਆ, ਜਿਸ ਨੇ ਕੈਮਿਸਟਰੀ ਵਿੱਚ ਨੋਬੈਲ ਪਰਾਈਜ ਦਿੱਤੇ ਜਾਣ ਲਈ ਨਾਵਾਂ ਦੀ ਸਿਫਾਰਸ਼ ਕਰਨੀ ਸੀ ਪਰ ਕਮੇਟੀ ਉਨ੍ਹਾਂ ਦਾ ਆਪਣਾ ਨਾਮ ਭੁੱਲ ਗਈ। ਸਿੱਖੀ ਵਿੱਚ ਪਰਪੱਕ ਹੋਣ ਕਰਕੇ ਉਨ੍ਹਾਂ ਨੂੰ ਪਟਨਾ ਸਾਹਿਬ ਦੇ ਗੁਰਦੁਆਰਾ ਦਾ ਪ੍ਰਧਾਨ ਵੀ ਚੁਣਿਆ ਗਿਆ ਸੀ।

ਡਾ. ਨਰਿੰਦਰ ਸਿੰਘ ਕਪਾਨੀ, ਜਿਨ੍ਹਾਂ ਨੇ ਆਧੁਨਿਕ 'ਔਪਟੀਕਲ ਫਾਈਬਰ ਕੇਬਲਜ' ਦੀ ਖੋਜ ਕੀਤੀ ਸੀ, ਜਿਹੜੀ ਹਾਈ ਸਪੀਡ ਇੰਟਰਨੈੱਟ ਸੰਚਾਰ ਦੀ ਰੀੜ੍ਹ ਦੀ ਹੱਡੀ ਹੈ, ਦੇ ਨਾਮ 120 ਪੈਟੇਂਟ ਸਨ। ਉਨ੍ਹਾਂ ਨੇ ਫਾਈਬਰ ਨੂੰ ਅੰਦਰੋਂ ਪਾਲਿਸ਼ ਕਰਨ ਦੀ ਵਿਧੀ ਲੱਭੀ, ਜਿਸ ਨਾਲ ਰੇਡੀਓ-ਤਰੰਗਾਂ ਦਾ ਅੰਦਰੂਨੀ ਪਰਾਵਰਤਨ ਦੌਰਾਨ ਨੁਕਸਾਨ ਬਚ ਗਿਆ। ਉਹ ਇੱਕ ਸਫਲ ਉੱਦਮੀ ਹੋਣ ਦੇ ਨਾਲ ਇੱਕ ਗੁਰਸਿਖ ਸਨ, ਜਿਨ੍ਹਾਂ ਨੇ 'ਦੀ ਸਿੱਖ ਫਾਊਂਡੇਸ਼ਨ' ਸੰਸਥਾ ਵੀ ਬਣਾਈ, ਜੋ ਸਿੱਖ ਵਿਰਾਸਤ ਨੂੰ ਉਤਸ਼ਾਹਿਤ ਕਰਦੀ ਹੈ। ਉਨ੍ਹਾਂ ਕੈਲੀਫੋਰਨੀਆ ਵਿੱਚ ਸਿੱਖ ਸਟੱਡੀਜ਼, ਔਪਟੋ-ਇਲੈਕਟ੍ਰੋਨਿਕਸ ਅਤੇ ਐਂਟਰਪਰੀਨਿਊਰਸ਼ਿਪ ਲਈ ਚੇਅਰਾਂ ਵੀ ਸਥਾਪਤ ਕਰਵਾਈਆਂ। ਲੇਖਕ ਅਨੁਸਾਰ ਉਹ ਨੋਬੈਲ ਇਨਾਮ ਦੇ ਹੱਕਦਾਰ ਸਨ।

ਡਾ. ਹਰਕਿਸ਼ਨ ਸਿੰਘ ਨੇ ਚੰਡੀਗੜ੍ਹ ਵਿੱਚ ਮਾਣਮੱਤਾ ਅਦਾਰਾ 'ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਅਤੇ ਰੀਸਰਚ (ਨਿਪਰ) ਸਥਾਪਿਤ ਕਰਵਾਇਆ। ਇੱਕ ਦਵਾਈ ਦੀ ਖੋਜ ਕੀਤੀ ਜਿਹੜੀ ਸਟੀਰਿਓਡ ਦਾ ਬਦਲ ਸੀ। ਇਸ ਨੂੰ ਭਾਰਤ ਸਰਕਾਰ ਨੇ ਅਤੇ ਵਰਲਡ ਹੈਲਥ ਔਰਗੇਨਾਈਜੇਸ਼ਨ ਨੇ ਵੀ ਪ੍ਰਵਾਨਗੀ ਦਿੱਤੀ। 18 ਪੁਸਤਕਾਂ, 350 ਖੋਜ ਪੱਤਰ ਅਤੇ 14 ਪੈਟੇਂਟ ਵਾਲੇ ਇਸ ਖੋਜ ਵਿਗਿਆਨੀ ਨੂੰ 2017 ਵਿੱਚ ਭਾਰਤ ਸਰਕਾਰ ਨੇ 'ਪਦਮ ਸ਼੍ਰੀ' ਦਾ ਸਨਮਾਨ ਵੀ ਦਿੱਤਾ।


'ਪਦਮ ਭੂਸ਼ਨ' ਨਾਲ ਸਨਮਾਨਿਤ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਰਹਿ ਚੁੱਕੇ, ਡਾ ਖੇਮ ਸਿੰਘ ਗਿੱਲ ਨੂੰ 'ਹਰੀ ਕ੍ਰਾਂਤੀ ਦਾ ਪਿਤਾਮਾ' ਆਖਿਆ ਜਾਂਦਾ ਹੈ। ਉਨ੍ਹਾਂ ਨੇ ਕਣਕ, ਚੌਲਾਂ ਅਤੇ ਹੋਰ ਅਨਾਜਾਂ ਦੀਆਂ ਨਵੀਆਂ ਕਿਸਮਾਂ ਤਿਆਰ ਕੀਤੀਆਂ ਜਿਹੜੀਆਂ ਖਰਾਬ ਵਾਤਾਵਰਣ ਵਿੱਚ ਵੀ ਕਾਇਮ ਰਹਿ ਸਕਦੀਆਂ ਸਨ। ਇਸ ਤੋਂ ਏਸ਼ੀਆ ਵਿਚੋਂ ਅਨਾਜ ਦੀ ਕਮੀ ਦੂਰ ਹੋਈ ਅਤੇ ਪੈਦਾਵਾਰ ਵਿੱਚ ਕ੍ਰਾਂਤੀਕਾਰੀ



Dr Surjit Singh Bhatti
Calgary (Canada)

ਵਾਧਾ ਹੋਇਆ। ਡਾ. ਗਿੱਲ ਈਟਰਨਲ ਯੂਨੀਵਰਸਿਟੀ ਬੜੂ ਸਾਹਿਬ, ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਅਤੇ ਅਕਾਲ ਅਕੈਡਮੀਆਂ ਦੇ ਮੁੱਖ ਸਲਾਹਕਾਰ ਰਹੇ, ਜਿਥੇ ਪੜ੍ਹਾਈ ਦੇ ਨਾਲ ਸਿੱਖੀ ਅਧਿਆਤਮਕਤਾ ਅਤੇ ਜੀਵਨ ਦੀਆਂ ਕਦਰਾਂ ਕੀਮਤਾਂ ਸਿਖਾਈਆਂ ਜਾਂਦੀਆਂ ਹਨ।

ਡਾ. ਕਰਤਾਰ ਸਿੰਘ ਲਾਲਵਾਨੀ ਨੇ ਕੁਦਰਤੀ ਦਵਾਈਆਂ ਦੇ ਖੇਤਰ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਉਨ੍ਹਾਂ ਦੀ ਕੰਪਨੀ (ਵੀਟਾਬਾਇਓਟਿਕਸ) ਦੇ ਬਣੇ ਵਿਟਾਮਿਨ-ਯੁਕਤ ਯੋਗਿਕ ਸੰਸਾਰ ਭਰ ਵਿੱਚ ਬਹੁਤ ਪ੍ਰਸਿੱਧ ਅਤੇ ਲਾਭਦਾਇਕ ਸਿੱਧ ਹੋਏ ਹਨ। ਉਨ੍ਹਾਂ ਨੂੰ ਆਪਣੀ ਖੋਜ ਕਾਰਨ ਮਿਲੇ ਬਹੁਤ ਸਾਰੇ ਸਨਮਾਨਾਂ ਵਿੱਚ ਇੰਗਲੈਂਡ ਦਾ ਉੱਚ ਸਨਮਾਨ ਆਰਡਰ ਆਫ ਦੀ ਬ੍ਰਿਟਿਸ਼ ਐਂਪਾਇਰ ਵੀ ਸੀ। ਉਨ੍ਹਾਂ ਔਰਤਾਂ ਅਤੇ ਬੱਚਿਆਂ ਦੀ ਸਿਹਤ ਸੰਭਾਲ ਲਈ ਫੰਡ ਦੇ ਕੇ 'ਬੇਬੀ ਲਾਈਫ਼ ਸੁਪੋਰਟ' ਨਾਂ ਦੀ ਸੰਸਥਾ ਬਣਾਈ ਡਾ. ਦਵਿੰਦਰ ਸਿੰਘ ਚਾਹਲ ਨੇ ਜੈਵਿਕ ਰਹਿੰਦ-ਖੂੰਹਦ ਤੋਂ ਮਨੁੱਖੀ ਖੁਰਾਕ, ਪਸ਼ੂਆਂ ਦੀ ਫੀਡ ਅਤੇ ਸਾਫ ਬਾਲਣ ਬਣਾਉਣ ਦੇ ਤਰੀਕੇ ਲੱਭੇ ਜਿਨ੍ਹਾਂ ਨਾਲ ਪ੍ਰਦੂਸ਼ਣ ਵੀ ਘਟਦਾ ਹੈ। ਉਹ ਜਰਨਲ ਆਫ ਦੀ 'ਇੰਸਟੀਚਿਊਟ ਫ਼ਾਰ ਦੀ ਅੰਡਰਸਟੈਂਡਿੰਗ ਆਫ ਸਿਖਿਜ਼ਮ' ਦੇ ਸੰਪਾਦਕ ਹਨ ਡਾ. ਚਾਹਲ ਨੇ ਸਿੱਖ ਵਿਚਾਰਧਾਰਾ ਬਾਰੇ ਕਈ ਪੁਸਤਕਾਂ ਅਤੇ ਖੋਜ ਪੇਪਰ ਲਿਖੇ। ਉਨ੍ਹਾਂ ਨੂੰ ਕਈ ਉੱਚ-ਪੱਧਰੀ ਸਨਮਾਨ ਮਿਲੇ।




'ਪਦਮ ਸ਼੍ਰੀ ਐਵਾਰਡ' ਨਾਲ ਸਨਮਾਨਿਤ ਡਾ. ਗੁਰਦੇਵ ਸਿੰਘ ਖੁਸ਼ ਚਾਵਲ ਦੀ ਉਪਜ ਵਧਾਉਣ ਲਈ ਖੋਜ ਕਰਨ ਵਾਲੇ ਵਿਗਿਆਨੀ ਹਨ। ਉਨ੍ਹਾਂ ਨੇ ਇੰਟਰਨੈਸ਼ਨਲ ਰਾਈਸ ਰੀਸਰਚ ਇੰਸਟੀਚਿਊਟ ਫਿਲੀਪਾਈਨਜ ਵਿੱਚ ਕੰਮ ਕਰਦਿਆਂ ਹੋਇਆਂ ਚੌਲਾਂ ਦੀਆਂ ਵੱਧ ਝਾੜ ਦੇਣ ਵਾਲੀਆਂ 300 ਦੇ ਕਰੀਬ ਨਵੀਆਂ ਕਿਸਮਾਂ ਪੈਦਾ ਕੀਤੀਆਂ। ਉਨ੍ਹਾਂ ਨੂੰ ਕਈ ਭਾਰਤੀ ਅਤੇ ਵਿਦੇਸ਼ੀ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਤੋਂ ਸੈਂਕੜੇ ਸਨਮਾਨ ਪ੍ਰਾਪਤ ਹੋਏ, ਜਿਨ੍ਹਾਂ ਵਿੱਚ ਨੋਬੈਲ ਪਰਾਈਜ ਦੇ ਬਰਾਬਰ ਦਾ 'ਵਰਲਡ ਫੂਡ ਪਰਾਈਜ' ਵੀ ਸ਼ਾਮਲ ਹੈ। ਉਹ ਪਹਿਲੇ ਸਿੱਖ 'ਫੈਲੋ ਆਫ ਰੌਇਲ ਸੋਸਾਇਟੀ' ਹਨ।

ਡਾ. ਨਰੰਜਨ ਸਿੰਘ ਢੱਲਾ, ਦਿਲ ਨਾਲ ਸਬੰਧਿਤ ਬਿਮਾਰੀਆਂ ਦੇ ਵਿਸ਼ਵ-ਪ੍ਰਸਿੱਧ ਮਾਹਰ, ਨੇ ਨਵੀਆਂ ਖੋਜਾਂ ਕਰ ਕੇ ਕਈ ਮੱਲਾਂ ਮਾਰੀਆਂ ਹਨ। ਉਨ੍ਹਾਂ ਨੂੰ ਕੈਨੇਡਾ ਦਾ ਸਭ ਤੋਂ ਵੱਡਾ ਇਨਾਮ 'ਆਰਡਰ ਆਫ ਕੈਨੇਡਾ' ਅਤੇ 'ਕੈਨੇਡੀਅਨ ਮੈਡੀਕਲ ਖੋਜ' ਦਾ ਸਭ ਤੋਂ ਵੱਡਾ ਅਹੁਦਾ ਮਿਲਿਆ ਹੈ। ਇਸੇ ਤਰ੍ਹਾਂ ਆਪਣੇ ਨਾਮ 'ਤੇ 1400 ਦੇ ਕਰੀਬ ਪੈਟੇਂਟ ਕਰਵਾਉਣ ਵਾਲੇ ਡਾ. ਗੁਰਤੇਜ ਸਿੰਘ ਸੰਧੂ (ਅਮਰੀਕਨ ਖੋਜ ਵਿਗਿਆਨੀ ਥੌਮਸ ਐਡੀਸਨ ਦੇ ਰਿਕਾਰਡ 1100 ਤੋਂ ਵਧ) ਨੇ ਆਧੁਨਿਕ ਸਦੀ ਦੀ ਕੰਪਿਊਟਰ ਤਕਨਾਲੋਜੀ ਵਿਚ ਵੱਡਾ ਇਨਕਲਾਬ ਲਿਆਂਦਾ। ਲੇਖਕ ਨੂੰ ਇਸ ਵਿਗਿਆਨਕ ਦੇਅਧਿਆਪਕ ਰਹੇ ਹੋਣ ਦਾ ਮਾਣ ਹਾਸਲ ਹੈ।

**(ਬਾਕੀ ਸਫ਼ਾ 31 'ਤੇ)**

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਗਿੱਧੇ ਦਾ ਵਿਧਾਵੀ ਰੂਪ ਤਮਾਸ਼ਾ

**ਭੋਲਾ ਸਿੰਘ ਸ਼ਮੀਰੀਆ**





ਗਿੱਧਾ ਸਾਡੀ ਸੱਭਿਆਚਾਰਕ ਪਰੰਪਰਾ ਦਾ ਗੂੜ੍ਹਾ ਹਸਤਾਖਰ ਹੈ। ਹਰ ਖ਼ੁਸ਼ੀ ਦੇ ਮੌਕੇ 'ਤੇ ਨੱਚੇ ਜਾਣ ਵਾਲੇ ਇਸ ਨਾਚ ਨੂੰ ਕੁਝ ਅਰਸਾ ਪਹਿਲਾਂ ਸਿਰਫ਼ ਔਰਤਾਂ ਦਾ ਨਾਚ ਹੀ ਮੰਨਿਆ ਜਾਂਦਾ ਸੀ। ਹੁਣ ਇਸ ਨਾਚ ਵਿੱਚ ਮਰਦਾਂ ਦੀ ਸ਼ਮੂਲੀਅਤ ਵੀ ਹੋਣੀ ਸ਼ੁਰੂ ਹੋ ਗਈ ਹੈ। ਹੁਣ ਇਸ ਵਿਧਾ ਵਿੱਚ ਮਰਦ ਵੀ ਬੋਲੀਆਂ ਪਾ ਦਿੰਦੇ ਹਨ। ਮਰਦ ਨੱਚ ਵੀ ਲੈਂਦੇ ਹਨ। ਕਿਸੇ ਫਿਲਮਾਂਕਣ ਸਮੇਂ ਗਿੱਧੇ ਦੀ ਪੇਸ਼ਕਾਰੀ ਵਿੱਚ ਔਰਤਾਂ ਤੇ ਮਰਦਾਂ ਦੀ ਸ਼ਮੂਲੀਅਤ ਇਕੱਠੀ ਵੀ ਹੋਣੀ ਸ਼ੁਰੂ ਹੋ ਗਈ ਹੈ। ਇਸ ਤਰ੍ਹਾਂ ਸਟੇਜੀ ਰੂਪ ਵਿੱਚ ਗਿੱਧਾ ਦਰਸਾਇਆ ਤਾਂ ਜਾ ਸਕਦਾ ਹੈ, ਪਰ ਇਸ ਸਟੇਜੀ ਗਿੱਧੇ ਰਾਹੀਂ ਔਰਤਾਂ ਦੇ ਅੰਦਰੂਨੀ ਵਲਵਲਿਆਂ ਦੀ ਤਹਿ ਤੀਕ ਨਹੀਂ ਪੁੱਜਿਆ ਜਾ ਸਕਦਾ।

ਗਿੱਧਾ ਸਿਰਫ਼ ਨੱਚਣ ਜਾਂ ਖ਼ੁਸ਼ੀ ਦੇ ਪ੍ਰਗਟਾਵੇ ਦਾ ਹੀ ਇੱਕ ਜ਼ਰੀਆ ਨਹੀਂ ਹੁੰਦਾ, ਇਹ ਔਰਤਾਂ ਦੇ ਦੱਬੇ-ਘੁੱਟੇ ਜਜ਼ਬਾਤਾਂ ਦੇ ਪ੍ਰਗਟਾਵੇ ਦਾ ਸਬੱਬ ਵੀ ਬਣਦਾ ਹੈ। ਇਸ ਪਿੜ ਵਿੱਚ ਔਰਤਾਂ ਦੀਆਂ ਅਧੂਰੀਆਂ ਸੱਧਰਾਂ ਨੂੰ ਜੀਭ ਲੱਗਦੀ ਹੈ। ਉਨ੍ਹਾਂ ਦੇ ਟੁੱਟੇ ਹੋਏ ਅਰਮਾਨ ਤੇ ਅਧੂਰੀਆਂ ਖ਼ਾਹਿਸ਼ਾਂ ਗਿੱਧੇ ਦੇ ਪਿੜ ਵਿੱਚ ਮੇਹਣੋ-ਮੇਹਣੀ ਹੁੰਦੀਆਂ ਹਨ, ਪਰ ਇਸ ਤਰ੍ਹਾਂ ਦਾ ਪ੍ਰਗਟਾਵਾ ਤਦ ਹੀ ਸਾਕਾਰ ਹੁੰਦਾ ਹੈ ਜੇ ਇਸ ਨੂੰ ਇਕੱਲੀਆਂ ਔਰਤਾਂ (ਮਰਦਾਂ ਦੀ ਗ਼ੈਰ-ਹਾਜ਼ਰੀ ਵਿੱਚ) ਹੀ ਨੱਚਣ। ਆਪਣੀਆਂ ਅੰਦਰੂਨੀ ਪੀੜਾਂ ਜਾਂ ਅਧੂਰੀਆਂ ਕਾਮਿਕ ਪ੍ਰਵਿਰਤੀਆਂ ਦਾ ਖੁਲਾਸਾ ਔਰਤਾਂ ਗਿੱਧੇ ਵਿੱਚ ਪੈਣ ਵਾਲੀਆਂ ਬੋਲੀਆਂ ਰਾਹੀਂ ਖੁੱਲ੍ਹ ਕੇ ਕਰਦੀਆਂ ਹਨ। ਇਸ ਸਮੇਂ ਗਿੱਧਾ ਪੈਰਾਂ ਦੀ ਤਾਲ ਤੇ ਹੱਥਾਂ ਦੀਆਂ ਤਾੜੀਆਂ ਤੱਕ ਹੀ ਸੀਮਤ ਨਹੀਂ ਰਹਿੰਦਾ, ਸਰੀਰਕ ਮੁਦਰਾਵਾਂ ਨੂੰ ਵੀ ਇਸ ਦਾ ਹਿੱਸਾ ਬਣਾਇਆ ਜਾਂਦਾ ਹੈ।

ਗਿੱਧੇ ਰਾਹੀਂ ਔਰਤਾਂ ਆਪਣੀ ਅੰਦਰੂਨੀ ਪੀੜਾ ਦਾ ਪ੍ਰਗਟਾਵਾ ਕਰਦੀਆਂ ਹਨ, ਪਰ ਕਈ ਵਾਰ ਉਸ ਪੀੜ ਦਾ ਵਿਸਥਾਰ ਸਾਹਿਤ ਵਿਸ਼ਲੇਸ਼ਣ ਕਰਨ ਦੇ ਮੰਤਵ ਨਾਲ ਗਿੱਧੇ ਵਿੱਚ ਤਮਾਸ਼ੇ ਦੀ ਵਿਧਾ ਰਾਹੀਂ ਸਥਿਤੀ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦਾ ਤਮਾਸ਼ਾ ਮਰਦਾਂ ਦੀ ਗ਼ੈਰ-ਹਾਜ਼ਰੀ ਵਿੱਚ ਕੀਤਾ ਜਾਂਦਾ ਹੈ। ਤਮਾਸ਼ਾ ਕਿਸੇ ਭਾਵਨਾ ਨੂੰ ਉਜਾਗਰ ਕਰਨ ਦਾ ਸਿਖਰ ਹੁੰਦਾ ਹੈ। ਇਸ ਤਮਾਸ਼ੇ ਵਿੱਚ ਜ਼ਿਆਦਾ ਕਰਕੇ ਵਿਆਹੀਆਂ ਹੋਈਆਂ ਔਰਤਾਂ ਹੀ ਸ਼ਾਮਲ ਹੁੰਦੀਆਂ ਹਨ ਕਿਉਂਕਿ ਇਹ ਦੁਖਦੀਆਂ ਰਗਾਂ ਦਾ ਹਕੀਕੀ ਰੂਪ ਸਿਰਫ਼ ਵਿਆਹੀਆਂ ਔਰਤਾਂ ਦੇ ਹੀ ਅਨੁਭਵ ਖੇਤਰ ਨਾਲ ਸਬੰਧਿਤ ਹੁੰਦਾ ਹੈ। ਇਸ ਨਾਚ ਨੂੰ ਔਰਤਾਂ ਜ਼ਿਆਦਾ ਕਰਕੇ ਜੰਨ ਚੜ੍ਹ ਜਾਣ ਤੋਂ ਬਾਅਦ ਹੀ ਆਪਣੇ ਵਿਹੜੇ ਵਿੱਚ ਨੱਚਦੀਆਂ ਹਨ ਕਿਉਂਕਿ ਮਰਦ ਮੈਂਬਰ ਸਾਰੇ ਹੀ ਬਰਾਤ ਚਲੇ ਜਾਂਦੇ ਹਨ ਤੇ ਇਕੱਲੀਆਂ ਔਰਤਾਂ ਗਿੱਧੇ ਵਿੱਚ ਤਮਾਸ਼ੇ ਦੀ ਵਿਧਾ ਰਾਹੀਂ ਆਪਣੇ ਗੁੱਭ-ਗਲਾਟ ਕੱਢਦੀਆਂ ਹਨ।

ਤਮਾਸ਼ਾ ਕੋਈ ਵੱਖਰਾ ਨਾਚ ਨਹੀਂ ਹੈ। ਇਹ ਗਿੱਧੇ ਦਾ ਹੀ ਇੱਕ ਹਿੱਸਾ ਹੈ। ਤਮਾਸ਼ੇ ਵਿੱਚ ਲੋਕ-ਕਾਵਿ, ਨਾਚ ਅਤੇ ਨਾਟਕੀ ਅੰਦਾਜ਼ (ਅਭਿਨੈ) ਮਿਸ਼ਰਤ ਰੂਪ ਵਿੱਚ ਪੇਸ਼ ਕੀਤੇ ਜਾਂਦੇ ਹਨ। ਕੁਝ ਨਾ ਦੱਸਣਯੋਗ ਜਾਂ ਮਰਿਆਦਾ ਦੇ ਉਲਟ ਸਮਝੀਆਂ ਜਾਣ ਵਾਲੀਆਂ ਗੱਲਾਂ ਨੂੰ ਤਮਾਸ਼ੇ ਦੇ ਰੂਪ ਵਿੱਚ ਦਰਸਾ ਕੇ ਔਰਤਾਂ ਆਪਣੇ ਮਨ ਨੂੰ ਹੌਲਾ ਕਰਦੀਆਂ ਹਨ। ਇਸ ਅਦਾਕਾਰੀ ਵਿੱਚ ਇੱਕ ਔਰਤ ਗਿੱਧੇ ਦੇ ਗੋਲ-ਘੇਰੇ ਵਿੱਚ ਅੱਗੇ ਆਉਂਦੀ ਹੈ ਤੇ ਇੱਕ ਹੋਰ ਔਰਤ ਉਸ ਦੀ ਵਾਰਤਾਲਾਪ ਦਾ ਹੁੰਗਾਰਾ ਭਰਦੀ ਹੋਈ ਉਸ ਦਾ ਸਹਿਯੋਗ ਦਿੰਦੀ ਹੈ। ਇਸ ਪ੍ਰਸੰਗ ਵਿੱਚ ਸਮੁੱਚਾ ਪੰਡਾਲ ਤੋੜੇ ਦੇ ਰੂਪ ਵਿੱਚ ਇਕੱਠਾ ਹੀ ਉਸ ਦਾ ਸਾਥ ਦਿੰਦਾ ਹੈ। ਇਸ ਤਮਾਸ਼ੇ ਰਾਹੀਂ ਸਮੁੱਚੇ ਬਿਰਤਾਂਤ ਦੇ ਮੁਖ ਮਨੋਰਥ ਨੂੰ ਉਭਾਰਿਆ ਜਾਂਦਾ ਹੈ। ਜਿਵੇਂ ਇੱਕ ਔਰਤ ਆਪਣੇ ਪਤੀ ਤੋਂ ਖੱਟੇ ਨਿੰਬੂ ਮੰਗਵਾਉਂਦੀ ਹੈ। ਔਰਤ ਖੱਟਾ ਕਦੋਂ ਖਾਂਦੀ ਹੈ, ਇਹ ਇੱਕ ਸੰਕੇਤਕ ਇਸ਼ਾਰਾ ਵੀ ਦਿੱਤਾ ਜਾਂਦਾ ਹੈ। ਜਦੋਂ ਉਸ ਦਾ ਪਤੀ ਉਸ ਦਾ ਇਸ਼ਾਰਾ ਨਹੀਂ ਸਮਝਦਾ ਤਾਂ ਉਸ ਨੂੰ ਖਿਝ ਚੜ੍ਹਦੀ ਹੈ। ਉਹ ਹੋਰ ਖਿਝ ਕੇ ਬੋਲਦੀ ਹੈ। ਜਿਵੇਂ;

ਇੱਕ ਔਰਤ: ਵੇ ਰਮੇ ਦੇ ਭਾਈਆ
ਸਾਰਾ ਪੰਡਾਲ: ਹਾਂ ਜੀ (ਇਕੱਠੀਆਂ ਇੱਕੋ ਰਾਗ ਵਿੱਚ ਬੋਲਦੀਆਂ ਹਨ)
ਪਹਿਲੀ ਔਰਤ: ਵੇ ਦੋ ਖੱਟੇ ਲਿਆ ਦੇ (ਜ਼ਮੀਨ 'ਤੇ ਲੇਟ ਕੇ ਮੇਲ੍ਹਦੀ ਹੈ)
ਸਾਰਾ ਪੰਡਾਲ: ਹਾਂ ਜੀ (ਇਕੱਠੀਆਂ ਹੀ ਬੋਲਦੀਆਂ ਹਨ)
ਪਹਿਲੀ ਔਰਤ: ਵੇ ਮੇਰੇ ਪੀੜ ਕਲੇਜੇ
ਸਾਰਾ ਪੰਡਾਲ: ਹਾਂ ਜੀ।
ਪਹਿਲੀ ਔਰਤ: ਵੇ ਤੇਰੀ ਸੜ ਜੇ ਹਾਂ ਜੀ (ਹੋਰ ਖਿਝਦੀ ਹੋਈ ਬੋਲਦੀ ਹੈ)
ਸਾਰਾ ਪੰਡਾਲ: ਹਾਂ ਜੀ (ਇਕੱਠੀਆਂ ਹੀ ਸਾਰੀਆਂ ਬੋਲਦੀਆਂ ਹਨ)
ਪਹਿਲੀ ਔਰਤ: ਵੇ ਜਿੰਦ ਨਿਕਲ ਚੱਲੀ (ਹੋਰ ਖਿਝੀ ਤੇ ਗੁੱਸੇ ਦੇ ਭਾਵ ਵਿੱਚ)
ਸਾਰਾ ਪੰਡਾਲ : ਹਾਂ ਜੀ।
ਪਹਿਲੀ ਔਰਤ: ਵੇ ਮੈਂ ਮਰਦੀ ਜਾਂਦੀ (ਭੁੰਜੇ ਲੇਟੀ ਹੋਈ ਹੋਰ ਖਿਝਦੀ ਹੈ)
ਸਾਰਾ ਪੰਡਾਲ : ਹਾਂ ਜੀ।
ਪਹਿਲੀ ਔਰਤ: ਵੇ ਤੈਨੂੰ ਅਕਲ ਨਾ ਆਂਦੀ (ਮੱਥੇ ਨੂੰ ਕੱਸਦੀ ਹੋਈ ਹੋਰ ਖਿਝਦੀ ਹੈ)
ਸਾਰਾ ਪੰਡਾਲ : ਹਾਂ ਜੀ।
ਪਹਿਲੀ ਔਰਤ: ਵੇ ਦੋ ਖੱਟੇ ਲਿਆ ਦੇ ਵੇ, ਮੇਰੇ ਉੱਠੀ ਕਲੇਜੇ ਪੀੜ।

ਇੱਥੇ ਸਾਰਾ ਹੀ ਪੰਡਾਲ ਤੋੜੇ ਦੇ ਰੂਪ ਵਿੱਚ ਉਸ ਦੇ ਨਾਲ ਬੋਲ ਉੱਠਦਾ ਹੈ। ਇਸ ਤਰ੍ਹਾਂ ਇਹ ਤਮਾਸ਼ਾ ਔਰਤ ਵੱਲੋਂ ਗਰਭਵਤੀ ਹੋਣ ਦਾ ਪ੍ਰਮਾਣ ਬਣਦਾ ਹੈ। ਔਰਤ ਵੱਲੋਂ ਖੱਟਾ ਖਾਣ ਤੋਂ ਭਾਵ ਉਸ ਨੂੰ (ਆਪਣੇ ਪਤੀ) ਆਪਣੀ ਗਰਭ ਅਵਸਥਾ ਦਾ ਸੰਕੇਤ ਦੇਣਾ ਹੁੰਦਾ ਹੈ। ਇਨ੍ਹਾਂ ਤਮਾਸ਼ਿਆਂ ਰਾਹੀਂ ਔਰਤ ਆਪਣੀ ਸੱਸ ਜਾਂ ਨਣਦ ਵਰਗੇ ਰਿਸ਼ਤਿਆਂ ਨੂੰ ਵੀ ਖੁੱਲ੍ਹ ਕੇ ਚੁਣੌਤੀ ਦਿੰਦੀ ਹੈ ਕਿਉਂਕਿ ਆਪਣੀਆਂ ਭਾਵਨਾਵਾਂ ਨੂੰ ਵਿਅਕਤ ਕਰਨ ਦਾ ਔਰਤਾਂ ਕੋਲ ਇਹੀ ਸਮਾਂ ਹੁੰਦਾ ਹੈ ਜਦੋਂ ਉਨ੍ਹਾਂ ਦੇ ਅੰਦਰ ਘੁੱਟਿਆ ਹੋਇਆ ਅਰਮਾਨਾਂ ਦਾ ਲਾਵਾ ਬਾਹਰ ਨਿਕਲਦਾ ਹੈ। ਕਿਸੇ ਔਰਤ ਦੇ ਘਰ ਦਾ ਕਲੇਸ਼ ਗੁਆਂਢਣਾਂ ਦੇ ਕੰਨੀ ਪੈਂਦਾ ਹੈ ਤੇ ਗੁਆਂਢਣ ਉਸ ਤੋਂ ਰਾਤ ਦੇ ਰੌਲੇ-ਰੱਪੇ ਬਾਰੇ ਨਾਟਕੀ ਅੰਦਾਜ਼ ਵਿੱਚ ਪੁੱਛਦੀ ਹੈ ਤੇ ਤਮਾਸ਼ੇ ਦੀ ਪੇਸ਼ਕਾਰੀ ਬਣਦੀ ਹੈ। ਇਨ੍ਹਾਂ ਤਮਾਸ਼ਿਆਂ ਰਾਹੀਂ ਔਰਤਾਂ ਦੇ ਆਪਣੇ ਤਨ 'ਤੇ ਹੰਢਾਏ ਦੁਖਾਂਤ ਵੀ ਚਿਤਰੇ ਜਾਂਦੇ ਹਨ।

ਕਲਾਤਮਿਕ ਬਣਤਰ ਦੇ ਪੱਖੋਂ ਗਿੱਧੇ ਦੀ ਇਹ ਵਿਧਾ ਸਾਂਭਣ ਦੀ ਮੰਗ ਕਰਦੀ ਹੈ ਕਿਉਂਕਿ ਤਮਾਸ਼ਾ ਕਾਵਿਮਈ, ਸੰਗੀਤਮਈ, ਅਦਾਕਾਰੀ ਤੇ ਪੇਸ਼ਕਾਰੀ ਦੇ ਪੱਖ ਤੋਂ ਦਿਲਖਿੱਚਵੀਂ ਵਿਧਾ ਦੇ ਰੂਪ ਵਿੱਚ ਸਾਡੇ ਰੂਬਰੂ ਹੁੰਦਾ ਹੈ। ਜਿੱਥੇ ਇਹ ਪੇਸ਼ ਕੀਤੇ ਜਾ ਰਹੇ ਬਿਰਤਾਂਤ ਦਾ ਕੇਂਦਰ-ਬਿੰਦੂ ਬਣਦਾ ਹੈ, ਉੱਥੇ ਇਹ ਗਿੱਧੇ ਦੇ ਵਿਚਕਾਰਲੇ ਪੱਖ ਦਾ ਵੀ ਕੇਂਦਰ-ਬਿੰਦੂ ਬਣਦਾ ਹੋਇਆ ਹਾਸ-ਰਸ ਦੀ ਵੰਨਗੀ ਵਜੋਂ ਵੀ ਪੇਸ਼ ਹੁੰਦਾ ਹੈ। ਸਾਡਾ ਇਹ ਲੋਕਧਰਾਈ ਰੂਪ ਸਮੇਂ ਦੀ ਧੂੜ ਵਿੱਚ ਗੁੰਮ ਹੁੰਦਾ ਜਾ ਰਿਹਾ ਹੈ। ਸੋ ਅਜਿਹੀ ਵਿਧਾ ਨੂੰ ਸਾਂਭਣ ਦੀ ਲੋੜ ਹੈ।

# ਪੰਜਾਬੀ ਲੋਕ ਗੀਤ 'ਚ ਨਸ਼ੇ ਤੇ ਨਸ਼ੇੜੀਆਂ ਦਾ ਬਿਰਤਾਂਤ

**ਜੱਗਾ ਸਿੰਘ**



ਪੰਜਾਬੀ ਜਨ ਜੀਵਨ ਦੀ ਇੱਕ ਗੰਭੀਰ ਸਮੱਸਿਆ ਨਸ਼ੇ ਹਨ। ਨਸ਼ੇ ਪੁਰਾਤਨ ਸਮਿਆਂ ਤੋਂ ਕਿਸੇ ਨਾ ਕਿਸੇ ਰੂਪ ਵਿੱਚ ਵੱਖ ਵੱਖ ਸੱਭਿਆਚਾਰਾਂ ਦਾ ਹਿੱਸਾ ਰਹੇ ਹਨ। ਪੰਜਾਬੀਆਂ ਵਿੱਚ ਵੀ ਵੱਖ- ਵੱਖ ਨਸ਼ਿਆਂ ਦੀ ਵਰਤੋਂ ਦਾ ਰੁਝਾਨ ਰਿਹਾ ਹੈ। ਪੰਜਾਬੀਆਂ ਵਿੱਚ ਸ਼ਰਾਬ ਦੀ ਵਰਤੋਂ ਵਿਆਪਕ ਪੱਧਰ 'ਤੇ ਹੁੰਦੀ ਰਹੀ ਹੈ। ਲੋਕਾਂ ਨੂੰ ਸ਼ਰਾਬ ਅਤੇ ਦੂਸਰੇ ਨਸ਼ਿਆਂ ਦੇ ਭਿਆਨਕ ਨਤੀਜੇ ਆਰਥਿਕ, ਸਮਾਜਿਕ, ਮਾਨਸਿਕ, ਸਰੀਰਕ, ਪਰਿਵਾਰਿਕ ਰੂਪਾਂ ਵਿੱਚ ਭੁਗਤਣੇ ਪੈਂਦੇ ਰਹੇ ਹਨ। ਮੁੱਖ ਰੂਪ ਵਿੱਚ ਆਰਥਿਕ ਪੱਖ ਤੋਂ ਅਜਿਹੇ ਪਰਿਵਾਰਾਂ ਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹਾ ਹੋਣ ਕਾਰਨ ਲੋਕ ਬੋਲੀਆਂ ਵਿੱਚ ਇੱਕ ਔਰਤ ਦੀ ਮਨੋਸਥਿਤੀ ਨੂੰ ਕੁਝ ਇਸ ਤਰ੍ਹਾਂ ਬਿਆਨ ਕੀਤਾ ਮਿਲਦਾ ਹੈ:

ਡੰਗਰ ਵੱਛਾ ਸਾਰਾ ਵੇਚਤਾ,
ਨਾਲੇ ਵੇਚਤੀ ਕੱਟੀ,
ਪੱਟੀ ਤੇਰੀ ਦਾਰੂ ਨੇ ਪੱਟੀ
ਪੱਟੀ ਮੈਂ ਦਾਰੂ ਪੀਣਿਆ
ਮੈਂ ਤੇਰੀ ਦਾਰੂ ਨੇ ਪੱਟੀ।

ਕਿਸੇ ਪਰਿਵਾਰਿਕ ਮੈਂਬਰ ਦਾ ਨਸ਼ੇ ਦੇ ਆਦੀ ਹੋਣ ਖਮਿਆਜ਼ਾ ਵੱਖ -ਵੱਖ ਰੂਪਾਂ ਵਿੱਚ ਸਬੰਧਿਤ ਦੇ ਪਰਿਵਾਰ ਨੂੰ ਭੁਗਤਣਾ ਪੈਂਦਾ ਹੈ। ਇਸ ਕਾਰਨ ਪਰਿਵਾਰ ਨੂੰ ਆਰਥਿਕ, ਸਮਾਜਿਕ, ਮਾਨਸਿਕ ਨੁਕਸਾਨ ਦੇ ਨਾਲ ਨਾਲ ਸਬੰਧਿਤ ਨੂੰ ਸਰੀਰਕ ਰੂਪ ਵਿੱਚ ਵੀ ਇਸ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ। ਨਸ਼ੇ ਦਾ ਆਦੀ ਹੋਣ ਕਾਰਨ ਨੌਜਵਾਨਾਂ ਨੂੰ ਵਿਆਹ ਨਾਲ ਸਬੰਧਿਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਸ਼ੇ ਦੇ ਅਜਿਹੇ ਪੱਖ ਕਾਰਨ ਲੋਕ ਗੀਤਾਂ ਵਿੱਚ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ:

ਭਾਬੀ ਕਹਿੰਦੀ ਸੁਣ ਵੇ ਦਿਉਰਾ,
ਹਾਲ ਸੁਣਾਵਾਂ ਸਾਰਾ।
ਦਾਰੂ ਪੀ ਕੇ ਰਹੇਂ ਝੂਲਦਾ,
ਆ ਮਾਰੇਂ ਲਲਕਾਰਾ।
ਮੇਰੇ ਵੰਨੀਂ ਕੱਢਦਾ ਆਨੇ,
ਜਿਮੇਂ ਵਹਿੜਕਾ ਨਾਰਾ।
ਅੰਦਰੋਂ ਡਰ ਲਗਦਾ,
ਫਿਰਦਾ ਦਿਉਰ ਕੁਵਾਰਾ।

ਜਿਨ੍ਹਾਂ ਨੂੰ ਅਜਿਹੇ ਪਤੀ ਮਿਲਦੇ ਹਨ, ਜਿਹੜੇ ਕਿਸੇ ਕਿਸਮ ਦਾ ਨਸ਼ਾ ਨਹੀਂ ਕਰਦੇ, ਉਨ੍ਹਾਂ ਦਾ ਜੀਵਨ ਕਾਫ਼ੀ ਸੁਖਾਲਾ ਹੁੰਦਾ ਹੈ। ਨਸ਼ਿਆਂ ਦੇ ਆਦੀ ਲੋਕਾਂ ਦੇ ਮੁਕਾਬਲੇ ਉਨ੍ਹਾਂ ਨੂੰ ਬਹੁਤ ਸਾਰੇ ਪੱਖਾਂ ਤੋਂ ਘੱਟ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹਾ ਹੋਣ ਕਾਰਨ ਲੋਕ ਬੋਲੀਆਂ ਵਿੱਚ ਇਸ ਪੱਖ ਦਾ ਵਰਨਣ ਕੁਝ ਇਸ ਤਰ੍ਹਾਂ ਮਿਲਦਾ ਹੈ:

ਕਈਆਂ ਦੇ ਮਾਹੀਏ ਦਾਰੂ ਪੀਂਦੇ
ਤੇ ਅੱਤ ਰੱਖਦੇ ਨੇ ਚੱਕੀ।
ਪਰ ਮੇਰਾ ਮਾਹੀ ਅੰਤਾਂ ਦਾ ਚੰਗਾ
ਖਾਂਦਾ ਰੁੱਖੀ ਮਿੱਸੀ।
ਨਾਲ ਮੇਰੇ ਉਹ ਹੱਸਦਾ ਖੇਡਦਾ
ਦਿਲ ਵਿੱਚ ਮੈਲ ਨਾ ਰੱਖੀ।
ਨੀ ਮਾਹੀ ਮੇਰੇ ਨੇ
ਮੈਂ ਰਾਣੀ ਬਣਾ ਕੇ ਰੱਖੀ।

ਕਿਸੇ ਦੇ ਵਿਆਹ ਰਿਸ਼ਤੇ ਲਈ ਸਬੰਧਿਤ ਦਾ ਨਸ਼ਾ ਰਹਿਤ ਹੋਣਾ ਇੱਕ ਜ਼ਰੂਰੀ ਪੱਖ ਹੈ। ਜੇਕਰ ਸਬੰਧਿਤ ਕਿਸੇ ਕਿਸਮ ਦਾ ਨਸ਼ਾ ਕਰਦਾ ਹੈ, ਤਾਂ ਰਿਸ਼ਤਾ ਕਰਨ ਵਾਲੇ ਅਤੇ ਕਰਵਾਉਣ ਵਾਲੇ ਕੰਨੀਂ ਕਤਰਾਉਂਦੇ ਹਨ। ਅਜਿਹੇ ਪੱਖ ਕਾਰਨ ਹੀ ਕਿਸੇ ਦਿਉਰ ਨੂੰ ਭਰਜਾਈ ਕੁਝ ਇਸ ਤਰ੍ਹਾਂ ਕਹਿੰਦੀ ਹੈ:

ਆ ਵੇ ਦਿਉਰਾ, ਬਹਿ ਵੇ ਦਿਉਰਾ,
ਤੈਨੂੰ ਇੱਕ ਗੱਲ ਸਮਝਾਵਾਂ।
ਵੇ ਜੇ ਤੂੰ ਚਿੱਟਾ ਛੱਡ ਦੇ,
ਤੈਨੂੰ ਪੇਕਿਓਂ ਸਾਕ ਕਰਵਾਵਾਂ।

ਸ਼ਰਾਬ ਪੀਣ ਵਾਲਿਆਂ ਦੇ ਘਰੇ ਲੜਾਈ ਕਲੇਸ਼ ਅਤੇ ਦੂਸਰੀਆਂ ਸਮੱਸਿਆਵਾਂ ਦਾ ਹੋਣਾ ਆਮ ਜਿਹੀ ਗੱਲ ਹੈ:

ਵੇਖ ਨਣਦੇ ਨੀ ਬਾਲੇ ਮੇਰੇ ਟੁੱਟੂੰ ਕਰਦੇ
ਜਦੋਂ ਮੈਂ ਕਹਿੰਦੀ ਹੋਰ ਕਰਾ ਦੇ
ਚੱਕਦਾ ਮੇਰੇ ਬੰਨੀਂ ਡਾਂਗ ਫੇਰ ਅੜੀਏ
ਠੇਕੇ ਦੀ ਦਾਰੂ ਪੀਂਦਾ
ਘਰੇ ਖਾਲੀ ਬੋਤਲਾਂ ਦਾ ਢੇਰ ਅੜੀਏ।

ਮਿਹਨਤਕਸ਼ ਲੋਕਾਂ ਦੀਆਂ ਕਬੀਲਦਾਰੀਆਂ ਬਿਨਾਂ ਕਿਸੇ ਨਸ਼ੇ ਕੀਤਿਆਂ ਵੀ ਬੜੀ ਔਖਿਆਈ ਨਾਲ ਚਲਦੀਆਂ ਹਨ। ਪਰ ਜੇਕਰ ਕਿਸੇ ਦੇ ਘਰ ਨਸ਼ੇ ਦਾ ਵਾਸਾ ਹੋਵੇ ਤਾਂ ਆਰਥਿਕ ਪੱਖ ਤੋਂ ਸਥਿਤੀ ਹੋਰ ਵੀ ਡਾਵਾਂ ਡੋਲ ਹੁੰਦੀ ਹੈ। ਅਜਿਹਾ ਹੋਣ ਕਾਰਨ ਕਿਸੇ ਦੀ ਪਤਨੀ ਵੱਲੋਂ ਆਪਣੀ ਪਤੀ ਨੂੰ ਨਸ਼ੇ ਤੋਂ ਕੁਝ ਇਸ ਤਰ੍ਹਾਂ ਵਰਜਿਆ ਜਾਂਦਾ ਹੈ:

ਔਖੇ ਚਲਦੇ ਘਰਾਂ ਦੇ ਢਾਂਚੇ
ਛੱਡਦੇ ਤੂੰ ਵੈਲਦਾਰੀਆਂ।

ਨਸ਼ੇ ਕਰਨ ਵਾਲਿਆਂ ਦੇ ਘਰਾਂ ਦੇ ਦੂਸਰੇ ਮੈਂਬਰ ਨਸ਼ੇੜੀ ਦੀਆਂ ਗਤੀਵਿਧੀਆਂ ਕਾਰਨ ਤੰਗ ਪ੍ਰੇਸ਼ਾਨ ਹੁੰਦੇ ਹਨ। ਅਜਿਹਾ ਹੋਣ ਕਾਰਨ ਉਨ੍ਹਾਂ ਦੇ ਜੀਵਨ ਦੀ ਲੈ ਵਿਗੜਦੀ ਹੈ ਅਤੇ ਜ਼ਿੰਦਗੀ ਵਿੱਚ ਨਿਰਾਸ਼ਤਾ ਦਾ ਵਾਸਾ ਹੁੰਦਾ ਹੈ। ਕੁਝ ਅਜਿਹਾ ਹੋਣ ਕਾਰਨ ਹੀ ਨੂੰਹ ਆਪਣੀ ਸੱਸ ਨੂੰ ਕੁੱਝ ਇਸ ਤਰ੍ਹਾਂ ਕਹਿੰਦੀ ਹੈ:

ਕਿਹੜੇ ਹੌਂਸਲੇ ਲੰਬਾ ਤੰਦ ਪਾਵਾਂ,
ਪੁੱਤ ਤੇਰਾ ਵੈਲੀ ਸੱਸੀਏ।

ਜਿਨ੍ਹਾਂ ਦੇ ਘਰ ਦੇ ਲੋਕ ਨਸ਼ੇੜੀ ਹੁੰਦੇ ਹਨ, ਉਨ੍ਹਾਂ ਦੇ ਘਰਾਂ ਦੇ ਸਮਾਨ ਤੱਕ ਵਿਕਦੇ ਹਨ। ਨਸ਼ੇੜੀਆਂ ਵੱਲੋਂ ਆਪਣੇ ਘਰਾਂ ਵਾਲੀਆਂ ਦੇ ਗਹਿਣੇ ਵੇਚਣੇ ਵੀ ਆਮ ਜਿਹੀ ਗੱਲ ਹੈ:

ਮੇਰਾ ਨਸ਼ੇੜੀ ਨੀ ਅੜੀਓ ਘਰਵਾਲਾ
ਵੇਚ ਕੇ ਕਲਿੱਪ ਖਾ ਗਿਆ।

ਸ਼ਰਾਬ ਜਾਂ ਦੂਸਰੇ ਨਸ਼ਿਆ ਦੇ ਆਦੀ ਲੋਕਾਂ ਕਾਰਨ ਉਨ੍ਹਾਂ ਦੀਆਂ ਪਤਨੀਆਂ ਅਤੇ ਦੂਸਰੇ ਪਰਿਵਾਰਿਕ ਮੈਂਬਰਾਂ ਨੂੰ ਬਹੁਤ ਸਾਰੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਪੱਖਾਂ ਕਾਰਨ ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਪ੍ਰਭਾਵਿਤ ਔਰਤ ਵਾਲੋਂ ਆਪਣੇ ਮਾਪਿਆਂ ਨੂੰ ਉਲਾਮ੍ਹਾ ਕੁਝ ਇਸ ਤਰ੍ਹਾਂ ਦਿੱਤਾ ਮਿਲਦਾ ਹੈ:

ਮਾਏ ਨੀ ਮੈਨੂੰ ਰੱਖ ਲੈਂਦੀ ਕੁਆਰੀ
ਕੱਤਦੀ ਤੇਰਾ ਗੋਹੜਾ।
ਸਾਰਾ ਦਿਨ ਉਹ ਰਹਿੰਦਾ ਠੇਕੇ
ਰਾਤ ਨੂੰ ਪਾਵੇ ਮੋੜਾ।
ਵੈਲੀ ਮਾਹੀ ਦਾ
ਲੱਗ ਗਿਆ ਹੱਡਾਂ ਨੂੰ ਝੋਰਾ

ਇਸ ਤਰ੍ਹਾਂ ਪੰਜਾਬੀ ਜਨ ਜੀਵਨ ਅਤੇ ਸੱਭਿਆਚਾਰ ਵਿੱਚ ਨਸ਼ਿਆਂ ਸਬੰਧੀ ਵੱਖ ਵੱਖ ਪੱਖਾਂ ਅਤੇ ਇਸ ਕਾਰਨ ਆਉਣ ਵਾਲੀਆਂ ਸਮੱਸਿਆਵਾਂ ਸਬੰਧੀ ਜ਼ਿਕਰ ਵੱਖ ਵੱਖ ਰੂਪਾਂ ਵਿੱਚ ਮਿਲਦਾ ਹੈ।



ਡਾ.ਚਰਨਜੀਤ ਸਿੰਘ
ਗੁਮਟਾਲਾ
9417533060

# ਭਲੇ ਅਮਰਦਾਸ ਗੁਣ ਤੇਰੇ . . .

ਸਿੱਖ ਧਰਮ ਦੇ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਸਰਕੇ ਪਿੰਡ ਵਿੱਚ ਵਸਾਖ ਸੁਦੀ 11, 1536 ਬਿਕਰਮੀ (5 ਮਈ 1479 ਈ.) ਨੂੰ ਭੱਲਾ ਖੱਤਰੀ ਪ੍ਰਵਾਰ ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਤੇਜ ਭਾਨ ਅਤੇ ਮਾਤਾ ਦਾ ਨਾਂ ਬਖ਼ਤ ਕੌਰ ਸੀ, ਜਿਸ ਨੂੰ ਕਈ ਇਤਿਹਾਸਕਾਰ ਵੱਖ ਵੱਖ ਨਾਂ ਦਿੰਦੇ ਹਨ ਜਿਵੇਂ ਲੱਛਮੀ, ਭੂਪ ਕੌਰ ਅਤੇ ਰੂਪ ਕੌਰ। ਆਪ ਜੀ ਦੀ ਸ਼ਾਦੀ 11 ਮਾਘ 1559 ਬਿਕਰਮੀ ਨੂੰ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਸੰਖਤਰਾ ਦੇ ਇੱਕ ਬਹਿਲ ਖੱਤਰੀ ਦੇਵੀ ਚੰਦ ਦੀ ਧੀ ਮਨਸਾ ਦੇਵੀ ਨਾਲ ਕਰ ਦਿੱਤੀ ਗਈ। ਆਪ ਜੀ ਦੇ ਚਾਰ ਬੱਚੇ-ਦੋ ਪੁੱਤਰ ਮੋਹਰੀ ਜੀ ਅਤੇ ਮੋਹਨ ਜੀ ਅਤੇ ਦੋ ਧੀਆਂ ਦਾਨੀ ਜੀ ਅਤੇ ਭਾਨੀ ਜੀ ਸਨ।

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਆਪ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਬੀਬੀ ਅਮਰੋ ਨੇ ਹੀ ਆਪ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਲਿਆਂਦਾ। ਸੰਪਰਕ ਵਿੱਚ ਆਉਣ ਪਿੱਛੋਂ ਆਪ ਜੀ ਉੱਥੇ ਹੀ ਖਡੂਰ ਸਾਹਿਬ ਰਹਿਣ ਲੱਗ ਪਏ। ਇਹ ਵਾਕਿਆ 1597 ਬਿਕਰਮੀ/ 1540 ਈ. ਦਾ ਹੈ।

ਰੋਜ਼ਾਨਾ ਬਿਆਸ ਦਰਿਆ ਤੋਂ ਗੁਰੂ ਜੀ ਦੇ ਇਸ਼ਨਾਨ ਲਈ ਤੜਕੇ ਪਾਣੀ ਦੀ ਗਾਗਰ ਭਰ ਕੇ ਲਿਆਉਣਾ, ਸਾਰਾ ਦਿਨ ਭਾਂਡੇ ਮਾਂਜਣੇ, ਪਾਣੀ ਢੋਣਾ ਅਤੇ ਸੰਗਤ ਦੀ ਸੇਵਾ ਕਰਨੀ ਆਪ ਜੀ ਦਾ ਨਿਤਨੇਮ ਬਣ ਗਿਆ।

ਆਪਣੇ ਗੁਰੂ ਉੱਪਰ ਪੂਰਨ ਸ਼ਰਧਾ ਦੀਆਂ ਕਈ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਵਿੱਚ ਇੱਕ ਬਹੁਤ ਮਹੱਤਵਪੂਰਨ ਹੈ ਕਿ ਕਿਵੇਂ ਇੱਕ ਝੱਖੜ ਵਾਲੀ ਰਾਤ ਨੂੰ ਤੇਜ਼ ਹਵਾਵਾਂ, ਮੀਂਹ ਅਤੇ ਕੜਕਦੀ ਬਿਜਲੀ ਦੀ ਪ੍ਰਵਾਹ ਨਾ ਕਰਦੇ ਹੋਏ ਆਪ ਜੀ ਨੇ ਗੁਰੂ ਜੀ ਲਈ ਦਰਿਆ ਬਿਆਸ ਤੋਂ ਪਾਣੀ ਲਿਆਂਦਾ। ਖਡੂਰ ਦੇ ਜੁਲਾਹਿਆਂ ਦੀ ਖੱਡੀ ਵਿੱਚ ਆਪ ਠੇਡਾ ਖਾ ਕੇ ਡਿੱਗ ਪਏ, ਪਰ ਆਪਣੇ ਸਿਰ ’ਤੇ ਚੁੱਕੀ ਗਾਗਰ ਦਾ ਪਾਣੀ ਇਨ੍ਹਾਂ ਨੇ ਡੁੱਲਣ ਨਾ ਦਿੱਤਾ। ਖੜਾਕ ਸੁਣ ਕੇ ਜੁਲਾਹੇ ਨੇ ਆਪਣੀ ਵਹੁਟੀ ਨੂੰ ਪੁੱਛਿਆ ਕਿ ਕੀ ਖੜਾਕ ਹੋਇਆ ਹੈ, ਅੱਗੋਂ ਜੁਲਾਹੀ ਨੇ ਆਖਿਆ ਕਿ ਇਹ ਉਹੋ ‘ਅਮਰੂ ਨਿਥਾਵਾ’ ਹੋਵੇਗਾ, ਜੋ ਰਾਤ ਵੀ ਚੈਨ ਨਹੀਂ ਲੈਂਦਾ। ਇਹ ਗੱਲ ਸੰਨ 1552 ਦੀ ਹੈ ਜਦ ਆਪ ਜੀ ਦੀ ਉਮਰ 73 ਸਾਲ ਦੀ ਸੀ। ਜਦ ਗੁਰੂ ਅੰਗਦ ਦੇਵ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪ ਦੀ ਸਰਾਹਨਾ ਕੀਤੀ ਅਤੇ ਆਪ ਨੂੰ ‘ਨਿਥਾਵਿਆਂ ਦਾ ਥਾਂ’, ‘ਨਿਮਾਣਿਆਂ ਦਾ ਮਾਣ’, ‘ਨਿਤਾਣਿਆ ਦਾ ਤਾਣ’, ‘ਨਿਆਸਰਿਆਂ ਦਾ ਆਸਰਾ’, ‘ਨਿਓਟਿਆਂ ਦੀ ਓਟ’, ‘ਨਿਧਰਿਆ ਦੀ ਧਿਰ’, ‘ਨਿਗਤਿਆਂ ਦੀ ਗਤ’ ਕਿਹਾ।

ਇਸ ਘਟਨਾ ਨੇ ਗੁਰੂ ਅੰਗਦ ਦੇਵ ਜੀ ਦੇ ਜਾਨਸ਼ੀਨ ਦੀ ਚੋਣ ਕਰਨ ਦੇ ਮਸਲੇ ਨੂੰ ਹੱਲ ਕਰ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਪ੍ਰਚਲਿਤ ਮਰਯਾਦਾ ਅਨੁਸਾਰ ਨਾਰੀਅਲ ਅਤੇ ਪੰਜ ਪੈਸੇ ਅਮਰਦਾਸ ਜੀ ਅੱਗੇ ਰੱਖਕੇ ਮੱਥਾ ਟੇਕਿਆ। ਗੁਰੂ ਗੱਦੀ ਉੱਤੇ ਬਿਰਾਜਮਾਨ ਕਰਨ ਲਈ ਗੁਰਗੱਦੀ ਦਾ ਟਿੱਕਾ ਸਤਿਕਾਰਯੋਗ ਭਾਈ ਬੁੱਢਾ ਜੀ ਨੇ ਲਗਾਇਆ। ਛੇਤੀ ਹੀ ਪਿੱਛੋਂ 1609 ਬਿਕਰਮੀ ਸਾਲ ਦੇ ਚੇਤ ਦੇ ਪਹਿਲੇ ਚਾਨਣੇ ਪੱਖ ਦੇ ਚੌਥੇ ਦਿਨ (29 ਮਾਰਚ 1552 ਈ.) ਨੂੰ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ।ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨੂੰ ਆਪਣਾ ਮੁੱਖ ਕੇਂਦਰ ਬਣਾਇਆ ਤੇ ਇੱਥੇ ਹੀ ਰਹਿ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਕੀਤਾ। ਆਪ ਜੀ ਨੇ ਧਰਮ ਪ੍ਰਚਾਰ ਲਈ ਇੱਕ ਦ੍ਰਿੜ ਮੰਜੀ ਪ੍ਰਣਾਲੀ ਸ਼ੁਰੂ ਕੀਤੀ ਅਤੇ ਭਾਰਤ ਦੇ ਵੱਖ- ਵੱਖ ਭਾਗਾਂ ਵਿੱਚ ਪ੍ਰਚਾਰ ਕਰਨ ਲਈ 22 ਮੰਜੀਆਂ ਸਥਾਪਿਤ ਕੀਤੀਆਂ ਭਾਵ ਕਿ ਪ੍ਰਚਾਰ ਕੇਂਦਰ ਕਾਇਮ ਕੀਤੇ। ਹਰ ਮੰਜੀ ਇੱਕ ਗੁਰਮੁਖ ਸਿੱਖ ਦੇ ਅਧੀਨ ਸੀ ਜੋ ਕਿ ਪ੍ਰਚਾਰ ਕਰਨ ਤੋਂ ਇਲਾਵਾ ਆਪਣੇ ਅਧਿਕਾਰ ਖੇਤਰ ਵਿੱਚ ਸੰਗਤ ਦੀ ਸੇਵਾ ਸੰਭਾਲ ਕਰਦਾ ਸੀ ਅਤੇ ਸਿੱਖਾਂ ਦੀਆਂ ਭੇਟਾਵਾਂ ਗੋਇੰਦਵਾਲ ਭੇਜਦਾ ਸੀ। ਹੇਠ ਲਿਖੇ ਗੁਰਸਿੱਖਾਂ ਨੂੰ ਮੰਜੀਆਂ (ਉਪਦੇਸ਼ਕ-ਗੱਦੀਆਂ) ਬਖ਼ਸ਼ੀਆਂ ਗਈਆਂ ਸਨ :-1ਅੱਲਾ ਯਾਰ ਪਠਾਣ ਸੌਦਾਗਰ 2.ਸੱਚਨ ਸੱਚ ਪਿੰਡ ਮੰਦਰ ਤਸੀਲ ਸ਼ਕਰਪੁਰ 3. ਸਾਧਾਰਨ ਗੋਇੰਦਵਾਲ 4.ਸਾਵਣ ਮਲ ਗੋਇੰਦਵਾਲ 5.ਸੁੱਖਣ ਧਮਿਆਲ 6.ਹੰਦਾਲ ਜੰਡਿਆਲਾ 7.ਕੇਦਾਰੀ ਬਟਾਲਾ 8.ਖੇਡਾ ਖੇਮਕਰਨ 9.ਗੰਗੂਸ਼ਾਹ ਗੜ੍ਹ ਸ਼ੰਕਰ 10.ਦਰਬਾਰੀ ਮਜੀਠਾ 11. ਪਾਰੋ ਡੱਲਾ 12. ਫੇਰਾ ਮੀਰਪੁਰ 13.ਬੂਆ ਹਰਿ ਗੋਬਿੰਦਪੁਰ ਇਸਦੀ ਸੰਤਾਨ 14.ਬੇਣੀ ਚੂਹਨੀਆਂ 15.ਮਹੇਸ਼ਾ ਸੁਲਤਾਨਪੁਰ 16.ਮਾਈਦਾਸ ਨਰੋਲੀ (ਮਾਝਾ) 17.ਮਾਣਕ ਚੰਦ ਵੈਰੋਵਾਲ 18.ਮੁਰਾਰੀ ਖਾਈ (ਲਾਹੌਰ) 19.ਰਾਜਾ ਰਾਮ ਸੰਧਮਾ (ਜਲੰਧਰ) ਇਸ ਦੀ ਸੰਤਾਨ 20.ਰੰਗ ਸ਼ਾਹ ਮੱਲੂ ਪੋਤਾ (ਜਲੰਧਰ) 21.ਰੰਗ ਦਾਸ ਘੜੂਆਂ (ਅੰਬਾਲਾ) 22 .ਲਾਲੋ ਡੱਲਾ

ਆਪ ਜੀ ਨੇ ਵਸਾਖ ਅਤੇ ਮਾਘ ਦੇ ਪਹਿਲੇ ਦਿਨ ਅਤੇ ਦਿਵਾਲੀ,ਗੋਇੰਦਵਾਲ ਵਿਖੇ ਸਿੱਖਾਂ ਦੇ ਇਕੱਠੇ ਹੋਣ ਲਈ ਨੀਯਤ ਕਰ ਦਿੱਤੇ। ਪਾਣੀ ਦੀ ਤੰਗੀ ਨੂੰ ਦੂਰ ਕਰਨ ਲਈ ਇੱਕ ਬਉਲੀ ਬਣਾਈ। ਲੰਗਰ ਦੀ ਪ੍ਰਥਾ ਪਹਿਲਾਂ ਹੀ ਸੀ। ਇਸ ਨੂੰ ਹੋਰ ਵੱਡੇ ਪੈਮਾਨੇ ’ਤੇ ਸ਼ੁਰੂ ਕੀਤਾ ਗਿਆ। ਇਸ ਤੋਂ ਇਨ੍ਹਾਂ ਦਾ ਭਾਵ ਜਾਤ ਪਾਤ ਅਤੇ ਅਹੁਦੇ ਦੀ ਭਾਵਨਾ ਨੂੰ ਘਟਾਉਣਾ ਸੀ। ਇੱਕ ਵਾਰੀ ਅਕਬਰ ਬਾਦਸ਼ਾਹ ਗੋਇੰਦਵਾਲ ਆਇਆ ਤਾਂ ਉਸ ਨੇ ਵੀ ਲੰਗਰ ਵਿੱਚ ਬੈਠ ਕੇ ਪ੍ਰਸ਼ਾਦਾ ਛੱਕਿਆ। ਆਪ ਰੁੱਖੀ ਮਿੱਸੀ ਰੋਟੀ ਖਾਂਦੇ ਸਨ। ਜੋ ਕੁਝ ਦਿਨ ਵੇਲੇ ਲੰਗਰ ਵਿੱਚ ਆਉਂਦਾ ਸੀ ਰਾਤ ਤੱਕ ਵਰਤ ਜਾਂਦਾ ਸੀ।

ਗੁਰੂ ਜੀ ਨੇ ਉਸ ਸਮੇਂ ਹਿੰਦੂ ਧਰਮ ਵਿੱਚ ਫੈਲੀਆਂ ਕੁਰੀਤੀਆਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਸ ਸਮੇਂ ਸਤੀ ਦੀ ਰਸਮ ਸੀ, ਜਿਸ ਵਿੱਚ ਪਤੀ ਦੇ ਮਰਨ ’ਤੇ ਵਿਧਵਾ ਨੂੰ ਪਤੀ ਦੀ ਚਿੱਖਾ ’ਤੇ ਸੜਨਾ ਪੈਂਦਾ ਸੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਬਾਦਸ਼ਾਹ ਅਕਬਰ ਪਾਸ ਭੇਜਿਆ ਕਿ ਉਹ ਇਸ ਰਸਮ ਨੂੰ ਰੋਕਣ ਲਈ ਸ਼ਾਹੀ ਤਾਕਤ ਵਰਤਣ। ਗੁਰੂ ਅਮਰਦਾਸ ਜੀ ਨੇ ਸਿੱਖਾਂ ਵਿੱਚ ਪਰਦੇ ਦੀ ਰਸਮ ਤੋਂ ਵੀ ਵਰਜਿਆ।

ਗੁਰੂ ਅਮਰਦਾਸ ਜੀ ਨੇ ਹਿੰਦੂਆਂ ਪਾਸੋਂ ਤੀਰਥ ਯਾਤਰਾ ’ਤੇ ਲਿਆ ਜਾਂਦਾ ਕਰ ਵੀ ਬੰਦ ਕਰਵਾਇਆ। ਗੁਰੂ ਜੀ ਕੁਰੀਤੀਆਂ ਨੂੰ ਦੂਰ ਕਰਾਉਣ ਲਈ ਵੱਖ- ਵੱਖ ਤੀਰਥ ਅਸਥਾਨਾਂ ’ਤੇ ਗਏ । ਕਰ ਤੋਂ ਛੋਟ ਮਿਲਣ ਕਰਕੇ ਅਨੇਕਾਂ ਹਿੰਦੂ ਵੀ ਉਨ੍ਹਾਂ ਦੇ ਨਾਲ ਤੀਰਥ ਯਾਤਰਾ ਨੂੰ ਗਏ। ਉਨ੍ਹਾਂ ਨਾਲ ਗੁਰੂ ਰਾਮਦਾਸ ਜੀ ਤੇ ਹੋਰ ਮੁਖੀ ਸਿੱਖ ਵੀ ਗਏ। ਉਹ ਪਹਿਲਾਂ ਕੁਰਕਸ਼ੇਤਰ, ਫਿਰ ਜਮਨਾ ਅਤੇ ਫਿਰ ਹਰਿਦੁਆਰ ਗਏ। ਗੁਰੂ ਨਾਨਕ ਜੀ ਵਾਂਗ ਆਪ ਦਾ ਮਕਸਦ ਵੀ ਕੁਰਾਹੇ ਪਈ ਜਨਤਾ ਨੂੰ ਸਿੱਧੇ ਰਾਹ ਲਿਆਉਣਾ ਸੀ।

ਗੁਰੂ ਜੀ ਨੇ ਜਾਤ ਪਾਤ ਦਾ ਭਰਮ ਮਿਟਾ ਕੇ ਭਰੇ ਦਰਬਾਰ ਵਿੱਚ ਕਈ ਅੰਤਰ-ਜਾਤੀ ਵਿਆਹ ਕੀਤੇ। ਭਾਈ ਸ਼ੀਂਹੇ ਦੀ ਲੜਕੀ ਇੱਕ ਗਰੀਬ ਸਿੱਖ ‘ਪ੍ਰੇਮੇ’ ਨਾਲ ਵਿਆਹੀ। ਇੱਕ ਰਾਜਪੂਤ ਲੜਕੀ ਦੀ ਸ਼ਾਦੀ ‘ਸੱਚਨ ਸੱਚ’ ਨਾਮੀ ਲਕੜਹਾਰੇ ਨਾਲ ਕੀਤੀ। ਗੁਰੂ ਸਾਹਿਬ ਨੇ ਵੀ ਆਪਣੀ ਲੜਕੀ ਬੀਬੀ ਭਾਨੀ ਦੀ ਸ਼ਾਦੀ ਲਈ ਇੱਕ ਘੁੰਗਣੀਆਂ ਵੇਚਣ ਵਾਲੇ ਕਿਰਤੀ ਗੱਭਰੂ ਭਾਈ ਜੇਠੇ ਨਾਲ ਕੀਤੀ। ਮਾਝੇ ਵਿੱਚ ਗੁਰੂ ਅਮਰਦਾਸ ਜੀ ਨੇ ਸਿੱਖਾਂ ਦੇ ਕੇਂਦਰ ਲਈ ਅੰਮ੍ਰਿਤਸਰ ਵਾਲੀ ਜਗ੍ਹਾ ਚੁਣੀ। ਚਹੁੰ ਪਿੰਡਾਂ ਗੁਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਦੇ ਪੈਂਚ ਸਦਵਾ ਲਏ ਅਤੇ ਉਨ੍ਹਾਂ ਸਾਹਮਣੇ ਮੋੜੀ ਗਡਵਾ ਕੇ ਪਿੰਡ ਦਾ ਨਾਮ ਗੁਰੂ-ਚੱਕ ਰੱਖ ਦਿੱਤਾ। ਇਹ ਸਮ੍ਹਾਂ ਹਾੜ ਸੰਮਤ 1627 (ਜੂਨ ਸੰਨ 1570) ਦਾ ਹੈ। ਇਸ ਨੂੰ ਵਸਾਉਣ ਦਾ ਕੰਮ ਆਪ ਜੀ ਨੇ (ਗੁਰੂ) ਰਾਮਦਾਸ ਜੀ ਦੀ ਨਿਗਰਾਨੀ ਵਿੱਚ ਕਰਵਾਇਆ।

ਆਪ ਜੀ ਨੇ ਪਹਿਲੇ ਗੁਰੂਆਂ ਦੀ ਤਰ੍ਹਾਂ ਪੰਜਾਬੀ ਵਿੱਚ ਬਾਣੀ ਰਚੀ। ਗਿਣਤੀ ਪੱਖੋਂ ਗੁਰਬਾਣੀ ਰਚਨਾ ਵਿੱਚ ਪਹਿਲਾ ਸਥਾਨ ਗੁਰੂ ਨਾਨਕ ਦੇਵ ਜੀ ਦਾ ਤੇ ਦੂਜਾ ਸਥਾਨ ਗੁਰੂ ਅਰਜਨ ਦੇਵ ਜੀ ਦਾ ਹੈ।ਆਪ ਜੀ ਦਾ ਸਥਾਨ ਤੀਸਰਾ ਹੈ। ਆਪ ਜੀ ਨੇ ਸਤਾਰਾਂ ਰਾਗਾਂ ਵਿੱਚ ਬਾਣੀ ਰਚੀ ਜਿਨ੍ਹਾਂ ਦੇ ਨਾਂ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ। ਸਭ ਤੋਂ ਪ੍ਰਸਿੱਧ ਇਨ੍ਹਾਂ ਦੀ ਬਾਣੀ ਅਨੰਦ ਸਾਹਿਬ ਹੈ। ਕਾਵਿ ਰੂਪਾਂ ਵਿੱਚੋਂ ਆਪ ਜੀ ਨੇ ਪਦੇ, ਛੰਤ, ਅਸ਼ਪਦੀਆਂ, ਸਲੋਕ ਅਤੇ ਵਾਰਾਂ ਦੇ ਰੂਪ ਵਰਤੇ ਹਨ।ਗੁਰੂ ਜੀ ਨੇ ਆਪਣਾ ਸਰੀਰਕ ਅੰਤ ਨੇੜੇ ਆਇਆ ਜਾਣ ਕੇ ਆਪਣੇ ਸਾਰੇ ਪਰਿਵਾਰ ਨੂੰ ਸੱਦਿਆ ਤੇ ਆਦੇਸ਼ ਦਿੱਤਾ ਕਿ ਕੋਈ ਵੀ ਉਨ੍ਹਾਂ ਦੇ ਅਕਾਲ ਚਲਾਣੇ ’ਤੇ ਨਾ ਹੀ ਅਫ਼ਸੋਸ ਕਰੇ ਅਤੇ ਨਾ ਹੀ ਰੋਏ ਕੁਰਲਾਏ। ਸਗੋਂ ਗੁਰੂ ਦੀ ਬਾਣੀ ਦਾ ਪਾਠ ਕਰਕੇ ਵਾਹਿਗੁਰੂ ਦਾ ਨਾਮ ਜਪੇ। ਗੁਰੂ ਜੀ ਦੀ ਇਹ ਅੰਤਮ ਸਿੱਖਿਆ ਉਨ੍ਹਾਂ ਦੇ ਪੜਪੋਤਰੇ ਬਾਬਾ ਸੁੰਦਰ ਜੀ ਨੇ 6 ਪੌੜੀਆਂ ਦੀ ਇੱਕ ਨਿੱਕੀ ਜਿਹੀ ਬਾਣੀ ਦੇ ਰੂਪ ਵਿੱਚ ਲਿਖੀ ਹੈ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿੱਚ ‘ਸੱਦ’ ਸਿਰੇਖ ਹੇਠ ਦਰਜ ਕੀਤਾ ਹੈ।

ਆਪ ਜੀ ਨੇ ਆਪਣੇ ਪੂਰਬੇ ਗੁਰੂ ਸਾਹਿਬਾਨ ਅਤੇ ਕੁਝ ਭਗਤਾਂ ਦੀਆਂ ਰਚਨਾਵਾਂ ਇਕੱਤਰ ਕੀਤੀਆਂ ਤੇ ਇਨ੍ਹਾਂ ਨੂੰ ਪੋਥੀਆਂ ਦੇ ਰੂਪ ਵਿੱਚ ਇਕੱਠਾ ਕੀਤਾ। ਇਨ੍ਹਾਂ ਪੋਥੀਆਂ ਵਿੱਚੋਂ ਦੋ ਅੱਜ ਵੀ ਉਨ੍ਹਾਂ ਦੇ ਵਾਰਸਾਂ ਕੋਲ ਹਨ। ਇਹ ਕਾਰਜ (ਗੁਰੂ) ਗ੍ਰੰਥ ਸਾਹਿਬ ਦੇ ਵਿਧੀ ਪੂਰਬਕ ਸੰਕਲਨ ਵੱਲ ਚੁਕਿਆ ਇੱਕ ਮਹੱਤਵਪੂਰਨ ਕਦਮ ਸੀ।

ਆਪ 95 ਸਾਲ ਦੀ ਉਮਰ ਪੂਰੀ ਕਰਨ ਪਿੱਛੋਂ ਆਪਣੇ ਜੁਆਈ ਜੇਠਾ ਜੀ ਨੂੰ ਗੁਰਗੱਦੀ ਸੌਂਪ ਕੇ ਭਾਦੋਂ ਸੁਦੀ 15, 1631 ਬਿਕਰਮੀ(1 ਸਤੰਬਰ 1574 ਈ.) ਜੋਤੀ ਜੋਤ ਸਮਾ ਗਏ। ਭਾਈ ਜੇਠਾ ਜੀ ਸਿੱਖਾਂ ਦੇ ਚੌਥੇ ਗੁਰੂ, ਗੁਰੂ ਰਾਮਦਾਸ ਜੀ ਬਣੇ।

ਸਹਾਇਕ ਪੁਸਤਕਾਂ

1. ਸਾਹਿਬ ਸਿੰਘ, ਪ੍ਰੋ.ਫ਼ੈਸਰ, ਗੁਰ-ਇਤਿਹਾਸ, ਪਾਤਸ਼ਾਹੀ 2 ਤੋਂ 9, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018

2. ਸੁਖਦਿਆਲ ਸਿੰਘ (ਡਾ.) ,ਪੰਜਾਬ ਦਾ ਇਤਿਹਾਸ(ਗੁਰੂ ਕਾਲ :1469-1708),(ਜਿਲਦ ਪੰਜਵੀਂ), ਪੰਜਾਬੀ ਯੂਨੀਵਰਸਿਟੀ ਪਟਿਆਲਾ 2012

3. ਜੋਧ ਸਿੰਘ ਡਾ., ਸਿੱਖ ਧਰਮ ਵਿਸ਼ਵ ਕੋਸ਼ (ਪਹਿਲੀ ਸੈਂਚੀ), ਪੰਜਾਬੀ ਯੂਨੀਵਰਸਿਟੀ ਪਟਿਆਲਾ 2008

4. ਪਦਮ ਪਿਆਰਾ ਸਿੰਘ, ਸੰਖੇਪ ਸਿੱਖ ਇਤਿਹਾਸ, ਸਿੰਘ ਬਦਰਜ਼, ਅੰਮ੍ਰਿਤਸਰ 2014,

5. ਮੈਕਾਲਿਫ਼, ਮੈਕਸ ਅਰਥਰ, ਅਨੁਵਾਦਕ ਅਜੈਬ ਸਿੰਘ, ਸੋਧਕ ਡਾ. ਜੀ ਐਸ ਔਲਖ ,ਸਿੱਖ ਇਤਿਹਾਸ, ਭਾਗ 1-2, ਲਾਹੌਰ ਬੁਕ ਸ਼ਾਪ, ਲੁਧਿਆਣਾ, 2014





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# "ਛੋਟਾ ਘੱਲੂਘਾਰਾ"

(17 ਮਈ 1746 )

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨਾ ਕੀਜੈ ॥ ਅੰਗ 1412

ਹੇ ਭਾਈ, ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ, ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿੱਚ ਆ। ਲੋਕ - ਲਾਜ ਛੱਡ ਕੇ ਹਉਮੇ ਦੂਰ ਕਰਕੇ ਆ ਪ੍ਰਭੂ ਪ੍ਰੀਤ ਦੇ ਇਸ ਰਸਤੇ ਉੱਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਟਾਂ ਕੀਤਾ ਜਾਏ ਪਰ ਕੋਈ ਝਿਜਕ ਨਹੀਂ ਕੀਤੀ ਜਾਏ। ਜਦੋਂ ਬਿਨਾ ਝਿਜਕ ਦੇ ਲੋਕ ਲਾਜ ਅਤੇ ਹਉਮੈ ਛੱਡੀ ਜਾਏ।

ਸਿੱਖ ਧਰਮ ਵਿੱਚ ਕੁਰਬਾਨੀਆਂ ਦੀ ਸੇਧ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲੀ ਹੈ। ਸਿੰਘ ਨੇ ਧਰਮ ਅਤੇ ਲੋਕ ਭਲਾਈ ਲਈ ਲਾਸਾਨੀ ਕੁਰਬਾਨੀਆਂ ਦਿੱਤੀਆਂ ਹਨ। ਸਿੱਖ ਧਰਮ ਮੂਲ ਰੂਪ ਵਿੱਚ ਇਕ ਸਮਾਜ ਸੁਧਾਰ ਦੀ ਇਨਕਲਾਬੀ ਲਹਿਰ ਹੈ ਜਿਸ ਨੇ ਸਦਾ ਹੀ ਸਮਾਜ ਨੂੰ ਉਸਾਰੂ ਢੰਗ ਨਾਲ ਪ੍ਰਭਾਵਿਤ ਕੀਤਾ ਹੈ। ਜੋ ਹਰ ਮਨੁੱਖ ਦੀ ਪੂਰਨ ਆਜ਼ਾਦੀ ਦਾ ਸੰਕਲਪ ਦ੍ਰਿੜ੍ਹ ਕਰਵਾਉਂਦਾ ਹੈ। ਜਾਲਮ ਹਕੂਮਤਾਂ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਹਰ ਹੱਥ-ਹਰਬਾ ਵਰਤਿਆ। ਦੂਸਰੇ ਪਾਸੇ ਅੰਮ੍ਰਿਤ ਦੀ ਦਾਤ ਨੇ ਅਜਿਹਾ ਫੌਜੀ ਖ਼ਾਲਸਾ ਤਿਆਰ ਕੀਤਾ, ਜਿਸ ਨੇ ਜ਼ੁਲਮਾਂ ਦਾ ਟਾਕਰਾ ਕਰਦੇ ਹੋਏ ਮਨੁੱਖੀ ਕਦਰਾਂ ਕੀਮਤਾਂ, ਹੱਕ ਸੱਚ, ਨਿਆਂ, ਸਵੈ ਰੱਖਿਆ ਲਈ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਇਤਿਹਾਸ ਦਾ ਪੰਨਾ ਪੰਨਾ ਸਿੱਖ ਸ਼ਹਾਦਤਾਂ ਦਾ ਗਵਾਹ ਹੈ, ਕਈ ਮੁਹਿੰਮਾਂ ਅਤੇ ਬਿਖੜੇ ਪੈਂਡਿਆਂ ਵਿਚੋਂ ਲੰਘ ਕੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਖ਼ਾਲਸਾ ਰਾਜ ਸਥਾਪਤ ਹੋਇਆ। ਇੱਥੇ ਤੱਕ ਪਹੁੰਚਣ ਲਈ ਕਈ ਸਾਕੇ, ਘਲੂਘਾਰੇ ਵਾਪਰੇ, ਜਿੰਨਾਂ ਵਿੱਚ 'ਛੋਟਾ ਘੱਲੂਘਾਰਾ' ਵੀ ਇਤਿਹਾਸ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਜੋ ਸਿੰਘਾਂ ਅਤੇ ਮੁਗਲਾਂ ਵਿਚਕਾਰ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ 'ਚ ਵਾਪਰਿਆ। ਕਾਹਨੂੰਵਾਨ ਛੰਭ ਜੋ ਗੁਰਦਾਸਪੁਰ ਤੋਂ ਮੁਕੇਰੀਆ ਜਾਂਦੀ ਸੜਕ ਉੱਤੇ 8 ਕਿਲੋਮੀਟਰ ਦੀ ਦੂਰੀ 'ਤੇ ਫ਼ੌਜੀ ਛਾਉਣੀ ਤਿੱਬਤ ਤੋਂ ਸੱਜੇ ਪਾਸੇ 4 ਕਿਲੋਮੀਟਰ 'ਤੇ ਸਥਿਤ ਹੈ। ਦੂਸਰੇ ਘਲੂਘਾਰੇ ਵੇਲੇ ਸਿੱਖਾਂ ਦਾ ਵੱਡਾ ਕਤਲਾਮ ਹੋਇਆ ਸੀ। ਇਸ ਲਈ ਉਸ ਘਲੂਘਾਰੇ ਨੂੰ ਵੱਖਰਾ ਦਰਸਾਉਣ ਲਈ ਇਸ ਘਟਨਾ ਨੂੰ 'ਛੋਟਾ ਘੱਲੂਘਾਰਾ' ਕਿਹਾ ਜਾਂਦਾ ਹੈ।

ਪਿਛੋਕੜ ਇਤਿਹਾਸ ਵਿੱਚ ਕਿ ਅਠਾਰਵੀਂ ਸਦੀ ਦਾ ਸਮਾਂ ਭਾਰਤ ਲਈ ਤੇ ਵਿਸ਼ੇਸ਼ ਕਰਕੇ ਸਿੱਖਾਂ ਲਈ ਬੜਾ ਉਥਲ ਪੁੱਥਲ ਦਾ ਸਮਾਂ ਸੀ। ਮੁਗਲ ਸਾਮਰਾਜ ਦੀ ਅਧੋਗਤੀ ਤੇ ਅਨਿਆਂ ਕਾਰਨ ਲੋਕ ਅੰਦਰੂਨੀ ਤੌਰ 'ਤੇ ਵੀ ਪਿਸ ਰਹੇ ਸਨ। ਉਧਰੋਂ ਵਿਦੇਸ਼ੀ ਹਮਲਿਆਂ -ਨਾਦਰ ਸ਼ਾਹ ਤੇ ਅਹਿਮਦ ਸ਼ਾਹ ਦੀਆਂ ਫ਼ੌਜਾਂ ਗਿਲਜਿਆਂ ਤੇ ਰੁਹੇਲਿਆਂ ਦੇ ਜ਼ੁਲਮ ਨੇ ਸਧਾਰਣ ਜਨ ਜੀਵਨ ਨੂੰ ਬਿਪਤਾ ਵਿੱਚ ਪਾ ਰਖਿਆ ਸੀ।

ਹਿੰਦੂ ਅਹਿਲਕਾਰ ਮੁਗਲ ਹਾਕਮਾਂ ਦੇ ਪਿੱਠੂ ਸਨ। ਮੁਗਲ ਸਾਮਰਾਜ, ਵਿਦੇਸ਼ੀ ਜਰਵਾਣੇ, ਜੋ ਲੁੱਟ ਖਸੁੱਟ ਲਈ ਹਮਲੇ ਕਰਦੇ ਸਨ। ਆਪਣੀ ਹਕੂਮਤ ਕਾਇਮ ਕਰਨ ਦੇ ਆਹਰ ਵਿੱਚ ਸਨ। ਅਜਿਹੀਆਂ ਸਾਰੀਆਂ ਤਾਕਤਾਂ ਨੂੰ ਪਛਾੜ ਕੇ ਸਿੱਖ ਯੋਧਿਆਂ ਨੇ ਖ਼ਾਲਸਾ ਰਾਜ ਸਥਾਪਤ ਕੀਤਾ।

ਜਦੋਂ ਤੁਰਕਾਨੀ ਫ਼ੌਜਾਂ ਦਾ ਜ਼ੋਰ ਵੱਧ ਜਾਂਦਾ ਤਾਂ ਸਿੰਘ ਘਰ ਘਾਟ ਛੱਡ ਕੇ ਬੀਕਾਨੇਰ ਦੇ ਰੇਤਲੇ ਟਿੱਬਿਆਂ ਵਿੱਚ ਚਲੇ ਜਾਂਦੇ। ਪਹਾੜਾਂ 'ਤੇ ਚੜ ਜਾਂਦੇ, ਕਾਹਨੂੰਵਾਨ ਦੇ ਛੰਭ ਵਿੱਚ ਸਮਾਂ ਗੁਜ਼ਾਰਦੇ। ਛੰਭ ਵਧੇਰੇ ਸੁਰਖਿਅਤ ਸੀ ਕਿਉਂਕਿ ਇਸਦੇ ਸੰਘਣੇ ਬੇਲੇ ਤੇ ਤੰਗ ਰਸਤਿਆਂ ਤੋਂ ਸਿੰਘ ਚੰਗੀ ਤਰਾਂ ਜਾਣੂੰ ਸਨ। ਸਿੰਘ ਆਪਣੇ ਫ਼ੌਜੀ ਅਭਿਆਸ ਇੱਥੇ ਜਾਰੀ ਰਖਦੇ ਸਨ ।

ਸੰਨ 1746 ਵਿੱਚ ਜਦੋਂ ਸਿੰਘ ਮੁਗਲ ਹਕੂਮਤ ਦੇ ਜਬਰ ਜ਼ੁਲਮ ਦੇ ਖ਼ਿਲਾਫ਼ ਲੜ ਰਹੇ ਸਨ। ਉਸ ਸਮੇਂ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕਲਾਨੌਰ ਦੇ ਦੋ ਖੱਤਰੀ ਭਰਾ ਜਸਪਤ ਰਾਏ ਤੇ ਲਖਪਤ ਰਾਏ ਸਨ। ਜਸਪਤ ਰਾਏ ਏਮਨਾਬਾਦ ਦਾ ਫ਼ੌਜਦਾਰ ਸੀ। ਲਖਪਤ ਰਾਏ ਲਾਹੌਰ ਦਾ ਦੀਵਾਨ। ਜਸਪਤ ਰਾਏ ਜੰਗਲਾਂ ਵਿੱਚ ਸਿੰਘਾਂ ਦਾ ਪਿੱਛਾ ਕਰਦਾ ਮਾਰਿਆ ਗਿਆ। ਲਖਪਤ ਰਾਏ ਨੇ ਇਹ ਕਸਮ ਖਾਧੀ ਕਿ ਮੈਂ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਵਾਂਗਾ। ਬੇਦੋਸੇ ਅਤੇ ਕ੍ਰਿਤ ਕਰਨ ਵਾਲੇ ਸਿੰਘਾਂ ਨੂੰ ਪਿੰਡਾਂ 'ਚੋਂ ਫੜ ਕੇ ਲਿਆਂਦਾ ਜਾਂਦਾ, ਉਹਨਾਂ ਉੱਤੇ ਦੀਨ ਕਬੂਲ ਕਰਨ ਦੀ ਸ਼ਰਤ ਰੱਖੀ ਜਾਂਦੀ, ਇਨਕਾਰ ਕਰਨ 'ਤੇ ਉਹਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ।

ਇਸ ਸਖ਼ਤੀ ਦੇ ਦੌਰ ਵਿੱਚ ਬਹੁਤ ਸਾਰੇ ਸਿੰਘ ਘਰ -ਘਾਟ ਛੱਡ ਕੇ ਪਹਾੜਾਂ ਨੂੰ ਚਲੇ ਗਏ। ਬਹੁਤ ਸਾਰੇ ਸਿੰਘ ਕਾਹਨੂੰਵਾਨ ਦੇ ਛੰਭ ਵਿੱਚ ਮੁਸੀਬਤ ਦਾ ਸਮਾਂ ਗੁਜਾਰਨ ਲੱਗੇ। ਲਖਪਤ ਰਾਏ ਨੇ ਲਾਹੌਰ 'ਤੇ ਚੜ੍ਹਾਈ ਕਰ ਦਿੱਤੀ। ਨਾਲ ਹੀ ਪੰਜਾਬ ਵਿਚੋਂ ਸਿੰਘਾਂ ਨੂੰ ਚੁਣ ਚੁਣ ਕੇ ਖਤਮ ਕੀਤਾ। ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ। ਹਰਿਮੰਦਰ ਸਾਹਿਬ ਅਤੇ ਸਰੋਵਰ ਦੀ ਮਰਿਆਦਾ ਭੰਗ ਕੀਤੀ। ਸਿੰਘਾਂ ਦੇ ਘਰ-ਘਾਟ ਉਜਾੜ ਦਿੱਤੇ। ਆਪਣੇ ਵੱਲੋਂ ਸਿੰਘਾਂ ਦੀ ਹੋਂਦ ਨੂੰ ਖਤਮ ਕਰ ਲਿਆ। ਉਪਰੰਤ ਬਹੁਤ ਸਾਰੀ ਫ਼ੌਜ, ਜੋ ਹਾਥੀ,ਘੋੜੇ, ਤੋਪਾਂ, ਜ਼ੰਬੂਰੇ,ਸਾਰੇ ਮਾਰੂ ਹਥਿਆਰਾਂ ਨਾਲ ਜੰਗ ਵਾਸਤੇ ਤਿਆਰ ਸੀ। ਇਸਦੇ ਨਾਲ ਹੀ ਮੁਲਤਾਨ, ਬਹਾਵਲਪੁਰ, ਕਸੂਰ, ਜਲੰਧਰ, ਲੁਧਿਆਣਾ ਦੇ ਇਲਾਕਿਆਂ ਦੇ ਮੁਖੀ ਆਪਣੀਆਂ ਫ਼ੌਜਾਂ ਲੈ ਕੇ ਪਹੁੰਚੇ। ਇਸ ਤੋਂ ਇਲਾਵਾ ਕੀੜੀ ਪਠਾਣਾ ਦੇ ਅਫ਼ਗਾਨ, ਮੁਕੇਰੀਆਂ, ਦਸੂਹਾ ਦੇ ਰੰਘੜ, ਬਟਾਲੇ ਦੇ ਸਯਅਦ ਤੇ ਹੋਰ ਝੂਠੇ ਸਰਕਾਰੀ ਹਿਮਾਇਤੀ ਵੀ ਲੱਖਪਤ ਰਾਏ ਦੀ ਕਮਾਨ ਹੇਠ ਕਾਹਨੂੰਵਾਨ ਛੰਭ ਨੂੰ ਘੇਰਾ ਪਾਈ ਬੈਠੇ ਸਨ। ਇਸ ਲਸ਼ਕਰ ਦੀ ਗਿਣਤੀ ਲੱਖਾਂ ਵਿੱਚ ਸੀ। ਇਹ ਦੁਸ਼ਮਣ ਦੀ ਸਾਰੀ ਫ਼ੌਜ 10 ਵਿੱਚ ਫੈਲੀ ਹੋਈ ਸੀ। ਦੂਸਰੇ ਪਾਸੇ ਛੰਭ ਵਿੱਚ ਘਿਰੇ ਸਿੰਘਾਂ ਦੀ ਗਿਣਤੀ 22 ਹਜ਼ਾਰ ਮੰਨੀ ਗਈ ਹੈ, ਕਿਉਂਕਿ 7000 ਸ਼ਹੀਦ ਹੋਏ ਅਤੇ 3000 ਬੰਦੀ ਬਣਾ ਲਏ ਗਏ। ਕਰੀਬ 12 ਹਜ਼ਾਰ ਸਿੰਘ ਬਚ ਕੇ ਨਿਕਲ ਗਏ ਸਨ। ਬੰਦੀ ਸਿੰਘਾਂ ਨੂੰ ਨਾਖਾਸ ਚੌਂਕ ਲਾਹੌਰ ਵਿੱਚ ਤਸੀਹੇ ਦੇ ਕੇ ਸ਼ਹੀਦੀ ਕੀਤਾ ਗਿਆ। ਸ਼ਹੀਦ ਹੋਏ ਸਿੰਘ ਜਾਂ ਤਾਂ ਜੰਗਲ ਦੀ ਅੱਗ ਵਿੱਚ ਸ਼ਹੀਦ ਹੋਏ ਜਾਂ ਦਰਿਆ ਦੀ ਮਾਰ ਹੇਠ ਆ ਗਏ।

ਸਿੰਘ ਭਾਵੇਂ ਮੁਸੀਬਤ ਦਾ ਸਮਾਂ ਗੁਜ਼ਾਰ ਰਹੇ ਸਨ, ਪਰ ਤੁਰਕਾਨੀ ਫ਼ੌਜ ਦਾ ਨੁਕਸਾਨ ਕਰਦੇ ਤੇ ਰਸਤਾਂ ਬਸਤਾਂ ਲੁੱਟ ਕੇ ਲੈ ਆਉਂਦੇ। ਸਿੰਘ 2-4 ਦੇ ਜਥਿਆਂ 'ਚ ਗੁਰੀਲਾ ਜੰਗ ਲੜਦੇ। ਸਿੰਘ ਨੇ ਸੰਸਾਰ ਦੀ ਸਭ ਤੋਂ ਲੰਬੀ ਗੁਰੀਲਾ ਜੰਗ ਲੜੀ ਹੈ। ਸਿੰਘ ਧਰਮ ਦੀ ਖਾਤਰ ਅਣਖ ਤੇ ਗੈਰਤ ਲਈ ਦੀਨ ਦੁਨੀਆਂ ਦੇ ਭਲੇ ਲਈ ਸ਼ਹੀਦ ਹੋਣ ਵਾਸਤੇ ਤਤਪਰ ਰਹਿੰਦੇ। ਹਮੇਸ਼ਾ ਜੰਗਲਾਂ ਵਿੱਚ ਰਹਿਣ ਕਰਕੇ ਸਿੰਘ ਮੁਸੀਬਤਾਂ, ਅਖਾਈਆਂ, ਕਠਨਾਈਆਂ ਤੇ ਔਂਕੜਾਂ ਦਾ ਮੁਕਾਬਲਾ ਕਰ ਸਕਦੇ ਸਨ। ਉਹਨਾਂ ਨੂੰ ਘਣੇ ਜੰਗਲ ਦੀਆਂ ਡੰਡੀਆਂ ਤੇ ਕੰਡਿਆਲੇ ਰਾਹਾਂ ਦਾ ਪਤਾ ਸੀ। ਤਿੰਨ - ਚਾਰ ਮਹੀਨੇ ਤਕ ਦੁਸ਼ਮਣ ਨਾਲ ਝੜਪਾਂ ਚਲਦੀਆਂ ਰਹੀਆਂ। ਲੱਖਪਤ ਰਾਏ ਦੀ ਫ਼ੌਜ ਦਾ ਕਾਫ਼ੀ ਜਾਨੀ ਨੁਕਸਾਨ ਹੋਇਆ। ਆਪਣੀ ਹਾਰ ਹੁੰਦੀ ਵੇਖ ਕੇ ਉਸਨੇ ਨੇੜਲੇ ਪਿੰਡਾਂ ਦੇ ਲੁਹਾਰ, ਤਰਖਾਣ ਮੰਗਵਾ ਕੇ ਜੰਗਲ ਨੂੰ ਕਟਵਾ ਕੇ ਚੁਫੇਰਿਓਂ ਅੱਗ ਲਾ ਦਿੱਤੀ। ਸਿੰਘ ਦੀ ਫ਼ੌਜ ਘੋਰ ਮੁਸੀਬਤ ਵਿੱਚ ਪੈ ਗਈ।

ਸਿੰਘਾਂ ਵਾਸਤੇ ਇਹ ਘੋਰ ਬਿਪਤਾ ਦਾ ਸਮਾਂ ਸੀ। ਸਿੰਘਾਂ ਦਾ ਵਧੇਰੇ ਸਮਾਂ ਜੰਗਲਾਂ ਵਿੱਚ ਟਿਕੇ ਰਹਿਣਾ ਮੁਸ਼ਕਿਲ ਸੀ। ਆਗੂ ਸਿੰਘਾਂ ਨੇ ਗੁਰਮਤਾ ਕਰਕੇ ਜੰਗਲਾਂ ਵਿਚੋਂ ਇਕ ਪਾਸੇ ਨੂੰ ਨਿਕਲ ਜਾਣਾ ਠੀਕ ਸਮਝਿਆ। ਸਿੰਘਾਂ ਕੋਲ ਨਾ ਤਾਂ ਕਾਫ਼ੀ ਰਸਤਾਂ ਬਸਤਾਂ ਸਨ। ਕਾਫ਼ੀ ਸਮਾਂ ਲੜਦੇ ਰਹਿਣ ਕਰਕੇ ਦਾਰੂ -ਸਿੱਕਾ ਵੀ ਖਤਮ ਹੋਣ 'ਤੇ ਸੀ । ਜੋ ਮੁਕਾਬਲਾ ਕਰਨ ਲਈ ਕਾਫ਼ੀ ਨਹੀਂ ਸੀ। ਜੰਗਲ ਦੀ ਅੱਗ ਵਧੇਰੇ ਮੁਸੀਬਤ ਬਣੀ। ਸਿੰਘਾਂ ਲਈ ਹੁਣ ਮੁਕਾਬਲਾ ਕਰਨਾ ਕਠਿਨ ਸੀ। ਇਸ ਲਈ ਸੈਨਾ ਦੇ ਜਥੇਦਾਰਾਂ ਨਵਾਬ ਕਪੂਰ ਸਿੰਘ, ਸ੍ਰ. ਚੜ੍ਹਤ ਸਿੰਘ, ਸ੍ਰ. ਜੱਸਾ ਸਿੰਘ ਆਹਲੂਵਾਲੀਆ, ਸ੍ਰ. ਗੁਰਦਿਆਲ ਸਿੰਘ ਡਲੇਵਾਲੀਆ, ਸ੍ਰ. ਸੁੱਖਾ ਸਿੰਘ ਮਾੜੀ ਕੰਬੋਕੀ, ਸ੍ਰ. ਸ਼ਾਮ ਸਿੰਘ , ਸ੍ਰ. ਫ਼ਤਿਹ ਸਿੰਘ ਆਦਿ ਦੀ ਅਗਵਾਈ ਹੇਠ ਛੰਭ ਵੱਲੋਂ ਪਹਾੜ ਵੱਲ ਦੀ ਬਾਹੀ ਨੂੰ ਨਿਕਲਣ ਦਾ ਮਤਾ ਪਕਾਇਆ। ਨਿਕਲਦੇ ਹੀ ਵੈਰੀ ਨਾਲ ਟੱਕਰ ਲੈਂਦਿਆਂ ਸਿੰਘ ਅਦੁੱਤੀ ਸ਼ਹੀਦੀਆਂ ਪਾਉਂਦੇ ਗਏ। ਪਠਾਨਕੋਟ ਨੇੜੇ ਪੁੱਜਦਿਆਂ ਹਿੰਦੂ ਪਹਾੜੀ ਰਾਜਿਆਂ ਨੇ ਸਿੰਘਾਂ 'ਤੇ ਹਮਲਾ ਕਰ ਦਿੱਤਾ।

ਪਿੱਛੇ ਸ਼ਾਹੀ ਸੈਨਾ ਅੱਗੇ ਅੱਗੇ ਸਿੰਘ, ਪਹਾੜੀ ਹਿੰਦੂ ਰਾਜਿਆਂ ਨੇ ਘਾਟ ਦੇ ਸਾਰੇ ਨਾਕੇ ਰੋਕ ਲਏ। ਬਿਆਸ ਦਰਿਆ ਵੀ ਠਾਠਾਂ ਮਾਰ ਰਿਹਾ ਸੀ। ਅਸਾਵੀਂ ਤੁਰਕੀ ਫ਼ੌਜ ਸਿੰਘਾਂ ਦਾ ਘਾਣ ਕਰ ਰਹੀ ਸੀ। ਜੇਠ ਹਾੜ ਦੀ ਕੜਕਦੀ ਧੁੱਪ, ਢਿੱਡ ਦੀ ਭੁੱਖ , ਸ਼ਸਤਰਾਂ ਦੀ ਅਣਹੋਂਦ, ਸਰੀਰਾਂ ਦੀ ਨਿਰਬਲਤਾ ਤੇ ਪਿੱਛੇ ਪਿੱਛ ਤੁਰਕਾਨੀ ਸੈਨਾ ਤ ਹਿੰਦੂ ਰਾਜਿਆਂ ਦੇ ਜ਼ੁਲਮ ਨੇ ਸਿੰਘਾਂ ਦੇ ਜਥਿਆਂ ਨੂੰ ਅਤਿ ਮੁਸੀਬਤ ਵਿੱਚ ਪਾ ਦਿੱਤਾ। ਹਠੀਲੇ ਸਿੰਘ ਲੜਦੇ ਭਿੜਦੇ ਹੋਏ ਦੁਸ਼ਮਣਾਂ ਤੇ ਕੁਦਰਤੀ ਆਫਤਾਂ ਦਾ

(ਬਾਕੀ ਸਫ਼ਾ 31 'ਤੇ)



ਹਰਮਨਪ੍ਰੀਤ ਸਿੰਘ
9855010005

# ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥
ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ ॥
ਧਨੁ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥
ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥
ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥
ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥੭॥ (ਪੰਨਾ ੧੧੦੮)

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਸ ਜੇਠ ਦੇ ਮਹੀਨੇ ਦੀ ਤਪਸ਼ ਵਿੱਚ ਜੋ ਵੀ ਮਨੁੱਖ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਕਰਕੇ ਉਸ ਨੂੰ ਆਪਣੇ ਮਨ ਵਿੱਚ ਵਸਾ ਲੈਂਦਾ ਹੈ, ਉਸ ਨੂੰ ਹਿਰਦੇ ਵਿੱਚ ਅਨੁਭਵ ਕਰ ਲੈਂਦਾ ਹੈ, ਉਹ ਉਸ ਅਕਾਲ ਪੁਰਖ ਦਾ ਹੀ ਸਰੂਪ ਹੋ ਜਾਂਦਾ ਹੈ, ਫਿਰ ਉਸ ਨੂੰ ਕੋਈ ਤਪਸ਼ ਨਹੀਂ ਪੋਂਹਦੀ। ਅਜਿਹੇ ਜੀਵ ਨੂੰ ਉਸ ਅਕਾਲ ਪੁਰਖ ਦੀ ਸਿਰਜੀ ਹਰ ਰੁੱਤ, ਹਰ ਮੌਸਮ ਚੰਗਾ ਲੱਗਦਾ ਹੈ। ਨਾਨਕਸ਼ਾਹੀ ਜੰਤਰੀ ਦੇ ਹਿਸਾਬ ਨਾਲ ਜੇਠ ਦਾ ਮਹੀਨਾ ਸਾਲ ਦੇ ਦੇਸੀ ਮਹੀਨਿਆਂ ਦਾ ਤੀਜਾ ਮਹੀਨਾ ਹੈ। ਸਾਲ ਦਾ ਹਰ ਮਹੀਨਾ ਆਪਣੇ ਨਾਲ ਨਵੀਂ ਰੁੱਤ ਤੇ ਨਵੀ ਮੌਸਮੀ ਤਬਦੀਲੀ ਲੈ ਕੇ ਆਉਂਦਾ ਹੈ। ਹਰ ਮਹੀਨੇ, ਹਰ ਰੁੱਤ, ਆਪਣੇ ਆਪ ਵਿੱਚ ਖਾਸ ਹੁੰਦਾ ਹੈ। ਜੇਠ ਦਾ ਮਹੀਨਾ ਅੰਗਰੇਜ਼ੀ ਮਹੀਨੇ ਦੇ ਹਿਸਾਬ ਨਾਲ ਅੱਧ ਮਈ ਤੋਂ ਸ਼ੁਰੂ ਹੋ ਅੱਧ ਜੂਨ ਤੱਕ ਦਾ ਹੁੰਦਾ ਹੈ। ਜੇਠ ਦਾ ਮਹੀਨਾ ਆਪਣੇ ਆਪ 'ਚ ਗਰਮ ਮਹੀਨਾ ਹੁੰਦਾ ਹੈ। ਇਸ ਮਹੀਨੇ ਧਰਤ ਦੀ ਹਿੱਕ 'ਤੇ ਬੇਪ੍ਰਵਾਹ ਜਹੇ ਖੜੇ ਅੰਬਾਂ ਦੇ ਰੁੱਖਾਂ 'ਤੇ ਲੱਗੀਆਂ ਅੰਬੀਆਂ ਸੂਰਜ ਦੀ ਪਹਿਲੀ ਕਿਰਨ ਨਾਲ ਹੀ ਪਹੁ ਫੁੱਟਦਿਆਂ ਸਾਰ ਚਉ ਪਾਸੇ ਮਹਿਕਾਂ ਫੈਲੀਆ ਰਹੀਆਂ ਹੁੰਦੀਆ ਹਨ। ਕੁਦਰਤ ਦੀ ਕਾਇਨਾਤ 'ਚ ਮਿੰਨੀ-ਮਿੰਨੀ ਵਗਦੀ ਲੂ 'ਚ ਝੂਲਦੇ ਲੀਚੀਆਂ, ਆੜੂਆਂ ਤੇ ਅਨਾਰਾਂ ਦੇ ਰੁੱਖ ਧਰਤ ਦਾ ਰੂਪ ਸ਼ਿੰਗਾਰਦੇ ਨਜ਼ਰ ਆਉਂਦੇ ਹਨ। ਜੇਠ ਦੇ ਮਹੀਨੇ ਨੂੰ ਲੂੰਆਂ ਦਾ ਮਹੀਨਾ ਵੀ ਕਿਹਾ ਜਾਂਦਾ ਹੈ।

ਜੇਠ ਮਹੀਨੇ ਸੂਰਜ ਦੇ ਤੇਜ਼ ਤਪਸ਼ ਆਪਣਾ ਅਸਰ ਹਰ ਪਸ਼ੂ,ਪੰਛੀ,ਰੁੱਖ ਅਤੇ ਮਨੁੱਖ ਤੇ ਦਿਖਾਉਂਦੀ ਹੈ। ਇਸ ਮੌਸਮ 'ਚ ਵਗਦੀ ਲੂੰ ਫੁੱਲ, ਪੱਤੀਆਂ ਅਤੇ ਮਨੁੱਖੀ ਸਰੀਰਾਂ ਨੂੰ ਜਦੋਂ ਛੂਹ ਕੇ ਲੰਘਦੀ ਤਾਂ ਇਕ ਵਾਰ ਤਾਂ ਜੇਠ ਮਹੀਨਾ ਆਪਣੇ ਗਰਮ ਸੁਭਾ ਦਾ ਅਹਿਸਾਸ ਕਰਵਾ ਜਾਂਦਾ ਹੈ। ਇਉਂ ਜਾਪਦਾ ਕਿ ਜੇਠ ਮਹੀਨੇ ਸੂਰਜ ਦੀ ਤੇਜ਼ ਤਪਸ਼ 'ਚ ਤਪਦੀ ਧਰਤੀ ਦੀ ਰੂਹ ਵੀ ਪਾਣੀ-ਪਾਣੀ ਕੁਰਲਾਉਂਦੀ ਹੋਵੇ। ਸੱਥਾਂ ਵਿੱਚ ਲੱਗੇ ਪਿੱਪਲ,ਬੋਹੜ ਦੀਆ ਛਾਵਾਂ 'ਚ ਬੈਠੇ ਲੋਕ ਭੱਠ ਵਾਂਗੂੰ ਤਪਦੀ ਧਰਤੀ ਨੂੰ ਵੇਖ, ਪ੍ਰਮਾਤਮਾ ਨੂੰ ਛਿੱਟ ਮੀਂਹ ਦੀ ਪਾਉਣ ਦੀ ਅਰਜੋਈ ਕਰਦੇ ਨਜ਼ਰ ਆਉਂਦੇ ਹਨ। ਜੇਠ ਦੇ ਮਹੀਨੇ ਚਹੁੰ ਪਾਸੀ ਵਗਦੀ ਲੂੰ ਕਾਰਨ ਟੋਭੇ, ਖ਼ੂਹ ਸੁੱਕਣ ਕੰਡੇ ਆ ਪੁੱਜਦੇ ਹਨ। ਜੇ ਕਿਤੇ ਜੇਠ ਮਹੀਨੇ ਕਿਤੇ ਇਕ-ਦੋ ਮੀਂਹ ਪੈ ਜਾਣ ਤਾਂ ਪਸ਼ੂ, ਪੰਛੀ ਤੇ ਮਨੁੱਖ ਜੇਠ ਮਹੀਨੇ ਦੀ ਗਰਮੀ ਨੂੰ ਭੁੱਲ ਕੁਝ ਸਮੇਂ ਲਈ ਠੰਡੇ ਬੁੱਲਿਆਂ ਦਾ ਅਨੰਦ ਮਾਣਦੇ ਨਜ਼ਰੀ ਪੈਂਦੇ ਹਨ। ਇਹ ਜੇਠ ਦਾ ਮਹੀਨਾ ਸਦਾ ਤੋਂ ਅਜਿਹਾ ਨਹੀ ਸੀ, ਇਨ੍ਹਾਂ ਕਰੜਾ, ਇਨ੍ਹਾਂ ਰੁੱਖਾ ਤੇ ਇਨ੍ਹਾਂ ਲੂੰ ਭਰਿਆ, ਜੇ ਕਹਿ ਲਈਏ ਕਿ ਜਹਿ ਲੋਕ ਤਹੀਆਂ ਰੁੱਤਾਂ ਕਿਉਂ ਕਿ ਮਨੁੱਖ ਨੇ ਆਪਣੇ ਸੁਆਰਥ ਲਈ ਕੁਦਰਤ ਨਾਲ ਜਦੋਂ ਤੋਂ ਛੇੜ-ਛਾੜ ਕਰਨੀ ਸ਼ੁਰੂ ਕੀਤੀ ਬਸ ਉਦੋ ਤੋਂ ਹੀ ਮੌਸਮੀ ਚੱਕਰ 'ਚ ਆਈ ਤਬਦੀਲੀ ਨੇ ਰੁੱਤਾਂ ਦਾ ਸੁਭਾਅ ਵੀ ਬਦਲਕੇ ਰੱਖ ਦਿੱਤਾ।

ਜੇਠ ਦੇ ਮਹੀਨੇ ਜਿੱਥੇ ਚਹੁੰ ਪਾਸੀ ਵਗਦੀ ਲੂੰ ਨੇ ਮਨੁੱਖੀ ਚਿਹਰਿਆਂ ਤੋਂ ਰੌਣਕ ਉਡਾਈ ਹੁੰਦੀ ਹੈ ਉੱਥੇ ਹੀ ਅਮਲਤਲਾਸ ਤੇ ਗੁਲਮੋਹਰ ਜਹੇ ਰੁੱਖਾਂ ਤੇ ਇਉਂ ਜਾਪਦਾ ਜਿਵੇਂ ਜੇਠ ਮਹੀਨੇ ਬਾਹਰ ਰੁੱਤ ਮੁਹੱਬਤ ਦੀ ਬਾਤ ਪਾਉਣ ਆਈ ਹੋਵੇ, ਏਸੇ ਨੂੰ ਹੀ ਤਾਂ ਕੁਦਰਤ ਕਹਿੰਦੇ ਨੇ, ਤੇ ਏਸੇ ਨੂੰ ਕੁਦਰਤ ਦੇ ਰੰਗ। ਜੇਠ ਦੇ ਮਹੀਨੇ ਅਮਲਤਲਾਸ ਦੇ ਰੁੱਖਾਂ ਤੇ ਖਿੜੇ ਪੀਲੇ, ਕੇਸਰੀ ਰੰਗਾ ਦੇ ਫੁੱਲ ਇਸ ਜੇਠ ਮਹੀਨੇ ਦੇ ਤਪਸ਼ ਭਰੇ ਮਾਹੌਲ 'ਚ ਵੀ ਮਨੁੱਖੀ ਮਨਾ ਨੂੰ ਮੋਹ ਲੈਂਦੇ ਹਨ। ਜੇਠ ਮਹੀਨਾ ਚੜ੍ਹਦੇ ਹੀ ਇਹ ਅਮਲਤਲਾਸ ਦਾ ਖ਼ੂਬਸੂਰਤ ਰੁੱਖ ਫੁੱਲਾਂ ਨਾਲ ਲੱਦਿਆ ਜਾਂਦਾ ਹੈ। ਜੇਠ ਦੇ ਤਪਦੇ ਮਹੀਨੇ 'ਚ ਬਾਹਰ ਰੁੱਤ ਦੇ ਰੁੱਖਾਂ ਵਾਂਗੂ ਖਿੜਨ ਤੇ ਗਰਮ ਵਗਦੀਆਂ ਹਵਾਵਾਂ ਨਾਲ ਮੁਹੱਬਤ ਦੀਆ ਬਾਤਾਂ ਪਾਉਣੀਆਂ ਕੋਈ ਅਮਲਤਲਾਸ ਦੇ ਰੁੱਖਾਂ ਤੋਂ ਸਿੱਖੇ, ਭੱਠ ਵਾਂਗੂ ਤਪਦੇ ਇਸ ਮਹੀਨੇ 'ਚ ਅਮਲਤਲਾਸ ਦੇ ਰੁੱਖ ਇਉਂ ਜਾਪਦਾ ਕਿ ਸੰਸਾਰ ਨੂੰ ਸੰਦੇਸ਼ ਦਿੰਦੇ ਹੋਣ ਕਿ ਮੌਸਮ,ਬਹਾਰਾਂ ਤੇ ਜਿੰਦਗੀ 'ਚ ਉਤਾਰ-ਚੜ੍ਹਾ ਤਾਂ ਆਉਂਦੇਰਹਿੰਦੇ ਹਨ, ਉਨ੍ਹਾਂ ਦੀ ਪ੍ਰਵਾਹ ਕੀਤੇ ਬਿਨਾਂ ਚੱਲਦੇ ਰਹੋ,ਖੁਸ਼ ਰਹੋ,ਖਿੜੇ ਰਹੋ। ਇਸੇ ਤਰਾਂ ਜਿਵੇਂ ਅਮਲਤਲਾਸ ਦੇ ਰੁੱਖ ਕੁਦਰਤ 'ਚ ਚਹੁੰ ਪਾਸੀ ਆਪਣੇ ਪੀਲੇ, ਕੇਸਰੀ ਰੰਗਾ ਦੇ ਫੁੱਲਾ ਰਾਹੀ ਰੰਗ ਬਿਖੇਰਦੇ ਨਜ਼ਰੀ ਆਉਂਦੇ ਹਨ, ਉੱਥੇ ਹੀ ਗੁਲਮੋਹਰ ਰੁੱਖ ਦੇ ਫੁੱਲ ਵੀ ਜੇਠ ਮਹੀਨੇ ਪੂਰੇ ਜੋਬਨ ਤੇ ਆ ਲਾਲ-ਸੂਹੇ ਹੋ ਕੁਦਰਤ 'ਚ ਆਪਣਾ ਰੰਗ ਬਿਖਰੇ ਨਜ਼ਰੀ ਆਉਂਦੇ ਹਨ। ਗੁਲਮੋਹਰ ਦੇ ਲਾਲ-ਸੂਹੇ ਫੁਲ ਵੇਖਣ ਵਾਲਿਆਂ ਦੇ ਮਨ-ਮੋਹ ਲੈਂਦੇ ਹਨ। ਜੇਠ ਦੇ ਤਪਦੇ ਮਹੀਨੇ 'ਚ ਅਮਲਤਲਾਸ ਤੇ ਗੁਲਮੋਹਰ ਦੇ ਰੁੱਖਾਂ 'ਚ ਘਿਰਿਆ ਮਨੁੱਖ ਜੇਠ ਮਹੀਨੇ ਦੀ ਤਪਸ਼ ਭੁੱਲ ਬਹਾਰ ਰੁੱਤ ਦਾ ਅਨੰਦ ਮਾਣਦਾ ਨਜ਼ਰੀ ਆਉਂਦਾ ਹੈ।

ਜੇਠ ਦੇ ਮਹੀਨੇ 'ਚ ਕਿਸਾਨ ਅਗਲੀ ਫ਼ਸਲ ਦੀ ਬਿਜਾਈ ਕਰਨ ਦੀ ਵਿਉਂਤਬੰਦੀ ਕਰਦੇ ਹਨ। ਜੇਠ ਦੇ ਮਹੀਨੇ ਖੇਤ ਦੂਰ-ਦੂਰ ਤੱਕ ਜਿਆਦਾਤਰ ਖਾਲੀ ਹੀ ਨਜ਼ਰ ਆਉਂਦੇ ਹਨ, ਦੂਰ-ਦੂਰ ਤੱਕ ਖਾਲੀ ਪਏ ਖੇਤਾਂ ਦਾ ਕਾਰਨ ਇਕ ਇਹ ਵੀ ਹੈ ਕਿ ਮੌਜੂਦਾ ਸਮੇਂ ਕਿਸਾਨ ਦੋ ਹੀ ਮੁੱਖ ਫ਼ਸਲਾਂ ਦੀ ਬਿਜਾਈ ਕਰਦੇ ਹਨ, ਇਕ ਕਣਕ ਤੇ ਦੂਜੀ ਜ਼ੀਰੀ, ਜੇ ਕਿਤੇ ਨਾਲ ਹੋਰ ਫਸਲਾਂ ਦੀ ਬਿਜਾਈ ਵੀ ਕੀਤੀ ਜਾਵੇ ਤਾਂ ਜੇਠ ਦੇ ਮਹੀਨੇ 'ਚ ਦੂਰ-ਦੂਰ ਤੱਕ ਖੇਤ ਇਉਂ ਖਾਲੀ ਨਜ਼ਰੀ ਨਾ ਆਉਣ ਨਾਲ ਹੀ ਧਰਤੀ ਦੀ ਤਪਸ਼ ਘਟਾਉਣ ਲਈ ਸਾਨੂੰ ਇਸ ਕਣਕ,ਜ਼ੀਰੀ ਦੇ ਫਸਲੀ ਚੱਕਰ 'ਚੋਂ ਨਿਕਲ ਹੋਰ ਮੌਸਮੀ ਫਸਲਾਂ ਦੀ ਪੈਦਾਵਾਰ ਵਧਾਉਣੀ ਪਵੇਗੀ। ਜਿਸ ਦੇ ਨਤੀਜੇ ਵਜੋਂ ਧਰਤੀ ਦੀ ਤਪਸ਼ ਘਟੇਗੀ, ਪਾਣੀ ਦੀ ਵਰਤੋਂ ਘਟੇਗੀ ਅਤੇ ਤੇਜੀ ਨਾਲ ਮੌਸਮੀ ਬਦਲਾਓ 'ਚ ਆਉਂਦੀ ਖ਼ਤਰਨਾਕ ਤਬਦੀਲੀ ਘਟੇਗੀ, ਸੋ ਖ਼ਤਰਨਾਕ ਮੌਸਮੀ ਬਦਲਾ ਨੂੰ ਰੋਕਣ ਲਈ ਸਾਨੂੰ ਖੁਦ ਨੂੰ ਬਦਲਣਾ ਪਵੇਗਾ। ਕੁਦਰਤ ਨਾਲ ਛੇੜਛਾੜ ਕਰਨੀ ਬੰਦ ਕਰਨੀ ਹੋਵੇਗੀ, ਕੁਦਰਤੀ ਸਰੋਤਾਂ ਦਾ ਦੁਰਉਪਯੋਗ ਬੰਦ ਕਰਨਾ ਹੋਵੇਗਾ ਤਾਂ ਜੋ ਕੋਈ ਵੀ ਮਹੀਨਾ ਮੌਸਮੀ ਤਬਦੀਲੀ ਕਾਰਨ ਆਪਣਾ ਪੁਰਾਤਨ ਵਜੂਦ ਨਾ ਗੁਆ ਬੈਠੇ।

ਇਹ ਵੀ ਦੇਖਣ, ਸੁਣਨ 'ਚ ਆਇਆ ਹੈ ਕਿ ਪੁਰਾਤਨ ਸਮਿਆਂ 'ਚ ਜਿਸ ਮਹੀਨੇ ਬੱਚੇ ਨੇ ਜਨਮ ਲੈਣਾ ਤਾਂ ਘਰ ਦੇ ਬਜ਼ੁਰਗਾਂ ਨੇ ਉਸ ਮਹੀਨੇ 'ਤੇ ਹੀ ਝੱਟ-ਪੱਟ ਜਨਮ ਲੈਣ ਵਾਲੇ ਬੱਚੇ ਦਾ ਨਾਂਅ ਰੱਖ ਦੇਣਾ ਜਿਵੇਂ ਜੇਠ ਮਹੀਨਾ ਚੱਲ ਰਿਹਾ ਹੈ ਤਾਂ ਜੇਠੂ ਮੱਲ, ਜੇਠਾ ਸਿਉਂ, ਜੇਠੇ ਖਾਂ ਆਦਿ। ਜੇਠ ਮਹੀਨੇ ਦਾ ਪੰਜਾਬੀ ਸੱਭਿਆਚਾਰ ਨਾਲ ਵੀ ਗੂੜ੍ਹਾ ਸਬੰਧ ਹੈ, ਜਿੱਥੇ ਜੇਠ ਸ਼ਬਦ ਜੇਠ ਮਹੀਨੇ ਨਾਲ ਸਬੰਧਤ ਹੈ, ਉੱਥੇ ਹੀ ਜੇਠ ਸ਼ਬਦ ਸਮਾਜਕ ਰਿਸ਼ਤਿਆਂ 'ਚ ਵੀ ਕਈ ਥਾਈਂ ਵਰਤਿਆ ਜਾਂਦਾ ਹੈ। ਸਮਾਜਕ ਰਿਸ਼ਤਿਆਂ 'ਚ ਜੇਠ ਸ਼ਬਦ ਦਾ ਸ਼ਾਬਦਿਕ ਅਰਥ ਵੱਡਾ ਹੁੰਦਾ ਹੈ, ਘਰ 'ਚ ਪਹਿਲੇ ਜਨਮ ਲੈਣ ਵਾਲੇ ਬੱਚੇ ਨੂੰ ਜੇਠਾ ਕਿਹਾ ਜਾਂਦਾ, ਜੋ ਅੱਜ ਵੀ ਪ੍ਰਚੱਲਤ ਹੈ। ਇਉਂ ਹੀ ਪੁਰਾਤਨ ਸਮਿਆਂ 'ਚ ਘਰ ਦੇ ਮੋਢੀ ਪੁਰਸ਼ ਨੂੰ ਵੀ ਜੇਠ ਆਖ ਬੁਲਾਇਆ ਜਾਂਦਾ ਸੀ ਅਤੇ ਵਿਆਹੁਤਾ ਜੀਵਨ ਹੰਢਾ ਰਹੀਆਂ ਇਸਤਰੀਆਂ ਦਾ ਆਪਣੇ ਪਤੀ ਦੇ ਵੱਡੇ ਭਰਾ ਨਾਲ ਰਿਸ਼ਤਾ ਵੀ ਜੇਠ ਵਾਲਾ ਹੁੰਦਾ ਹੈ।

ਜਿੱਥੇ ਜੇਠ ਮਹੀਨਾ ਆਪਣੇ ਕੁਦਰਤੀ ਸੁਭਾ ਕਾਰਨ ਗਰਮ ਮਹੀਨਾ ਤਾਂ ਹੁੰਦਾ ਹੀ ਹੈ ਉੱਥੇ ਹੀ ਇਸ ਮਹੀਨੇ ਦੀ ਤਪਸ਼ ਵਧਾਉਣ 'ਚ ਮਨੁੱਖ ਨੇ ਵੀ ਕੋਈ ਕਸਰ ਬਾਕੀ ਨਹੀ ਛੱਡੀ, ਰੁੱਖਾਂ ਦੀ ਅੰਨੇਵਾਹ ਕਟਾਈ, ਪਾਣੀ ਦੀ ਦੁਰਵਰਤੋਂ, ਇਸੇ ਜੇਠ ਮਹੀਨੇ ਕਣਕ ਦੀ ਕਟਾਈ ਤੋਂ ਮਗਰੋਂ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾ ਵਾਤਾਵਰਨ ਗੰਦਲਾ ਕਰਨ ਦੇ ਨਾਲ-ਨਾਲ ਤਪਸ਼ ਵੀ ਵਧਾ ਰਹੇ ਹਾਂ। ਦੂਜੇ ਪਾਸੇ ਜੇਠ ਮਹੀਨਾ ਚੜ੍ਹਦੇ ਹੀ ਮੋਟਰ ਗੱਡੀਆਂ, ਦਫ਼ਰਤਾ, ਘਰੇਲੂ ਤੇ ਵਪਾਰਕ ਥਾਵਾਂ ਤੇ ਚੱਲਦੇ ਏਅਰਕੰਡੀਸ਼ਨ ਜੋ ਇਨ੍ਹਾਂ ਕੰਕਰੀਟ ਦੀਆ ਇਮਾਰਤਾਂ ਨੂੰ ਤਾਂ ਅੰਦਰੋਂ ਬੇਸ਼ੱਕ ਆਰਜ਼ੀ ਤੋਰ ਤੇ ਠੰਡਾ ਕਰਦੇ ਹਨ ਪ੍ਰੰਤੂ ਬਾਹਰੀ ਤਪਸ਼ ਵਧਾਉਣ 'ਚ ਆਪਣਾ ਪੂਰਾ ਯੋਗਦਾਨ ਪਾਉਂਦੇ ਹਨ, ਇਹ ਏਅਰਕੰਡੀਸ਼ਨ ਬਾਹਰ ਵੱਲ ਛੱਡਦੇ ਗਰਮ ਹਵਾ ਵਾਤਾਵਰਨ 'ਚ ਗਰਮੀ ਵਧਾਉਣ ਦਾ ਕੰਮ ਕਰਦੇ ਹਨ ਤੇ ਅਸੀ ਦੋਸ਼ ਕੱਲਾ ਜੇਠ ਮਹੀਨੇ ਨੂੰ ਦਈ ਜਾਂਦੇ ਹਾਂ। ਅਸੀ ਜੇਠ ਮਹੀਨੇ ਦੀ ਤਪਸ਼ ਘਟਾ ਸਕਦੇ ਹਾਂ, ਆਪਣੇ ਆਲੇ;ਦੁਆਲੇ ਰੁੱਖ ਲਗਾ, ਆਪਣੀ ਧਰਤੀ ਤੇ ਜੰਗਲ ਹੇਠ ਰਕਬਾ ਵਧਾ, ਜਿੱਥੇ ਇਕ ਖ਼ੂਬਸੂਰਤ ਵਾਤਾਵਰਨ ਸਿਰਜ ਸਕਦੇ ਹਾਂ ਉੱਥੇ ਹੀ ਤਪੇਦੇਂ ਜੇਠ ਮਹੀਨੇ ਨੂੰ ਕੁਝ ਹੱਦ ਤੱਕ ਠਾਰਣ ਦਾ ਯਤਨ ਵੀ ਕਰ ਸਕਦੇ ਹਾਂ।




# ਵਧ ਰਹੇ ਜਲਵਾਯੂ ਸੰਕਟ ਨੂੰ ਰੋਕਣਾ ਬੇਹੱਦ ਜ਼ਰੂਰੀ

ਨਰਿੰਦਰ ਸਿੰਘ



ਜਲਵਾਯੂ ਤਬਦੀਲੀ ਹਰ ਕਿਸੇ ਨੂੰ ਪ੍ਰਭਾਵਿਤ ਕਰਦੀ ਹੈ। ਜਲਵਾਯੂ ਤਬਦੀਲੀ ਦਾ ਸਰੀਰਕ ਤੇ ਮਾਨਸਿਕ ਸਿਹਤ ’ਤੇ ਬੇਹੱਦ ਮਾੜਾ ਅਸਰ ਪੈਂਦਾ ਹੈ। ਇਹ ਸਿਹਤ ਲਈ ਖ਼ਤਰਨਾਕ ਹੁੰਦੀ ਹੈ। ਜਲਵਾਯੂ ਤਬਦੀਲੀ ਕਾਰਨ ਹੀ ਨਵਜੰਮੇ ਬੱਚੇ, ਬੱਚੇ ਅਤੇ ਬਜ਼ੁਰਗ ਲੋਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਤੇਜ਼ੀ ਨਾਲ ਜਲਵਾਯੂ ’ਚ ਆ ਰਹੀ ਤਬਦੀਲੀ ਕਾਰਨ ਨਵੇਂ-ਨਵੇਂ ਕਿਸਮ ਦੇ ਖ਼ਤਰਨਾਕ ਜੀਵਾਣੂ ਪੈਦਾ ਹੋ ਰਹੇ ਹਨ।

ਜੇਕਰ ਜਲਵਾਯੂ ਦੀ ਇਸ ਤਬਦੀਲੀ ’ਤੇ ਸਮੇਂ ਸਿਰ ਕਾਬੂ ਨਾ ਪਾਇਆ ਗਿਆ ਤੇ ਢੁੱਕਵੇਂ ਕਦਮ ਨਾ ਚੁੱਕੇ ਗਏ ਤਾਂ ਸੰਸਾਰ ਅੰਦਰ ਭਿਆਨਕ ਜਾਨਲੇਵਾ ਬਿਮਾਰੀਆਂ ਲੋਕਾਂ ਨੂੰ ਚਿੰਬੜ ਜਾਣਗੀਆਂ। ਜਲਵਾਯੂ ਤਬਦੀਲੀ ਕਾਰਨ ਵੱਡੀ ਆਬਾਦੀ ਪਹਿਲਾਂ ਹੀ ਭਾਰੀ ਕੀਮਤ ਅਦਾ ਕਰ ਰਹੀ ਹੈ ਅਤੇ ਇਹ ਉਨ੍ਹਾਂ ਲੋਕਾਂ ਲਈ ਗੰਭੀਰ ਹੈ, ਜਿਨ੍ਹਾਂ ਨੂੰ ਸਿਹਤ ਸੇਵਾਵਾਂ ਅਤੇ ਸਮਾਜਿਕ ਸਹਾਇਤਾ ਤੱਕ ਨਿਯਮਤ ਪਹੁੰਚ ਦੀ ਲੋੜ ਪੈਂਦੀ ਹੈ।

ਤਾਪਮਾਨ ’ਚ ਲਗਾਤਾਰ ਹੋ ਰਿਹਾ ਅਥਾਹ ਵਾਧਾ ਸਾਡੀ ਸਿਹਤ ’ਤੇ ਖ਼ਤਰਨਾਕ ਢੰਗ ਨਾਲ ਅਸਰ ਪਾ ਰਿਹਾ ਹੈ। ਜ਼ਿਆਦਾ ਗਰਮੀ ਕਾਰਨ ਬੱਚਿਆਂ ਦਾ ਸਮੇਂ ਤੋਂ ਪਹਿਲਾਂ ਜੰਮਣਾ ਅਤੇ ਬਜ਼ੁਰਗਾਂ ਨੂੰ ਸਾਹ ਲੈਣ ਵਿਚ ਤਕਲੀਫ਼ ਸਮੇਤ ਦਿਲ ਦੇ ਦੌਰੇ ਪੈਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ ਹਨ।ਉੱਚ ਤਾਪਮਾਨ ਜਾਨਲੇਵਾ ਰੋਗਾਂ ਨੂੰ ਸੱਦਾ ਦਿੰਦਾ ਹੈ। ਧਰਤੀ ’ਤੇ ਵਧ ਰਹੇ ਤਾਪਮਾਨ ਕਾਰਨ ਹੀ ਗਲੇਸ਼ੀਅਰ ਖ਼ਤਰਨਾਕ ਹੱਦ ਤੱਕ ਪਿਘਲ ਰਹੇ ਹਨ। ਗਲੇਸ਼ੀਅਰਾਂ ਨੂੰ ਸੰਸਾਰ ਪੱਧਰ ’ਤੇ ਹੀ ਖੋਰਾ ਲੱਗਿਆ ਹੋਇਆ ਹੈ। ਇਨ੍ਹਾਂ ਦਾ ਵਾਧੂ ਪਾਣੀ ਸਮੁੰਦਰੀ ਤਲ ਨੂੰ ਉੱਪਰ ਚੁੱਕ ਰਿਹਾ ਹੈ।ਇਹ ਤਬਦੀਲੀਆਂ ਸਾਡੇ ਮੌਨਸੂਨ ਚੱਕਰ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਸਥਿਤੀ ਇਵੇਂ ਜਾਰੀ ਰਹੀ ਤਾਂ ਸਮੁੰਦਰ ਕਈ ਤਟੀ ਸ਼ਹਿਰਾਂ ਨੂੰ ਨਿਗਲ ਲਏਗਾ। ਤਾਪਮਾਨ ਵਿਚ ਡੇਢ ਡਿਗਰੀ ਸੈਲਸੀਅਸ ਵਾਧੇ ਕਾਰਨ ਕਿਤੇ ਤਾਂ ਗਰਮੀ ਵਧ ਰਹੀ ਹੈ ਤੇ ਕਈ ਥਾਵਾਂ ’ਤੇ ਮੌਸਮ ਲੰਬਾ ਹੋ ਰਿਹਾ ਹੈ।

ਰੁੱਤਾਂ ਵਿੱਚ ਵਿਗਾੜ ਆ ਰਿਹਾ ਹੈ।ਮੀਂਹ ਸਮੇਂ ਸਿਰ ਨਹੀਂ ਪੈ ਰਹੇ।ਹਰ ਰੁੱਤ ਲਈ ਲਈ ਵੱਖਰੇ ਤੌਰ ’ਤੇ ਢੁੱਕਵੇਂ ਲੋਕ ਗੀਤ ਹੁੰਦੇ ਸਨ। ਤੀਆਂ ਵੇਲੇ ਘਨਘੋਰ ਘਟਾਵਾਂ ਝਕਾਨੀ ਦੇ ਜਾਂਦੀਆਂ ਹਨ।ਜਲਵਾਯੂ ਸੰਕਟ ਦੀ ਨਜ਼ਾਕਤ ਨੂੰ ਸਮੇਂ ਸਿਰ ਸਮਝਿਆ ਨਾ ਗਿਆ ਤਾਂ ਬਹੁਤ ਦੇਰ ਹੋ ਜਾਵੇਗੀ। ਦੁਨੀਆਂ ਦਾ ਤਾਪਮਾਨ ਵਧਣ ਕਾਰਨ ਮੌਸਮਾਂ ਵਿੱਚ ਤਬਦੀਲੀ ਆਉਣੀ ਲਾਜ਼ਮੀ ਹੈ।

ਵਾਤਾਵਰਣ ਵਿੱਚ ਪੈਦਾ ਹੋਈਆਂ ਗੈਸਾਂ ਦੇ ਰਿਸਾਅ ਕਾਰਨ ਤਾਪਮਾਨ ਵਿੱਚ ਹਰ ਰੋਜ਼ ਵਾਧਾ ਹੋ ਰਿਹਾ ਹੈ ਕਿਉਂਕਿ ਪੂੰਜੀਵਾਦੀ ਸਿਸਟਮ ਵਾਲੀਆਂ ਸਰਕਾਰਾਂ 2015 ਵਿੱਚ ਪੈਰਿਸ ਵਿੱਚ ਵਾਤਾਵਰਣ ਸਬੰਧੀ ਚੋਟੀ ਦੀ ਵਾਰਤਾਵਾਂ ਦੇ ਫ਼ੈਸਲਿਆਂ ਨੂੰ ਲਾਗੂ ਕਰਨ ਤੋਂ ਕੋਹਾਂ ਦੂਰ ਰਹੀਆਂ ਹਨ, ਇਸ ਕਾਰਨ ਕਾਰਬਨ-ਡਾਈਆਕਸਾਈਡ ਦੀ ਮਾਤਰਾ ਘੱਟ ਕਰਨ ਤੇ ਕੌਮਾਂਤਰੀ ਤਾਪਮਾਨ ਨੂੰ ਡੇਢ ਡਿਗਰੀ ਹੇਠਾਂ ਲਿਆਉਣ ਲਈ ਮਿੱਥੇ ਟੀਚੇ ਪੂਰੇ ਨਹੀਂ ਹੋ ਰਹੇ ਹਨ ਕਿਉਂਕਿ ਪੂੰਜੀਵਾਦ ਕਾਰਨ ਕੁਦਰਤੀ ਸਰੋਤਾਂ ਦੀ ਬੇਕਿਰਕੀ ਨਾਲ ਲੁੱਟ ਹੋ ਰਹੀ ਹੈ।

ਪੈਰਿਸ ਸਮਝੌਤੇ ਤਹਿਤ ਕਈ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਨੇ ਜ਼ਹਿਰੀਲੀਆਂ ਗ੍ਰੀਨ ਹਾਊਸ ਗੈਸਾਂ ਦੀ ਦਰ ਘਟਾਉਣ ਦਾ ਹਲਫ਼ ਲਿਆ ਸੀ। ਜੰਗਲਾਂ ਦੀ ਬੇਤਹਾਸ਼ਾ ਕਟਾਈ ਤੇ ਜ਼ਹਿਰੀਲੀਆਂ ਗੈਸਾਂ ਕਾਰਨ ਵਿਸ਼ਵ ਪਿੰਡ ਅੱਗ ਦੀਆਂ ਲਪਟਾਂ ’ਚ ਘਿਰਿਆ ਹੋਇਆ ਹੈ।

ਅੰਨ੍ਹੇਵਾਹ ਰੁੱਖਾਂ ਦੀ ਕਟਾਈ ਨਾਲ ਹਾਲਾਤ ਬਹੁਤ ਵਿਗੜ ਗਏ ਹਨ। ਧਰਤੀ ਦੀ ਹਿੱਕ ਸਾੜਨ ਅਤੇ ਰੁੱਖਾਂ ਦੀ ਕਟਾਈ ਕਰਨ ਨਾਲ ਜਿੱਥੇ ਤਪਸ਼ ’ਚ ਵਾਧਾ ਹੋਇਆ ਹੈ, ਉੱਥੇ ਸਾਰੇ ਠੰਢੀਆਂ ਹਵਾਵਾਂ ਤੋਂ ਵੀ ਵਿਰਵੇ ਹੋਏ ਹਨ।ਭਾਰਤ ’ਚ ਪ੍ਰਤੀ ਵਿਅਕਤੀ ਦੇ ਹਿੱਸੇ 28 ਰੁੱਖ ਆਉਂਦੇ ਹਨ ਜਦਕਿ ਚੀਨ ’ਚ ਇਨ੍ਹਾਂ ਦੀ ਗਿਣਤੀ 102, ਬ੍ਰਾਜ਼ੀਲ ’ਚ 1494 ਅਤੇ ਕੈਨੇਡਾ ’ਚ 8953 ਹੈ। ਭਵਿੱਖ ਬਚਾਉਣ ਲਈ ਵਧੇਰੇ ਰੁੱਖ ਲਾਉਣ ਦੀ ਲੋੜ ਹੈ। ਭਾਰਤ ’ਚ ਧੂੰਏਂ ਦੀ ਸਮੱਸਿਆ ਹਮੇਸ਼ਾ ਤੋਂ ਗੰਭੀਰ ਬਣੀ ਰਹੀ ਹੈ। ਨਾੜ ਤੇ ਪਰਾਲੀ ਨੂੰ ਅੱਗ, ਜੰਗਲਾਂ ਦੀ ਅੱਗ, ਉਦਯੋਗਾਂ ਤੋਂ ਉਪਜੇ ਧੂੰਏਂ, ਨਿਰਮਾਣ ਸਰਗਰਮੀਆਂ ਨਾਲ ਪੈਦਾ ਹੋਈ ਧੂੜ ਅਤੇ ਕੂੜੇ-ਕਚਰੇ ਦੀ ਸਮੱਸਿਆ ਹਵਾ ਦੀ ਗੁਣਵੱਤਾ ਨੂੰ ਖ਼ਰਾਬ ਕਰਨ ਦਾ ਕਾਰਨ ਬਣਦੇ ਹਨ।

ਵਧ ਰਹੀ ਆਬਾਦੀ ਕਾਰਨ ਦੇਸ਼ ਦੇ ਜੰਗਲ ਅਤੇ ਹਰੇ-ਭਰੇ ਖੇਤਰ ਲਗਾਤਾਰ ਘੱਟ ਹੁੰਦੇ ਜਾ ਰਹੇ ਹਨ ਅਤੇ ਕੰਕਰੀਟ ਦੇ ਜੰਗਲ ਦਾ ਦਾਇਰਾ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਕਾਰਨ ਵੀ ਮੌਸਮਾਂ ਦੇ ਚੱਕਰ ਵਿੱਚ ਤਬਦੀਲੀ ਰਹੀ ਹੈ।

ਗ੍ਰੀਨ ਹਾਊਸ ਗੈਸਾਂ ਨੇ ਹਵਾ ਪ੍ਰਦੂਸ਼ਣ ਦੀਆਂ ਸਥਿਤੀਆਂ ਨੂੰ ਲਗਾਤਾਰ ਗੰਭੀਰ ਬਣਾਇਆ ਹੋਇਆ ਹੈ। ਚਾਲੂ ਸਾਲ ’ਚ ਵੀ ਹਵਾ ਪ੍ਰਦੂਸ਼ਣ ਅਤੇ ਵਿਸ਼ਵ ਪੱਧਰ ’ਤੇ ਅਚਾਨਕ ਦਿਖਾਈ ਦਿੱਤੀਆਂ ਜਲਵਾਯੂ ਤਬਦੀਲੀਆਂ ਨਾਲ ਜ਼ਿਆਦਾ ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ।

ਦੇਸ਼ ਦੇ ਪੌਣ-ਪਾਣੀ ਸਬੰਧੀ ਉਲਟ ਤਬਦੀਲੀਆਂ ਅਕਸਰ ਮਨੁੱਖੀ ਲਾਪਰਵਾਹੀਆਂ ਕਾਰਨ ਹੀ ਹੁੰਦੀਆਂ ਹਨ। ਸਾਲ 2021 ’ਚ ਵਿਸ਼ਵ ਭਰ ’ਚ ਹਵਾ ਪ੍ਰਦੂਸ਼ਣ ਕਾਰਨ ਹੋਈਆਂ 81 ਲੱਖ ਮੌਤਾਂ ’ਚੋਂ 23 ਲੱਖ ਤੋਂ ਵਧੇਰੇ ਇਕੱਲੇ ਭਾਰਤ ’ਚ ਹੋਈਆਂ ਸਨ। ਵਾਤਾਵਰਣ ਵਿੱਚ ਆਏ ਵਿਗਾੜ ਕਾਰਨ ਜੋ ਹਵਾ, ਪਾਣੀ, ਧਰਤੀ ਤੇ ਸੂਰਜ ਮਨੁੱਖ ਨੂੰ ਜੀਵਨ ਦਿੰਦੇ ਸਨ, ਅੱਜ ਅਚਾਨਕ ਉਸ ਦੇ ਦੁਸ਼ਮਣ ਬਣ ਗਏ ਹਨ। ਇਹ ਬਿਪਤਾਵਾਂ ਮਨੁੱਖ ਵੱਲੋਂ ਕੁਦਰਤ ਦੇ ਨੇਮਾਂ ’ਚ ਬੇਲੋੜੀ ਦਖ਼ਲਅੰਦਾਜ਼ੀ ਦਾ ਸਿੱਟਾ ਹਨ। ਵਾਤਾਵਰਣ ਦੀ ਮੌਜੂਦਾ ਸਥਿਤੀ ’ਤੇ ਜੇਕਰ ਝਾਤ ਮਾਰੀਏ ਤਾਂ ਜੋ ਤਸਵੀਰ ਸਾਡੇ ਜ਼ਿਹਨ ਵਿੱਚ ਉੱਭਰਦੀ ਹੈ, ਉਹ ਅਤਿ ਨਿਰਾਸ਼ਾਜਨਕ ਹੈ। ਸਾਨੂੰ ਨਾ ਤਾਂ ਸਾਹ ਲੈਣ ਲਈ ਸ਼ੁੱਧ ਹਵਾ ਮਿਲ ਰਹੀ ਹੈ ਅਤੇ ਨਾ ਹੀ ਪੀਣ ਲਈ ਸ਼ੁੱਧ ਪਾਣੀ।ਵਾਤਾਵਰਣ ਦੀ ਤਬਦੀਲੀ ਮਨੁੱਖ ਲਈ ਘਾਤਕ ਸਾਬਿਤ ਹੋ ਸਕਦੀ ਹੈ ਅਤੇ ਇਹ ਧਰਤੀ ਉਤਲੇ ਜੀਵਨ ਲਈ ਖ਼ਤਰਾ ਪੈਦਾ ਕਰ ਸਕਦੀ ਹੈ। ਗ੍ਰੀਨ ਹਾਊਸ ਗੈਸਾਂ ਦੀ ਨਿਕਾਸੀ ਪਹਿਲਾਂ ਵਾਂਗ ਹੀ ਜਾਰੀ ਹੈ। ਹਾਲਤ ਇਹ ਬਣੀ ਹੋਈ ਹੈ ਕਿ ਕੋਲਾ ਫੂਕਣ ਨਾਲ ਹੋਣ ਵਾਲੀ ਕਾਰਬਨ ਦੀ ਨਿਕਾਸੀ ਬਾਰੇ ਵੀ ਹਾਲੇ ਤੱਕ ਕੋਈ ਸਮਝੌਤਾ ਸਿਰੇ ਨਹੀਂ ਲੱਗ ਸਕਿਆ। ਵਧ ਰਹੀ ਗਰਮੀ ਦਾ ਮੁੱਖ ਕਾਰਨ ਵਾਤਾਵਰਣ ਦੀ ਤਬਦੀਲੀ ਹੀ ਲੱਗਦਾ ਹੈ।

ਵਾਤਾਵਰਣ ਦੀ ਤਬਦੀਲੀ ਨਾਲ ਗਰਮੀ ਦੇ ਮੌਸਮ ਦੇ ਵਧੇਰੇ ਗਰਮ ਹੋਣ ਦਾ ਨਤੀਜਾ ਨਿਕਲਿਆ ਹੈ। ਉਸ ਨੂੰ ਵਿਗਿਆਨੀਆਂ ਨੇ ਹਕੀਕਤ ਵਜੋਂ ਪ੍ਰਵਾਨ ਕਰ ਲਿਆ ਹੈ। ਮੌਸਮ ਵਿਗਿਆਨੀਆਂ ਵੱਲੋਂ ਸਲਾਹ ਦਿੱਤੀ ਜਾ ਰਹੀ ਹੈ ਕਿ ਹੁਣ ਸਾਨੂੰ ਵਧੇਰੇ ਗਰਮੀਆਂ ਵਾਲੇ ਮੌਸਮਾਂ ’ਚ ਰਹਿਣ ਦੀ ਤਿਆਰੀ ਕਰ ਲੈਣੀ ਚਾਹੀਦੀ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਆਦਮੀ 50 ਡਿਗਰੀ ਸੈਲਸੀਅਸ ਤੱਕ ਦੀ ਗਰਮੀ ਹੀ ਮੁਸ਼ਕਲ ਨਾਲ ਬਰਦਾਸ਼ਤ ਕਰ ਸਕਦਾ ਹੈ।ਇਸ ਤੋਂ ਜ਼ਿਆਦਾ ਗਰਮੀ ਮਨੁੱਖ ਦੀ ਹੋਂਦ ਲਈ ਖ਼ਤਰਾ ਖੜ੍ਹਾ ਕਰ ਸਕਦੀ ਹੈ। ਆਲਮੀ ਤਪਸ਼ ’ਚ ਦਿਨ-ਬ-ਦਿਨ ਵਾਧਾ ਹੋ ਰਿਹਾ ਹੈ ਅਤੇ ਆਲਮੀ ਤਪਸ਼ ਤਬਾਹੀ ਮਚਾ ਰਹੀ ਹੈ।

ਜੇਕਰ ਇਸ ਦਾ ਹੱਲ ਨਾ ਨਿਕਲਿਆ ਤਾਂ ਇਹ 2030 ਤੱਕ ਮਨੁੱਖ ਦੇ ਵੱਸੋਂ ਬਾਹਰ ਹੋ ਜਾਵੇਗੀ। ਵਾਤਾਵਰਣ ਦੀ ਵਿਗੜ ਰਹੀ ਸਥਿਤੀ ਦੀ ਸਮੱਸਿਆ ਦੇ ਉਸਾਰੂ ਹੱਲ ਨਾ ਕੇਵਲ ਸਰਕਾਰਾਂ ਬਲਕਿ ਹਰ ਵਿਅਕਤੀ ਨੂੰ ਆਪਣੇ ਪੱਧਰ ’ਤੇ ਕਰਨੇ ਚਾਹੀਦੇ ਹਨ। ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਦੇ ਸਹਿਯੋਗ ਨਾਲ ਆਮ ਲੋਕਾਂ ਨੂੰ ਇਸ ਦੇ ਮਾਰੂ ਸਿੱਟਿਆਂ ਬਾਰੇ ਪੂਰੀ ਤਰ੍ਹਾਂ ਸੁਚੇਤ ਕਰਨਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਨਸਲਾਂ ਨੂੰ ਸ਼ੁੱਧ ਵਾਤਾਵਰਣ ਦਿੱਤਾ ਜਾ ਸਕੇ।

ਜਿਵੇਂ-ਜਿਵੇਂ ਅਸੀਂ ਵਾਤਾਵਰਣ ਨੂੰ ਸਹਿਜੇ-ਸਹਿਜੇ ਵਿਗਾੜਨ ਦਾ ਗੁਨਾਹ ਕੀਤਾ ਹੈ, ਇਸੇ ਤਰ੍ਹਾਂ ਸਹਿਜੇ-ਸਹਿਜੇ ਵਾਤਾਵਰਣ ਨੂੰ ਸੰਵਾਰਨ ਦਾ ਸਾਂਝਾ ਉੱਦਮ ਕਰਨਾ ਚਾਹੀਦਾ ਹੈ। ਜਲਵਾਯੂ ਤਬਦੀਲੀ ਨੂੰ ਤੁਰੰਤ ਘਟਾਉਣ ਦੀ ਲੋੜ ਹੈ। ਜੀਵਨ ਦੇ ਵੱਖ-ਵੱਖ ਪੜਾਵਾਂ ’ਤੇ ਸਿਹਤ ਦੀ ਰੱਖਿਆ ਕਰਨ ਵਾਲੀਆਂ ਖ਼ਾਸ ਕਾਰਵਾਈਆਂ ਕਰਨ ਅਤੇ ਮੌਸਮੀ ਆਫ਼ਤਾਂ ਦੇ ਵਾਪਰਨ ਵੇਲੇ ਸਭ ਤੋਂ ਵਧ ਜੋਖ਼ਮ ਵਾਲੇ ਲੋਕਾਂ ਲਈ ਸਿਹਤ ਸੇਵਾਵਾਂ ਦੀ ਨਿਰੰਤਰਤਾ ਨੂੰ ਯਕੀਨੀ ਬਣਾਉਣ ਲਈ ਕਦਮ ਪੁੱਟਣ ਦੀ ਲੋੜ ਹੈ।ਵਧ ਰਹੇ ਜਲਵਾਯੂ ਸੰਕਟ ਨੂੰ ਰੋਕਣਾ ਬੇਹੱਦ ਜ਼ਰੂਰੀ ਹੈ। ਜਿੰਨਾ ਭਾਰਤ ਪੂਰੇ ਵਿਸ਼ਵ ’ਚ ਜਲਵਾਯੂ ਪ੍ਰਦੂਸ਼ਣ ਅਤੇ ਜਲਵਾਯੂ ਤਬਦੀਲੀ ਨੂੰ ਘੱਟ ਕਰਨ ’ਚ ਆਪਣੀ ਅਹਿਮ ਭੂਮਿਕਾ ਨਿਭਾਅ ਸਕੇਗਾ, ਓਨਾ ਹੀ ਆਪਣੇ ਲੋਕਾਂ ਨੂੰ ਵਿਨਾਸ਼ਕਾਰੀ ਅੰਤ ਵੱਲ ਵਧਣ ਤੋਂ ਰੋਕਿਆ ਜਾ ਸਕੇਗਾ। ਆਪਣੇ ਦੇਸ਼ ’ਚ ਹਰੇ-ਭਰੇ ਖੇਤਰਾਂ ਨੂੰ ਵਧਾਉਣ, ਧੂੰਏਂ ਦੀ ਸਮੱਸਿਆ ’ਤੇ ਕਾਬੂ ਪਾਉਣ ਅਤੇ ਜਲਵਾਯੂ ਤਬਦੀਲੀ ਨੂੰ ਰੋਕਣ ਦੇ ਪੱਧਰ ’ਤੇ ਸਰਕਾਰ ਨੂੰ ਸਾਰਥਕ ਕਦਮ ਜ਼ਰੂਰ ਚੁੱਕਣੇ ਪੈਣਗੇ। ਇਸ ਦਿਸ਼ਾ ਵਿਚ ਜਿੰਨੀ ਜਲਦੀ ਦੇਸ਼ ਅੱਗੇ ਵਧੇਗਾ, ਓਨਾ ਹੀ ਇਹ ਮਾਨਵਤਾ ਦੀ ਸੁਰੱਖਿਆ ਦੇ ਹਿੱਤਾਂ ’ਚ ਹੋਵੇਗਾ।

# ਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਕਿਵੇ ਬਚਾਈਏ ?

ਡਾ. ਅਮਰੀਕ ਸਿੰਘ



ਯੂ. ਐਨ. ਓ. ਦੀ ਇੱਕ ਰਿਪੋਰਟ ਮੁਤਾਬਕ ਹਰੇਕ ਸਾਲ ਤਕਰੀਬਨ 12 ਲੱਖ ਮਨੁੱਖ ਹਵਾ ਦੇ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਬਿਮਾਰੀਆਂ ਮਰ ਜਾਂਦੇ ਹਨ। ਇਸੇ ਤਰਾਂ ਹਵਾ ਦੇ ਪ੍ਰਦੂਸ਼ਣ ਦਾ ਪਸ਼ੂਆਂ, ਦਰੱਖਤਾਂ, ਗਲੇਸ਼ੀਅਰਾਂ ਅਤੇ ਹੋਰ ਕੁਦਰਤੀ ਸੋਮਿਆਂ ’ਤੇ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ। ਵਾਤਵਰਣ ਤੋਂ ਭਾਵ ਸਾਡੇ ਆਲੇ ਦੁਆਲੇ ਦੀ ਹਰ ਉਹ ਵਸਤੂ ਜੋ ਜੀਵਾਂ ਜੰਤੂਆਂ ਦੇ ਵਾਧੇ ਵਿੱਚ ਸਹਾਈ ਹੁੰਦੀ ਹੈ ਜਿਵੇਂ ਹਵਾ, ਪਾਣੀ, ਮਿੱਟੀ, ਪੌਦੇ ਜਾਨਵਰ ਅਤੇ ਸੂਖਮ ਜੀਵ ਆਦਿ।

ਧਰਤੀ ਉੱਪਰ ਹਰੇਕ ਜੀਵ ਕੁਦਰਤ ਵੱਲੋਂ ਬਖਸ਼ੀਆਂ ਇਨਾਂ ਅਨਮੋਲ ਦਾਤਾਂ ’ਤੇ ਨਿਰਭਰ ਕਰਦਾ ਹੈ। ਆਮ ਤੌਰ ’ਤੇ ਹਰੇਕ ਮਨੁੱਖ ਦੇ ਦਿਮਾਗ ਇਹੀ ਸੋਚ ਰਹਿੰਦੀ ਹੈ ਕਿ ਉਸ ਦੇ ਵਾਤਾਵਰਣ ਨੂੰ ਵਿਗਾੜਣ ਜਾਂ ਸੰਵਾਰਨ ਦੇ ਨਿੱਜੀ ਯਤਨਾਂ ਦੀ ਕੋਈ ਖਾਸ ਮਹੱਤਤਾ ਨਹੀਂ ਪਰ ਅਜਿਹੀ ਸੋਚ ਰੱਖਣੀ ਗਲਤ ਹੈ ਕਿਉਂਕਿ ਵਾਤਾਵਰਣ ਨੂੰ ਸੰਵਾਰਨ ਦੀ ਕੋਸ਼ਿਸ਼ ਵਰਦਾਨ ਅਤੇ ਵਿਗਾੜਨ ਦੀ ਕੋਸ਼ਿਸ਼ ਨੁਕਸਾਇਨਦਾਇਕ ਸਾਬਤ ਹੋ ਸਕਦੀ ਹੈ। ਸਾਨੂੰ ਉਨ੍ਹਾਂ ਸਾਰੇ ਕਾਰਨਾਂ ਦਾ ਪਤਾ ਲਗਾਉਣਾ ਲਵੇਗਾ ਜਿਸ ਕਾਰਨ ਵਾਤਾਵਰਣ ਪ੍ਰਦੂਸ਼ਤ ਹੋ ਰਿਹਾ ਹੈ। ਆਧੁਨਿਕ ਖੇਤੀ ਦੀਆਂ ਤਕਨੀਕਾਂ ਨੂੰ ਅਪਣਾਉਂਦਿਆਂ ਕਿਸਾਨਾਂ ਵੱਲੋਂ ਸਿਫਾਰਸ਼ ਤੋਂ ਵਧੇਰੇ ਖਾਦਾਂ ਅਤੇ ਕੀਟ ਨਾਸ਼ਕ ਰਸਾਇਣਾ ਦੀ ਵਰਤੋਂ ਕਰਨ ਨਾਲ, ਕਾਰਖਾਨਿਆਂ ਦੁਆਰਾ ਦੂਸ਼ਤ ਪਾਣੀ ਨਹਿਰਾਂ ਅਤੇ ਦਰਿਆਵਾਂ ਵਿੱਚ ਸੁੱਟ ਕੇ ਇਸ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ । ਇਸ ਦੇ ਨਾਲ ਹੀ ਅਨਾਜ, ਫਲ, ਦੁੱਧ ਅਤੇ ਸਬਜੀਆਂ ਵੀ ਪ੍ਰਦੂਸ਼ਿਤ ਹੋਣ ਤੋਂ ਨਹੀਂ ਬਚ ਸਕੇ। ਦੇਸੀ ਰੂੜੀ, ਹਰੀ ਖਾਦ ਦੀ ਵਰਤੋਂ ਦੀ ਅਣਹੋਂਦ ਕਾਰਨ ਜ਼ਮੀਨ ਦੀ ਉਤਪਾਦਨ ਸ਼ਕਤੀ ਲਗਾਤਾਰ ਗਿਰਾਵਟ ਵੱਲ ਜਾ ਰਹੀ ਹੈ। ਕਾਰਖਾਨਿਆਂ, ਮੋਟਰ ਗੱਡੀਆਂ, ਹਵਾਈ ਜਹਾਜ਼ਾਂ ਦੁਆਰਾਂ ਅਤੇ ਕਿਸਾਨਾਂ ਦੁਆਰਾ ਝੋਨੇ ਅਤੇ ਕਣਕ ਦੀ ਕਟਾਈ ਤੋਂ ਬਾਅਦ ਬਚਦੀ ਫਸਲੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਨਾਲ ਹਵਾ ਇੰਨੀ ਪ੍ਰਦੂਸ਼ਿਤ ਹੋ ਚੁੱਕੀ ਹੈ ਕਿ ਸਾਹ ਲੈਣਾ ਵੀ ਔਖਾ ਹੋ ਗਿਆ ਹੈ। ਇਸ ਸਸ਼ਿ੍ਟੀ ਵਿੱਚ ਸਭ ਕੁਝ ਇੱਕ ਨਿਯਮ ਵਿੱਚ ਚੱਲ ਰਿਹਾ ਹੈ। ਸਿਸ਼੍ਟੀ ਮੁੱਖ ਤੌਰ ’ਤੇ ਪੰਜ ਤੱਤਾਂ ਹਵਾ, ਪਾਣੀ, ਜ਼ਮੀਨ ਅਗਨੀ ਅਤੇ ਆਕਾਸ਼ ਤੋਂ ਹੋਈ ਹੈ। ਕੁਦਰਤ ਵੱਲੋਂ ਬਖਸ਼ੀਆਂ ਇਨਾਂ ਅਨਮੋਲ ਦਾਤਾਂ ਤੇ ਜਿੰਨਾਂ ਅਧਿਕਾਰ ਸਾਡਾ ਹੈ, ਉਨ੍ਹਾਂ ਹੀ ਸਾਡੇ ਤੋਂ ਪਹਿਲੀਆਂ ਪੀੜ੍ਹੀਆਂ ਦਾ ਸੀ ਅਤੇ ਉਨਾਂ ਹੀ ਆਉਣ ਵਾਲੀਆਂ ਪੀੜ੍ਹੀਆਂ ਦਾ ਹੋਵੇਗਾ। ਇਸ ਲਈ ਹਰੇਕ ਮਨੁੱਖ ਦਾ ਮੁੱਢਲਾ ਫਰਜ਼ ਬਣਦਾ ਹੈ ਕਿ ਧਰਤੀ ਉੱਪਰ ਹਰੇਕ ਜੀਵ ਦੀ ਸੁਰੱਖਿਆਂ ਲਈ ਇਨਾਂ ਅਨਮੋਲ ਦਾਤਾਂ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਈਏ। ਮਨੁੱਖ ਦਾ ਕੁਦਰਤ ਨਾਲ ਸੰਘਰਸ਼ ਲਗਾਤਾਰ ਜਾਰੀ ਹੈ ਕਿ ਉਹ ਇੱਕ ਇੱਕ ਦਿਨ ਕੁਦਰਤ ’ਤੇ ਕਾਬੂ ਪਾ ਲਵੇਗਾ ਪਰ ਇਤਿਹਾਸ ਦੱਸਦਾ ਹੈ ਕਿ ਨੀਲ ਤੇ ਇਯੂਫਰੇਟਸ ਘਾਟੀ ਦੀ ਸੱਭਿਅਤਾ, ਸੀਰੀਆਂ ਅਤੇ ਗਰੀਸ ਦੀ ਸੱਭਿਅਤਾ, ਸਿੰਧੂ ਘਾਟੀ ਦੀ ਸੱਭਿਅਤਾ ਕੁਦਰਤ ਦੇ ਨਿਯਮਾਂ ’ਤੇ ਨਾ ਚੱਲਣ ਕਾਰਨ ਹੀ ਇਸ ਸੰਸਾਰ ਤੋਂ ਲੁਪਤ ਹੋ ਗਈਆਂ ਸਨ।

ਵਾਤਾਵਰਣ ਵਿੱਚ ਆ ਰਹੇ ਬਦਲਾਅ ਦੇ ਪ੍ਰਭਾਵ ਪਹਿਲਾਂ ਹੀ ਸਾਡੇ ਸਾਹਮਣੇ ਹਨ ਜਿਸ ਨਾਲ ਕਿਧਰੇ ਹੜ੍ਹ ਅਤੇ ਕਿਧਰੇ ਸੋਕਾ ਪੈ ਰਿਹਾ ਹੈ। ਮਾਹਿਰਾਂ ਦਾ ਅਨੁਮਾਨ ਹੈ ਕਿ ਮੌਸਮੀ ਤਬਦੀਲੀਆਂ ਕਾਰਨ ਸੰਨ 2050 ਤੱਕ ਗਰਮੀਆਂ ਦਾ ਤਾਪਮਾਨ 3.2 ਡਿਗਰੀ ਸੈਂਟੀ ਗ੍ਰੇਡ ਅਤੇ ਸੰਨ 2080 ਤੱਕ 4.5 ਡਿਗਰੀ ਸੈਂਟੀਗ੍ਰੇਡ ਵੱਧ ਜਾਵੇਗਾ। ਏਸ਼ੀਆ ਵਿੱਚ ਜੇਕਰ ਜਲਵਾਯੂ/ਮੌਸਮੀ ਤਬਦੀਲੀਆਂ ਨੂੰ ਰੋਕਿਆ ਗਿਆ ਤਾਂ ਖੇਤੀ ਪ੍ਰਣਾਲੀਆਂ ਕੰਮ ਕਰਨਾ ਬੰਦ ਕਰ ਦੇਣਗੀਆਂ। ਜਿਸ ਦੇ ਨਿਕਲਣ ਵਾਲੇ ਨਤੀਜਿਆਂ ਬਾਰੇ ਅਸੀ ਸਹਿਜੇ ਹੀ ਅੰਦਾਜਾ ਲਗਾ ਸਕਦੇ ਹਾਂ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਕਿਸਾਨਾਂ ਨੇ ਕਰੜੀ ਮਿਹਨਤ ਨਾਲ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਅਗਵਾਈ ਹੇਠ ਪੀ.ਏ.ਯੂ ਦੁਆਰਾ ਵਿਕਸਤ ਤਕਨੀਕਾਂ ਨੂੰ ਅਪਣਾ ਕੇ ਹਰਾ ਇਨਕਲਾਬ ਲਿਆ ਕੇ ਦੇਸ਼ ਨੂੰ ਅਨਾਜ ਦੀ ਪੈਦਾਵਾਰ ਪੱਖੋਂ ਆਤਮ ਨਿਰਭਰ ਹੀ ਨਹੀਂ ਸਗੋਂ ਬਾਹਰਲੇ ਮੁਲਕਾਂ ਨੂੰ ਅਨਾਜ ਨਿਰਯਾਤ ਕਰਨ ਦੇ ਕਾਬਲ ਬਣਾਇਆ ਹੈ ਪਰ ਇਸ ਦਾ ਮੁੱਲ ਬਹੁਤ ਭਾਰੀ ਦੇਣਾ ਪਿਆ। ਜ਼ਮੀਨ ਹੇਠਲੇ ਪਾਣੀ ਦਾ ਪੱਧਰ ਇਸ ਹੱਦ ਤੱਕ ਨੀਵਾਂ ਜਾ ਚੁੱਕਾ ਹੈ ਕਿ ਕੇਂਦਰੀ ਜ਼ਿਲ੍ਹਿਆਂ ਵਿੱਚ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਦਰਿਆਵਾਂ ਦਾ ਪਾਣੀ ਪ੍ਰਦੂਸ਼ਤ ਹੋਣ ਕਾਰਨ ਜ਼ਮੀਨ ਹੇਠਲਾ ਪਾਣੀ ਪੀਣਯੋਗ ਨਹੀਂ ਰਿਹਾ। ਮਿੱਟੀ ਵਿੱਚ ਮਿੱਤਰ ਸੂਖਮ ਜੀਵ ਖਤਮ ਹੋਣ ਕਾਰਨ ਮਿੱਟੀ ਮੁਰਦਾ ਹਾਲਤ ਵਿੱਚ ਹੋ ਰਹੀ ਹੈ।

ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਲੋਕਾਂ ਖਾਸ ਕਰਕੇ ਕਿਸਾਨਾਂ ਨੂੰ ਵਾਤਾਵਰਣ ਦੂਸ਼ਿਤਾ ਅਤੇ ਇਸ ਤੋ ਉਤਪਨ ਖਤਰਿਆਂ ਤੋ ਜਾਣੂ ਕਰਵਾਉਣ ਲਈ ਨਿਰੰਤਰ ਮੁਹਿੰਮ ਚਲਾਈ ਜਾਵੇ। ਸਵੈ-ਸੇਵੀ ਸੰਸਥਾਵਾਂ ,ਰੇਡੀਓ, ਟੀ.ਵੀ., ਇਟਰੈਟ.ਸੋਸ਼ਲ ਸਾਈਟਸ, ਪ੍ਰਿੰਟ ਅਤੇ ਬਿਜਲਈ ਸਾਧਨਾਂ, ਰਸਾਲਿਆਂ ਰਾਹੀ ਵਾਤਾਵਰਣ ਦੀ ਸਿਹਤ ਦੀ ਮਹੱਤਤਾ ਅਤੇ ਪ੍ਰਦੂਸ਼ਣ ਨਾਲ ਹੋਣ ਵਾਲੇ ਖਤਰਿਆਂ ਬਾਰੇ ਲੋਕ ਚੇਤਨਾ ਪੈਦਾ ਕਰਨੀ ਚਾਹੀਦੀ ਹੈ। ਇਸ ਕੰਮ ਨੂੰ ਇੱਕ ਪਵਿੱਤਰ ਕੰਮ ਸਮਝ ਕੇ ਪ੍ਰਾਥਮਿਕਤਾ ਦੇਣੀ ਚਾਹੀਦੀ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



# ਹਾਦਸਾ

ਡਾ. ਯੋਗੇਸ਼ ਚੰਦਰ ਸੂਦ

ਸ਼ਮਸ਼ੇਰ ਅਤੇ ਅਸਲਮ ਦੋਵੇਂ ਗੁਆਂਢੀ ਸਨ। ਉਨ੍ਹਾਂ ਦੋਵਾਂ ਦੀਆਂ ਦੁਕਾਨਾਂ ਵੀ ਸ਼ਹਿਰ ਦੇ ਵੱਡੇ ਬਾਜ਼ਾਰ ਵਿੱਚ ਇੱਕ-ਦੂਜੇ ਦੇ ਨਾਲ ਹੀ ਸਨ ਅਤੇ ਉਨ੍ਹਾਂ ਦੀ ਦੋਸਤੀ ਹਿੰਦੂ-ਮੁਸਲਮਾਨ ਏਕਤਾ ਦੀ ਵਧੀਆ ਉਦਾਹਰਨ ਵੀ ਸੀ। ਸ਼ਮਸ਼ੇਰ ਦਾ ਬੇਟਾ ਵਿਨੋਦ ਅਤੇ ਅਸਲਮ ਦਾ ਪੁੱਤਰ ਅਜ਼ਮਲ ਵੀ ਤਕਰੀਬਨ ਹਾਣੀ ਹੀ ਸਨ। ਦੋਵਾਂ ਬੱਚਿਆਂ ਦੇ ਵਿਆਹ ਵੀ ਕੁੱਝ ਮਹੀਨਿਆਂ ਦੇ ਫ਼ਰਕ ਨਾਲ ਹੀ ਹੋਏ ਸਨ। ਵਿਆਹ ਤੋਂ ਸਾਲ ਕੁ ਬਾਅਦ ਹੀ ਅਜ਼ਮਲ ਦੇ ਘਰ ਬੇਟਾ ਪੈਦਾ ਹੋਇਆ, ਵਸੀਮ, ਪਰ ਵਿਨੋਦ ਦੇ ਕੋਈ ਬੱਚਾ ਨਾ ਹੋਇਆ। ਉੱਪਰ ਵਾਲੇ ਦੀ ਮਿਹਰ ਨਾਲ ਦੋਵਾਂ ਪਰਿਵਾਰਾਂ ਦੀ ਜ਼ਿੰਦਗੀ ਠੀਕ ਚੱਲ ਰਹੀ ਸੀ।

ਸ਼ਮਸ਼ੇਰ ਅਤੇ ਅਸਲਮ ਆਪਣੀਆਂ ਦੁਕਾਨਾਂ ਬੰਦ ਕਰਨ ਤੋਂ ਬਾਅਦ ਰੋਜ਼ਾਨਾ ਹੀ ਕੁੱਝ ਸਮਾਂ ਬਾਰ ਵਿੱਚ ਇਕੱਠੇ ਬਿਤਾਉਂਦੇ। ਉਹ ਪੈੱਗ ਸਾਂਝੇ ਕਰਦੇ ਹੋਏ ਪਰਿਵਾਰਕ ਅਤੇ ਆਪਣੇ-ਆਪਣੇ ਕਾਰੋਬਾਰ ਦੀਆਂ ਗੱਲਾਂ ਵੀ ਕਰਦੇ। ਇੱਕ ਦਿਨ ਬਾਰ ਵਿੱਚ ਬੈਠਿਆਂ ਕਿਸੇ ਮਾਮਲੇ ’ਤੇ ਦੋਹਾਂ ਦੀ ਤਕਰਾਰ ਹੋ ਗਈ। ਸ਼ਰਾਬ ਦੇ ਨਸ਼ੇ ਵਿੱਚ ਇਸ ਬਹਿਸ ਨੇ ਲੜਾਈ ਦਾ ਰੂਪ ਧਾਰ ਲਿਆ। ਨਸ਼ੇ ਵਿੱਚ ਅਸਲਮ ਨੂੰ ਪਤਾ ਹੀ ਨਾ ਲੱਗਿਆ ਕਿ ਉਸ ਨੇ ਬਾਰ ਦੇ ਇੱਕ ਮੇਜ਼ ’ਤੇ ਪਿਆ ਚਾਕੂ ਚੁੱਕ ਕੇ ਸ਼ਮਸ਼ੇਰ ਦੇ ਢਿੱਡ ਵਿੱਚ ਖੋਭ ਦਿੱਤਾ। ਪਲਾਂ-ਛਿਣਾਂ ਵਿੱਚ ਹੀ ਸ਼ਮਸ਼ੇਰ ਲਹੂ-ਲੁਹਾਣ ਹੋ ਗਿਆ। ਉਸ ਨੂੰ ਜਲਦੀ-ਜਲਦੀ ਹਸਪਤਾਲ ਲੈ ਗਏ, ਪਰ ਉਹ ਬਚ ਨਾ ਸਕਿਆ। ਇਸ ਘਟਨਾ ਨਾਲ ਸਾਰੇ ਇਲਾਕੇ ਵਿੱਚ ਸਨਸਨੀ ਜਿਹੀ ਫੈਲ ਗਈ। ਅਖ਼ਬਾਰਾਂ ਵਾਲਿਆਂ ਨੇ ਤਾਂ ਇਸ ਘਟਨਾ ਨੂੰ ਧਾਰਮਿਕ ਰੰਗਣ ਦੇ ਕੇ ਛਾਪਿਆ, ਜਿਸ ਕਾਰਨ ਆਸੇ-ਪਾਸੇ ਹਫੜਾ-ਦਫ਼ੜੀ ਵਾਲਾ ਮਾਹੌਲ ਪੈਦਾ ਹੋ ਗਿਆ। ਪੁਲਿਸ ਨੇ ਨਾਲ ਦੀ ਨਾਲ ਕਾਰਵਾਈ ਕਰਦੇ ਹੋਏ ਅਸਲਮ ਨੂੰ ਗ੍ਰਿਫ਼ਤਾਰ ਕਰ ਲਿਆ। ਅਦਾਲਤ ਵਿੱਚ ਸਾਲ ਕੁ ਭਰ ਇਹ ਮੁਕੱਦਮਾ ਚੱਲਣ ਤੋਂ ਬਾਅਦ ਅਸਲਮ ਨੂੰ ਪੰਜ ਸਾਲ ਦੀ ਸਜ਼ਾ ਹੋ ਗਈ।

ਆਪਣੇ ਪਿਤਾ ਦੇ ਕਤਲ ਕਰਕੇ ਵਿਨੋਦ ਪੂਰੀ ਤਰ੍ਹਾਂ ਟੁੱਟ ਗਿਆ ਅਤੇ ਉਸ ਨੇ ਆਪਣੇ ਦਿਲ ਵਿੱਚ ਪੱਕਾ ਫ਼ੈਸਲਾ ਕਰ ਲਿਆ ਕਿ ਇਸ ਦਾ ਬਦਲਾ ਲੈ ਕੇ ਰਹੇਗਾ। ਬਦਲੇ ਦੀ ਇਸ ਭਾਵਨਾ ਕਰਕੇ ਵਿਨੋਦ ਦੀਆਂ ਰਾਤਾਂ ਦੀ ਨੀਂਦ ਅਤੇ ਦਿਨ ਦਾ ਚੈਨ ਉੱਡ ਗਿਆ। ਉਸ ਨੇ ਪੱਕਾ ਫ਼ੈਸਲਾ ਕਰ ਲਿਆ ਕਿ ਜਦੋਂ ਵੀ ਅਸਲਮ ਆਪਣੀ ਸਜ਼ਾ ਪੂਰੀ ਕਰਕੇ ਜੇਲ੍ਹ ਤੋਂ ਬਾਹਰ ਆਇਆ, ਉਸ ਨੂੰ ਮਾਰ ਦੇਵੇਗਾ।

ਸਮੇਂ ਦਾ ਚੱਕਰ ਆਪਣੀ ਚਾਲ ਚੱਲਦਾ ਰਿਹਾ। ਇਸ ਘਟਨਾ ਤੋਂ ਤਕਰੀਬਨ ਦੋ ਸਾਲ ਬਾਅਦ ਇੱਕ ਦੁਰਘਟਨਾ ਵਿੱਚ ਅਜ਼ਮਲ ਅਤੇ ਉਸ ਦੀ ਪਤਨੀ ਦੀ ਮੌਤ ਹੋ ਗਈ। ਉਨ੍ਹਾਂ ਦੇ ਪੁੱਤਰ ਵਸੀਮ ਦੀ ਦੇਖ-ਭਾਲ ਕਰਨ ਵਾਲਾ ਕੋਈ ਵੀ ਨਹੀਂ ਸੀ। ਉਸ ਮੁਹੱਲੇ ਵਿੱਚ ਰਹਿੰਦੇ ਕੁੱਝ ਲੋਕਾਂ ਨੇ ਰਲ-ਮਿਲ ਕੇ ਛੋਟੇ ਬੱਚੇ ਨੂੰ ਸਾਂਭਿਆ।

ਜੇਲ੍ਹ ਵਿੱਚ ਅਸਲਮ ਦੇ ਚੰਗੇ ਵਿਹਾਰ, ਨਵੇਂ ਹਾਲਾਤ ਨੂੰ ਧਿਆਨ ਵਿੱਚ ਰੱਖਦੇ ਹੋਏ, ਸਰਕਾਰ ਦੀ ਸਹਿਮਤੀ ਅਤੇ ਦੋਸ਼ੀ ’ਤੇ ਤਰਸ ਕਰਦੇ ਹੋਏ, ਅਦਾਲਤ ਨੇ ਉਸ ਦੀ ਬਾਕੀ ਸਜ਼ਾ ਮੁਆਫ਼ ਕਰ ਦਿੱਤੀ। ਅਸਲਮ ਜੇਲ੍ਹ ਤੋਂ ਆਜ਼ਾਦ ਹੋ ਕੇ ਆਪਣੇ ਘਰ ਵਾਪਸ ਆ ਗਿਆ। ਉਸੇ ਰਾਤ ਵਿਨੋਦ ਗੁੱਸੇ ਵਿੱਚ ਚਾਕੂ ਲੈ ਕੇ ਆਪਣੇ ਦੁਸ਼ਮਣ ਦੇ ਘਰ ਦੀ ਕੰਧ ਟੱਪ ਕੇ ਅਸਲਮ ਦੇ ਕਮਰੇ ਦੇ ਬਾਹਰ ਪਹੁੰਚ ਗਿਆ। ਉਸ ਨੇ ਅਸਲਮ ਦੀ ਆਵਾਜ਼ ਸੁਣੀ ਜੋ ਆਪਣੇ ਪੋਤੇ ਵਸੀਮ ਨਾਲ ਗੱਲਾਂ ਕਰ ਰਿਹਾ ਸੀ। ਅਸਲਮ ਕਹਿ ਰਿਹਾ ਸੀ, ਮੈਂ ਆਪਣੇ ਪੁੱਤਰ ਅਤੇ ਨੂੰਹ ਦੀ ਮੌਤ ਕਾਰਨ ਬਹੁਤ ਦੁਖੀ ਹਾਂ, ਪਰ ਉਸ ਤੋਂ ਵੱਧ ਦੁੱਖ ਮੈਨੂੰ ਆਪਣੇ ਭਰਾਵਾਂ ਵਰਗੇ ਦੋਸਤ ਸ਼ਮਸ਼ੇਰ ਦੇ ਕਤਲ ਦਾ ਹੈ। ਇਹ ਸਾਰਾ ਕੁੱਝ ਸ਼ਰਾਬ ਦੇ ਨਸ਼ੇ ਵਿੱਚ ਹੋਇਆ। ਮੈਂ ਉਸ ਨੂੰ ਮਾਰਨਾ ਨਹੀਂ ਸੀ ਚਾਹੁੰਦਾ, ਪਰ ਨਸ਼ੇ ਵਿੱਚ ਇਹ ਸਭ ਕੁੱਝ ਹੋ ਗਿਆ। ਮੇਰੇ ਪੁੱਤਰ ਅਤੇ ਮੇਰੀ ਨੂੰਹ ਨੂੰ ਮੇਰੇ ਕੋਲੋਂ ਖੋਹ ਕੇ ਅੱਲ੍ਹਾ ਨੇ ਮੈਨੂੰ ਇਸ ਦੀ ਸਜ਼ਾ ਵੀ ਦੇ ਦਿੱਤੀ ਹੈ। ਮੇਰੇ ਅੱਲ੍ਹਾ, ਮੈਨੂੰ ਮੁਆਫ਼ ਕਰੀਂ। ਮੈਂ ਆਪਣਾ ਸਿਰ ਝੁਕਾ ਕੇ ਆਪਣੀ ਸਜ਼ਾ ਕਬੂਲ ਕਰਦਾ ਹਾਂ।” ਵਿਨੋਦ ਉੱਥੇ ਖੜ੍ਹਾ ਇਹ ਸਭ ਸੁਣਦਾ ਰਿਹਾ। ਉਸ ਨੂੰ ਅਸਲਮ ਦੇ ਜ਼ਾਰੋ-ਜ਼ਾਰ ਰੋਣ ਦੀ ਆਵਾਜ਼ ਆਈ। ਉਸ ਨੂੰ ਆਪਣੇ ਕੀਤੇ ਜ਼ੁਲਮ ਦਾ ਬਹੁਤ ਅਫ਼ਸੋਸ ਸੀ।

ਇਹ ਸੁਣ ਕੇ ਅਤੇ ਦੇਖ ਕੇ ਵਿਨੋਦ ਦਾ ਦਿਲ ਇਕਦਮ ਬਦਲ ਗਿਆ। ਉਸ ਦੇ ਦਿਲ ਵਿੱਚ ਇਹ ਆਇਆ ਬਦਲਾਅ ਆਪ ਮੁਹਾਰਾ ਹੀ ਸੀ। ਉਸ ਨੂੰ ਪਤਾ ਲੱਗ ਗਿਆ ਕਿ ਉਸ ਦੇ ਪਿਓ ਦਾ ਕਤਲ ਕਿਸੇ ਮਾੜੀ ਭਾਵਨਾ ਨਾਲ ਨਹੀਂ ਸੀ ਕੀਤਾ ਗਿਆ ਬਲਕਿ ਉਹ ਤਾਂ ਇੱਕ ਦੁਰਘਟਨਾ ਹੀ ਕਹੀ ਜਾ ਸਕਦੀ ਸੀ। ਉਹ ਤਾਂ ਵਕਤੀ ਤੌਰ ’ਤੇ ਆਏ ਗੁੱਸੇ ਅਤੇ ਬਹਿਸ ਦਾ ਨਤੀਜਾ ਸੀ। ਇਹ ਤਾਂ ਕਿਸੇ ਨਾਲ ਵੀ ਵਾਪਰ ਸਕਦਾ ਹੈ। ਵਿਨੋਦ ਨੇ ਆਪਣੇ ਅਸਲਮ ਅੰਕਲ ਨੂੰ ਦਿਲੋਂ ਮੁਆਫ਼ ਕਰ ਦਿੱਤਾ। ਉਹ ਚੁੱਪ-ਚਾਪ ਘਰ ਵਾਪਿਸ ਆ ਗਿਆ। ਇਸ ਤੋਂ ਬਾਅਦ ਉਸ ਦੇ ਅੰਦਰ ਸ਼ਾਂਤੀ ਦੀ ਲਹਿਰ ਜਿਹੀ ਦੌੜ ਗਈ।

ਜ਼ਿੰਦਗੀ ਕਦੇ ਵੀ ਇੱਕ ਸਾਰ ਨਹੀਂ ਚੱਲਦੀ। ਇਸ ਵਿੱਚ ਕਈ ਤਰ੍ਹਾਂ ਦੇ ਮੋੜ ਅਤੇ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਜੇਲ੍ਹ ਤੋਂ ਰਿਹਾਅ ਹੋਣ ਤੋਂ ਕੁੱਝ ਦੇਰ ਬਾਅਦ ਹੀ ਅਸਲਮ ਬਿਮਾਰ ਹੋ ਗਿਆ। ਡਾਕਟਰਾਂ ਨੇ ਦੱਸਿਆ ਕਿ ਉਸ ਨੂੰ ਕੈਂਸਰ ਹੈ ਅਤੇ ਉਹ ਕੁੱਝ ਦਿਨਾਂ ਦਾ ਹੀ ਮਹਿਮਾਨ ਵੀ। ਅਸਲਮ ਨੂੰ ਆਪਣੇ ਬਾਰੇ ਤਾਂ ਐਨਾ ਫਿਕਰ ਨਹੀਂ ਸੀ, ਪਰ ਉਸ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਉਸ ਤੋਂ ਬਾਅਦ ਵਸੀਮ ਦਾ ਕੀ ਬਣੇਗਾ। ਉਸ ਨੇ ਇਹ ਗੱਲ ਆਪਣੇ ਕਰੀਬੀ ਮਿੱਤਰਾਂ ਨਾਲ ਸਾਂਝੀ ਕੀਤੀ ਅਤੇ ਵਿਨੋਦ ਨਾਲ ਵੀ।

ਵਿਨੋਦ ਨੇ ਅਸਲਮ ਅੰਕਲ ਦੀ ਸਮੱਸਿਆ ਸਬੰਧੀ ਆਪਣੀ ਪਤਨੀ ਕਿਰਨ ਨਾਲ ਗੱਲ ਕੀਤੀ। ਉਸ ਦੀ ਰਜ਼ਾਮੰਦੀ ਅਤੇ ਅਸਲਮ ਅੰਕਲ ਦੀ ਇੱਛਾ ਮੁਤਾਬਿਕ, ਵਿਨੋਦ ਨੇ ਕਾਨੂੰਨੀ ਤੌਰ ’ਤੇ ਵਸੀਮ ਨੂੰ ਗੋਦ ਲੈ ਲਿਆ। ਕਿਰਨ ਖ਼ੁਸ਼ ਸੀ ਕਿ ਉਸ ਨੂੰ ਬੱਚਾ ਮਿਲ ਗਿਆ। ਅਸਲਮ ਦੀਆਂ ਅੱਖਾਂ ਵਿੱਚ ਖ਼ੁਸ਼ੀ ਦੇ ਹੰਝੂ ਸਨ। ਜਦੋਂ ਉਹ ਆਪਣੀਆਂ ਆਖਰੀ ਘੜੀਆਂ ਦਾ ਇੰਤਜ਼ਾਰ ਕਰ ਰਿਹਾ ਸੀ ਤਾਂ ਉਸ ਨੇ ਕਿਹਾ, ਹੁਣ ਮੈਂ ਸ਼ਾਂਤੀ ਨਾਲ ਮਰ ਸਕਾਂਗਾ। ਮੈਂ ਜੰਨਤ ਵਿੱਚ ਆਪਣੇ ਦੋਸਤ ਸ਼ਮਸ਼ੇਰ ਨੂੰ ਮਿਲਾਂਗਾ ਅਤੇ ਉਸ ਤੋਂ ਇਸ ਧਰਤੀ ’ਤੇ ਕੀਤੀ ਗਈ ਗ਼ਲਤੀ ਦੀ ਮੁਆਫ਼ੀ ਮੰਗਾਂਗਾ।” ਇਹ ਕਹਿੰਦੇ ਹੋਏ ਉਸ ਨੇ ਆਖਰੀ ਸਾਹ ਲਿਆ ਅਤੇ ਇਸ ਫ਼ਾਨੀ ਦੁਨੀਆ ਤੋਂ ਰੁਖ਼ਸਤ ਹੋ ਗਿਆ।

ਅਖ਼ਬਾਰਾਂ ਵਿੱਚ ਜਿੱਥੇ ਅਸਲਮ ਦੇ ਫ਼ੌਤ ਹੋਣ ਦੀਆਂ ਖ਼ਬਰਾਂ ਛਪੀਆਂ ਉੱਥੇ ਹੀ ਇੱਕ ਹਿੰਦੂ ਪਰਿਵਾਰ ਵੱਲੋਂ ਮੁਸਲਿਮ ਬੱਚੇ ਨੂੰ ਗੋਦ ਲੈਣ ਦੀ ਤਾਰੀਫ਼ ਵੀ ਕੀਤੀ ਗਈ। ਇਸ ਦੇ ਨਾਲ ਹੀ ਸਾਰਿਆਂ ਨੂੰ ਇਸ ਗੱਲ ਦਾ ਵੀ ਪਤਾ ਲੱਗ ਗਿਆ ਕਿ ਸ਼ਮਸ਼ੇਰ ਦੇ ਕਤਲ ਦੀ ਦੁਖਦਾਈ ਘਟਨਾ ਸਿਰਫ਼ ਇੱਕ ਹਾਦਸਾ ਹੀ ਸੀ, ਇਸ ਪਿੱਛੇ ਅਸਲਮ ਦੀ ਕੋਈ ਮਾੜੀ ਭਾਵਨਾ ਨਹੀਂ ਸੀ ਕੰਮ ਕਰ ਰਹੀ।

ਵਿਨੋਦ ਦੇ ਪਰਿਵਾਰ ਲਈ ਜ਼ਿੰਦਗੀ ਇੱਕ ਬਾਰ ਫਿਰ ਲੀਹ ’ਤੇ ਆ ਗਈ। ਹੁਣ ਵਿਨੋਦ ਅਤੇ ਕਿਰਨ ਲਈ ਵਸੀਮ ਦੀਆਂ ਸਾਰੀਆਂ ਲੋੜਾਂ ਦੀ ਪੂਰਤੀ ਅਤੇ ਉਸ ਦਾ ਵਧੀਆ ਢੰਗ ਨਾਲ ਪਾਲਣ-ਪੋਸ਼ਣ ਕਰਨਾ ਇੱਕ ਪਵਿੱਤਰ ਫਰਜ਼ ਬਣ ਗਿਆ ਸੀ। ਉਹ ਦੋਵੇਂ ਆਪਣਾ ਇਹ ਫਰਜ਼ ਪੂਰੀ ਇਮਾਨਦਾਰੀ ਅਤੇ ਦਿਆਨਤਦਾਰੀ ਨਾਲ ਨਿਭਾਅ ਰਹੇ ਸਨ। ਉਨ੍ਹਾਂ ਦੀ ਹਰ ਸਮੇਂ ਇਹੋ ਇੱਛਾ ਰਹਿੰਦੀ ਕਿ ਉਹ ਆਪਣੇ ਪੁੱਤਰ ਨੂੰ ਦੁਨੀਆਂ ਦਾ ਹਰ ਆਰਾਮ ਦੇਣ। ਉਨ੍ਹਾਂ ਦੋਹਾਂ ਨੇ ਇਹ ਫ਼ੈਸਲਾ ਵੀ ਕੀਤਾ ਕਿ ਵਸੀਮ ਨੂੰ ਕਾਰੋਬਾਰ ਤੋਂ ਦੂਰ ਹੀ ਰੱਖਿਆ ਜਾਵੇ। ਉਨ੍ਹਾਂ ਦੀ ਇੱਛਾ ਸੀ ਕਿ ਉਹ ਚੰਗੀ ਤਰ੍ਹਾਂ ਪੜ੍ਹੇ ਅਤੇ ਕਿਸੇ ਵਧੀਆ ਅਤੇ ਉੱਚੀ ਨੌਕਰੀ ’ਤੇ ਲੱਗੇ।

ਵਿਨੋਦ ਅਤੇ ਕਿਰਨ ਨੇ ਵਸੀਮ ’ਤੇ ਬਹੁਤੀਆਂ ਰੋਕਾਂ-ਟੋਕਾਂ ਨਾ ਲਾਈਆਂ। ਧਰਮ ਦੇ ਮਾਮਲੇ ਵਿੱਚ ਉਹ ਬਹੁਤ ਹੀ ਖੁੱਲ੍ਹੇ ਵਿਚਾਰਾਂ ਵਾਲੇ ਸਨ। ਇਸ ਪੱਖੋਂ ਉਨ੍ਹਾਂ ਨੇ ਵਸੀਮ ਨੂੰ ਪੂਰੀ ਆਜ਼ਾਦੀ ਦਿੱਤੀ ਹੋਈ ਸੀ। ਉਹ ਤਾਂ ਸਗੋਂ ਉਸ ਨੂੰ ਇਸਲਾਮ ਧਰਮ ਦੇ ਰਿਤੀ-ਰਿਵਾਜ ਨੂੰ ਅਪਣਾਉਣ ਲਈ ਕਹਿੰਦੇ ਤਾਂ ਜੋ ਉਨ੍ਹਾਂ ’ਤੇ ਕੋਈ ਇਹ ਇਲਜ਼ਾਮ ਨਾ ਲਾ ਦੇਵੇ ਕਿ ਹਿੰਦੂ ਮਾਪੇ ਆਪਣੇ ਗੋਦ ਲਏ ਮੁਸਲਿਮ ਬੱਚੇ ਨੂੰ ਉਸ ਦੇ ਧਰਮ ਤੋਂ ਦੂਰ ਕਰ ਰਹੇ ਹਨ। ਵਿਨੋਦ ਅਤੇ ਕਿਰਨ ਦੀ ਇਸ ਗੱਲ ਤੋਂ ਸਾਰੇ ਵਡਿਆਈ ਕਰਦੇ ਕਿ ਧਰਮ ਸਬੰਧੀ ਉਹ ਦੋਵੇਂ ਹੀ ਕੱਟੜ ਨਹੀਂ ਸਨ।

ਵਸੀਮ ਜਿਵੇਂ-ਜਿਵੇਂ ਵੱਡਾ ਹੋ ਰਿਹਾ ਸੀ, ਉਹ ਇੱਕ ਹੋਣਹਾਰ ਨੌਜਵਾਨ ਦੇ ਤੌਰ ’ਤੇ ਸਾਹਮਣੇ ਆ ਰਿਹਾ ਸੀ। ਉਹ ਸ਼ਾਨਦਾਰ ਮਾਪਿਆਂ ਦਾ ਸ਼ਾਨਦਾਰ ਪੁੱਤਰ ਸੀ। ਸਕੂਲ ਦੀ ਪੜ੍ਹਾਈ ਤੋਂ ਬਾਅਦ ਉਸ ਨੇ ਕਾਲਜ ਵਿੱਚ ਦਾਖਲਾ ਲੈ ਲਿਆ। ਪੜ੍ਹਾਈ ਵਿੱਚ ਹੁਸ਼ਿਆਰ ਹੋਣ ਕਰਕੇ ਆਪਣੀ ਜਮਾਤ ਵਿੱਚੋਂ ਪਹਿਲੇ ਸਥਾਨ ’ਤੇ ਹੀ ਆਉਂਦਾ। ਅੱਲ੍ਹਾ ਦੀ ਮਿਹਰ ਸਦਕਾ ਉਹ ਬਹੁਤ ਹੀ ਸੋਹਣਾ-ਸੁਨੱਖਾ ਅਤੇ ਧਾਰਮਿਕ ਵਿਚਾਰਾਂ ਵਾਲਾ ਨੌਜਵਾਨ ਸੀ, ਪਰ ਆਪਣੇ ਪਾਲਕ ਮਾਤਾ-ਪਿਤਾ ਦੀ ਤਰ੍ਹਾਂ ਉਹ ਵੀ ਧਰਮ ਪੱਖੋਂ ਕੱਟੜ ਨਹੀਂ ਸੀ। ਉਹ ਦਿਲੋਂ ਇਸਲਾਮਿਕ ਕਦਰਾਂ-ਕੀਮਤਾਂ ਦਾ ਸਤਿਕਾਰ ਕਰਦਾ, ਆਪਣੇ ਧਰਮ ਦੇ ਵਿਚਾਰਾਂ ਮੁਤਾਬਿਕ ਮਸਜਿਦ ਜਾਂਦਾ ਅਤੇ ਬਾਕੀ ਰਸਮਾਂ ਦਾ ਪਾਲਣ ਵੀ ਕਰਦਾ। ਇਸ ਦੇ ਨਾਲ ਹੀ ਉਹ ਮੰਦਰ ਵੀ ਜਾਂਦਾ ਅਤੇ ਭਗਵਾਨ ਅੱਗੇ ਸਿਰ ਵੀ ਝੁਕਾਉਂਦਾ। ਉਹ ਇਸ ਵਿਚਾਰ ਦਾ ਪੱਕਾ ਹਾਮੀ ਸੀ ਕਿ ਰੱਬ ਇੱਕ ਹੀ ਹੈ, ਉਸ ਨੂੰ ਭਾਵੇਂ ਭਗਵਾਨ ਕਹੋ ਜਾਂ ਅੱਲ੍ਹਾ ਅਤੇ ਜਾਂ ਹੋਰ ਕਿਸੇ ਨਾਂ ਨਾਲ ਯਾਦ ਕਰੋ। ਉਹ ਇੱਕ ਆਦਰਸ਼ਕ ਨੌਜਵਾਨ ਸੀ, ਜਿਸ ਨੂੰ ਸਾਰੇ ਹੀ ਪਿਆਰ ਕਰਦੇ ਸਨ।

ਵਿਨੋਦ ਅਤੇ ਉਸ ਦੀ ਪਤਨੀ ਨੂੰ ਆਪਣੇ ਗੋਦ ਲਏ ਬੱਚੇ ’ਤੇ ਬਹੁਤ ਫ਼ਖ਼ਰ ਸੀ। ਉਹ ਹਮੇਸ਼ਾਂ ਉਸ ਲਈ ਕੁੱਝ ਵੀ ਕਰਨ ਨੂੰ ਤਿਆਰ ਰਹਿੰਦੇ। ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਕਿ ਉਸ ਦੀ ਛੋਟੀ ਜਾਂ ਵੱਡੀ ਹਰ ਜਾਇਜ਼ ਮੰਗ ਪੂਰੀ ਕੀਤੀ ਜਾਵੇ। ਜੇ ਕਿਤੇ ਉਹ ਬਿਮਾਰ ਹੋ ਜਾਂਦਾ ਤਾਂ ਕਿਰਨ ਸਾਰੀ-ਸਾਰੀ ਰਾਤ ਉਸ ਦੇ ਸਿਰਹਾਣੇ ਬੈਠੀ ਰਹਿੰਦੀ ਅਤੇ ਉਸ ਦੇ ਠੀਕ ਹੋਣ ਦੀਆਂ ਅਰਦਾਸਾਂ ਕਰਦੀ। ਵਿਨੋਦ ਵੀ ਉਸ ਦੀ ਸਿਹਤ ਅਤੇ ਤੰਦਰੁਸਤੀ ਲਈ ਫ਼ਿਕਰਮੰਦ ਰਹਿੰਦਾ। ਵਸੀਮ ਪ੍ਰਤੀ ਦੋਵਾਂ ਦਾ ਲਗਾਅ ਅਤੇ ਪਿਆਰ ਦੇਖ ਕੇ ਕੋਈ ਇਹ ਅੰਦਾਜ਼ਾ ਨਹੀਂ ਸੀ ਲਾ ਸਕਦਾ ਕਿ ਵਸੀਮ ਉਨ੍ਹਾਂ ਦਾ ਗੋਦ ਲਿਆ ਪੁੱਤਰ ਹੈ। ਇਹੀ ਉਨ੍ਹਾਂ ਦੇ ਆਪਸੀ ਰਿਸ਼ਤੇ ਦੀ ਖ਼ੂਬਸੂਰਤੀ ਸੀ।

ਵਸੀਮ ਵੀ ਉਨ੍ਹਾਂ ਨੂੰ ਬਹੁਤ ਪਿਆਰ ਕਰਦਾ। ਉਹ ਇੱਕ ਆਗਿਆਕਾਰੀ ਬੱਚੇ ਦੀ ਤਰ੍ਹਾਂ ਉਨ੍ਹਾਂ ਦੋਵਾਂ ਦਾ ਬਹੁਤ ਸਤਿਕਾਰ ਕਰਦਾ। ਉਹ, ਉਨ੍ਹਾਂ ਨੂੰ ਕਹਿੰਦਾ ਰਹਿੰਦਾ ਕਿ ਉਸ ਬਾਰੇ ਐਵੇਂ ਹੀ ਫ਼ਿਕਰਮੰਦ ਰਹਿ ਕੇ ਕਿਤੇ ਆਪ ਹੀ ਬਿਮਾਰ ਨਾ ਹੋ ਜਾਣ। ਉਹ ਕਈ ਬਾਰ ਸੋਚਦਾ ਕਿ ਜੇ ਉਸ ਦੇ ਅੱਬਾ ਅਤੇ ਅੰਮੀ ਜਿਊਂਦੇ ਹੁੰਦੇ ਤਾਂ ਸ਼ਾਇਦ ਉਸ ਦਾ ਐਨਾ ਧਿਆਨ ਨਾ ਰੱਖਦੇ। ਵਸੀਮ ਆਪਣੇ ਮਾਤਾ-ਪਿਤਾ ਦੀ ਵਧਦੀ ਉਮਰ ਕਰਕੇ ਉਨ੍ਹਾਂ ਦੀ ਹਰ ਗੱਲ ਮੰਨਦਾ ਅਤੇ ਉਨ੍ਹਾਂ ਦਾ ਧਿਆਨ ਰੱਖਦਾ। ਦੋਵਾਂ ਵਿੱਚੋਂ ਕੋਈ ਵੀ ਜੇ ਢਿੱਲਾ-ਮੱਠਾ ਹੁੰਦਾ ਤਾਂ ਆਪ ਉਨ੍ਹਾਂ ਨੂੰ ਡਾਕਟਰ ਦੇ ਲੈ ਕੇ ਜਾਂਦਾ ਅਤੇ ਉਨ੍ਹਾਂ ਦੀ ਦਵਾਈ ਦਾ ਧਿਆਨ ਰੱਖਦਾ। ਉਹ ਵੀ ਚਾਹੁੰਦਾ ਸੀ ਕਿ ਉਨ੍ਹਾਂ ਦੋਵਾਂ ਨੂੰ ਦੁਨੀਆਂ ਦੀ ਹਰ ਸਹੂਲਤ ਦੇਵੇ ਕਿਉਂਕਿ ਉਹ ਇਹ ਜਾਣਦਾ ਸੀ ਉਸ ਦੀ ਭਲਾਈ ਲਈ ਦੋਵਾਂ ਨੇ ਆਪ ਬਹੁਤ ਕੁਰਬਾਨੀਆਂ ਕੀਤੀਆਂ ਹਨ। ਉਹ ਤਿੰਨੋਂ ਹੀ, ਮਾਤਾ-ਪਿਤਾ ਅਤੇ ਬੱਚੇ ਦੇ ਆਪਸੀ ਪਿਆਰ ਦੀ ਇੱਕ ਵਧੀਆ ਉਦਾਹਰਨ ਸਨ। ਦੇਖਣ ਵਾਲੇ ਉਨ੍ਹਾਂ ਦੇ ਆਪਸੀ ਪਿਆਰ ਦੀ ਬਹੁਤ ਪ੍ਰਸੰਸਾ ਕਰਦੇ। ਉਨ੍ਹਾਂ ਤਿੰਨਾਂ ਨੇ ਦੁਨੀਆ ਨੂੰ ਇਹ ਦਿਖਾ ਦਿੱਤਾ ਸੀ ਕਿ ਧਰਮ ਦਾ ਕੰਮ ਲੋਕਾਂ ਨੂੰ ਜੋੜਨਾ ਹੈ, ਤੋੜਨਾ ਨਹੀਂ ਅਤੇ ਮਨੁੱਖਤਾ ਤੋਂ ਵੱਡਾ ਕੋਈ ਧਰਮ ਨਹੀਂ। ਧਾਰਮਿਕ ਸਹਿਣਸ਼ੀਲਤਾ ਦੀ ਜਦੋਂ ਵੀ ਗੱਲ ਚੱਲਦੀ ਤਾਂ ਵਿਨੋਦ ਦੇ ਪਰਿਵਾਰ ਦੀ ਮਿਸਾਲ ਦਿੱਤੀ ਜਾਂਦੀ।

ਸਮਾਂ ਹਮੇਸ਼ਾਂ ਚੱਲਦਾ ਰਹਿੰਦਾ ਹੈ। ਜਦੋਂ ਤਾਂ ਇਨਸਾਨ ਦੀ ਜ਼ਿੰਦਗੀ ਗੁਲਾਬ ਦੇ ਫੁੱਲ ਦੀ ਤਰ੍ਹਾਂ ਖਿੜੀ ਹੋਵੇ, ਖ਼ੁਸ਼ੀਆਂ ਅਤੇ ਖੇੜਿਆਂ ਭਰਪੂਰ ਹੋਵੇ ਤਾਂ ਸਮਾਂ ਉੱਡਦਾ ਜਾਂਦਾ ਹੈ। ਵਿਨੋਦ ਅਤੇ ਉਸ ਦੇ ਪਰਿਵਾਰ ਦੀ ਕਿਸ਼ਤੀ ਵੀ ਬੜੇ ਆਰਾਮ ਨਾਲ ਚੱਲ ਰਹੀ ਸੀ। ਵਸੀਮ ਨੇ ਕਾਲਜ ਦੀ ਪੜ੍ਹਾਈ ਖ਼ਤਮ ਕਰਕੇ ਯੂਨੀਵਰਸਿਟੀ ਦੀ ਪੜ੍ਹਾਈ ਵਧੀਆ ਨੰਬਰਾਂ ਵਿੱਚ ਪਾਸ ਕਰ ਲਈ ਸੀ, ਕਿਸੇ ਨੂੰ ਪਤਾ ਵੀ ਨਹੀਂ ਸੀ ਲੱਗਿਆ, ਜਿਵੇਂ ਇਹ ਸਭ ਕੁੱਝ ਅੱਖ ਝਪਕਦੇ ਹੀ ਹੋ ਗਿਆ ਹੋਵੇ। ਉਸ ਨੇ ਪਹਿਲੀ ਵਾਰੀ ’ਚ ਹੀ ਆਈ.ਏ.ਐੱਸ. ਲਈ ਟੈਸਟ ਪਾਸ ਕਰ ਲਿਆ, ਉਹ ਵੀ ਸਾਰੇ ਦੇਸ਼ ਵਿੱਚੋਂ ਤੀਜੇ ਸਥਾਨ ’ਤੇ ਰਹਿ ਕੇ।

ਮੁੱਢਲੀ ਸਿਖਲਾਈ ਤੋਂ ਬਾਅਦ ਉਹ ਡੀ.ਸੀ. ਦੇ ਅਹੁਦੇ ’ਤੇ ਲੱਗ ਗਿਆ। ਵਸੀਮ ਖ਼ੁਸ਼ ਸੀ ਕਿ ਉਸ ਨੇ ਆਪਣੇ ਮਾਤਾ-ਪਿਤਾ ਦਾ ਨਾਂ ਉੱਚਾ ਕੀਤਾ ਹੈ। ਵਿਨੋਦ ਅਤੇ ਕਿਰਨ ਦੇ ਖ਼ੁਸ਼ੀ ਵਿੱਚ ਪੈਰ ਜ਼ਮੀਨ ’ਤੇ ਨਹੀਂ ਸੀ ਟਿਕ ਰਹੇ ਕਿ ਵਸੀਮ ਨੇ ਆਪਣੀ ਜ਼ਿੰਦਗੀ ਦੀ ਪਹਿਲੀ ਨੌਕਰੀ ਹੀ ਇੱਕ ਵੱਡੇ ਅਹੁਦੇ ਤੋਂ ਸ਼ੁਰੂ ਕੀਤੀ ਹੈ। ਉਨ੍ਹਾਂ ਨੇ ਪਰਮਾਤਮਾ ਦਾ ਬਹੁਤ-ਬਹੁਤ ਸ਼ੁਕਰ ਕੀਤਾ ਜਿਸ ਨੇ ਉਨ੍ਹਾਂ ਨੂੰ ਅਜਿਹੇ ਭਾਗਾਂ ਵਾਲੇ ਦਿਨ ਦਿਖਾਏ ਅਤੇ ਉਨ੍ਹਾਂ ਦੇ ਗੋਦ ਲਏ ਬੱਚੇ ਦੇ ਸਿਰ ’ਤੇ ਆਪਣਾ ਮਿਹਰ ਭਰਿਆ ਹੱਥ ਰੱਖਿਆ। ਉਨ੍ਹਾਂ ਦੇ ਜਾਣ-ਪਹਿਚਾਣ ਵਾਲੇ ਅਤੇ ਸ਼ਹਿਰ ਦੇ ਹੋਰ ਕਈ ਲੋਕ ਵੀ ਵਿਨੋਦ, ਕਿਰਨ ਅਤੇ ਵਸੀਮ ਨੂੰ ਮੁਬਾਰਕਾਂ ਦੇਣ ਆਏ। ਅਸਲ ਵਿੱਚ ਸ਼ਹਿਰ ਦੇ ਲੋਕ ਇਸ ਗੱਲ ਦਾ ਮਾਣ ਮਹਿਸੂਸ ਕਰ ਰਹੇ ਸਨ ਕਿ ਉਨ੍ਹਾਂ ਦੇ ਸ਼ਹਿਰ ਦਾ ਇੱਕ ਲੜਕਾ ਇਸ ਉੱਚੇ ਰੁਤਬੇ ’ਤੇ ਪਹੁੰਚਿਆ। ਵਿਨੋਦ ਦਾ ਸਾਰਾ ਪਰਿਵਾਰ ਆਪਣੇ-ਆਪ ਨੂੰ ਕਿਸੇ ਵੱਖਰੀ ਹੀ ਦੁਨੀਆਂ ਵਿੱਚ ਪਹੁੰਚਿਆ ਮਹਿਸੂਸ ਕਰ ਰਿਹਾ ਸੀ। ਉਹ ਖ਼ੁਸ਼ੀ-ਖ਼ੁਸ਼ੀ ਆਉਣ ਵਾਲਿਆਂ ਦਾ ਮੂੰਹ ਮਿੱਠਾ ਕਰਵਾ ਕੇ ਵਧਾਈਆਂ ਕਬੂਲ ਕਰਦੇ। ਵਿਨੋਦ ਸੋਚ ਰਿਹਾ ਸੀ ਕਿ ਪਰਮਾਤਮਾ ਨੇ ਹੀ ਉਸ ਨੂੰ ਅਸਲਮ ਅੰਕਲ ਤੋਂ ਬਦਲਾ ਲੈਣ ਦੀ ਭੈੜੀ ਭਾਵਨਾ ਤੋਂ ਦੂਰ ਕੀਤਾ ਸੀ, ਇਸੇ ਲਈ ਅੱਜ ਦਾ ਦਿਨ ਦੇਖਣਾ ਨਸੀਬ ਹੋਇਆ ਹੈ। ਕਿਰਨ ਸੋਚ ਰਹੀ ਸੀ ਕਿ ਉੱਪਰ ਵਾਲੇ ਨੇ ਭਾਵੇਂ ਉਸ ਦੀ ਕੁੱਖ ਹਰੀ ਨਹੀਂ ਸੀ ਕੀਤੀ, ਪਰ ਉਸ ਨੂੰ ਵਸੀਮ ਦੇ ਰੂਪ ਵਿੱਚ ਇੱਕ ਹੋਣਹਾਰ ਬੱਚੇ ਨੂੰ ਪਾਲਣ ਦਾ ਮੌਕਾ ਦੇ ਕੇ ਉਸ ਦਾ ਮਾਂ ਬਣਨ ਦਾ ਸੁਪਨਾ ਸਾਕਾਰ ਕੀਤਾ ਸੀ। ਵਸੀਮ, ਅੱਲ੍ਹਾ ਤਾਲਾ ਨੂੰ ਦੁਆ ਕਰ ਰਿਹਾ ਸੀ ਭਾਵੇਂ ਉਸ ਨੂੰ ਬਚਪਨ ਵਿੱਚ ਹੀ ਆਪਣੇ ਜਨਮ ਦੇਣ ਵਾਲੇ ਅੱਬਾ-ਅੰਮੀ ਦੇ ਪਿਆਰ ਤੋਂ ਮਹਿਰੂਮ ਹੋਣਾ ਪਿਆ ਸੀ, ਪਰ ਇੱਕ ਗ਼ੈਰ ਮਹਜ਼ਬ ਦੇ ਦੋ ਦਰਵੇਸ਼ਾਂ ਨੇ ਉਨ੍ਹਾਂ ਦੀ ਘਾਟ ਦੀ ਪੂਰਤੀ ਹੀ ਨਹੀਂ ਕੀਤੀ ਸਗੋਂ ਆਪਣੇ ਸੁੱਖਾਂ ਦਾ ਤਿਆਗ ਕਰਕੇ ਉਸ ਨੂੰ ਇਸ ਮੁਕਾਮ ’ਤੇ ਪਹੁੰਚਾਇਆ। ਅੱਲ੍ਹਾ, ਇਨ੍ਹਾਂ ਦੋਹਾਂ ਦਾ ਹੱਥ ਹਮੇਸ਼ਾਂ ਮੇਰੇ ਸਿਰ ’ਤੇ ਰੱਖੇ। ਉਸ ਨੇ ਅਖ਼ਬਾਰਾਂ ਵਾਲਿਆਂ ਨੂੰ ਇੰਟਰਵਿਊ ਦਿੰਦੇ ਇਹੋ ਹੀ ਕਿਹਾ ਕਿ ਕਿਸੇ ਬੱਚੇ ਦੀ ਜ਼ਿੰਦਗੀ ਨੂੰ ਸੁਧਾਰਨ ਲਈ ਸ਼ਾਇਦ ਜਨਮ ਦੇਣ ਵਾਲੇ ਮਾਂ-ਪਿਉ ਵੀ ਇਹ ਕੁੱਝ ਨਹੀਂ ਸੀ ਕਰ ਸਕਦੇ ਜੋ ਮੇਰੇ ਲਈ ਇਸ ਮਾਤਾ-ਪਿਤਾ ਨੇ ਕੀਤਾ ਹੈ। ਇਹ ਕਹਿੰਦੇ ਹੋਏ ਉਸ ਦੀ ਆਵਾਜ਼ ਭਾਰੀ ਹੋ ਗਈ, ਉਸ ਤੋਂ ਹੋਰ ਬੋਲਿਆਂ ਨਾ ਗਿਆ ਅਤੇ ਉਹ ਦੋਹਾਂ ਦੇ ਪੈਰਾਂ ਵਿੱਚ ਗਿਰ ਗਿਆ।

ਜਦੋਂ ਪੱਤਰਕਾਰਾਂ ਨੇ ਵਿਨੋਦ ਅਤੇ ਕਿਰਨ ਨਾਲ ਗੱਲ ਕੀਤੀ ਤਾਂ ਦੋਵੇਂ ਬਾਰ-ਬਾਰ ਇੱਕ ਹੀ ਗੱਲ ਕਹਿ ਰਹੇ ਸੀ ਕਿ ਸਾਨੂੰ ਆਪਣੇ ਇਸ ਪੁੱਤਰ ’ਤੇ ਮਾਣ ਹੈ। ਰੱਬ ਇਹੋ ਜਿਹਾ ਪੁੱਤਰ ਸਭ ਨੂੰ ਦੇਵੇ। ਜਦੋਂ ਇੱਕ ਪੱਤਰਕਾਰ ਨੇ ਕਿਰਨ ਤੋਂ ਪੁੱਛਿਆ ਕਿ ਦੂਜੇ ਧਰਮ ਦੇ ਬੱਚੇ ਨੂੰ ਪਾਲਣ ਵੇਲੇ ਤੁਹਾਨੂੰ ਕੋਈ ਦਿੱਕਤ ਤਾਂ ਨਹੀਂ ਹੋਈ, ਤਾਂ ਉਸ ਨੇ ਗੁੱਸੇ ਨਾਲ ਉਸ ਪੱਤਰਕਾਰ ਵੱਲ ਦੇਖ ਕੇ ਕਿਹਾ, ਇਹ ਕਿਹੋ ਜਿਹਾ ਸਵਾਲ ਹੈ ? ਮਾਂ ਅਤੇ ਬੱਚੇ ਵਿਚਕਾਰ ਧਰਮ ਦਾ ਰਿਸ਼ਤਾ ਕਿੱਥੋਂ ਆ ਗਿਆ ? ਦੁਨੀਆ ਦੀ ਹਰ ਔਰਤ ਦਾ ਅਸਲੀ ਧਰਮ ਬੱਚੇ ਦਾ ਚੰਗਾ ਪਾਲਣ ਪੋਸ਼ਣ ਕਰਨਾ ਹੁੰਦਾ ਹੈ। ਇਹ ਅਖੌਤੀ ਧਰਮ ਅਸੀਂ ਬਣਾਏ ਹਨ ਜਦੋਂ ਕਿ ਮਾਂ ਅਤੇ ਬੱਚੇ ਦਾ ਪਿਆਰ ਕੁਦਰਤੀ ਭਾਵਨਾ ਹੈ।” ਇਹ ਕਹਿੰਦੇ ਹੋਏ ਉਸ ਨੇ ਕੋਲ ਖੜ੍ਹੇ ਵਸੀਮ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ।

## ਮਿੰਨੀ ਕਹਾਣੀ

ਜੈਸਮੀਨ ਕੌਰ ਸੰਧੂ

### ਮਿੱਟੀ ਦੀ ਮੁੱਠ

ਕਿੰਨੇ ਹੀ ਦਿਨਾਂ ਤੋਂ ਮਿੱਟੀ ਦੇ ਭਰੇ ਹੋਏ ਬੋਰੇ ਉੱਥੇ ਹੀ ਪਏ ਸਨ। ਪ੍ਰੀਤ ਨੇ ਮਿੱਟੀ ਆਪਣੇ ਬੇਟੇ ਦੇ ਖੇਡਣ ਲਈ ਖੇਤੋਂ ਮੰਗਾਈ ਸੀ। ਕੰਮ ਵਾਲਾ ਬਾਈ ਦੋ ਬੋਰੇ ਭਰਕੇ ਪ੍ਰੀਤ ਦੇ ਕਹਿਣ ’ਤੇ ਤੁਰੰਤ ਲੈ ਆਇਆ ਸੀ, ਪਰ ਕਿਸੇ ਨੂੰ ਮਿੱਟੀ ਕੱਢ ਕੇ ਖਿਲਾਰਨ ਦਾ ਸਮਾਂ ਨਹੀਂ ਸੀ ਲੱਗਿਆ। ਪ੍ਰੀਤ ਨੇ ਅੱਜ ਹਿੰਮਤ ਕਰਕੇ ਮਿੱਟੀ ਬੋਰੀਆਂ ’ਚੋਂ ਕੱਢ ਹੀ ਲਈ ਸੀ, ਪਰ ਕਈ ਦਿਨਾਂ ਤੋਂ ਪਈ ਹੋਣ ਕਰਕੇ ਮਿੱਟੀ ਜੰਮ ਗਈ ਸੀ। ਪ੍ਰੀਤ ਨੇ ਹੈਰੀ ਨੂੰ ਮਿੱਟੀ ਦੇ ਉੱਤੋਂ ਦੀ ਗੱਡੀ ਦੇ ਟਾਇਰ ਚੜ੍ਹਾਉਣ ਲਈ ਕਿਹਾ। ਹੈਰੀ ਨੂੰ ਕੋਈ ਜ਼ਰੂਰੀ ਕੰਮ ਪੈ ਗਿਆ। ਫਿਰ ਕੰਮ ਉੱਥੇ ਦਾ ਉੱਥੇ ਹੀ ਰਹਿ ਗਿਆ। ਜਦੋਂ ਹੀ ਪ੍ਰੀਤ ਵਿਹੜੇ ’ਚ ਜਾਂਦੀ, ਉਸ ਨੂੰ ਯਾਦ ਆਉਂਦਾ ਕਿ ਮਿੱਟੀ ਕੁੱਟਣ ਵਾਲੀ ਪਈ ਹੈ। ਅੱਜ ਕੰਮ ਵਾਲਾ ਬਾਈ ਖੇਤੋਂ ਵਿਹਲਾ ਹੋ ਕੇ ਘਰ ਸਬਜ਼ੀਆਂ ਲਾਉਣ ਆਇਆ ਸੀ ਤਾਂ ਪ੍ਰੀਤ ਨੇ ਪਹਿਲਾਂ ਮਿੱਟੀ ਕੁੱਟਣ ਲਈ ਕਹਿ ਦਿੱਤਾ। ਬਾਈ ਨੇ ਥੋੜ੍ਹੇ ਸਮੇਂ ’ਚ ਹੀ ਮਿੱਟੀ ਪੱਧਰੀ ਕਰ ਦਿੱਤੀ ਨਿਆਣੇ ਦੇ ਖੇਡਣ ਨੂੰ। ਸ਼ਾਮ ਨੂੰ ਵਿਹਲ ਵੇਲੇ ਪ੍ਰੀਤ ਆਪਣੇ ਬੇਟੇ ਨੂੰ ਬਾਹਰ ਖੇਡਣ ਲਈ ਲੈ ਆਈ ਸੀ। ਉਹ ਪਹਿਲੀ ਵਾਰ ਮਿੱਟੀ ’ਚ ਖੇਡ ਰਿਹਾ ਸੀ। ਸ਼ੁਰੂ-ਸ਼ੁਰੂ ਵਿੱਚ ਉਸ ਨੂੰ ਕੁਝ ਅਜੀਬ ਲੱਗਾ, ਪਰ ਜਦੋਂ ਪ੍ਰੀਤ ਨੇ ਮੁੱਠੀ ’ਚ ਮਿੱਟੀ ਭਰਕੇ ਕੇਰੀ ਤਾਂ ਉਹ ਵੀ ਉਵੇਂ ਹੀ ਕਰਨ ਲੱਗਿਆ। ਉਸ ਨੂੰ ਬਹੁਤ ਖ਼ੁਸ਼ੀ ਮਹਿਸੂਸ ਹੋ ਰਹੀ ਸੀ। ਉਹ ਮੁੱਠੀਆਂ ਭਰ-ਭਰ ਕੇ ਮਿੱਟੀ ਉੱਪਰ ਵੱਲ ਨੂੰ ਖਿੰਡਾ ਰਿਹਾ ਸੀ। ਪ੍ਰੀਤ ਵੀ ਨਿਆਣੇ ਨਾਲ ਮਸਤੀ ਕਰ ਰਹੀ ਸੀ, ਪਰ ਜਦੋਂ ਉਹਨੇ ਹੁਣ ਮਿੱਟੀ ਨੂੰ ਮੁੱਠੀ ’ਚ ਭਰ ਕੇ ਕੇਰਿਆ ਤਾਂ ਉਹ ਸ਼ਾਂਤ ਹੋ ਗਈ। ਜਿਉਂ-ਜਿਉਂ ਮਿੱਟੀ ਕਿਰ ਰਹੀ ਸੀ, ਉਹ ਸੋਚ ਰਹੀ ਸੀ ਕਿ ਜ਼ਿੰਦਗੀ ਵੀ ਤਾਂ ਏਦਾਂ ਹੀ ਦਿਨੋ ਦਿਨ ਕਿਰਦੀ ਜਾ ਰਹੀ ਹੈ। ਉਮਰ ਵੀ ਤਾਂ ਹੱਥੋਂ ਇਉਂ ਹੀ ਤਿਲ੍ਹਕ ਰਹੀ ਹੈ। ਉਹ ਡੂੰਘੀਆਂ ਸੋਚਾਂ ’ਚ ਪੈ ਗਈ। ਅਚਾਨਕ ਨਿਆਣੇ ਨੇ ਮਿੱਟੀ ਉਸ ਵੱਲ ਸੁੱਟੀ ਤਾਂ ਉਸ ਦੀਆਂ ਸੋਚਾਂ ਦੀ ਲੜੀ ਟੁੱਟ ਗਈ। ਪ੍ਰੀਤ ਫਿਰ ਆਪਣੇ ਬੇਟੇ ਨਾਲ ਖੇਡਣ ਲੱਗੀ।

# ਮੇਰੀ ਕਲਮ

## ਪੰਛੀ
ਮਾਸਟਰ ਸੰਜੀਵ ਧਰਮਾਣੀ

ਆਓ ! ਪੰਛੀਆਂ ਤੇ ਜੀਵਾਂ ਨੂੰ ਪਾਣੀ ਪਿਲਾ ਦਈਏ ,
ਗਰਮੀ ਤੇ ਲੂਹ ਤੋਂ ਇਹਨਾਂ ਨੂੰ ਬਚਾ ਲਈਏ।
ਗਰਮੀ ਨੇ ਹੈ ਕਹਿਰ ਵਰਤਾਇਆ ,
ਸਭ ਪਾਸੇ ਹਾਹਾਕਾਰ ਮਚਾਇਆ।
ਛੱਪੜ - ਟੋਭੇ ਸੁੱਕਣ ਲੱਗੇ ,
ਇੰਝ ਜਾਪੇ ਸਾਹ ਮੁੱਕਣ ਲੱਗੇ।
ਤੱਪਦਾ ਸੂਰਜ ਤੇ ਗਰਮ ਹਵਾਵਾਂ ,
ਘੱਟ ਗਈਆਂ ਹੁਣ ਠੰਢੀਆਂ ਛਾਵਾਂ।
ਅਸਮਾਨੋਂ ਅੱਗ ਦੀਆਂ ਲਪਟਾਂ ਆਵਣ ,
ਪੰਛੀ - ਜੀਵ ਕਿੱਧਰ ਨੂੰ ਜਾਵਣ ?
ਸੁੱਕ ਗਈਆਂ ਖੱਡਾਂ ਤੇ ਨਾਲ਼ੇ ,
ਜ਼ਿੰਦਗੀ ਲਟਕੀ ਅੱਧ ਵਿਚਕਾਲ਼ੇ।
ਇੱਧਰ - ਉੱਧਰ ਆਸ ਲਗਾਵੇ ,
ਕੋਈ 'ਰੱਬੀ - ਰੂਹ' ਪਾਣੀ ਤਾਂ ਪਿਲ਼ਾਵੇ।
ਗਰਮੀ ਤੋਂ ਬਚਾ ਲਓ , ਇਹ ਨੇ ਕੁਦਰਤ ਦੇ ਹੀਰੇ ,
ਤਪਸ਼ ਨੇ ਜ਼ਿੰਦਗੀ ਕੀਤੀ ਲੀਰੇ - ਲੀਰੇ।
ਬਚਾ ਲਏ 'ਰੱਬੀ - ਦਰਵੇਸ਼' ਕੋਈ ਆ ਕੇ ,
ਜੀਵਨ ਬਚਾ ਲਏ ਹੁਣ ਪਾਣੀ ਪਿਲ਼ਾ ਕੇ।
ਮੁੱਕਦੇ ਜਾਂਦੇ ਸਾਹਾਂ ਨੂੰ 'ਧਰਮਾਣੀ',
ਪਿਲ਼ਾ ਦੇਵੇ ਕੋਈ ਦੋ ਘੁੱਟ ਪਾਣੀ।
'ਧਰਮਾਣੀ' ਇਹ ਹੈ ਵੱਡਾ ਪਰਉਪਕਾਰ ,
ਦੋ ਘੁੱਟ ਪਾਣੀ ਪਿਲ਼ਾ ਦਿਓ , ਮਚੀ ਹਾਹਾਕਾਰ,
ਮਚੀ ਹਾਹਾਕਾਰ।
'ਦੋ ਘੁੱਟ ਪਾਣੀ' ਲਈ ਅੱਗੇ ਆਵੋ ,
ਆਪਣਾ ਇਨਸਾਨੀਅਤ - ਧਰਮ ਨਿਭਾਵੋ।
ਆਪਣੀ ਨੇਕ ਕਮਾਈ ਵਿੱਚੋਂ,
ਦੋ - ਚਾਰ ਸਕੋਰੇ ਲਗਾ ਕੇ
ਜੀਵਾਂ - ਪੰਛੀਆਂ ਨੂੰ ਪਾਣੀ ਪਿਲਾਵੋ ,
ਪੰਛੀ - ਪਰਿੰਦਿਆਂ ਨੂੰ ਪਾਣੀ ਪਿਲਾਵੋ।

## ਜੋੜੀ
ਸੋਹਣ ਸਿੰਘ ਬਰਨਾਲਾ

ਇੱਕ ਜੋੜੀ ਮੈਂ ਐਸੀ ਦੇਖੀ, ਇੱਕ ਦੂਜੇ ਲਈ ਹਾਰੇ
ਸੁਫ਼ਨੇ ਵੀ ਉਹ ਜੀਅ ਲੈਂਦੇ ਨੇ, ਤੁਰ ਕੇ ਨਹਿਰ ਕਿਨਾਰੇ।
ਇੱਕ ਜੋੜੀ ਮੈਂ ਐਸੀ ਦੇਖੀ, ਹਰ ਥਾਈਂ ਲੜਦੇ ਰਹਿੰਦੇ
ਸਮਝ ਕਿਸੇ ਨੂੰ ਆਵੇ ਨਾ, ਉਹ ਕਿਉਂ ਦੂਜੇ ਨਾਲ ਖਹਿੰਦੇ।
ਇੱਕ ਜੋੜੀ ਮੈਂ ਐਸੀ ਦੇਖੀ, ਹਰ ਥਾਂ ਹੀ ਰੱਖਣ ਉਲ੍ਹਮੇ
ਹਰ ਥਾਂ ਮੱਤਾਂ ਦਿੰਦੇ ਜਾਵਣ, ਆਪਣੀ ਮੱਤ ਨਾ ਸਾਂਭੇ।
ਇੱਕ ਜੋੜੀ ਮੈਂ ਐਸੀ ਦੇਖੀ, ਇੱਕ ਆਵੇ ਇੱਕ ਜਾਵੇ
ਐਸੇ ਦੇਸ਼ ਵਿੱਚ ਵਸਦੇ ਨੇ, ਮਨ ਨੂੰ ਨਾ ਜੋ ਭਾਵੇ।
ਇੱਕ ਜੋੜੀ ਮੈਂ ਐਸੀ ਦੇਖੀ, ਇੱਕ ਪੜ੍ਹਿਆ ਇੱਕ ਅਨਪੜ੍ਹ
ਮੋਹ ਦੇ ਨਾਲ ਹੀ ਲਾ ਲੈਂਦੇ ਜੋ ਪਰਿਵਾਰ ਆਪਣੇ ਦੀ ਜੜ੍ਹ।
ਇੱਕ ਜੋੜੀ ਮੈਂ ਐਸੀ ਦੇਖੀ, ਹਰ ਥਾਂ ਲਾਲ ਹੀ ਰਹਿੰਦੀ
ਬਿਨਾਂ ਗੱਲ ਤੋਂ ਭੜਕ ਉੱਠੇ, ਤੇ ਬਿਨਾਂ ਗੱਲ ਕੁਝ ਕਹਿੰਦੀ।
ਇੱਕ ਜੋੜੀ ਮੈਂ ਐਸੀ ਦੇਖੀ, ਹਰ ਥਾਈਂ ਮੂੰਹ ਜੋ ਮਾਰੇ
ਆਪਣਾ ਸਭ ਕੁਝ ਲੁਕੋਕੇ ਰੱਖਦੀ, ਖਾ ਦੂਜੇ ਦਾ ਸਾਰੇ।
ਇੱਕ ਜੋੜੀ ਮੈਂ ਐਸੀ ਦੇਖੀ, ਚੁੱਪ ਚੁੱਪ ਦਿਨ ਲੰਘਦੇ
ਕੋਈ ਬੁਲਾਵੇ ਬੋਲ ਪੈਂਦੇ, ਨਹੀਂ ਐਵੇਂ ਰਹਿੰਦੇ ਸੰਗਦੇ।
ਇੱਕ ਜੋੜੀ ਮੈਂ ਐਸੀ ਦੇਖੀ, ਸ਼ਬਦ ਗੁਰੂ ਵਿੱਚ ਵੱਸਦੀ
ਚੰਗੇ ਮਾੜੇ ਹਾਲਾਤ ਨੇ ਜੋ ਵੀ, ਉਹ ਹੱਸਦੀ ਦੀ ਹੱਸਦੀ।
ਤੁਸੀਂ ਸੋਚੋ, ਤੁਸੀਂ ਕਿਹੜੀ ਜੋੜੀ, ਕੀ ਤੁਸੀਂ ਹੋ ਕਰਦੇ ?
ਇਸ ਸਮਾਜ ਦੀ ਚਹਿਲ ਪਹਿਲ ਵਿੱਚ, ਕਿੱਥੇ ਕੁ ਹੋ ਖੜ੍ਹਦੇ।

## ਕਿਉਂ
ਮਨਿੰਦਰ ਕੌਰ ਬਸੀ

ਖੋ ਗਿਆ ਹੈ ਅਮਨ ਤੇ ਆਮਾਨ ਕਿਉਂ ?
ਬਲ ਰਿਹਾ ਹੈ ਮੇਰਾ ਹਿੰਦੁਸਤਾਨ ਕਿਉਂ ?
ਪਹਿਨ ਕੇ ਵੱਖ ਵੱਖ ਰੰਗਾਂ ਦੇ ਵਸਤਰ,
ਆ ਗਿਐ ਅੱਡ ਰੂਪ ਵਿੱਚ ਸ਼ੈਤਾਨ ਕਿਉਂ ?
ਧਰਮ ਉਸਦਾ, ਜਾਤ, ਨਾ ਮਜ਼ਹਬ ਕੋਈ,
ਮਾਰਦੈ ਇਨਸਾਨ ਨੂੰ ਇਨਸਾਨ ਕਿਉਂ ?
ਫਿਰ ਸਿਆਸਤ ਭਖ ਰਹੀ ਹੈ ਧਰਮ ਦੀ,
ਫਿਰ ਨਿਸ਼ਾਨੇ ਧਰਮ ਤੇ ਈਮਾਨ ਕਿਉਂ ?
ਜੇ ਲੋਕਾਈ ਵਾਸਤੇ ਮਨ 'ਚ ਪੀੜ ਹੈ,
ਲੈ ਰਿਹੈਂ ਸਰਕਾਰ ਤੋਂ ਸਨਮਾਨ ਕਿਉਂ ?
ਬਣ ਨਾ ਪੱਥਰ, ਮੂਰਤੀ ਇਨਸਾਫ਼ ਕਰ,
ਸੱਚ ਤੋਂ ਤੂੰ ਹੋ ਰਿਹੈਂ ਅਣਜਾਣ ਕਿਉਂ ?
ਚੁੱਕ ਲੈ ਇੱਕ ਵਾਰ ਫਿਰ ਤੋਂ ਕਲਮ ਨੂੰ,
ਕਲਮ ਤੇਰੀ ਬਣਦੀ ਨਹੀਂ ਕਮਾਨ ਕਿਉਂ ?
ਬਿਖਰ ਗਏ ਟੁਕੜੇ ਜੋ ਕੱਚ ਦੀ ਵੰਗ ਦੇ,
ਵਾਦੀ ਤੱਕ ਕੇ ਲਾਲ ਹੁਣ ਹੈਰਾਨ ਕਿਉਂ ?

## ਅੱਜ ਦਾ ਮਾਹੌਲ
ਹਰਪ੍ਰੀਤ ਪੱਤੋ

ਸਾਰੀ ਦੁਨੀਆਂ ਵਿੱਚ ਹਲਚਲ ਮੱਚੀ,
ਕਿੱਥੋਂ ਮਿਲਣਾ ਸ਼ਾਂਤ ਮਾਹੌਲ ਬਾਬਾ।
ਕਿਧਰੇ ਲੜਾਈਆਂ ਤੇ ਲੱਗਣ ਧਰਨੇ,
ਕਿਵੇਂ ਹੋਣਾ ਇਨ੍ਹਾਂ 'ਤੇ ਕੰਟਰੋਲ ਬਾਬਾ।
ਆਪੋ ਧਾਪ ਜਨਤਾ ਹੈ ਹੋਈ ਫਿਰਦੀ,
ਪੈਣ ਸੋਚ ਕਲੇਜੇ ਹੌਲ ਬਾਬਾ।
ਇਹੀ ਹਾਲ ਘਰਾਂ ਵਿੱਚ ਹੋਇਆ,
ਕੀਤੇ ਪੁਰਾਣੇ ਘਰੀਂ ਜੋ ਕੌਲ ਬਾਬਾ।
ਨੂੰਹ ਸੱਸ ਆਪਸ 'ਚ ਖਹੀ ਜਾਵਣ,
ਗੱਲ ਰਹੀਆਂ ਨਾ ਕਿਸੇ ਦੀ ਗੌਲ ਬਾਬਾ।
ਜੋ ਘਰ ਅੰਦਰ ਹੈ ਸਮਾਜ ਅੰਦਰ,
ਜਾਂਦੇ ਖ਼ੂਨ ਲੋਕਾਂ ਦੇ ਖੌਲ ਬਾਬਾ।
ਆਮ ਖ਼ਾਸ ਅੰਦਰੀਂ ਸਾਰੇ ਰੋਈ ਜਾਂਦੇ,
ਘਰੋਂ ਨਿਕਲ ਕਰਨ ਮਖੌਲ ਬਾਬਾ।
ਜੀਹਨੂੰ ਨਾ ਵੇਖ, ਪੱਤੋ, ਉਹੀ ਸੁਖੀ ਲੱਗੇ,
ਚੋਰੀ ਪਾਉਂਦੇ ਭੌਣਾਂ 'ਤੇ ਚੋਲ ਬਾਬਾ।

## ਦੋਗਲੀ ਨੀਤੀ
ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਜ਼ਬਰਦਸਤੀ ਪਿਆਰ ਵੀ ਨਿਭਾਏ ਨਹੀਂ ਜਾਂਦੇ,
ਧੌਂਸ ਨਾਲ ਝੂਠ ਦੇ ਸੱਚ ਬਣਾਏ ਨਹੀਂ ਜਾਂਦੇ।
ਵਕਤੀ ਰਿਉੜੀਆਂ ਵੰਡ ਕੇ ਨੰਗੇ ਭੁੱਖੇ ਲੋਕਾਂ ਨੂੰ,
ਔੜਾਂ ਵਿੱਚ ਸਬਜ਼ ਬਾਗ ਦਿਖਾਏ ਨਹੀਂ ਜਾਂਦੇ।
ਭੁੱਖ ਅੰਬਾਂ ਦੀ ਬਾਖੜੀਆਂ ਨਾਲ ਮਿਟ ਨਹੀਂ ਸਕਦੀ,
ਸੁਪਨੇਂ ਸੁਰਗਾਂ ਦੇ ਨਰਕਾਂ ਵਿੱਚ ਦਿਖਾਏ ਨਹੀਂ ਜਾਂਦੇ।
ਬਿਨਾ ਸੂਰਜ ਤੋਂ ਉਜਾਲੇ ਕਦੀ ਵੀ ਨਹੀਂ ਦਿਸਦੇ,
ਹਨੇਰੇ ਵੇਚ ਕੇ ਵਪਾਰ ਸਦਾ ਚਲਾਏ ਨਹੀਂ ਜਾਂਦੇ।
ਮਿੱਠੀਆਂ ਤੇਰੀਆਂ ਗੱਲਾਂ ਤੇ ਯਕੀਨ ਕਿਵੇਂ ਕਰੀਏ ?
ਇਵੇਂ ਬੇਈਮਾਨ ਇਰਾਦੇ ਸਦਾ ਛੁਪਾਏ ਨਹੀਂ ਜਾਂਦੇ।
ਹਕੂਮਤ ਹੋਵੇਗੀ ਭਾਵੇਂ ਤੇਰੀ ਇਸ ਸ਼ਹਿਰ ਦੇ ਉੱਤੇ,
ਪਰ ਰਾਜ ਹਿਰਦਿਆਂ ਉੱਤੇ ਇੰਝ ਚਲਾਏ ਨਹੀਂ ਜਾਂਦੇ।
ਹੈ ਤੂੰ ਖ਼ੁਸ਼ ਕਿ ਤੇਰਾ ਜ਼ਿਕਰ ਹੈ ਹਰ ਜ਼ੁਬਾਨ ਉੱਤੇ,
ਪਰ ਤਲਖ਼ ਸ਼ਬਦਾਂ ਨਾਲ ਮਲ੍ਹਮ ਬਣਾਏ ਨਹੀਂ ਜਾਂਦੇ।
ਭਾਵੇਂ ਚੱਲਦੀ ਹੈ ਹਨੇਰੀ ਅੱਜ ਤੇਰੇ ਹੁਕਮਾਂ ਦੀ,
ਪਰ ਚਿਰਾਗ ਉਮੀਦਾਂ ਦੇ ਇੰਝ ਬੁਝਾਏ ਨਹੀਂ ਜਾਂਦੇ।
ਕਹਿਣ ਨੂੰ ਤਾਂ ਤੂੰ ਹੈਂ ਸਵਾਰ ਹੰਕਾਰ ਦੇ ਰੱਥ 'ਤੇ,
ਕਾਠ ਦੇ ਘੋੜੇ ਇਵੇਂ ਸਰਪਟ ਦੌੜਾਏ ਨਹੀਂ ਜਾਂਦੇ।

## ਮਾਨਵਤਾ ਦਾ ਘਾਣ
ਰਾਜਬੀਰ ਮੱਤਾ

ਮਾਨਵਤਾ ਦਾ ਘਾਣ ਹੋ ਰਿਹਾ
ਹਰ ਥਾਂ ਹੀ ਸ਼ਮਸ਼ਾਨ ਹੋ ਰਿਹਾ।
ਲੋਕ ਲੋਕਾਈ ਸਮਝ ਨਾ ਆਵੇ
ਹਰ ਬੰਦਾ ਬੇਈਮਾਨ ਹੋ ਰਿਹਾ।
ਟੁੱਟਦੇ ਘਰ, ਤਿੜਕਦੇ ਸੁਪਨੇ
ਕਿਰਤੀ ਹੁਣ ਪ੍ਰੇਸ਼ਾਨ ਹੋ ਰਿਹਾ।
ਇਹ ਆਉਂਦੇ-ਜਾਂਦੇ ਰਾਹੀਂ ਪੁੱਛਣ
ਕਿਉਂ ਰਸਤਾ ਬੇਜਾਨ ਹੋ ਰਿਹਾ।
ਪੰਛੀਆਂ ਤਾਈਂ ਰੁੱਖ ਨਾ ਲੱਭਣ
ਕੁਦਰਤ ਦਾ ਅਪਮਾਨ ਹੋ ਰਿਹਾ।
ਰਿਸ਼ਤਿਆਂ ਦੀ ਥਾਂ ਸਿੱਕੇ ਪੂਜੇ
ਬੰਦਾ ਸਵਾਰਥਵਾਨ ਹੋ ਰਿਹਾ।
ਆਉਂਦਾ ਜਾਂਦਾ ਸਾਹ ਵੀ ਘੁੱਟੇ
ਵਾਤਾਵਰਣ ਕਹਿਰਵਾਨ ਹੋ ਰਿਹਾ।
ਕਦੇ ਘਾੜਤ ਕਦੇ ਬੰਦਾ ਤੱਕੇ
ਰੱਬ ਖ਼ੁਦ 'ਤੇ ਹੈਰਾਨ ਹੋ ਰਿਹਾ।

## ਸੋਸ਼ਲ ਮੀਡੀਆ
ਸੋਹਣ ਸਿੰਘ ਬਰਨਾਲਾ



ਆਪਣਾ ਆਪਣਾ ਦੇਖੀ ਜਾਨੈਂ
ਦੂਜੇ ਨੂੰ ਸਤਿਕਾਰ ਤਾਂ ਦੇ
ਸ਼ੋਸ਼ਲ ਮੀਡੀਆ ਸਭ ਕੁਝ ਚਲਦਾ
ਤੂੰ ਆਪਣਾ ਵਿਚਾਰ ਤਾਂ ਦੇ
ਐਵੇਂ ਇਮੋਜੀ ਦੇ ਕੇ ਤੁਰਦੈਂ
ਆਪਣੇ ਸ਼ਬਦ ਦੋ ਚਾਰ ਤਾਂ ਦੇ
ਤੂੰ ਤਾਂ ਕਰਕੇ ਲਾਈਕ ਹੀ ਛੱਡਦਾ
ਵਿਚਾਰ ਦੇ ਬਦਲੇ ਪਿਆਰ ਤਾਂ ਦੇ
ਉੱਠਦੇ ਬੈਠਦੇ ਮੈਂ ਚੈੱਕ ਕਰਦਾ
ਕਵਿਤਾ ਨੂੰ ਕਤਾਰ ਤਾਂ ਦੇ
ਵਧਾਈ ਵਧਾਈ ਹਰ ਕੋਈ ਲਿਖਦਾ
ਪਾਠ ਪੜ੍ਹ ਕੇ, ਕੁਝ ਸਾਰ ਤਾਂ ਦੇ
ਕਿਉਂ ਤੂੰ ਦੇਖ ਕੇ ਅੱਗੇ ਚੱਲਦੈਂ ?
ਗੁੱਸੇ ਗਿੱਲੇ ਨੂੰ ਕੋਈ ਠਾਰ ਤਾਂ ਦੇ
ਐਵੇਂ ਨਜ਼ਰ ਅੰਦਾਜ਼ ਤੂੰ ਕਰਦਾ
ਪਾਇਆ ਮਖੌਟਾ, ਉਤਾਰ ਤਾਂ ਦੇ
ਫੇਰ ਮੈਂ ਸੋਚਾਂ ਉਹ ਦਿਨ ਭਲੇ
ਚਿੱਠੀ ਵਿੱਚ ਜਦ ਜਗ੍ਹਾ ਸੀ ਮੁੱਕਦੀ
ਵਧਾਈਆਂ ਦੇਣ ਦੇ ਮਗਰੋਂ ਵੀ
ਬਜ਼ੁਰਗਾਂ ਦੀ ਗੱਲਬਾਤ ਨਾ ਰੁਕਦੀ
ਹੁਣ ਤੂੰ ਸਮਝ, ਸ਼ੇਅਰ ਕਰੀ ਚੱਲ
ਪੋਸਟ ਨੂੰ ਆਪਣੇ ਪਰਿਵਾਰ ਤਾਂ ਦੇ
ਜੇ ਕੁਝ ਕੰਮ ਦਾ ਇੱਥੇ ਮਿਲਦਾ
ਸੋਹਣ ਦੇ ਨਾਂ ਨੂੰ ਬਜ਼ਾਰ ਤਾਂ ਦੇ

## ਗ਼ਜ਼ਲ
ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਕਿਸ ਦੀ ਹਰ ਇੱਕ ਹਸਰਤ ਪੂਰੀ ਹੋਈ ਏ ?
ਕਿਹੜੇ ਕਿਰਤੀ ਪੱਲੇ ਚੂਰੀ ਹੋਈ ਏ ?
ਜੇ ਤੂੰ ਗ਼ਲਤ ਨੂੰ ਗ਼ਲਤ ਵੀ ਕਹਿਣਾ ਚਾਹੇ ਨਾ
ਇਹ ਤਾਂ ਪੂਰੀ ਜੀ ਹਜ਼ੂਰੀ ਹੋਈ ਏ।
ਇਹ ਹੁਸਨ ਵਾਲਿਆਂ ਗੱਲ ਅਸਾਡੀ ਗੌਲੀ ਨਾ
ਕੀ ਆਖਾਂ ਫਿਰ ਇਹ ਮਗ਼ਰੂਰੀ ਹੋਈ ਏ।
ਇੱਕੋ ਘਰ ਵਿੱਚ ਰਹਿ ਕੇ ਦਿਲ ਨਾ ਮਿਲ ਸਕੇ
ਐਨੀ ਵੇਖੋ ਦਿਲ ਵਿੱਚ ਦੂਰੀ ਹੋਈ ਏ।
ਜਿਹੜੀ ਅੱਖ ਨੂੰ ਰਹਿੰਦੀ ਸੀ ਨਿੱਤ ਤਾਂਘ ਮੇਰੀ
ਓਸੇ ਅੱਖ ਵਿੱਚ ਅੱਜ ਕਿਉਂ ਘੂਰੀ ਹੋਈ ਏ ?
ਤੂੰ ਵੀ 'ਦਿਲਬਰ' ਅੱਧਵਾਟੇ ਹੀ ਮੁੜ ਗਿਆ ਏਂ
ਦੱਸ ਖਾਂ ਤੇਰੀ ਕੀ ਮਜਬੂਰੀ ਹੋਈ ਏ ?

## ਧੀਆਂ ਦਾ ਗੀਤ
ਰਣਜੀਤ ਆਜ਼ਾਦ ਕਾਂਝਲਾ

ਧੀ ਮਾਪਿਆਂ ਦੀ ਹੁੰਦੀ ਜਿੰਦ ਜਾਨ ਵੇ!
ਇਹ ਸਭ ਜਾਣਦਾ ਹੈ ਕੁੱਲ ਜਹਾਨ ਵੇ!
ਧੀਆਂ ਨੂੰ ਕਦੇ ਵੀ ਦੁਰਕਾਰੋ ਨਾ!
ਧੀਆਂ ਹੁੰਦੀਆਂ ਨੇ ਘਰਾਂ ਦੀਆਂ ਰੌਣਕਾਂ,
ਕੁੱਖਾਂ 'ਚ ਏਦਾਂ ਮਾਰੋ ਨਾ!
ਧੀ ਮਾਪਿਆਂ ਦਾ ਦੁੱਖ ਵੰਡਾਉਂਦੀ ਹੈ।
ਕੰਡਾ ਚੁਭੇ ਤੇ ਝੱਟ ਭੱਜੀ ਆਉਂਦੀ ਹੈ।
ਕਿਸੇ ਗੱਲੋਂ ਨਾ ਏਹ ਘੱਟ ਹੁੰਦੀਆਂ,
ਜ਼ਿੰਦਗੀ 'ਚ ਕਦੇ ਵੀ ਹਾਰੋ ਨਾ!
ਪੜ੍ਹ ਲਿਖ ਕੇ ਅਫ਼ਸਰ ਨੇ ਬਣ ਜਾਂਦੀਆਂ।
ਨਾਂਅ ਮਾਪਿਆਂ ਦਾ ਰੌਸ਼ਨ ਕਰ ਜਾਂਦੀਆਂ।
ਕਿੱਦਾਂ ਸੋਚਦੇ ਹੋ ਕਤਲ ਕਰਨ ਲਈ ?
ਭੈੜੇ ਏਹ ਮਨ ਨੂੰ ਜ਼ਰਾ ਲਲਕਾਰੋ ਤਾਂ!
ਪੁਰਾਣੇ ਰੀਤੀ-ਰਿਵਾਜ ਸਭ ਛੱਡ 'ਦੋ!
ਅਰਲਾਕੋਟ ਵਾਂਗੂੰ ਧਰਤੀ 'ਚ ਗੱਡ 'ਦੋ!
ਧੀ ਜੰਮਣ 'ਤੇ ਰਾਹ 'ਚ ਜੋ ਬਣਦੇ ਨੇ ਰੋੜੇ
ਲੈਣ-ਦੇਣ ਵਾਲੀ ਰੀਤ ਮਨਾਂ 'ਚ ਉਤਾਰੋ ਨਾ!
ਮਾਤਾ ਖੀਵੀ, ਸੁਲੱਖਣੀ, ਗੁਜਰੀ,
ਮਾਤਾ ਸਾਹਿਬ ਦੇਵਾਂ, ਬੀਬੀ ਭਾਨੀ ਜੀ!
ਕਲਪਨਾ ਚਾਵਲਾ, ਸਰੋਜਨੀ ਨਾਇਡੂ



ਸਦਾ ਗਈ ਹੈ ਜੋ ਸਨਮਾਨੀ ਜੀ।
ਇਹ ਵੀ ਧੀਆਂ ਹਨ (ਸਨ) ਕਿਸੇ ਦੀਆਂ ਮਿੱਤਰੋ।
ਇਨ੍ਹਾਂ ਦੀ ਘਾਲਣਾ ਨੂੰ ਕਦੇ ਵੀ ਵਿਸਾਰੋ ਨਾ!
'ਆਜ਼ਾਦ' ਕਾਂਝਲੇ ਦਾ ਕਰਦਾ ਦੁਆਵਾਂ ਜੀ।
ਸਦਾ ਠੰਢੀਆਂ ਹੀ ਵਗਣ ਹਵਾਵਾਂ ਜੀ।
ਵਸਦੀਆਂ, ਹੱਸਦੀਆਂ ਰਹਿਣ ਸਦਾ
ਕਦੇ ਵੀ ਇਨ੍ਹਾਂ ਨੂੰ ਦੁਰਕਾਰੋ ਨਾ!

## ਗ਼ਜ਼ਲ
ਗੁਰਿੰਦਰ 'ਪ੍ਰੀਤ' ਧਾਰੋਵਾਲੀਆ

ਤੇਰੀ ਮਿਹਰ ਦਾ ਫਲ ਮਿਲਿਆ ਏ।
ਜ਼ਿੰਦਗੀ ਜੀਣ ਦਾ ਵੱਲ ਮਿਲਿਆ ਏ।
ਜਦ ਦਾ ਮੈਨੂੰ ਉਹ ਮਿਲਿਆ ਏ
ਹਰ ਮਸਲੇ ਦਾ ਹੱਲ ਮਿਲਿਆ ਏ।
ਉਸਦਾ ਮਿਲਣਾ ਇੰਝ ਮਿਲਿਆ ਕਿ
ਪਿਆਸੇ ਨੂੰ ਜਿਉਂ ਜਲ ਮਿਲਿਆ ਏ।
ਕੀ ਦੱਸਾਂ ਕਿੰਝ ਮਿਲਦਾ ਏ ਉਹ
ਜਦ ਵੀ ਮਿਲਿਆ ਗਲ ਮਿਲਿਆ ਏ।
ਇੱਕ ਕਦਮ ਜੁ ਉਸ ਵੱਲ ਪੁੱਟਿਆ
ਅੱਗੋਂ ਦੀ ਉਹ ਚੱਲ ਮਿਲਿਆ ਏ।
ਇੱਕ ਵਾਰੀ ਮੈਂ ਮਿਲਿਆ ਉਸਨੂੰ
ਫਿਰ ਮੈਨੂੰ ਹਰ ਪਲ ਮਿਲਿਆ ਏ।
ਹੀਰੇ ਮੋਤੀ ਮਿਲੇ ਅਸੰਖਾਂ
ਸਾਗਰ ਦਾ ਵੀ ਤਲ ਮਿਲਿਆ ਏ।
ਏਥੋਂ ਮੈਨੂੰ ਕੁਝ ਨਾ ਮਿਲਿਆ
ਜੋ ਮਿਲਿਆ ਵਲ ਛਲ ਮਿਲਿਆ ਏ।
ਉਸਦਾ ਮਿਲਣਾ ਬੜੀ ਗ਼ਨੀਮਤ
ਅੱਜ ਮਿਲਿਆ ਕਿ ਕੱਲ੍ਹ ਮਿਲਿਆ ਏ।
ਇੰਝ ਗੁਰਿੰਦਰ ਕਿੰਝ ਹੋਇਆ ਕਿ
ਅੰਬਰ ਨੂੰ ਕਿੰਝ ਥਲ ਮਿਲਿਆ ਏ।

# ਸਟਾਰ ਕ੍ਰਿਕਟਰ ਵਿਰਾਟ ਕੋਹਲੀ ਨੇ ਲਿਆ ਸੰਨਿਆਸ

## ਸੰਘਰਸ਼, ਤਬਦੀਲੀਆਂ ਅਤੇ ਭਾਵਨਾਵਾਂ ਨਾਲ ਭਰਿਆ ਹੋਇਆ ਸੀ ਕੋਹਲੀ ਦਾ ਸਫ਼ਰ

ਵਿਰਾਟ ਕੋਹਲੀ ਨੇ ਪਿਛਲੇ ਦਿਨੀਂ ਟੈਸਟ ਕ੍ਰਿਕਟ ਤੋਂ ਸੰਨਿਆਸ ਲੈ ਲਿਆ। ਉਸ ਨੇ ਆਪਣੀ ਰਿਟਾਇਰਮੈਂਟ ਦਾ ਐਲਾਨ ਇੰਸਟਾਗ੍ਰਾਮ ’ਤੇ ਕੀਤਾ। ਵਿਰਾਟ ਕੋਹਲੀ ਨੇ ਇੰਸਟਾਗ੍ਰਾਮ ’ਤੇ ਟੈਸਟ ਕਿੱਟ ਵਿੱਚ ਇੱਕ ਫੋਟੋ ਸਾਂਝੀ ਕੀਤੀ। ਇਸ ਦੇ ਕੈਪਸ਼ਨ ਵਿੱਚ ਉਸਨੇ ਲਿਖਿਆ, ਟੈਸਟ ਕ੍ਰਿਕਟ ਵਿੱਚ ਪਹਿਲੀ ਵਾਰ ਬੈਗੀ ਬਲੂ ਜਰਸੀ ਪਹਿਨੇ ਨੂੰ 14 ਸਾਲ ਹੋ ਗਏ ਹਨ। ਇਮਾਨਦਾਰੀ ਨਾਲ ਕਹਾਂ ਤਾਂ ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਇਹ ਫਾਰਮੈਟ ਮੈਨੂੰ ਕਿਸ ਸਫ਼ਰ ’ਤੇ ਲੈ ਜਾਵੇਗਾ। ਇਸਨੇ ਮੈਨੂੰ ਪਰਖਿਆ, ਮੈਨੂੰ ਆਕਾਰ ਦਿੱਤਾ, ਅਤੇ ਮੈਨੂੰ ਉਹ ਸਬਕ ਸਿਖਾਏ ਜੋ ਮੈਂ ਆਪਣੀ ਬਾਕੀ ਦੀ ਜ਼ਿੰਦਗੀ ਆਪਣੇ ਨਾਲ ਰੱਖਾਂਗਾ।

ਵਿਰਾਟ ਕੋਹਲੀ ਨੇ ਲਿਖਿਆ, ‘ਚਿੱਟੇ ਕੱਪੜਿਆਂ ਵਿੱਚ ਖੇਡਣਾ ਇੱਕ ਬਹੁਤ ਹੀ ਨਿੱਜੀ ਅਨੁਭਵ ਹੈ।’ ਸ਼ਾਂਤ ਮਿਹਨਤ, ਲੰਬੇ ਦਿਨ, ਛੋਟੇ-ਛੋਟੇ ਪਲ ਜੋ ਕੋਈ ਨਹੀਂ ਦੇਖਦਾ ਪਰ ਹਮੇਸ਼ਾ ਤੁਹਾਡੇ ਨਾਲ ਰਹਿੰਦੇ ਹਨ। ਜਦੋਂ ਮੈਂ ਇਸ ਫਾਰਮੈਟ ਤੋਂ ਦੂਰ ਜਾ ਰਿਹਾ ਹਾਂ, ਤਾਂ ਇਹ ਆਸਾਨ ਨਹੀਂ ਹੈ, ਪਰ ਇਹ ਸਹੀ ਮਹਿਸੂਸ ਹੁੰਦਾ ਹੈ। ਮੈਂ ਇਸਨੂੰ ਆਪਣਾ ਸਭ ਕੁਝ ਦੇ ਦਿੱਤਾ ਹੈ ਅਤੇ ਇਸਨੇ ਮੈਨੂੰ ਮੇਰੀ ਉਮੀਦ ਤੋਂ ਵੱਧ ਦਿੱਤਾ ਹੈ। ਮੈਂ ਖੇਡ ਲਈ, ਮੈਦਾਨ ’ਤੇ ਮੌਜੂਦ ਲੋਕਾਂ ਲਈ ਅਤੇ ਇਸ ਯਾਤਰਾ ਵਿੱਚ ਮੇਰਾ ਸਾਥ ਦੇਣ ਵਾਲੇ ਹਰ ਵਿਅਕਤੀ ਲਈ ਬਹੁਤ ਧੰਨਵਾਦੀ ਹਾਂ। ਮੈਂ ਹਮੇਸ਼ਾ ਆਪਣੇ ਟੈਸਟ ਕਰੀਅਰ ਨੂੰ ਮੁਸਕਰਾਹਟ ਨਾਲ ਦੇਖਾਂਗਾ।



ਵਿਰਾਟ ਕੋਹਲੀ ਦੇ ਟੈਸਟ ਕਰੀਅਰ ਦੀ ਗੱਲ ਕਰੀਏ ਤਾਂ ਉਸਨੇ ਜੂਨ 2011 ਵਿੱਚ ਕਿੰਗਸਟਨ ਵਿੱਚ ਵੈਸਟਇੰਡੀਜ਼ ਖ਼ਿਲਾਫ਼ ਮੈਚ ਨਾਲ ਆਪਣੇ ਟੈਸਟ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਸਨੇ ਆਪਣਾ ਆਖਰੀ ਟੈਸਟ ਮੈਚ ਜਨਵਰੀ 2025 ਵਿੱਚ ਆਸਟ੍ਰੇਲੀਆ ਵਿਰੁੱਧ ਸਿਡਨੀ ਵਿੱਚ ਖੇਡਿਆ ਸੀ। ਵਿਰਾਟ ਕੋਹਲੀ ਨੇ ਜੂਨ 2011 ਤੋਂ ਜਨਵਰੀ 2025 ਦਰਮਿਆਨ 123 ਟੈਸਟ ਮੈਚ ਖੇਡੇ।

ਟੈਸਟ ਕ੍ਰਿਕਟ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਚੌਥਾ ਭਾਰਤੀ

ਵਿਰਾਟ ਕੋਹਲੀ ਨੇ 210 ਟੈਸਟ ਪਾਰੀਆਂ ਵਿੱਚ 46.85 ਦੀ ਔਸਤ ਨਾਲ 9230 ਦੌੜਾਂ ਬਣਾਈਆਂ। ਇਸ ਵਿੱਚ ਉਸਦੇ 30 ਸੈਂਕੜੇ ਅਤੇ 31 ਅਰਧ ਸੈਂਕੜੇ ਸ਼ਾਮਲ ਹਨ। ਵਿਰਾਟ ਕੋਹਲੀ ਭਾਰਤੀ ਟੈਸਟ ਕ੍ਰਿਕਟ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਚੌਥੇ ਬੱਲੇਬਾਜ਼ ਹਨ। ਟੈਸਟ ਕ੍ਰਿਕਟ ਵਿੱਚ ਉਸ ਤੋਂ ਵੱਧ ਦੌੜਾਂ ਬਣਾਉਣ ਵਾਲੇ ਸਿਰਫ਼ ਭਾਰਤੀ ਖਿਡਾਰੀ ਸਚਿਨ ਤੇਂਦੁਲਕਰ (15921 ਦੌੜਾਂ), ਰਾਹੁਲ ਦ੍ਰਾਵਿੜ (13288 ਦੌੜਾਂ) ਅਤੇ ਸੁਨੀਲ ਗਾਵਸਕਰ (10122 ਦੌੜਾਂ) ਹਨ।

ਵਿਰਾਟ ਕੋਹਲੀ ਦਾ ਟੈਸਟ ਕ੍ਰਿਕਟ ਤੋਂ ਸੰਨਿਆਸ ਇੱਕ ਅਜਿਹਾ ਪਲ ਹੈ ਜਿਸਨੇ ਹਰ ਕ੍ਰਿਕਟ ਪ੍ਰੇਮੀ ਦੇ ਦਿਲ ਨੂੰ ਛੂਹ ਲਿਆ। 14 ਸਾਲ ਤੱਕ ਚਿੱਟੀ ਜਰਸੀ ਵਿੱਚ ਦੇਸ਼ ਲਈ ਖੇਡਦੇ ਹੋਏ, ਉਸਨੇ ਨਾ ਸਿਰਫ਼ ਦੌੜਾਂ ਬਣਾਈਆਂ ਬਲਕਿ ਟੈਸਟ ਕ੍ਰਿਕਟ ਨੂੰ ਇੱਕ ਨਵੀਂ ਪਛਾਣ ਵੀ ਦਿੱਤੀ। ਉਸਦਾ ਜਨੂੰਨ, ਹਮਲਾਵਰਤਾ ਅਤੇ ਮੈਦਾਨ ’ਤੇ ਜਿੱਤਣ ਦੀ ਭੁੱਖ ਹਰ ਨੌਜਵਾਨ ਖਿਡਾਰੀ ਲਈ ਪ੍ਰੇਰਨਾ ਸਰੋਤ ਹੋਵੇਗੀ। ਕੋਹਲੀ ਦਾ ਸਫ਼ਰ ਸੰਘਰਸ਼, ਤਬਦੀਲੀਆਂ ਅਤੇ ਭਾਵਨਾਵਾਂ ਨਾਲ ਭਰਿਆ ਹੋਇਆ ਸੀ, ਜਿਸਨੇ ਭਾਰਤੀ ਕ੍ਰਿਕਟ ਨੂੰ ਨਵੀਆਂ ਉਚਾਈਆਂ ’ਤੇ ਪਹੁੰਚਾਇਆ। ਅੱਜ, ਜਦੋਂ ਉਹ ਇਸ ਫਾਰਮੈਟ ਨੂੰ ਅਲਵਿਦਾ ਕਹਿ ਚੁੱਕਿਆ ਹੈ, ਤਾਂ ਹਰ ਅੱਖ ਨਮ ਹੈ ਅਤੇ ਦਿਲ ਮਾਣ ਨਾਲ ਭਰਿਆ ਹੋਇਆ ਹੈ, ਹਾਲਾਂਕਿ ਉਹ ਭਾਰਤ ਲਈ ਵਨਡੇ ਕ੍ਰਿਕਟ ਖੇਡਣਾ ਜਾਰੀ ਰੱਖੇਗਾ। ਆਪਣੇ ਟੈਸਟ ਕੈਰੀਅਰ ਵਿੱਚ, ਕੋਹਲੀ ਨੇ 123 ਮੈਚਾਂ ਦੀਆਂ 210 ਪਾਰੀਆਂ ਵਿੱਚ 9230 ਦੌੜਾਂ ਬਣਾਈਆਂ, ਜਿਸ ਵਿੱਚ ਉਸਦੀ ਔਸਤ 46.85 ਰਹੀ।

## ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਸ੍ਰੀਲੰਕਾ ਤੋਂ ਜਿੱਤੀ ਇੱਕ ਦਿਨਾ ਮੈਚਾਂ ਦੀ ਸੀਰੀਜ਼

ਕੋਲੰਬੋ/ਏ.ਟੀ.ਨਿਊਜ਼: ਇੱਥੇ ਭਾਰਤ ਤੇ ਸ੍ਰੀਲੰਕਾ ਦੀ ਮਹਿਲਾ ਕ੍ਰਿਕਟ ਟੀਮ ਦੀ ਤਿੰਨ ਇੱਕ ਦਿਨਾ ਮੈਚਾਂ ਦੀ ਸੀਰੀਜ਼ ਭਾਰਤ ਨੇ ਜਿੱਤ ਲਈ ਹੈ। ਭਾਰਤ ਦੀ ਉਪ-ਕਪਤਾਨ ਸਮ੍ਰਿਤੀ ਮੰਦਾਨਾ ਦੇ ਸ਼ਾਨਦਾਰ ਸੈਂਕੜੇ ਨਾਲ ਸੀਰੀਜ਼ ਦੇ ਫਾਈਨਲ ਵਿੱਚ ਭਾਰਤ ਨੇ ਸ੍ਰੀਲੰਕਾ ਖ਼ਿਲਾਫ਼ ਪੰਜਾਹ ਓਵਰਾਂ ਵਿੱਚ ਸੱਤ ਵਿਕਟਾਂ ਦੇ ਨੁਕਸਾਨ ਨਾਲ 342 ਦੌੜਾਂ ਬਣਾਈਆਂ। ਇਸ ਦੇ ਮੁਕਾਬਲੇ ਸ੍ਰੀਲੰਕਾ ਦੀ ਟੀਮ 48.2 ਓਵਰਾਂ ਵਿੱਚ 245 ਦੌੜਾਂ ’ਤੇ ਆਊਟ ਹੋ ਗਈ ਤੇ ਭਾਰਤ ਨੇ ਮੈਚ 97 ਦੌੜਾਂ ਨਾਲੀ ਜਿੱਤ ਲਿਆ। ਇਸ ਤੋਂ ਪਹਿਲਾਂ ਭਾਰਤ ਵੱਲੋਂ ਮੰਦਾਨਾ ਨੇ 15 ਚੌਕੇ ਅਤੇ ਦੋ ਛੱਕੇ ਮਾਰ ਕੇ ਟੀਮ ਨੂੰ ਮਜ਼ਬੂਤੀ ਦਿੱਤੀ। ਮੰਦਾਨਾ ਨੇ ਦੂਜੀ ਵਿਕਟ ਲਈ ਹਰਲੀਨ ਦਿਓਲ ਨਾਲ 106 ਗੇਂਦਾਂ ’ਤੇ 120 ਦੌੜਾਂ ਜੋੜੀਆਂ।




## ਭਾਰਤ ਨੇ ਤੀਰਅੰਦਾਜ਼ੀ ਵਿਸ਼ਵ ਕੱਪ ਸਟੇਜ 2 ਵਿੱਚ ਜਿੱਤੇ ਸੱਤ ਤਗ਼ਮੇ

ਸ਼ੰਘਾਈ/ਏ.ਟੀ.ਨਿਊਜ਼: ਭਾਰਤ ਦੀ ਸਭ ਤੋਂ ਸਫਲ ਤੀਰਅੰਦਾਜ਼ ਦੀਪਿਕਾ ਕੁਮਾਰੀ ਨੇ ਸੈਮੀਫਾਈਨਲ ਵਿੱਚ ਹਾਰ ਤੋਂ ਬਾਅਦ ਸ਼ਾਨਦਾਰ ਵਾਪਸੀ ਕਰਦਿਆਂ ਪਿਛਲੇ ਦਿਨੀਂ ਇੱਥੇ ਤੀਰਅੰਦਾਜ਼ੀ ਵਿਸ਼ਵ ਕੱਪ ਸਟੇਜ 2 ਦੇ ਰਿਕਰਵ ਈਵੈਂਟ ਵਿੱਚ ਕਾਂਸੇ ਦਾ ਤਗਮਾ ਜਿੱਤਿਆ, ਜਦਕਿ ਪਾਰਥ ਸਾਲੁੰਖੇ ਨੇ ਪਹਿਲੀ ਵਾਰ ਪੋਡੀਅਮ ’ਤੇ ਜਗ੍ਹਾ ਬਣਾਈ।

ਇਸ ਤਰ੍ਹਾਂ ਟੂਰਨਾਮੈਂਟ ਵਿੱਚ ਭਾਰਤ ਦੀ ਮੁਹਿੰਮ ਸੱਤ ਤਗਮਿਆਂ ਨਾਲ ਖ਼ਤਮ ਹੋਈ। ਕੰਪਾਊਂਡ ਤੀਰਅੰਦਾਜ਼ਾਂ ਨੇ ਇਸ ਤੋਂ ਪਹਿਲਾਂ ਦੋ ਸੋਨ ਤਗ਼ਮਿਆਂ ਸਮੇਤ ਪੰਜ ਤਗ਼ਮੇ ਜਿੱਤ ਕੇ ਦਬਦਬਾ ਬਣਾਇਆ ਸੀ।

ਸੈਮੀਫਾਈਨਲ ਵਿੱਚ ਦੁਨੀਆਂ ਦੀ ਅੱਵਲ ਦਰਜੇ ਦੀ ਖਿਡਾਰਨ ਲਿਮ ਸਿਹਯੇਓਨ ਨੇ ਮਹਿਲਾ ਰਿਕਰਵ ਵਿਅਕਤੀਗਤ ਮੁਕਾਬਲੇ ਵਿੱਚ ਦੀਪਿਕਾ ਨੂੰ 7-1 ਨਾਲ ਹਰਾਇਆ। ਇਸ 21 ਸਾਲਾ ਮੌਜੂਦਾ ਉਲੰਪਿਕ ਚੈਂਪੀਅਨ ਨੇ ਪਿਛਲੇ ਸਾਲ ਯੇਚਿਓਨ ਵਿਸ਼ਵ ਕੱਪ ਦੇ ਸੈਮੀਫਾਈਨਲ ਵਿੱਚ ਵੀ ਭਾਰਤੀ ਤੀਰਅੰਦਾਜ਼ ਨੂੰ ਹਰਾਇਆ ਸੀ। ਹਾਲਾਂਕਿ 30 ਸਾਲਾ ਭਾਰਤੀ ਤੀਰਅੰਦਾਜ਼ ਨੇ ਸੈਮੀਫਾਈਨਲ ਦੀ ਨਿਰਾਸ਼ਾ ਪਿੱਛੇ ਛੱਡ ਕੇ ਕਾਂਸੇ ਦੇ ਤਗ਼ਮੇ ਦੇ ਮੈਚ ਵਿੱਚ ਇੱਕ ਹੋਰ ਕੋਰਿਆਈ ਤੀਰਅੰਦਾਜ਼ ਕਾਂਗ ਚਾਏ ਯੰਗ ਨੂੰ 7-3 ਨਾਲ ਹਰਾ ਕੇ ਪੋਡੀਅਮ ’ਤੇ ਆਪਣਾ ਸਥਾਨ ਪੱਕਾ ਕੀਤਾ।



ਬੀਤੇ ਦਿਨ ਪਹਿਲਾ ਸੈੱਟ 27-27 ਨਾਲ ਡਰਾਅ ’ਤੇ ਖ਼ਤਮ ਹੋਇਆ ਪਰ ਦੀਪਿਕਾ ਨੇ ਦੂਜੇ ਸੈੱਟ ਵਿੱਚ 28 ਅੰਕਾਂ ਨਾਲ 3-1 ਦੀ ਲੀਡ ਲੈ ਲਈ। ਬਾਅਦ ਵਿੱਚ ਸਾਬਕਾ ਵਿਸ਼ਵ ਚੈਂਪੀਅਨ ਕਾਂਗ ਨੇ ਵਾਪਸੀ ਕੀਤੀ ਅਤੇ ਦੀਪਿਕਾ ਦੇ 27 ਦੇ ਮੁਕਾਬਲੇ 30 ਅੰਕਾਂ ਨਾਲ ਸਕੋਰ 3-3 ਨਾਲ ਬਰਾਬਰ ਕਰ ਦਿੱਤਾ। ਚਾਰ ਵਾਰ ਦੀ ਉਲੰਪੀਅਨ ਦੀਪਿਕਾ ਨੇ ਆਪਣਾ ਤਜਰਬਾ ਵਰਤਦਿਆਂ ਤਿੰਨੋਂ ਟੀਚੇ 10 ਅੰਕਾਂ ’ਤੇ ਲਾ ਕੇ 5-3 ਦੀ ਲੀਡ ਲੈ ਲਈ। ਇਸ ਤੋਂ ਬਾਅਦ ਉਸ ਨੇ ਕਾਂਗ ਦੇ 28 ਦੇ ਮੁਕਾਬਲੇ 29 ਅੰਕ ਬਣਾ ਕੇ ਆਪਣੀ ਜਿੱਤ ’ਤੇ ਮੋਹਰ ਲਾਈ। ਪੁਰਸ਼ਾਂ ਦੇ ਵਿਅਕਤੀਗਤ ਮੁਕਾਬਲੇ ਵਿੱਚ ਪਾਰਥ ਸਾਲੁੰਖੇ ਨੇ ਕਾਂਸੇ ਦਾ ਤਗ਼ਮਾ ਜਿੱਤ ਕੇ ਦੇਸ਼ ਦਾ ਸੱਤਵਾਂ ਤਗਮਾ ਪੱਕਾ ਕੀਤਾ। 21 ਸਾਲਾ ਖਿਡਾਰੀ ਨੇ ਕੋਰਿਆਈ ਖਿਡਾਰੀ ਕਿਮ ਵੂਜਿਨ ਤੋਂ ਸੈਮੀਫਾਈਨਲ ਵਿੱਚ ਹਾਰ ਤੋਂ ਬਾਅਦ ਸ਼ਾਨਦਾਰ ਵਾਪਸੀ ਕਰਦਿਆਂ ਫਰਾਂਸ ਦੇ ਤੀਰਅੰਦਾਜ਼ ਬੈਪਟਿਸਟੇ ਐਡਿਸ ਨੂੰ ਪੰਜ ਸੈੱਟਾਂ ਦੇ ਰੋਮਾਂਚਕ ਮੈਚ ਵਿੱਚ 6-4 ਨਾਲ ਹਰਾ ਕੇ ਆਪਣਾ ਪਹਿਲਾ ਵਿਸ਼ਵ ਕੱਪ ਤਗ਼ਮਾ ਜਿੱਤਿਆ।

# ਬਹੁਗੁਣਾ ਅਥਲੀਟ ਸਬੈਸਟੀਅਨ ਕੋਅ

ਪ੍ਰਿੰਸੀਪਲ ਸਰਵਣ ਸਿੰਘ

ਸਬੈਸਟੀਅਨ ਕੋਅ ਬਰਤਾਨੀਆ ਦਾ ਬਹੁਗੁਣਾ ਅਥਲੀਟ ਤੇ ਖੇਡ ਪ੍ਰਬੰਧਕ ਹੈ। ਥ੍ਰੀ-ਇਨ-ਵਨ ਦੀ ਥਾਂ ਟੈੱਨ-ਇਨ-ਵਨ। ਹੈਰਾਨੀ ਹੁੰਦੀ ਹੈ ਉਸ ਦੀ ਪ੍ਰਤਿਭਾ ’ਤੇ। ਉਸ ਨੇ ਉਲੰਪਿਕ ਖੇਡਾਂ ’ਚੋਂ 4 ਮੈਡਲ ਜਿੱਤੇ ਤੇ ਆਪਣੇ ਖੇਡ ਕੈਰੀਅਰ ਦੌਰਾਨ 9 ਆਊਟਡੋਰ ਤੇ 3 ਇਨਡੋਰ ਵਿਸ਼ਵ ਰਿਕਾਰਡ ਰੱਖੇ। ਉਹ 800 ਤੇ 1500 ਮੀਟਰ ਦੌੜਾਂ ਦਾ ਵਿਸ਼ਵ ਚੈਂਪੀਅਨ ਬਣਿਆ ਤੇ ਦੌੜਾਂ ਤੋਂ ਰਿਟਾਇਰ ਹੋਣ ਪਿੱਛੋਂ ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ। ਉਹ ਲੌਂਗਬਰੋ ਯੂਨੀਵਰਸਿਟੀ ਦਾ ਪ੍ਰੋ ਚਾਂਸਲਰ ਤੇ ਚਾਂਸਲਰ ਰਿਹਾ ਅਤੇ ਵਰਲਡ ਅਥਲੈਟਿਕਸ ਦਾ ਪ੍ਰਧਾਨ ਬਣਿਆ। ਉਸ ਨੂੰ ਲਾਰਡ ਦਾ ਖ਼ਿਤਾਬ ਤੇ ਦਰਜਨਾਂ ਹੋਰ ਮਾਣ ਸਨਮਾਨ ਮਿਲੇ। ਕੋਅ ਬ੍ਰਿਟਿਸ਼ ਉਲੰਪਿਕ ਐਸੋਸੀਏਸ਼ਨ ਦਾ ਚੇਅਰਮੈਨ ਹੋਣ ਦੇ ਨਾਲ ਲੰਡਨ ਦੀਆਂ ਉਲੰਪਿਕ ਤੇ ਪੈਰਾਲੰਪਿਕ ਖੇਡਾਂ-2012 ਦੀ ਸੰਚਾਲਨ ਕਮੇਟੀ ਦਾ ਵੀ ਚੇਅਰਮੈਨ ਰਿਹਾ। 2025 ’ਚ ਉਸ ਨੇ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਦਾ ਪ੍ਰਧਾਨ ਬਣਨ ਲਈ ਚੋਣ ਲੜੀ, ਪਰ ਜਿੱਤ ਨਾ ਸਕਿਆ।

ਸਬੈਸਟੀਅਨ ਨਿਊਬੋਲਡ ਕੋਅ ਦਾ ਜਨਮ ਕੁਈਬ ਸ਼ੈਰਲੋਟਜ਼ ਐਂਡ ਚੈਲਸੀ ਹਸਪਤਾਲ ਹੈਮਰਸਮਿੱਥ, ਲੰਡਨ ਵਿਖੇ 29 ਸਤੰਬਰ 1956 ਨੂੰ ਹੋਇਆ। ਉਸ ਦਾ ਪਿਤਾ ਪੀਟਰ ਕੋਅ ਅਥਲੈਟਿਕਸ ਕੋਚ ਸੀ ਤੇ ਮਾਂ ਟੀਨਾ ਅੰਗੀਲਾ ਲਾਲ, ਅਰਧ ਇੰਡੀਅਨ ਲੇਡੀ ਦੀ ਧੀ ਸੀ। ਉਸ ਦੀ ਮਾਂ ਪੰਜਾਬੀ ਮੂਲ ਦੇ ਵਿਅਕਤੀ ਸਰਦਾਰੀ ਲਾਲ ਮਲਹੋਤਰਾ ਦੀ ਪਤਨੀ ਸੀ। ਇਉਂ ਸਰਦਾਰੀ ਲਾਲ ਮਲੋਹਤਰਾ ਸਬੈਸਟੀਅਨ ਕੋਅ ਦਾ ਨਾਨਾ ਸੀ ਤੇ ਸਬੈਸਟੀਅਨ ਉਹਦਾ ਦੋਹਤਾ। ਉਹਦੀ ਮਾਤਾ ਟੀਨਾ ਅੰਗੀਲਾ ਲਾਲ 2005 ਵਿੱਚ ਲੰਡਨ ਵਿਖੇ ਪ੍ਰਲੋਕ ਸਿਧਾਰੀ। ਉਦੋਂ ਉਸ ਦੀ ਉਮਰ 75 ਸਾਲ ਦੀ ਸੀ। ਸਬੈਸਟੀਅਨ ਦਾ ਬਾਪ ਪੀਟਰ ਕੋਅ 9 ਅਗਸਤ 2008 ਨੂੰ 88 ਸਾਲ ਦੀ ਉਮਰੇ ਗੁਜ਼ਰਿਆ। ਉਦੋਂ ਸਬੈਸਟੀਅਨ ਬੀਜਿੰਗ ਦੀਆਂ ਓਲੰਪਿਕ ਖੇਡਾਂ ’ਚ ਡਿਊਟੀ ਨਿਭਾਉਣ ਗਿਆ ਹੋਇਆ ਸੀ।

1980 ਤੇ 1984 ਦੀਆਂ ਉਲੰਪਿਕ ਖੇਡਾਂ ’ਚੋਂ 2 ਗੋਲਡ ਤੇ 2 ਸਿਲਵਰ ਮੈਡਲ ਜਿੱਤਣ ਪਿੱਛੋਂ ਸਬੈਸਟੀਅਨ ਕੋਅ ਸਿਓਲ-1988 ਦੀਆਂ ਉਲੰਪਿਕ ਖੇਡਾਂ ’ਚੋਂ ਤੀਜੀ ਵਾਰ ਮੈਡਲ ਜਿੱਤਣ ਲਈ ਤਿਆਰ ਸੀ। ਉਨ੍ਹੀਂ ਦਿਨੀਂ ਮੱਧ ਦੂਰੀ ਦੀਆਂ ਦੋਹਾਂ ਦੌੜਾਂ ਦੇ ਵਿਸ਼ਵ ਰਿਕਾਰਡ ਉਹਦੇ ਨਾਂ ਸਨ, ਪਰ ਟਰਾਇਲਾਂ ਤੋਂ ਪਹਿਲਾਂ ਉਹ ਛਾਤੀ ਦੀ ਇਨਫੈਕਸ਼ਨ ਨਾਲ ਬਿਮਾਰ ਹੋ ਗਿਆ ਜੋ ਗਾਹੇ ਬਗਾਹੇ ਪਹਿਲਾਂ ਵੀ ਹੋ ਜਾਂਦਾ ਸੀ। ਇਲਾਜ ਅਧੀਨ ਹੋਣ ਕਾਰਨ ਉਹ ਟਰਾਇਲ ਨਾ ਦੇ ਸਕਿਆ ਤੇ ਤੀਜੀ ਵਾਰ ਬਰਤਾਨੀਆ ਦੀ ਉਲੰਪਿਕ ਟੀਮ ਵਿੱਚ ਚੁਣਿਆ ਨਾ ਜਾ ਸਕਿਆ।

ਉਹਦੇ ਕੋਚਾਂ ਦਾ ਅਨੁਮਾਨ ਸੀ ਕਿ ਕੋਅ ਘੱਟੋ-ਘੱਟ ਦੋ ਮੈਡਲ ਹੋਰ ਜਿੱਤੇਗਾ ਭਾਵੇਂ ਉਨ੍ਹਾਂ ਦਾ ਰੰਗ ਕੋਈ ਵੀ ਹੋਵੇ। ਆਈਓਸੀ ਦੇ ਪ੍ਰਧਾਨ ਨੇ ਵੀ ਚਾਹਿਆ ਸੀ ਕਿ ਕੋਅ ਉਲੰਪਿਕ ਖੇਡਾਂ ’ਚ ਸ਼ਾਮਲ ਹੋਵੇ, ਪਰ ਬਰਤਾਨੀਆ ਦੇ ਕਿਸੇ ਹੋਰ ਦੌੜਾਕ ਦਾ ਹੱਕ ਮਾਰ ਕੇ ਕੀਤਾ ਨਹੀਂ ਸੀ ਜਾ ਸਕਦਾ। ਪੰਜਾਬੀ ਮੂਲ ਦੇ ਸਰਦਾਰੀ ਲਾਲ ਮਲਹੋਤਰਾ ਦਾ ਦੋਹਤਾ ਹੋਣ ਕਰਕੇ ਭਾਰਤ ਨੇ ਵੀ ਕੋਅ ਨੂੰ ਪੇਸ਼ਕਸ਼ ਕੀਤੀ ਕਿ ਉਹ ਭਾਰਤ ਵੱਲੋਂ ਸਿਓਲ-1988 ਦੀਆਂ ਉਲੰਪਿਕ ਖੇਡਾਂ ਵਿੱਚ ਭਾਗ ਲੈ ਲਵੇ, ਪਰ




ਉਲੰਪਿਕ ਖੇਡਾਂ ਦੇ ਸਖ਼ਤ ਨਿਯਮਾਂ ਕਾਰਨ ਉਹ ਨਾ ਬਰਤਾਨੀਆ ਤੇ ਨਾ ਭਾਰਤ, ਕਿਸੇ ਵੀ ਮੁਲਕ ਵੱਲੋਂ ਸਿਓਲ ਦੀਆਂ ਉਲੰਪਿਕ ਖੇਡਾਂ ’ਚ ਭਾਗ ਨਾ ਲੈ ਸਕਿਆ।

ਕੋਅ ਜਦੋਂ ਸਾਲ ਕੁ ਦਾ ਸੀ, ਉਨ੍ਹਾਂ ਦਾ ਪਰਿਵਾਰ ਵਾਰਵਿਕਸ਼ਾਇਰ ਚਲਾ ਗਿਆ ਗਿਆ ਸੀ। ਉੱਥੇ ਕੋਅ ਪਹਿਲਾਂ ਬ੍ਰਿਜਟਾਊਨ ਦੇ ਪ੍ਰਾਇਮਰੀ ਸਕੂਲ ਤੇ ਫਿਰ ਸਟ੍ਰੈਹੱਗ ਕਲੋਪਟਨ ਦੇ ਸੈਕੰਡਰੀ ਸਕੂਲ ਵਿੱਚ ਪੜ੍ਹਿਆ। ਉੱਥੋਂ ਫਿਰ ਉਨ੍ਹਾਂ ਦਾ ਪਰਿਵਾਰ ਸ਼ੈਫੀਲਡ ਚਲਾ ਗਿਆ ਜਿੱਥੇ ਟੈਪਟੋਨ ਸਕੂਲ ਵਿੱਚ ਪੜ੍ਹਾਈ ਨਾਲ ਖੇਡਾਂ ਦੀ ਸਿਖਲਾਈ ਵੀ ਮਿਲਦੀ ਸੀ। ਉਹ ਅਜੇ 12 ਸਾਲਾਂ ਦਾ ਹੋਇਆ ਸੀ ਕਿ ਕੋਚਾਂ ਦੀ ਸਿਖਲਾਈ ਨਾਲ ਮਿਡਲ ਦੌੜਾਂ ’ਚ ਭਾਗ ਲੈਣ ਲੱਗ ਪਿਆ। ਟੈਪਟੋਨ ਸਕੂਲ ਵਿੱਚ ਉਸ ਨੂੰ ਡੇਵਿਡ ਜੈਕਸਨ ਮਿਲਿਆ ਜੋ ਜੁਗਰਾਫੀਏ ਦਾ ਅਧਿਆਪਕ ਤੇ ਕਰਾਸ ਕੰਟਰੀ ਦਾ ਦੌੜਾਕ ਰਿਹਾ ਸੀ। ਉੱਥੇ ਜੈਕਸਨ ਤੋਂ ਕੋਅ ਨੂੰ ਵਿਸ਼ੇਸ਼ ਕੋਚਿੰਗ ਮਿਲਣ ਲੱਗੀ। ਕੋਚਿੰਗ ਦੇਣ ਵਾਲਿਆਂ ’ਚ ਉਸ ਦਾ ਪਿਤਾ ਪੀਟਰ ਕੋਅ ਵੀ ਸ਼ਾਮਲ ਸੀ। ਉਨ੍ਹਾਂ ਦੇ ਯਤਨਾਂ ਨਾਲ ਉਹ ਲੌਂਗਬਰੋ ਯੂਨੀਵਰਸਿਟੀ ਦੀ ਟੀਮ ਵਿੱਚ ਚੁਣਿਆ ਗਿਆ। ਦੌੜਨ ਦੇ ਨਾਲ ਉਹ ਪੜ੍ਹਾਈ ’ਚ ਵੀ ਹੁਸ਼ਿਆਰ ਸੀ। ਯੂਨੀਵਰਸਿਟੀ ਦੇ ਅਥਲੈਟਿਕਸ ਕੋਚ ਜੌਰਜ ਗੈਂਡੀ ਨੇ ਕੋਅ ਦੀ ਐਸੀ ਕੰਡੀਸ਼ਨਿੰਗ ਕਰਵਾਈ ਕਿ ਉਹਦਾ ਦਮ ਵੀ ਪੱਕ ਗਿਆ ਤੇ ਦੌੜ ਵੀ ਤੇਜ਼ ਹੋ ਗਈ।

ਸਬੈਸਟੀਅਨ ਕੋਅ ਦਾ ਪਹਿਲਾ ਵੱਡਾ ਮੁਕਾਬਲਾ ਉਹਦੇ ਬ੍ਰਿਟਨ ਦੇ ਹੀ ਸਾਥੀ ਸਟੀਵ ਓਵੈੱਟ ਨਾਲ ਹੋਇਆ। ਉਨ੍ਹਾਂ ਵਿਚਕਾਰ 800 ਮੀਟਰ ਦੀ ਪਹਿਲੀ ਦੌੜ ਸਪੇਨ ਦੇ ਸ਼ਹਿਰ ਸਬੈਸਟੀਅਨ ’ਚ ਲੱਗੀ। ਉੱਥੇ ਯੂਰਪੀ ਇਨਡੋਰ ਚੈਂਪੀਅਨਸ਼ਿਪ ਹੋ ਰਹੀ ਸੀ। ਉਨ੍ਹਾਂ ਵਿਚਕਾਰ ਅਗਲੀ 800 ਮੀਟਰ ਦੀ ਦੌੜ ਪਰਾਗ ਵਿੱਚ ਲੱਗੀ ਜਿੱਥੇ ਦੋਹਾਂ ’ਚੋਂ ਕਿਸੇ ਦੀ ਵੀ ਜਿੱਤ ਨਾ ਹੋਈ। ਅਗਲੇ ਸਾਲ ਨਾਰਵੇ ਦੇ ਸ਼ਹਿਰ ਓਸਲੋ ਵਿੱਚ ਦੌੜਦਿਆਂ ਕੋਅ ਨੇ 800 ਮੀਟਰ ਤੇ ਇੱਕ ਮੀਲ ਦੀ ਦੌੜ ਵਿੱਚ ਨਵੇਂ ਵਿਸ਼ਵ ਰਿਕਾਰਡ ਰੱਖੇ। ਅਜਿਹੀ ਹੋਣਹਾਰੀ ਵਿਖਾਉਣ ਨਾਲ ਕੋਅ ਦੀ ਕੁੱਲ ਦੁਨੀਆ ’ਚ ਬੱਲੇ-ਬੱਲੇ ਹੋ ਗਈ। ਤਦ ਤੱਕ ਕੋਅ 24 ਸਾਲਾਂ ਦਾ ਭਰ ਜੁਆਨ ਹੋ ਗਿਆ ਸੀ। ਉੱਤੋਂ ਮਾਸਕੋ ਦੀਆਂ ਓਲੰਪਿਕ ਖੇਡਾਂ ਆ ਰਹੀਆਂ ਸਨ। ਚਰਚਾ ਸੀ ਕਿ 800 ਮੀਟਰ ਦੌੜ ਦਾ ਉਲੰਪਿਕ ਚੈਂਪੀਅਨ ਸਬੈਸਟੀਅਨ ਕੋਅ ਬਣੇਗਾ ਤੇ 1500 ਮੀਟਰ ਦੀ ਦੌੜ ਦਾ ਸਟੀਵ ਓਵੈੱਟ, ਪਰ ਨਤੀਜਾ ਉਲਟ ਪੁਲਟ ਨਿਕਲਿਆ।

ਕੋਅ ਦਾ ਕੱਦ 5 ਫੁੱਟ 9 ਇੰਚ ਤੇ ਵਜ਼ਨ 119 ਪੌਂਡ ਸੀ ਜਦ ਕਿ ਓਵੈੱਟ 6 ਫੁੱਟ ਲੰਮਾ ਤੇ 154 ਪੌਂਡ ਭਾਰਾ ਸੀ। ਲੱਗਦਾ ਸੀ ਕਿ ਜੁੱਸੇ ਦਾ ਤਕੜਾ ਹੋਣ ਕਰਕੇ ਓਵੈੱਟ ਜਿੱਤੇਗਾ। 800 ਮੀਟਰ ਦੀ ਫਾਈਨਲ ਦੌੜ ਸ਼ੁਰੂ ਹੋਈ ਤਾਂ ਮਾਸਕੋ ਦਾ ਸਟੇਡੀਅਮ ਨੱਕੋ ਨੱਕ ਭਰਿਆ ਹੋਇਆ ਸੀ। ਕੋਅ ਅੱਗੇ ਦੌੜਦਾ ਗਿਆ ਤੇ ਓਵੈੱਟ ਪਿੱਛੇ। ਆਖ਼ਰੀ ਸੱਤਰ ਕੁ ਮੀਟਰ ਦੌੜਨੇ ਰਹਿ ਗਏ ਤਾਂ ਓਵੈੱਟ ਨੇ ਲੰਮੇ ਕਦਮਾਂ ਨਾਲ ਦੌੜਦਿਆਂ ਲੀਡ ਲੈ ਲਈ ਤੇ ਫੀਤੇ ਨੂੰ ਸਭ ਤੋਂ ਪਹਿਲਾਂ ਜਾ ਛੋਹਿਆ। ਕੋਅ ਦੂਜੇ ਸਥਾਨ ’ਤੇ ਰਿਹਾ। ਮਾਸਕੋ ’ਚ 1500 ਮੀਟਰ ਦੀ ਦੌੜ ਦਾ ਨਤੀਜਾ ਵੀ ਅੰਦਾਜ਼ੇ ਦੇ ਉਲਟ ਨਿਕਲਿਆ। ਉਹ ਦੌੜ ਸਬੈਸਟੀਅਨ ਕੋਅ ਦੇ ਹਿੱਸੇ ਆਈ। ਸਟੀਵ ਓਵੈੱਟ ਪਹਿਲੇ ਜਾਂ ਦੂਜੇ ਸਥਾਨ ’ਤੇ ਆਉਣ ਦੀ ਥਾਂ ਤੀਜੇ ਥਾਂ ਜਾ ਪਿਆ! ਇੰਝ ਕੋਅ ਦੇ ਹਿੱਸੇ ਇੱਕ ਗੋਲਡ ਤੇ ਇੱਕ ਸਿਲਵਰ ਮੈਡਲ ਆਇਆ ਜਦ ਕਿ ਓਵੈੱਟ ਨੂੰ ਇੱਕ ਗੋਲਡ ਤੇ ਇੱਕ ਕਾਂਸੀ ਦੇ ਮੈਡਲ ਨਾਲ ਸਬਰ ਕਰਨਾ ਪਿਆ।

1984 ਵਿੱਚ ਲਾਸ ਏਂਜਲਸ ਦੀਆਂ ਉਲੰਪਿਕ ਖੇਡਾਂ ਸਮੇਂ ਸਥਿਤੀ ਫਿਰ ਮਾਸਕੋ ਦੀਆਂ ਖੇਡਾਂ ਵਰਗੀ ਸੀ। ਮਾਸਕੋ ਦੀਆਂ ਉਲੰਪਿਕ ਖੇਡਾਂ ਦਾ ਅਮਰੀਕਾ ਦੇ ਧੜੇ ਨੇ ਬਾਈਕਾਟ ਕੀਤਾ ਸੀ ਜਿਸ ਬਦਲੇ ਲਾਸ ਏਂਜਲਸ ਦੀਆਂ ਉਲੰਪਿਕ ਖੇਡਾਂ ਦਾ ਸੋਵੀਅਤ ਰੂਸੀ ਧੜੇ ਨੇ ਬਾਈਕਾਟ ਕਰ ਦਿੱਤਾ, ਪਰ ਗ੍ਰੇਟ ਬ੍ਰਿਟੇਨ ਦੇ ਖਿਡਾਰੀਆਂ ਨੇ ਦੋਹਾਂ ਉਲੰਪਿਕ ਖੇਡਾਂ ’ਚ ਭਾਗ ਲਿਆ। ਲਾਸ ਏਂਜਲਸ ਵਿਖੇ 800 ਤੇ 1500 ਮੀਟਰ ਦੀਆਂ ਦੌੜਾਂ ’ਚ ਮਾਸਕੋ ਵਾਂਗ ਫਿਰ ਫਸਵਾਂ ਮੁਕਾਬਲਾ ਕੋਅ ਤੇ ਓਵੈੱਟ ਵਿਚਕਾਰ ਸੀ।

1981 ਵਿੱਚ ਕੋਅ ਨੇ 800 ਮੀਟਰ ਤੇ 1000 ਮੀਟਰ ਦੌੜਾਂ ਦੇ ਵਿਸ਼ਵ ਰੱਖੇ ਸਨ। ਉਦੋਂ ਤੋਂ ਕੋਅ ਤੇ ਓਵੈੱਟ ਦੀ ਖਹਿਬਾਜ਼ੀ ਸਿਖਰਾਂ ’ਤੇ ਸੀ। 19 ਅਗਸਤ 1981 ਨੂੰ ਮੀਲ ਦੀ ਦੌੜ ਵਿੱਚ ਕੋਅ ਨੇ ਓਵੈੱਟ ਨੂੰ ਪਛਾੜਦਿਆਂ ਉਹਦਾ ਵਿਸ਼ਵ ਰਿਕਾਰਡ 3 ਮਿੰਟ 48.53 ਸੈਕੰਡ ਦੇ ਸਮੇਂ ਨਾਲ ਤੋੜ ਦਿੱਤਾ ਸੀ,

(ਬਾਕੀ ਸਫ਼ਾ 31 ’ਤੇ)

# ਮੈਂ ਪੱਗ, ਸੱਭਿਆਚਾਰ ਅਤੇ ਮਾਂ-ਬੋਲੀ ਨੂੰ ਮੈੱਟ ਗਾਲਾ ਲਿਆਇਆ: ਦਿਲਜੀਤ





ਮੈੱਟ ਗਾਲਾ-2025 ਵਿੱਚ ਪਹਿਲੀ ਵਾਰ ਸ਼ਾਮਲ ਪ੍ਰਸਿੱਧ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਆਪਣੇ ਸੂਬੇ ਪੰਜਾਬ ਅਤੇ ਸਿੱਖ ਧਰਮ ਲਈ ਸਤਿਕਾਰ ਦਾ ਪ੍ਰਗਟਾਵਾ ਕੀਤਾ। ਉਹ ਇਸ ਸਮਾਗਮ ਦੌਰਾਨ ਸਫ਼ੈਦ ਪੋਸ਼ਾਕ ਅਤੇ ਕਿਰਪਾਨ ਨਾਲ ਪੁੱਜਿਆ ਸੀ। ਉਸ ਨੇ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਦੇ ਪਹਿਰਾਵੇ ਵਰਗੇ ਤਿਆਰ ਕੀਤੇ ਕੱਪੜੇ ਪਾਏ ਹੋਏ ਸਨ। ਉਸ ਦੇ ਹੱਥ ਵਿੱਚ ਕਿਰਪਾਨ, ਪੱਗ ਅਤੇ ਗਲ 'ਚ ਵਿਸ਼ੇਸ਼ ਤਰ੍ਹਾਂ ਦਾ ਹਾਰ ਸੀ। ਦਿਲਜੀਤ ਦੇ ਗੀਤ ਜਿਵੇਂ '5 ਤਾਰਾ' ਅਤੇ 'ਲਵਰ' ਨੂੰ ਦਰਸ਼ਕਾਂ ਨੇ ਬੇਹੱਦ ਪਸੰਦ ਕੀਤਾ। ਇਸ ਸਮਾਗਮ ਦੌਰਾਨ ਉਸ ਨੇ ਅਮਰੀਕੀ-ਨੇਪਾਲੀ ਡਿਜ਼ਾਈਨਰ ਪ੍ਰਬਲ ਗੁਰੁੰਗ ਵੱਲੋਂ ਤਿਆਰ ਕੀਤਾ ਚਾਦਰਾ ਵੀ ਬੰਨ੍ਹਿਆ ਹੋਇਆ ਸੀ।

ਮੈੱਟ ਗਾਲਾ-2025 ਵਿੱਚ ਪਹੁੰਚੇ ਦਿਲਜੀਤ ਨੇ ਪੱਗ ਉੱਪਰ ਕਲਗੀ ਵੀ ਲਾਈ ਹੋਈ ਸੀ। ਉਸ ਦੇ ਹੱਥ ਵਿੱਚ ਫੜੀ ਕਿਰਪਾਨ ਉੱਪਰ ਸ਼ੇਰ ਦਾ ਸਿਰ ਅਤੇ ਰਤਨ ਲੱਗੇ ਹੋਏ ਸਨ। ਉਸ ਦੇ ਕੱਪੜਿਆਂ ਉੱਪਰ ਕਢਾਈ ਕਰ ਕੇ ਗੁਰਮੁਖੀ ਲਿੱਪੀ (35 ਅੱਖਰੀ) ਲਿਖੀ ਹੋਈ ਸੀ। ਗਾਇਕ ਨੇ ਆਪਣੇ ਇੰਸਟਾਗ੍ਰਾਮ ਖਾਤੇ 'ਤੇ ਫਿਲਮ 'ਚਮਕੀਲਾ' ਦੇ ਗੀਤ ਦੀਆਂ ਲਾਈਨਾਂ 'ਮੈਂ ਹੂੰ ਪੰਜਾਬ' ਲਿਖ ਕੇ ਨਾਲ ਹੈਸ਼ਟੈਗ ਮੈੱਟ ਗਾਲਾ ਪਾਇਆ ਸੀ। ਗਾਇਕ ਦਿਲਜੀਤ ਪੰਜਾਬ ਦੇ ਪਿੰਡ ਦੋਸਾਂਝ ਤੋਂ ਹੈ। ਉਸ ਨੇ ਕਿਹਾ ਕਿ ਉਹ ਬਲੈਕ ਡਾਂਡੀਇਜ਼ਮ ਦੇ ਥੀਮ ਤੋਂ ਪ੍ਰਭਾਵਿਤ ਹੋ ਕੇ ਮੈੱਟ ਗਾਲਾ 'ਚ ਆਪਣਾ ਸੱਭਿਆਚਾਰ ਅਤੇ ਆਪਣੀ ਮਾਂ-ਬੋਲੀ ਨੂੰ ਲੈ ਕੇ ਆਇਆ ਹੈ। ਉਸ ਦੀ ਟੀਮ ਨੇ ਗਾਇਕ ਦੇ ਇੰਸਟਾਗ੍ਰਾਮ ਖਾਤੇ 'ਤੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੀਆਂ ਕਈ ਵੀਡੀਓਜ਼ ਸਾਂਝੀਆਂ ਕੀਤੀਆਂ ਹਨ।

**ਦਿਲਜੀਤ ਦੁਸਾਂਝ ਨੇ ਪਹਿਨਿਆ ਸੀ 21000 ਕਰੋੜ ਦਾ ਅਸਲੀ ਹਾਰ ? ਜਾਂ ਫਿਰ ਲਾਇਆ ਜੁਗਾੜ**

ਅਮਰੀਕਾ ਦੇ ਮੈਨਹਟਨ ਵਿੱਚ ਹੋਇਆ ਫੈਸ਼ਨ ਫੈਸਟੀਵਲ ਮੇਟ ਗਾਲਾ ਸੁਰਖੀਆਂ ਵਿੱਚ ਹੈ। ਇੱਥੇ ਦੁਨੀਆਂ ਭਰ ਦੇ ਸਿਤਾਰਿਆਂ ਅਤੇ ਮਸ਼ਹੂਰ ਹਸਤੀਆਂ ਦਾ ਇਕੱਠ ਹੋਇਆ। ਹਜ਼ਾਰਾਂ ਦੀ ਇਸ ਭੀੜ ਵਿੱਚ ਸਾਰਿਆਂ ਦੀਆਂ ਨਜ਼ਰਾਂ ਪੰਜਾਬੀ ਗਾਇਕ ਤੇ ਬਾਲੀਵੁੱਡ ਅਦਾਕਾਰ ਦਿਲਜੀਤ ਦੁਸਾਂਝ 'ਤੇ ਟਿਕੀਆਂ ਹੋਈਆਂ ਸਨ। ਉਸ ਦੇ ਸ਼ਾਹੀ ਲੁੱਕ ਅਤੇ ਸ਼ਾਨ ਨੇ ਸਾਰਿਆਂ ਦਾ ਦਿਲ ਜਿੱਤ ਲਿਆ। ਆਪਣੇ ਦਿੱਖ ਨੂੰ ਅਸਲੀ ਸ਼ਾਹੀ ਵਰਗਾ ਬਣਾਉਣ ਲਈ, ਦੁਸਾਂਝ ਦੀ ਸਟਾਈਲਿਸਟ ਟੀਮ ਨੇ ਪਟਿਆਲਾ ਦੇ ਮਹਾਰਾਜਾ ਦਾ ਹਾਰ ਲਿਆਉਣ ਦੀ ਕੋਸ਼ਿਸ਼ ਵੀ ਕੀਤੀ, ਜਿਸ ਦੀ ਕੀਮਤ 21 ਹਜ਼ਾਰ ਕਰੋੜ ਰੁਪਏ ਦੱਸੀ ਜਾ ਰਹੀ ਹੈ। ਦਿਲਜੀਤ, ਜੋ ਕਿ ਮੇਟ ਗਾਲਾ 2025 ਦੇ ਜਸ਼ਨਾਂ ਵਿੱਚ ਸ਼ਾਮਲ ਹੋਏ ਸਨ, ਨੇ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਦਾ ਅੰਦਾਜ਼ ਅਪਨਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਫੈਸ਼ਨ ਡਿਜ਼ਾਈਨਰ ਪ੍ਰਬਲ ਗੁਰੂੰਗ ਦੁਆਰਾ ਡਿਜ਼ਾਈਨ ਕੀਤਾ ਗਿਆ ਪਹਿਰਾਵਾ ਪਾਇਆ ਸੀ। ਇਸ ਹਾਥੀ ਦੰਦ ਦੇ ਰੰਗ ਦੇ ਪਹਿਰਾਵੇ ਨੇ ਪੂਰੀ ਤਰ੍ਹਾਂ ਸ਼ਾਹੀ ਲੁੱਕ ਦਿੱਤਾ। ਉਸ ਦੇ ਕੁੜਤੇ 'ਤੇ ਕਢਾਈ ਵੀ ਹੈ, ਜਿਸ 'ਤੇ ਗੁਰਮੁਖੀ ਲਿਪੀ ਲਿਖੀ ਹੋਈ ਸੀ। ਉਸ ਦੀ ਟੀਮ ਨੇ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਦਾ ਹਾਰ ਵੀ ਲਿਆਉਣ ਦੀ ਕੋਸ਼ਿਸ਼ ਕੀਤੀ ਸੀ।

**ਅਸਲੀ ਨਾ ਮਿਲਿਆ ਤਾਂ ਦਿਲਜੀਤ ਨੇ ਇੰਝ ਲਾਇਆ ਜੁਗਾੜ**

ਦਿਲਜੀਤ ਦੀ ਟੀਮ ਨੇ ਭਾਰਤ ਹੀ ਨਹੀਂ ਦੁਨੀਆ ਦੇ ਸਭ ਤੋਂ ਕੀਮਤੀ ਗਹਿਣਿਆਂ ਵਿੱਚ ਸ਼ੁਮਾਰ ਪਟਿਆਲਾ ਦੇ ਮਹਾਰਾਜਾ ਦਾ ਹਾਰ ਵੀ ਲਿਆਉਣ ਦੀ ਵੀ ਕੋਸ਼ਿਸ਼ ਕੀਤੀ ਸੀ ਪਰ ਇਹ ਹਾਰ ਇਸ ਵੇਲੇ ਇੱਕ ਅਜਾਇਬ ਘਰ ਵਿੱਚ ਰੱਖਿਆ ਗਿਆ ਹੈ ਅਤੇ ਇਸ ਨੂੰ ਕਿਰਾਏ 'ਤੇ ਨਹੀਂ ਦਿੱਤਾ ਜਾ ਸਕਦਾ। ਇਨਕਾਰ ਕੀਤੇ ਜਾਣ ਦੇ ਬਾਵਜੂਦ, ਦੁਸਾਂਝ ਦੀ ਇੱਛਾ ਸੀ ਕਿ ਉਹ ਆਪਣੇ ਆਪ ਨੂੰ ਬਿਲਕੁਲ ਮਹਾਰਾਜਾ ਵਰਗਾ ਬਣਾਏ ਅਤੇ ਉਸ ਨੇ ਇਸ ਦੇ ਡਿਜ਼ਾਈਨ ਵਰਗਾ ਇੱਕ ਹਾਰ ਬਣਾਇਆ, ਜਿਸ ਨੂੰ ਉਹ ਮੇਟ ਗਾਲਾ ਵਿੱਚ ਪਾ ਕੇ ਪਹੁੰਚਿਆ।

**ਕੀ ਹੈ ਇਸ ਹਾਰ ਦੀ ਖ਼ਾਸੀਅਤ ?**

ਮਹਾਰਾਜਾ ਭੁਪਿੰਦਰ ਸਿੰਘ ਦਾ ਇਹ ਹਾਰ ਨਾ ਸਿਰਫ਼ ਭਾਰਤ ਵਿੱਚ ਸਗੋਂ ਦੁਨੀਆਂ ਦੇ ਸਭ ਤੋਂ ਕੀਮਤੀ ਗਹਿਣਿਆਂ ਵਿੱਚ ਸ਼ਾਮਲ ਹੈ। ਇਹ ਹਾਰ 1928 ਵਿੱਚ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਦੁਆਰਾ ਬਣਵਾਇਆ ਗਿਆ ਸੀ। ਇਸ ਨੂੰ ਮਸ਼ਹੂਰ ਡਿਜ਼ਾਈਨਰ ਕਾਰਟੀਅਰ ਦੁਆਰਾ ਬਣਾਇਆ ਗਿਆ ਸੀ। ਇਸ ਹਾਰ ਵਿੱਚ ਕੇਂਦਰ ਵਿੱਚ ਇੱਕ ਵੱਡਾ 234-ਕੈਰੇਟ ਡੀ ਬੀਅਰਸ ਪੀਲਾ ਹੀਰਾ ਹੈ ਅਤੇ ਇਹ 3,000 ਛੋਟੇ ਹੀਰਿਆਂ ਨਾਲ ਘਿਰਿਆ ਹੋਇਆ ਹੈ। ਜਦੋਂ ਇਹ ਹਾਰ ਬਣਾਇਆ ਗਿਆ ਸੀ, ਇਸ ਦੀ ਕੀਮਤ ਲਗਭਗ 10 ਕਰੋੜ ਰੁਪਏ ਸੀ। ਅੱਜ ਇਸ ਹਾਰ ਦੀ ਕੀਮਤ ਲਗਭਗ 2.5 ਬਿਲੀਅਨ ਡਾਲਰ (ਲਗਭਗ 21 ਹਜ਼ਾਰ ਕਰੋੜ ਰੁਪਏ) ਹੋਣ ਦਾ ਅਨੁਮਾਨ ਹੈ। ਫਰਾਂਸੀਸੀ ਡਿਜ਼ਾਈਨਰ ਨੇ ਬਣਾਇਆ ਸੀ ਇਹ ਹਾਰ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਇਹ ਹਾਰ ਇੱਕ ਫਰਾਂਸੀਸੀ ਡਿਜ਼ਾਈਨਰ ਦੁਆਰਾ ਬਣਵਾਇਆ ਸੀ। 1928 ਵਿੱਚ ਉਸ ਨੇ ਇੱਕ ਫਰਾਂਸੀਸੀ ਗਹਿਣਿਆਂ ਅਤੇ ਕੀਮਤੀ ਪੱਥਰਾਂ ਦੀ ਕੰਪਨੀ, ਕਾਰਟੀਅਰ ਨੂੰ ਦੱਸਿਆ ਕਿ ਉਹ 1,000 ਕੈਰੇਟ ਹੀਰਿਆਂ ਨਾਲ ਜੜਿਆ ਇੱਕ ਹਾਰ ਚਾਹੁੰਦਾ ਹੈ। ਇਹ ਕਿਸੇ ਫਰਾਂਸੀਸੀ ਜੌਹਰੀ ਦੁਆਰਾ ਬਣਾਇਆ ਗਿਆ ਹੁਣ ਤੱਕ ਦਾ ਸਭ ਤੋਂ ਵੱਡਾ ਹਾਰ ਸੀ। ਦੁਸਾਂਝ ਨੇ ਇਸ ਨੂੰ ਬਿਲਕੁਲ ਭਾਰਤੀ ਗਹਿਣਿਆਂ ਦੇ ਡਿਜ਼ਾਈਨਰ ਗੋਲਚਾ ਵਾਂਗ ਡਿਜ਼ਾਈਨ ਕਰਵਾਇਆ ਸੀ।

# ਮੇਲਿਆਂ ਦਾ ਬਾਦਸ਼ਾਹ ਸੀ ਜਗਦੇਵ ਸਿੰਘ ਜੱਸੋਵਾਲ

## ਪੰਜਾਬੀ ਲੋਕ ਗਾਇਕਾਂ ਦੀ ਭਲਾਈ ਲਈ ਜੱਸੋਵਾਲ ਨੇ ਕੀਤੇ ਸਨ ਬੇਮਿਸਾਲ ਕੰਮ

**ਦਰਸ਼ਨ ਸਿੰਘ ਪ੍ਰੀਤੀਮਾਨ**





ਜਗਦੇਵ ਸਿਘ ਜੱਸੋਵਾਲ ਦਾ ਜਨਮ 30 ਅਪ੍ਰੈਲ, 1935 ਨੂੰ ਮਾਤਾ ਅਮਰ ਕੌਰ ਤੇ ਪਿਤਾ ਕਰਤਾਰ ਸਿੰਘ ਦੇ ਘਰ ਲੁਧਿਆਣੇ 'ਚ ਪੈਂਦੇ ਪਿੰਡ ਜੱਸੋਵਾਲ ਸੂਦਾ ਵਿਖੇ ਹੋਇਆ। ਮਾਪਿਆਂ ਨੇ ਜਗਦੇਵ ਦਾ ਨਾਮ ਪਿਆਰ ਨਾਲ 'ਜੁਗ' ਰੱਖਿਆ ਹੋਇਆ ਸੀ। ਪੜ੍ਹਨ 'ਚ ਉਹ ਹੁਸ਼ਿਆਰ ਹੋਣ ਕਾਰਨ ਉਨ੍ਹਾਂ ਨੂੰ ਚੌਥੀ ਜਮਾਤ 'ਚ ਵਜ਼ੀਫ਼ਾ ਮਿਲਣਾ ਸ਼ੁਰੂ ਹੋ ਗਿਆ। ਦਸਵੀਂ ਜਮਾਤ ਪਾਸ ਕਰਨ ਮਗਰੋਂ ਲੁਧਿਆਣੇ ਦੇ ਆਰੀਆ ਹਾਈ ਸਕੂਲ ਵਿੱਚ ਦਾਖ਼ਲਾ ਲਿਆ ਤੇ ਫਿਰ ਬੀ.ਏ. ਕਰ ਲਈ। ਐਮ.ਏ. ਲਈ ਗੌਰਮਿੰਟ ਕਾਲਜ, ਲੁਧਿਆਣੇ ਦਾਖ਼ਲ ਹੋਇਆ । ਮਾਲਵਾ ਟਰੇਨਿੰਗ ਕਾਲਜ ਤੋਂ ਬੀ.ਟੀ. ਦਾ ਇਮਤਿਹਾਨ ਪਾਸ ਕੀਤਾ।

**ਬੋਲੀਆਂ ਸੁਣਨ ਦਾ ਸ਼ੌਕੀਨ ਸੀ ਜੁਗ**

ਪੜ੍ਹਾਈ ਦੇ ਨਾਲ-ਨਾਲ ਜੁਗ ਨੇੜੇ-ਤੇੜੇ ਕਿਤੇ ਗੁਮਤਰੀ ਆਉਂਦਾ ਤਾਂ ਇਹ ਉਥੇ ਹੀ ਵੇਖਣ ਜਾਂਦਾ ਸੀ। ਛੁੱਟੀ ਵਾਲੇ ਦਿਨ ਉਹ ਡੰਗਰ ਚਾਰਨ ਵੀ ਜਾਂਦਾ। ਉਸ ਨਾਲ ਬਾਬਾ ਨੱਥੂ ਹੁੰਦਾ। ਬਾਬਾ ਨੱਥੂ ਸਾਰਾ ਦਿਨ 'ਜੁਗ' ਤੋਂ ਡੰਗਰਾਂ ਦੇ ਮੜੇ ਲਵਾਈ ਜਾਂਦਾ ਤੇ ਬੋਲੀਆਂ ਉਸਨੂੰ ਸੁਣਾਈ ਜਾਂਦਾ, ਜੁਗ ਬੋਲੀਆਂ ਸੁਣਨ ਦਾ ਬਹੁਤ ਸ਼ੌਕੀਨ ਸੀ। ਉਸ ਦਾ ਵਿਆਹ ਸ਼੍ਰੀਮਤੀ ਸੁਰਜੀਤ ਕੌਰ ਨਾਲ ਬਰਨਾਲੇ ਲਾਗੇ ਪਿੰਡ ਧੂਰਕੋਟ ਹੋਇਆ। ਉਨ੍ਹਾਂ ਦੇ ਘਰ ਦੋ ਪੁੱਤਰ ਹਨ ਸੁਖਮਿੰਦਰ ਸਿੰਘ ਗਰੇਵਾਲ ਖੇਤੀ ਕਰਦਾ ਹੈ ਅਤੇ ਜਸਵਿੰਦਰ ਸਿਘ ਗਰੇਵਾਲ ਕੈਨੇਡਾ ਦੇ ਮਿਸਨ ਸ਼ਹਿਰ ਵਿੱਚ ਰਹਿੰਦਾ ਹੈ।

ਜਗਦੇਵ ਸਿੰਘ 'ਜੁਗ' ਨੇ ਐੱਲ. ਐੱਲ. ਬੀ. ਪਾਸ ਕੀਤੀ ਤੇ ਵਕੀਲ ਬਣ ਗਿਆ ਪਰ ਉਹ ਕਿੱਤਾ ਉਨ੍ਹਾਂ ਨੂੰ ਮਾਫਕ ਨਾ ਬੈਠਾ। ਫਿਰ ਸਰਬ-ਸੰਮਤੀ ਨਾਲ ਪਿੰਡ ਵਾਲਿਆਂ ਸਰਪੰਚ ਚੁਣ ਲਿਆ। ਮਾਸਟਰ ਤਾਰਾ ਸਿਘ ਨੇ ਅਕਾਲੀ ਦਲ ਦਾ ਜਨਰਲ ਸਕੱਤਰ ਬਣਾ ਦਿੱਤਾ, ਪਰ ਜਗਦੇਵ ਕਾਂਗਰਸ ਵਿੱਚ ਜਾ ਮਿਲਿਆ। ਗੁਰਨਾਮ ਸਿਘ ਨੇ 1972 ਵਿੱਚ ਟਿਕਟ ਦਿੱਤੀ ਪਰ ਹਾਰ ਹੋ ਗਈ। ਪੰਜਾਬ ਸਪੋਰਟਸ ਯੂਥ ਭਲਾਈ ਕਲਚਰ ਬੋਰਡ ਦਾ ਮੁੱਖ ਸਲਾਹਕਾਰ ਚੁਣਿਆ ਗਿਆ। ਫਿਰ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਤੁਰ ਪਿਆ। ਜੱਸੋਵਾਲ ਨੇ ਪੰਜਾਬ 'ਚ ਮੇਲੇ ਲਾਉਣ ਦੀ ਰਵਾਇਤ ਤੋਰੀ ਜੋ ਪੂਰੀ ਦੁਨੀਆ ਵਿੱਚ ਲੱਗਣ ਲੱਗ ਪਏ। ਜੱਸੋਵਾਲ ਦਾ ਕਹਿਣਾ ਸੀ ਕਿ ਮੇਲੇ ਲੋਕਾਂ ਨੂੰ ਜੋੜਦੇ ਹਨ, ਤੋੜਦੇ ਨਹੀਂ।

**ਪ੍ਰੋਫੈਸਰ ਮੋਹਨ ਸਿੰਘ ਨਾਲ ਰਿਸ਼ਤਾ**

ਜਗਦੇਵ ਸਿੰਘ ਜੱਸੋਵਾਲ ਦਾ ਪ੍ਰੋਫੈਸਰ ਮੋਹਨ ਸਿੰਘ ਬਹੁਤ ਪਿਆਰਾ ਦੋਸਤ ਸੀ। ਜਦ 3 ਜੂਨ, 1978 ਨੂੰ ਪ੍ਰੋ: ਮੋਹਨ ਸਿੰਘ ਦਾ ਦੇਹਾਂਤ ਹੋ ਗਿਆ ਤਾਂ ਜੱਸੋਵਾਲ ਉਦਾਸ ਰਹਿਣ ਲੱਗਿਆ। ਕਈ ਮਹੀਨੇ ਮੋਹਨ ਸਿੰਘ ਦੇ ਵਿਛੋੜੇ ਦੀ ਉਦਾਸੀ ਨੇ ਜੱਸੋਵਾਲ ਦਾ ਮੁੱਖ ਉਦਾਸ ਹੀ ਰੱਖਿਆ। ਕਿਉਂਕਿ ਉਹ ਪ੍ਰੋ: ਮੋਹਨ ਸਿੰਘ ਨੂੰ ਆਮ ਹੀ ਮਿਲਦੇ ਰਹਿੰਦੇ ਸਨ ਤੇ ਪੰਜਾਬੀ ਵਿਰਸੇ ਦੀਆਂ, ਪੰਜਾਬੀ ਸੱਭਿਆਚਾਰ ਦੀਆਂ ਗੱਲਾਂ ਹੀ ਉਹ ਹਮੇਸ਼ਾ ਮਿਲ ਕੇ ਕਰਦੇ ਸਨ। ਪ੍ਰੋ: ਮੋਹਨ ਸਿੰਘ ਪਿਆਰੇ ਦੋਸਤ ਬਿਨਾਂ ਜੱਸੋਵਾਲ ਨੂੰ ਪੰਜਾਬੀ ਸੱਭਿਆਚਾਰ ਦਾ ਵਿਹੜਾ ਸੁੰਨਾ-ਸੁੰਨਾ ਜਾਪਣ ਲੱਗਾ। ਇੱਕ ਦਿਨ ਜੱਸੋਵਾਲ ਨੇ ਆਪਣੇ ਘਰ ਲੇਖਕਾਂ, ਕਲਾਕਾਰਾਂ ਦੀ ਮੀਟਿੰਗ ਬੁਲਾਈ ਇਸ ਮੀਟਿੰਗ ਵਿੱਚ ਡੇਢ ਦਰਜਨ ਤੋਂ ਉਪਰ ਕਲਾਕਾਰ ਤੇ ਲੇਖਕ ਇਕੱਠੇ ਹੋਏ। ਮੀਟਿੰਗ ਵਿੱਚ ਪ੍ਰੋ: ਮੋਹਨ ਸਿੰਘ ਦੇ ਜਨਮ ਦਿਨ 'ਤੇ 20 ਅਕਤੂਬਰ ਨੂੰ ਮੇਲਾ ਲਾਉਣ ਦਾ ਮਤਾ ਪਾਸ ਕੀਤਾ ਗਿਆ।

ਪ੍ਰੋ: ਮੋਹਨ ਸਿੰਘ ਯਾਦਗਾਰੀ ਮੈਮੋਰੀਅਲ ਟਰੱਸਟ ਦਾ ਗਠਨ ਕਰ ਕੇ 20 ਅਕਤੂਬਰ, 1979 ਨੂੰ ਪੰਜਾਬੀ ਭਵਨ 'ਚ ਮੋਹਨ ਸਿੰਘ ਦੀ ਯਾਦ 'ਚ ਮੇਲਾ ਲਗਾਉਣ ਦਾ ਪ੍ਰਬੰਧ ਕਰ ਲਿਆ। ਮੇਲਾ ਲਾਇਆ ਗਿਆ, ਪਹਿਲਾ ਮੇਲਾ ਬਹੁਤ ਸਫਲ ਰਿਹਾ ਜੋ ਅੱਜ ਤੱਕ ਨਿਰੰਤਰ ਚੱਲ ਰਿਹਾ ਹੈ। ਮੇਲੇ 'ਤੇ ਹਰ ਸਾਲ ਕਲਾਕਾਰ ਆਪਣੀ-ਆਪਣੀ ਕਲਾ ਦਾ ਜੌਹਰ ਵਿਖਾਉਂਦੇ ਹਨ। ਇਸ ਮੇਲੇ 'ਤੇ ਲੇਖਕਾਂ, ਸਾਹਿਤਕਾਰਾਂ ਤੇ ਕਲਾਕਾਰਾਂ ਦਾ ਬਕਾਇਦਾ ਸਨਮਾਨ ਕੀਤਾ ਜਾਂਦਾ ਹੈ। ਇਸ ਮੇਲੇ 'ਤੇ ਗੱਤਕਾ ਪਾਰਟੀਆਂ, ਲੋਕ ਨਾਚ ਮੰਡਲੀਆਂ, ਢਾਡੀ-ਕਵੀਸ਼ਰ, ਕੱਵਾਲ, ਨਕਲੀਏ, ਭੰਡ, ਰਾਸਧਾਰੀਏ, ਸੰਗੀਤਕਾਰ, ਗੀਤਕਾਰ, ਸਾਹਿਤਕਾਰ, ਕਲਾਕਾਰ, ਚਿੱਤਰਕਾਰ, ਪੱਤਰਕਾਰ, ਸਪੇਰਿਆਂ, ਭੰਗੜਾ ਟੀਮਾਂ, ਗਿੱਧਾ ਟੀਮਾਂ, ਬੁੱਕ ਸਟਾਲਾਂ, ਪ੍ਰਦਰਸ਼ਨੀਆਂ, ਨੁਮਾਇਸਾਂ, ਸਭ ਵੇਖਣ ਨੂੰ ਮਿਲਦੀਆਂ ਹਨ। ਇਸ ਦਾ ਸਿਹਰਾ ਜਗਦੇਵ ਸਿੰਘ ਜੱਸੋਵਾਲ ਦੀ ਪਹਿਲ ਕਦਮੀ ਤੇ ਸਖ਼ਤ ਮਿਹਨਤ ਨੂੰ ਹੀ ਜਾਂਦਾ ਹੈ। ਜਗਦੇਵ ਸਿੰਘ ਜੱਸੋਵਾਲ ਦਾ ਨਾਮ ਸੱਭਿਅਚਾਰ ਗਤੀ ਵਿਧੀਆਂ ਕਰ ਕੇ ਇਤਿਹਾਸ ਵਿੱਚ ਅਭੁੱਲ ਨਾਮ ਸਥਾਪਿਤ ਹੋ ਚੁੱਕਾ ਹੈ। ਉਸ ਦੇ ਜ਼ਿੰਦਗੀ ਵਿਚ ਕੀਤੀ ਅਹਿਮ ਕਾਰਜਾਂ ਨੂੰ ਕਦੇ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

**ਸ਼ੁਰੂ ਕੀਤਾ ਜਨਮ ਦਿਨ ਮਨਾਉਣਾ**

ਜੱਸੋਵਾਲ ਨੇ ਆਪਣਾ ਜਨਮ ਦਿਨ ਆਪਣੇ ਜਿਉਂਦਿਆਂ ਤੋਂ ਹੀ ਮਨਾਉਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦਾ ਜਨਮ ਦਿਨ 30 ਅਪ੍ਰੈਲ ਨੂੰ ਪੱਖੋਵਾਲ ਰੋਡ ਦੀ ਕਾਲੋਨੀ ਪਾਲਸ ਵਿਹਾਰ ਵਿਖੇ, ਜੱਸੋਵਾਲ ਭਵਨ 'ਚ ਮਨਾਇਆ ਜਾਂਦਾ ਹੈ। ਇਹ ਵੱਡਾ ਸਮਾਗਮ ਮੇਲੇ ਦਾ ਹੀ ਰੂਪ ਧਾਰ ਜਾਂਦਾ ਹੈ। ਕਵੀ ਆਪਣੀਆਂ ਕਵਿਤਾਵਾਂ ਦਾ ਪਾਠ ਪੜ੍ਹਦੇ ਹਨ, ਕਲਾਕਾਰ ਆਪਣੇ ਗੀਤ-ਦੋਗਾਣੇ ਪੇਸ਼ ਕਰਦੇ ਹਨ ।ਮੇਲੇ ਦੀ ਰੌਣਕ ਦੁੱਗਣੀ ਹੁੰਦੀ ਹੈ, ਵੇਖਣਯੋਗ ਹੁੰਦੀ ਹੈ।

ਜਗਦੇਵ ਸਿੰਘ ਜੱਸੋਵਾਲ ਚੰਗੇ ਕਲਾਕਾਰ ਤੇ ਕਲਮਕਾਰ ਦਾ ਸਤਿਕਾਰ ਕਰਦਾ ਸੀ। ਅਨੇਕਾਂ ਕਲਾਕਾਰਾਂ ਨੂੰ ਰੋਟੀ ਜੋਗਾ ਕਰਨ ਵਾਲਾ ਜੱਸੋਵਾਲ ਹੀ ਸੀ। ਪ੍ਰੋ: ਮੋਹਨ ਸਿੰਘ ਮੇਲੇ ਦੀ ਵਾਗਡੋਰ ਪ੍ਰਗਟ ਸਿੰਘ ਗਰੇਵਾਲ ਹੱਥ ਫੜਾ ਕੇ 22 ਦਸੰਬਰ, ਸਾਲ 2014 ਨੂੰ ਇਸ ਫਾਨੀ ਦੁਨੀਆਂ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਿਆ।

# ਫ਼ਿਲਮ ਨਿਰਮਾਤਾਵਾਂ 'ਚ 'ਅਪਰੇਸ਼ਨ ਸਿੰਧੂਰ' ਦਾ ਟਾਈਟਲ ਰਜਿਸਟਰ ਕਰਵਾਉਣ ਦੀ ਲੱਗੀ ਦੌੜ




ਬਾਲੀਵੁੱਡ ਫ਼ਿਲਮ ਨਿਰਮਾਤਾ ਅਤੇ ਅਦਾਕਾਰ ਪਾਕਿਸਤਾਨ ਵਿੱਚ ਭਾਰਤ ਦੇ ਫ਼ੌਜੀ ਹਮਲਿਆਂ ਦੇ ਕੋਡਨੇਮ ਤੋਂ ਪ੍ਰੇਰਿਤ ਫ਼ਿਲਮਾਂ ਦੇ ਸਿਰਲੇਖਾਂ ਨੂੰ ਰਜਿਸਟਰ ਕਰਨ ਲਈ ਦੌੜ ਵਿੱਚ ਆ ਗਏ ਹਨ, ਜਿਸ ਵਿੱਚ 'ਅਪਰੇਸ਼ਨ ਸਿੰਧੂਰ', 'ਮਿਸ਼ਨ ਸਿੰਧੂਰ' ਅਤੇ 'ਸਿੰਧੂਰ: ਦ ਰਿਵੈਂਜ' ਨਾਮ ਸ਼ਾਮਲ ਹਨ। ਗ਼ੌਰਤਲਬ ਹੈ ਕਿ ਇਸ ਸਬੰਧੀ ਸਿਰਫ਼ ਦੋ ਦਿਨਾਂ ਵਿੱਚ 30 ਤੋਂ ਵੱਧ ਅਰਜ਼ੀਆਂ ਦਾਖ਼ਲ ਕੀਤੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਭਾਰਤ ਨੇ ਜੰਮੂ ਅਤੇ ਕਸ਼ਮੀਰ ਦੇ ਪਹਿਲਗਾਮ ਵਿੱਚ 26 ਵਿਅਕਤੀ, ਜਿਨ੍ਹਾਂ ਵਿੱਚ ਜ਼ਿਆਦਾਤਰ ਸੈਲਾਨੀ ਸਨ, ਦੇ ਕਤਲੇਆਮ ਤੋਂ ਦੋ ਹਫ਼ਤੇ ਬਾਅਦ ਪਿਛਲੇ ਦਿਨੀਂ 'ਅਪਰੇਸ਼ਨ ਸਿੰਧੂਰ' ਦੇ ਤਹਿਤ ਪਾਕਿਸਤਾਨ ਅਤੇ ਪੀਓਕੇ ਵਿਚ ਅਤਿਵਾਦੀ ਥਾਵਾਂ 'ਤੇ ਨਿਸ਼ਾਨਾਬੱਧ ਹਮਲੇ ਕੀਤੇ। ਹਮਲੇ ਤੋਂ ਬਾਅਦ ਇੰਡੀਅਨ ਮੋਸ਼ਨ ਪਿਕਚਰ ਪ੍ਰੋਡਿਊਸਰ ਐਸੋਸੀਏਸ਼ਨ , ਇੰਡੀਅਨ ਫ਼ਿਲਮ ਐਂਡ ਟੈਲੀਵਿਜ਼ਨ ਪ੍ਰੋਡਿਊਸਰ ਕੌਂਸਲ ਅਤੇ ਵੈਸਟਰਨ ਇੰਡੀਆ ਫ਼ਿਲਮ ਪ੍ਰੋਡਿਊਸਰ ਐਸੋਸੀਏਸ਼ਨ ਨੇ 'ਅਪਰੇਸ਼ਨ ਸਿੰਧੂਰ' ਨਾਲ ਸਬੰਧਿਤ ਫ਼ਿਲਮਾਂ ਦੇ ਸਿਰਲੇਖਾਂ ਦੀ ਰਜਿਸਟ੍ਰੇਸ਼ਨ ਲਈ ਅਰਜ਼ੀਆਂ ਵਿੱਚ ਵਾਧਾ ਦੇਖਿਆ ਹੈ।

## ਜੰਗ ਇੱਕ ਕੁਸੈਲੀ ਹਕੀਕਤ

2019 (ਪੁਲਵਾਮਾ ਹਮਲਾ): 26 ਫ਼ਰਵਰੀ, 2019 ਨੂੰ, ਭਾਰਤੀ ਹਵਾਈ ਫ਼ੌਜ ਨੇ ਪੁਲਵਾਮਾ ਅਤਿਵਾਦੀ ਹਮਲੇ, ਜਿਸ ਵਿੱਚ ਸੀ.ਆਰ.ਪੀ.ਐੱਫ. ਦੇ 40 ਜਵਾਨ ਮਾਰੇ ਗਏ ਸਨ, ਦੇ ਜਵਾਬ ਵਿੱਚ ਪਾਕਿਸਤਾਨ ਦੇ ਬਾਲਾਕੋਟ ਵਿੱਚ ਜੈਸ਼-ਏ-ਮੁਹੰਮਦ (ਜੇ.ਈ.ਐਮ.) ਦੇ ਅਤਿਵਾਦੀ ਸਿਖਲਾਈ ਕੈਂਪ ’ਤੇ ਹਵਾਈ ਹਮਲੇ ਕੀਤੇ ਗਏ। ਲੜਾਕੂ ਜਹਾਜ਼ਾਂ ਦੀ ਵਰਤੋਂ ਕਰਦੇ ਹੋਏ, ਭਾਰਤ ਨੇ ਪਾਕਿਸਤਾਨੀ ਖੇਤਰ ਦੇ ਅੰਦਰ ਕੈਂਪ ਨੂੰ ਨਿਸ਼ਾਨਾ ਬਣਾਇਆ, ਜੋ 1971 ਦੀ ਜੰਗ ਤੋਂ ਬਾਅਦ ਪਹਿਲਾ ਅਜਿਹਾ ਹਵਾਈ ਹਮਲਾ ਸੀ।

ਭਾਰਤ ਅਤੇ ਪਾਕਿਸਤਾਨ ਵਿਚਾਲੇ ਜਿੰਨੀ ਵਾਰ ਵੀ ਟਕਰਾਓ ਹੋਇਆ ਹੈ, ਉਸ ਦੌਰਾਨ ਸਭ ਤੋਂ ਵਧੇਰੇ ਨੁਕਸਾਨ ਪੰਜਾਬੀਆਂ ਨੂੰ ਉਠਾਉਣਾ ਪਿਆ ਹੈ। ਇਨ੍ਹਾਂ ਪੰਜਾਬੀਆਂ ਨੂੰ ਪੁੱਛੋ ਜੰਗ ਦਾ ਕੀ ਨੁਕਸਾਨ ਹੁੰਦਾ ਹੈ ? ਪੰਜਾਬੀ ਜੰਗਬੰਦੀ ਦਾ ਸਵਾਗਤ ਕਰਦੇ ਹਨ। ਦੋਵਾਂ ਦੇਸ਼ਾਂ ਦੇ ਹੁਕਮਰਾਨ ਪੰਜਾਬੀਆਂ ਦੇ ਦੁੱਖ ਨੂੰ ਮਹਿਸੂਸ ਕਰਦਿਆਂ ਕੂਟਨੀਤਕ ਸਬੰਧਾਂ ਨਾਲ ਸਾਰੇ ਮਸਲੇ ਹੱਲ ਕਰਨ। ਕਿਸੇ ਵੀ ਦੇਸ਼ ਦੇ ਲੋਕਾਂ ਦਾ ਖ਼ੂਨ ਅਜਾਈਂ ਨਹੀਂ ਡੁੱਲ੍ਹਣਾ ਚਾਹੀਦਾ। ਪਾਕਿਸਤਾਨ ਦੀ ਆਰਥਿਕ ਹਾਲਤ ਡਾਵਾਂਡੋਲ ਹੈ ਪਰ ਭਾਰਤ ਦੀ ਵੀ ਬਹੁਤੀ ਚੰਗੀ ਨਹੀਂ। ਉਹ ਵੀ ਕਰਜ਼ਾਈ ਹੋਇਆ ਪਿਆ ਹੈ। ਇਸ ਲਈ ਦੋਵਾਂ ਦੇਸ਼ਾਂ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ। ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ। ਹਰ ਮਸਲੇ ਦਾ ਹੱਲ ਸਿਰਫ਼ ਗੱਲਬਾਤ ਰਾਹੀਂ ਹੀ ਹੋ ਸਕਦਾ ਹੈ। ਭਾਰਤ ਅਤੇ ਪਾਕਿਸਤਾਨ ਨੂੰ ਆਪਣੇ ਮਸਲਿਆਂ ਦੇ ਹੱਲ ਲਈ ਗੱਲਬਾਤ ਦਾ ਰਾਹ ਅਪਨਾਉਣਾ ਚਾਹੀਦਾ ਹੈ ਤਾਂਕਿ ਦੋਵਾਂ ਦੇਸ਼ਾਂ ਦੇ ਲੋਕ ਸੁੱਖ-ਸ਼ਾਂਤੀ ਤੇ ਅਮਨ-ਚੈਨ ਨਾਲ ਰਹਿ ਸਕਣ।

****

## ਜਾਤ ਅਧਾਰਿਤ ਮਰਦਮਸ਼ੁਮਾਰੀ ਪੰਜਾਬ

ਸ਼੍ਰੋਮਣੀ ਕਮੇਟੀ ਨੂੰ ਦਲਿਤ ਵਿਦਿਆਰਥੀਆਂ ਲਈ ਮੁਫ਼ਤ ਸਿੱਖਿਆ ਸਕੀਮਾਂ ਸ਼ੁਰੂ ਕਰਨੀਆਂ ਚਾਹੀਦੀਆਂ, ਜਿਨ੍ਹਾਂ ਵਿੱਚ ਸਕੂਲੀ, ਕਾਲਜ ਅਤੇ ਵਜ਼ੀਫ਼ੇ ਸ਼ਾਮਲ ਹੋਣ। ਸਕੂਲਾਂ ਅਤੇ ਕਾਲਜਾਂ ਵਿੱਚ ਦਲਿਤ ਵਿਦਿਆਰਥੀਆਂ ਲਈ ਰਾਖਵੀਂਆਂ ਸੀਟਾਂ ਅਤੇ ਵਜ਼ੀਫ਼ਿਆਂ ਦੀ ਵਿਵਸਥਾ ਕੀਤੀ ਜਾਵੇ। ਦਲਿਤ ਨੌਜਵਾਨਾਂ ਨੂੰ ਰੁਜ਼ਗਾਰ ਯੋਗ ਬਣਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਆਈ.ਟੀ., ਇੰਜੀਨੀਅਰਿੰਗ, ਅਤੇ ਹੋਰ ਵੋਕੇਸ਼ਨਲ ਕੋਰਸਾਂ ਦੀ ਸਿਖਲਾਈ ਦੇਣ ਵਾਲੇ ਅਦਾਰੇ ਸਥਾਪਿਤ ਕਰਨੇ ਚਾਹੀਦੇ ਹਨ। ਇਸ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸੈਕਟਰ ਨਾਲ ਸਾਂਝੇਦਾਰੀ ਕੀਤੀ ਜਾ ਸਕਦੀ ਹੈ। ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਵਿੱਚ ਗੁਰਮਤਿ ਅਤੇ ਸਮਾਜਿਕ ਨਿਆਂ ’ਤੇ ਅਧਾਰਿਤ ਵਿਸ਼ੇ ਸ਼ਾਮਲ ਕੀਤੇ ਜਾਣ। ਇਹ ਪਾਠਕ੍ਰਮ ਜਾਤੀਵਾਦ ਦੇ ਇਤਿਹਾਸਕ ਅਤੇ ਸਮਾਜਿਕ ਪਹਿਲੂਆਂ ਨੂੰ ਸਮਝਾਉਣ ਅਤੇ ਸਿੱਖੀ ਦੇ ਸਮਾਨਤਾਵਾਦੀ ਸਿਧਾਂਤਾਂ ਨੂੰ ਉਜਾਗਰ ਕਰਨ। ਸਕੂਲਾਂ ਅਤੇ ਕਾਲਜਾਂ ਵਿੱਚ ਜਾਤੀਵਾਦ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਚਲਾਏ ਜਾਣ, ਜਿਨ੍ਹਾਂ ਵਿੱਚ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਅਤੇ ਭਗਤ ਰਵਿਦਾਸ ਜੀ, ਭਗਤ ਕਬੀਰ ਜੀ, ਸੰਤ ਨਾਮਦੇਵ ਜੀ ਆਦਿ ਵਰਗੇ ਸੰਤਾਂ ਦੇ ਯੋਗਦਾਨ ਨੂੰ ਸ਼ਾਮਲ ਕੀਤਾ ਜਾਵੇ।

ਸ਼੍ਰੋਮਣੀ ਕਮੇਟੀ ਨੂੰ ਦਲਿਤ ਬਹੁਗਿਣਤੀ ਵਾਲੇ ਖੇਤਰਾਂ ਵਿੱਚ ਮੁਫ਼ਤ ਮੈਡੀਕਲ ਕੈਂਪ ਅਤੇ ਮੋਬਾਇਲ ਹਸਪਤਾਲ ਸ਼ੁਰੂ ਕਰਨੇ ਚਾਹੀਦੇ। ਇਨ੍ਹਾਂ ਕੈਂਪਾਂ ਵਿੱਚ ਮੁਫ਼ਤ ਦਵਾਈਆਂ, ਜਾਂਚ ਅਤੇ ਛੋਟੀਆਂ ਸਰਜਰੀਆਂ ਦੀ ਸਹੂਲਤ ਹੋਵੇ। ਸ਼੍ਰੋਮਣੀ ਕਮੇਟੀ ਦੇ ਅਧੀਨ ਚੱਲ ਰਹੇ ਹਸਪਤਾਲਾਂ ਵਿੱਚ ਦਲਿਤ ਮਰੀਜ਼ਾਂ ਲਈ ਮੁਫ਼ਤ ਜਾਂ ਰਿਆਇਤੀ ਇਲਾਜ ਦੀ ਵਿਵਸਥਾ ਕੀਤੀ ਜਾਵੇ। ਨਵੇਂ ਹਸਪਤਾਲ ਜਾਂ ਡਿਸਪੈਂਸਰੀਆਂ ਸਥਾਪਿਤ ਕਰਨ ਦਾ ਫ਼ੋਕਸ ਦਲਿਤ ਅਤੇ ਪਛੜੇ ਖੇਤਰਾਂ ’ਤੇ ਹੋਵੇ। ਸ਼੍ਰੋਮਣੀ ਕਮੇਟੀ ਨੂੰ ਮੈਡੀਕਲ ਅਤੇ ਪੈਰਾ-ਮੈਡੀਕਲ ਕੋਰਸਾਂ (ਨਰਸਿੰਗ, ਫ਼ਾਰਮੇਸੀ, ਲੈਬ ਟੈਕਨੀਸ਼ੀਅਨ) ਲਈ ਸਕਾਲਰਸ਼ਿਪ ਅਤੇ ਸਿਖਲਾਈ ਪ੍ਰੋਗਰਾਮ ਸ਼ੁਰੂ ਕਰਨੇ ਚਾਹੀਦੇ ਹਨ। ਦਲਿਤ ਨੌਜਵਾਨਾਂ ਨੂੰ ਮੈਡੀਕਲ ਖੇਤਰ ਵਿੱਚ ਕੈਰੀਅਰ ਬਣਾਉਣ ਲਈ ਉਤਸ਼ਾਹਿਤ ਕੀਤਾ ਜਾਵੇ। ਸਿਹਤ ਸੰਬੰਧੀ ਜਾਗਰੂਕਤਾ ਪ੍ਰੋਗਰਾਮ ਚਲਾਏ ਜਾਣ, ਜਿਨ੍ਹਾਂ ਵਿੱਚ ਪੋਸ਼ਣ, ਸਫ਼ਾਈ ਅਤੇ ਬਿਮਾਰੀਆਂ ਤੋਂ ਬਚਾਅ ’ਤੇ ਜ਼ੋਰ ਹੋਵੇ। ਇਹ ਪ੍ਰੋਗਰਾਮ ਸਥਾਨਕ ਭਾਸ਼ਾਵਾਂ ਵਿੱਚ ਅਤੇ ਸਰਲ ਢੰਗ ਨਾਲ ਪੇਸ਼ ਕੀਤੇ ਜਾਣ।

ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਨੂੰ ਆਪਣੀਆਂ ਸੰਗਠਨਾਤਮਕ ਨੀਤੀਆਂ ਵਿੱਚ ਸਮਾਵੇਸ਼ ਨੂੰ ਉਤਸ਼ਾਹਿਤ ਕਰਨਾ ਚਾਹੀਦਾ। ਇਸ ਵਿੱਚ ਦਲਿਤ ਸਮਾਜ ਦੇ ਨੁਮਾਇੰਦਿਆਂ ਨੂੰ ਕਮੇਟੀਆਂ ਅਤੇ ਫ਼ੈਸਲਾ ਲੈਣ ਵਾਲੀਆਂ ਸੰਸਥਾਵਾਂ ਵਿੱਚ ਸ਼ਾਮਲ ਕਰਨਾ ਸ਼ਾਮਲ ਹੈ।

ਸ਼੍ਰੋਮਣੀ ਕਮੇਟੀ ਨੂੰ ਸਰਕਾਰੀ ਸਕੀਮਾਂ, ਜਿਵੇਂ ਕਿ ਸਕਾਲਰਸ਼ਿਪ, ਸਿਹਤ ਸਹੂਲਤਾਂ ਅਤੇ ਸਮਾਜਿਕ ਸੁਧਾਰ ਪ੍ਰੋਗਰਾਮਾਂ ਦਾ ਲਾਭ ਦਲਿਤ ਸਮਾਜ ਤੱਕ ਪਹੁੰਚਾਉਣ ਲਈ ਸਰਕਾਰ ਨਾਲ ਸਹਿਯੋਗ ਕਰਨਾ ਚਾਹੀਦਾ। ਜਥੇਦਾਰ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਜਾਤੀਵਾਦ ਮਿਟਾਉਣ ਅਤੇ ਦਲਿਤ ਸਮਾਜ ਨੂੰ ਸਿੱਖੀ ਨਾਲ ਜੋੜਨ ਲਈ ਧਾਰਮਿਕ, ਸਮਾਜਿਕ, ਵਿਦਿਅਕ ਅਤੇ ਮੈਡੀਕਲ ਖੇਤਰਾਂ ਵਿੱਚ ਸੰਜੀਦਾ ਯਤਨ ਕਰਨ ਦੀ ਲੋੜ ਹੈ। ਇਹ ਉਪਰਾਲੇ ਸਿੱਖੀ ਦੇ ਸਮਾਨਤਾਵਾਦੀ ਸਿਧਾਂਤਾਂ ਨੂੰ ਵਿਹਾਰਕ ਰੂਪ ਦੇਣਗੇ ਅਤੇ ਸਮਾਜ ਵਿੱਚ ਸਦਭਾਵਨਾ ਨੂੰ ਵਧਾਉਣਗੇ। ਇਸ ਲਈ, ਸਮੁੱਚੇ ਸਿੱਖ ਪੰਥ ਦੀ ਸਹਿਮਤੀ ਅਤੇ ਸਰਗਰਮ ਸ਼ਮੂਲੀਅਤ ਨਾਲ ਇੱਕ ਵਿਆਪਕ ਨੀਤੀ ਬਣਾਉਣੀ ਚਾਹੀਦੀ।

***

## ਕਸ਼ਮੀਰ ਦੇ ਐਲ.ਓ.ਸੀ. ਨਾਲ ਸਿੱਖ ਅਤੇ

ਭਾਰਤ ਸਰਕਾਰ ਦੀ ਜ਼ਿੰਮੇਵਾਰੀ ਨਿਭਾਵੇ ਭਾਰਤ ਸਰਕਾਰ ਨੂੰ ਅਜਿਹੀਆਂ ਜਥੇਬੰਦੀਆਂ ਅਤੇ ਭਾਈਚਾਰਿਆਂ ਦੀ ਮਦਦ ਕਰਨੀ ਚਾਹੀਦੀ, ਕਿਉਂਕਿ ਇਹ ਸੰਸਥਾਵਾਂ ਸੰਕਟ ਸਮੇਂ ਸਰਕਾਰੀ ਢਾਂਚੇ ਦੀਆਂ ਕਮੀਆਂ ਨੂੰ ਪੂਰਾ ਕਰਦੀਆਂ ਹਨ। ਸਰੀਮਸਤਾਨ ਫਾਊਂਡੇਸ਼ਨ ਦੇ ਅਸਦ ਨੂਮਾਨੀ ਦੇ ਬਿਆਨ, ਅਸੀਂ ਸਰਕਾਰੀ ਸਹਾਇਤਾ ਦੀ ਉਡੀਕ ਨਹੀਂ ਕਰਦੇ, ਸਰਕਾਰੀ ਪ੍ਰਣਾਲੀ ਦੀ ਹੌਲੀ ਪ੍ਰਤੀਕਿਰਿਆ ਨੂੰ ਉਜਾਗਰ ਕਰਦਾ ਹੈ।

ਸਰਕਾਰ ਨੂੰ ਸਿੱਖ ਅਤੇ ਗੁੱਜਰ ਸੰਸਥਾਵਾਂ ਨੂੰ ਰੈਸਕਿਊ ਅਤੇ ਰਾਹਤ ਕਾਰਜਾਂ ਲਈ ਫੰਡ ਮੁਹੱਈਆ ਕਰਵਾਉਣੇ ਚਾਹੀਦੇ। ਇਹ ਫੰਡ ਐਂਬੂਲੈਂਸਾਂ, ਵਾਹਨਾਂ, ਅਤੇ ਮੈਡੀਕਲ ਸਪਲਾਈਜ਼ ਲਈ ਵਰਤੇ ਜਾ ਸਕਦੇ ਹਨ। ਸਰਹੱਦੀ ਖੇਤਰਾਂ ਵਿੱਚ ਵਲੰਟੀਅਰਾਂ ਦੀ ਸੁਰੱਖਿਆ ਲਈ ਸੁਰੱਖਿਆ ਬਲ ਮੁਹੱਈਆ ਕਰਨੇ ਚਾਹੀਦੇ, ਤਾਂ ਜੋ ਰੈਸਕਿਊ ਕਾਰਜ ਸੁਰੱਖਿਅਤ ਹੋ ਸਕਣ। ਸਰਕਾਰ ਨੂੰ ਸਥਾਨਕ ਜਥੇਬੰਦੀਆਂ ਨਾਲ ਸਹਿਯੋਗੀ ਢਾਂਚਾ ਸਥਾਪਿਤ ਕਰਨਾ ਚਾਹੀਦਾ, ਜਿਸ ਵਿੱਚ ਸੰਚਾਰ, ਸਮਨਵਯ, ਅਤੇ ਸਰੋਤ ਸਾਂਝੇ ਕਰਨ ਦੀ ਵਿਵਸਥਾ ਹੋਵੇ। ਵਲੰਟੀਅਰਾਂ ਨੂੰ ਰੈਸਕਿਊ, ਪਹਿਲੀ ਸਹਾਇਤਾ ਅਤੇ ਸੰਕਟ ਪ੍ਰਬੰਧਨ ਦੀ ਸਿਖਲਾਈ ਦਿੱਤੀ ਜਾਣੀ ਚਾਹੀਦੀ, ਤਾਂ ਜੋ ਉਹ ਵਧੇਰੇ ਪ੍ਰਭਾਵੀ ਢੰਗ ਨਾਲ ਕੰਮ ਕਰ ਸਕਣ। ਸਰਕਾਰ ਦੀ ਸਹਾਇਤਾ ਨਾ ਸਿਰਫ਼ ਇਨ੍ਹਾਂ ਜਥੇਬੰਦੀਆਂ ਦੀ ਸਮਰੱਥਾ ਵਧਾਏਗੀ, ਸਗੋਂ ਸਰਹੱਦੀ ਖੇਤਰਾਂ ਵਿੱਚ ਸੰਕਟ ਪ੍ਰਬੰਧ ਨੂੰ ਵੀ ਮਜ਼ਬੂਤ ਕਰੇਗੀ।

ਕਸ਼ਮੀਰ ਅਤੇ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਸਿੱਖ ਜਥੇਬੰਦੀਆਂ ਜਿਵੇਂ ਕਿ ਗੁਰਦੁਆਰਾ ਛੇਵੀਂ ਪਾਤਸ਼ਾਹੀ, ਐਸ.ਜੀ.ਪੀ.ਸੀ., ਖ਼ਾਲਸਾ ਏਡ ਅਤੇ ਗੁੱਜਰ ਸੰਸਥਾਵਾਂ ਜਿਵੇਂ ਸਰੀਮਸਤਾਨ ਟ੍ਰਾਈਬਲ ਗੁੱਜਰ ਵੈੱਲਫੇਅਰ ਫਾਊਂਡੇਸ਼ਨ ਨੇ ਸੰਕਟਕਾਲੀ ਹਾਲਾਤ ਵਿੱਚ ਮਨੁੱਖਤਾ ਦੀ ਸੇਵਾ ਕਰਕੇ ਸਰਬੱਤ ਦੇ ਭਲੇ ਦੀ ਮਿਸਾਲ ਕਾਇਮ ਕੀਤੀ। ਇਹ ਸੇਵਾ ਨਾ ਸਿਰਫ਼ ਸਮਾਜਿਕ ਏਕਤਾ ਦਾ ਪ੍ਰਤੀਕ ਹੈ, ਸਗੋਂ ਸਰਕਾਰ ਅਤੇ ਸਮਾਜ ਦੇ ਸਹਿਯੋਗ ਨਾਲ ਸੰਕਟ ਪ੍ਰਬੰਧ ਦੀ ਨਵੀਂ ਦਿਸ਼ਾ ਵੀ ਪ੍ਰਦਾਨ ਕਰਦੀ ਹੈ।

***

## ਸਾਈਬਰ ਕ੍ਰਾਈਮ ਦਾ

ਅਤੇ ਕੁੜੀਆਂ ਨੂੰ ਬਲੈਕ ਮੇਲ ਕਰਦਾ ਹੈਂ। ਇਸ ਦੇ ਨਾਲ ਹੀ ਉਸ ਵੱਲੋਂ ਇਸ ਵਿਦਿਆਰਥੀ ਵਿਰੁੱਧ ਮਾਮਲਾ ਦਰਜ ਕਰਨ ਦੀ ਧਮਕੀ ਦਿੱਤੀ ਗਈ ਅਤੇ ਕਿਸੇ ਡੀ.ਐਸ.ਪੀ. ਨਾਲ ਵੀ ਗੱਲ ਕਰਨ ਲਈ ਕਿਹਾ ਗਿਆ। ਜਦੋਂ ਇਸ ਵਿਦਿਆਰਥੀ ਨੇ ਉਸ ਦੀਆਂ ਗੱਲਾਂ ਵਿੱਚ ਆਉਣ ਦੀ ਥਾਂ ਫ਼ੋਨ ਕੱਟ ਦਿੱਤਾ ਤਾਂ ਉਸ ਵਿਅਕਤੀ ਵੱਲੋਂ ਮੈਸੇਜ ਲਿਖ ਕੇ ਧਮਕੀ ਭੇਜੀ ਗਈ। ਇਸ ਵਿਦਿਆਰਥੀ ਵੱਲੋਂ ਤੁਰੰਤ ਹੀ ਇਸ ਦੀ ਸੂਚਨਾ ਅਸਲੀ ਪੁਲਿਸ ਨੂੰ ਦਿੱਤੀ ਗਈ ਤਾਂ ਪਤਾ ਚਲਿਆ ਕਿ ਅਸਲੀ ਪੁਲਿਸ ਨੇ ਤਾਂ ਇਸ ਵਿਦਿਆਰਥੀ ਨੂੰ ਕੋਈ ਫ਼ੋਨ ਹੀ ਨਹੀਂ ਕੀਤਾ ਸੀ ਤੇ ਨਾ ਹੀ ਇਸ ਵਿਦਿਆਰਥੀ ਵਿਰੁੱਧ ਕੋਈ ਮਾਮਲਾ ਦਰਜ ਕੀਤਾ ਗਿਆ ਸੀ। ਇਹ ਵਿਦਿਆਰਥੀ ਤਾਂ ਜਾਗਰੂਕ ਸੀ, ਇਸ ਕਾਰਨ ਠੱਗੀ ਦਾ ਸ਼ਿਕਾਰ ਹੋਣ ਤੋਂ ਬੱਚ ਗਿਆ ਪਰ ਜਿਹੜੇ ਵਿਦਿਆਰਥੀ ਭੋਲੇ ਭਾਲੇ ਹੁੰਦੇ ਹਨ ਉਹ ਅਕਸਰ ਇਹਨਾਂ ਠੱਗਾਂ ਦੀਆਂ ਗੱਲਾਂ ਨੂੰ ਸੱਚ ਸਮਝ ਲੈਂਦੇ ਹਨ ਅਤੇ ਇਨ੍ਹਾਂ ਦੀਆਂ ਧਮਕੀਆਂ ਤੋਂ ਡਰ ਕੇ ਇਹਨਾਂ ਵੱਲੋਂ ਦੱਸੇ ਬੈਂਕ ਖਾਤੇ ਵਿੱਚ ਆਨ ਲਾਈਨ ਪੈਸੇ ਪਾ ਦਿੰਦੇ ਹਨ, ਜੋ ਕਿ ਅਕਸਰ ਹਜ਼ਾਰਾਂ ਵਿੱਚ ਹੁੰਦੇ ਹਨ।

ਇਸ ਤੋਂ ਇਲਾਵਾ ਸਾਈਬਰ ਅਪਰਾਧੀਆਂ ਵੱਲੋਂ ਘਰਾਂ ਵਿੱਚ ਰਹਿੰਦੇ ਇਕੱਲੇ ਬਜ਼ੁਰਗਾਂ ਨੂੰ ਵੀ ਡਿਜੀਟਲ ਅਰੈਸਟ ਕਰਕੇ ਲੱਖਾਂ ਰੁਪਏ ਦੀ ਠੱਗੀ ਮਾਰ ਲਈ ਜਾਂਦੀ ਹੈ।

ਸਾਈਬਰ ਅਪਰਾਧੀਆਂ ਦੀ ਠੱਗੀ ਦਾ ਸ਼ਿਕਾਰ ਹੋਏ ਇੱਕ ਹੋਰ ਵਿਦਿਆਰਥੀ ਨੇ ਦੱਸਿਆ ਕਿ ਉਸ ਦੇ ਪਿਤਾ ਨੂੰ ਸਾਈਬਰ ਅਪਰਾਧੀਆਂ ਨੇ ਫ਼ੋਨ ਕਰਕੇ ਕਿਹਾ ਕਿ ਤੁਹਾਡੇ ਮੁੰਡੇ ਨੂੰ ਕਿਸੇ ਕੇਸ ਵਿੱਚ ਪੁਲਿਸ ਨੇ ਕਾਬੂ ਕੀਤਾ ਹੈ। ਉਹਨਾਂ ਅਪਰਾਧੀਆਂ ਨੇ ਉਸ ਦੇ ਪਿਤਾ ਨੂੰ ਉਸ ਨਾਲ ਰਲਦੀ ਮਿਲਦੀ ਆਵਾਜ਼ ਵਾਲੇ ਮੁੰਡੇ ਦੀਆਂ ਆਵਾਜ਼ਾਂ ਵੀ ਸੁਣਾ ਦਿੱਤੀਆਂ, ਜਿਸ ਕਰਕੇ ਉਸ ਦੇ ਪਿਤਾ ਨੂੰ ਵਿਸ਼ਵਾਸ ਹੋ ਗਿਆ ਕਿ ਉਸ ਦਾ ਮੁੰਡਾ ਕਿਸੇ ਮਾਮਲੇ ਵਿੱਚ ਫ਼ਸ ਗਿਆ ਹੈ। ਫ਼ਿਰ ਇਸ ਮਾਮਲੇ ਤੋਂ ਬਚਾਉਣ ਲਈ ਸਾਈਬਰ ਅਪਰਾਧੀਆਂ ਨੇ 15 ਹਜ਼ਾਰ ਰੁਪਏ ਉਸ ਦੇ ਪਿਤਾ ਤੋਂ ਆਪਣੇ ਖਾਤੇ ਵਿੱਚ ਜਮਾ ਕਰਵਾ ਲਏ। ਬਾਅਦ ਵਿੱਚ ਜਦੋਂ ਦੋਵਾਂ ਪਿਤਾ ਪੁੱਤਰ ਦੀ ਆਪਸ ਵਿੱਚ ਆਹਮੋ ਸਾਹਮਣੇ ਗੱਲ ਹੋਈ ਤਾਂ ਇਸ ਠੱਗੀ ਦਾ ਭੇਦ ਖੁੱਲ੍ਹਿਆਂ। ਅਜਿਹੀਆਂ ਹੀ ਠੱਗੀਆਂ ਹੋਰ ਨੌਜਵਾਨਾਂ ਨਾਲ ਵੀ ਹੋ ਚੁੱਕੀਆਂ ਹਨ।

***

## ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮਜੀਠਾ ਇਲਾਕੇ

ਉਧਰ ਪੁਲਿਸ ਨੇ ਕਾਰਵਾਈ ਕਰਦਿਆਂ ਆਬਕਾਰੀ ਐਕਟ ਅਧੀਨ ਕੇਸ ਦਰਜ ਕਰਕੇ ਪ੍ਰਭਜੀਤ ਸਿੰਘ ਉਰਫ ਬੱਬੂ, ਕੁਲਬੀਰ ਸਿੰਘ ਉਰਫ ਜੱਗੂ ,ਸਾਹਿਬ ਸਿੰਘ ਉਰਫ ਰਾਈ ,ਗੁਰਜੰਟ ਉਰਫ ਜੰਟਾ, ਸਿਕੰਦਰ ਸਿੰਘ ਉਰਫ ਪੱਪੂ ਅਤੇ ਨਿੰਦਰ ਕੌਰ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਗੋਰਖਧੰਦੇ ਵਿੱਚ ਸ਼ਾਮਲ ਮੁੱਖ ਸਰਗਨੇ ਸਾਹਿਬ ਸਿੰਘ ਨੂੰ ਰਾਜਾਸਾਂਸੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸਰਗਨੇ ਤੋਂ ਸ਼ਰਾਬ ਖਰੀਦਣ ਤੇ ਅੱਗੇ ਪਿੰਡਾਂ ਵਿੱਚ ਸਪਲਾਈ ਕਰਨ ਵਾਲੇ 4 ਹੋਰ ਮੁਲਜ਼ਮਾਂ ਨੂੰ ਵੀ ਪੁਲਿਸ ਨੇ ਕਾਬੂ ਕੀਤਾ ਹੈ ਪਿਛਲੇ ਸੱਤ ਘੰਟਿਆਂ ਵਿੱਚ ਕੁੱਲ ਮਿਲਾ ਕੇ 6 ਜਣਿਆਂ ਨੂੰ ਕਾਬੂ ਕੀਤਾ ਹੈ। ਸ਼ਰਾਬ ਸਪਲਾਈ ਕਰਨ ਵਾਲੀਆਂ ਫਰਮਾਂ ਨੂੰ ਫੜਨ ਲਈ ਟੀਮਾਂ ਨੂੰ ਤੁਰੰਤ ਬਾਹਰੀ ਰਾਜ ਵਿੱਚ ਭੇਜਿਆ ਗਿਆ ਹੈ।

ਪੁਲਿਸ ਤੋਂ ਮਿਲੀ ਜਾਣਕਾਰੀ ਮੁਤਾਬਕ ਇਸ ਘਟਨਾ ਵਿੱਚ ਮਰਨ ਵਾਲਿਆਂ ਦੀ ਸ਼ਨਾਖਤ ਮੇਜਰ ਸਿੰਘ ਉਰਫ ਮੋਦੀ, ਪਰਮਜੀਤ ਸਿੰਘ ਉਰਫ ਪੰਮਾ, ਸਰਬਜੀਤ ਸਿੰਘ ਉਰਫ ਸ਼ੱਬਾ, ਤਸਵੀਰ ਸਿੰਘ ਉਰਫ ਸਿਕੰਦਰ ਸਾਰੇ ਵਾਸੀ ਪਿੰਡ ਮਰੜੀ ਕਲਾਂ, ਜੋਗਿੰਦਰ ਸਿੰਘ ਉਰਫ ਮੰਨਾ, ਕਰਨੈਲ ਸਿੰਘ ਉਰਫ ਮਹੰਤ, ਜੀਤਾ ਉਰਫ ਸੀਤੀ ਵਾਸੀ ਪਿੰਡ ਥਰੀਏਵਾਲ, ਬਲਬੀਰ ਸਿੰਘ, ਰਮਨਦੀਪ ਸਿੰਘ, ਰੋਮਨਜੀਤ ਸਿੰਘ ਉਰਫ ਰੋਮੀ ਸਾਰੇ ਵਾਸੀ ਪਿੰਡ ਭੰਗਾਲੀ ਕਲਾਂ ਸ਼ਾਮਲ ਹਨ।

## ਕੀ ਭਾਰਤ -ਪਾਕਿ ਜੰਗ ਰੁਕ

ਦੱਸਦਿਆਂ ਕਿਹਾ ਕਿ ਟਰੰਪ ਨੂੰ ਕਸ਼ਮੀਰ ਵਿੱਚ ਦਖਲ ਦਾ ਹੱਕ ਕਿਸ ਨੇ ਦਿੱਤਾ ?

ਰਾਜਦ ਦੇ ਮਨੋਜ ਝਾਅ ਨੇ ਸੰਸਦ ਦਾ ਵਿਸ਼ੇਸ਼ ਇਜਲਾਸ ਸੱਦਣ ਦੀ ਮੰਗ ਕੀਤੀ ਤਾਂ ਜੋ ਅਮਰੀਕਾ ਨੂੰ ਸਪੱਸ਼ਟ ਸੁਨੇਹਾ ਦਿੱਤਾ ਜਾਵੇ ਕਿ ਕਸ਼ਮੀਰ ਵਿੱਚ ਉਸ ਦੀ ਦਖਲਅੰਦਾਜ਼ੀ ਦੀ ਲੋੜ ਨਹੀਂ।

ਕੀ ਭਾਰਤ ਕਸ਼ਮੀਰ ਵਿੱਚ ਦਖਲਅੰਦਾਜ਼ੀ ਪ੍ਰਵਾਨ ਕਰੇਗਾ ?

ਭਾਰਤ ਦੀ ਸਥਿਤੀ ਸਪੱਸ਼ਟ ਹੈ ਕਿ ਕਸ਼ਮੀਰ ਮੁੱਦੇ ’ਤੇ ਕਿਸੇ ਵੀ ਤੀਜੀ ਧਿਰ ਦੀ ਵਿਚੋਲਗੀ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਸ਼ਿਮਲਾ ਸਮਝੌਤੇ ਦੀ ਭਾਵਨਾ ਅਨੁਸਾਰ, ਭਾਰਤ-ਪਾਕਿਸਤਾਨ ਦੇ ਮੁੱਦਿਆਂ ਦਾ ਹੱਲ ਸਿੱਧੀ ਗੱਲਬਾਤ ਰਾਹੀਂ ਹੀ ਹੋਣਾ ਹੈ। ਪ੍ਰਧਾਨ ਮੰਤਰੀ ਮੋਦੀ ਅਤੇ ਵਿਦੇਸ਼ ਮੰਤਰੀ ਜੈਸ਼ੰਕਰ ਨੇ ਵਾਰ-ਵਾਰ ਸਪੱਸ਼ਟ ਕੀਤਾ ਹੈ ਕਿ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ ਅਤੇ ਇਸ ਮੁੱਦੇ ’ਤੇ ਕਿਸੇ ਵੀ ਬਾਹਰੀ ਦਖਲ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਮੋਦੀ ਦਾ ਸਖ਼ਤ ਰੁਖ, ਜਿਸ ਵਿੱਚ ਉਨ੍ਹਾਂ ਨੇ ਪ੍ਰਮਾਣੂ ਬਲੈਕਮੇਲਿੰਗ ਅਤੇ ਅੱਤਵਾਦ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ, ਸਪੱਸ਼ਟ ਕਰਦਾ ਹੈ ਕਿ ਭਾਰਤ ਕਸ਼ਮੀਰ ਜਾਂ ਕਿਸੇ ਹੋਰ ਮੁੱਦੇ ’ਤੇ ਤੀਜੀ ਧਿਰ ਦੀ ਦਖਲਅੰਦਾਜ਼ੀ ਨੂੰ ਪ੍ਰਵਾਨ ਨਹੀਂ ਕਰੇਗਾ। ਹਾਲਾਂ ਕਹਿਣਾ ਮੁਸ਼ਕਿਲ ਹੈ ਕਿ ਦੋਹਾਂ ਦੇਸਾਂ ਵਿੱਚ ਤਣਾਅ ਘੱਟ ਗਿਆ ਹੈ।

ਕੀ ਕਹਿੰਦਾ ਹੈ ਭਾਰਤ ਪਾਕਿ ਜੰਗ ਬਾਰੇ ਅਮਰੀਕਨ ਮੀਡੀਆ ਸੀ.ਐਨ.ਐਨ. ਦਾ ਵਿਸ਼ਲੇਸ਼ਣ

ਸੱਚਾਈ ਇਹ ਹੈ ਕਿ ਇਸ ਜੰਗ ਵਿੱਚ ਭਾਰਤ -ਪਾਕਿ ਵਿਚੋਂ ਕੋਈ ਸਪੱਸ਼ਟ ਜੇਤੂ ਨਹੀਂ।

ਮੁੱਖ ਨੁਕਤੇ ਅਤੇ ਵਿਸ਼ਲੇਸ਼ਣ:ਜਿੱਤ ਦੇ ਦਾਅਵੇ ਅਤੇ ਪ੍ਰਚਾਰ: ਭਾਰਤ ਅਤੇ ਪਾਕਿਸਤਾਨ ਦੋਵੇਂ ਆਪਣੇ ਮੀਡੀਆ ਅਤੇ ਰਾਜਨੀਤਕ ਆਗੂਆਂ ਰਾਹੀਂ ਜਿੱਤ ਦੇ ਝੰਡੇ ਗੱਡ ਰਹੇ ਨੇ। ਭਾਰਤ ਦਾ ਮੀਡੀਆ ‘ਪਾਕਿਸਤਾਨ ਨੇ ਹਾਰ ਮੰਨੀ’ ਵਰਗੀਆਂ ਸੁਰਖੀਆਂ ਲਾਉਂਦਾ ਹੈ, ਜਦਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸਿਰਫ ਆਪਣੀ ਫੌਜ ਦੀ ‘ਤਾਰੀਖੀ’ ਜਿੱਤ ਦੀ ਗੱਲ ਕਰਦੇ ਨੇ। ਪਰ ਇਹ ਸਾਰਾ ਪ੍ਰਚਾਰ ਰਾਜਨੀਤਕ ਅਤੇ ਕੌਮੀ ਹੰਕਾਰ ਨਾਲ ਭਰਿਆ ਹੈ। ਦੋਵੇਂ ਦੇਸ਼ ਆਪਣੇ ਨੁਕਸਾਨ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਨੇ, ਜਿਵੇਂ ਭਾਰਤ ਨੇ ਆਪਣੇ ਜਹਾਜ਼ਾਂ ਦੇ ਡਿੱਗਣ ਦੀ ਗੱਲ ਨੂੰ ਨਕਾਰਿਆ, ਭਾਵੇਂ ਪਾਕਿਸਤਾਨ ਨੇ ਪੰਜ ਜਹਾਜ਼ ਮਾਰਨ ਦਾ ਦਾਅਵਾ ਕੀਤਾ।

ਸੀ.ਐਨ.ਐਨ. ਦੀ ਰਿਪੋਰਟ ਅਨੁਸਾਰ ਦੋਵਾਂ ਪਾਸਿਆਂ ਨੂੰ ਭਾਰੀ ਨੁਕਸਾਨ ਹੋਇਆ। ਪਾਕਿਸਤਾਨ ਨੇ ਭਾਰਤ ਦੇ ਜਹਾਜ਼ ਮਾਰਨ ਦੀ ਗੱਲ ਕੀਤੀ, ਜਿਸ ਵਿੱਚ ਫਰਾਂਸੀਸੀ ਰਾਫੇਲ ਜਹਾਜ਼ ਵੀ ਸ਼ਾਮਲ ਸਨ। ਉਧਰ, ਭਾਰਤ ਨੇ ਸੈਟੇਲਾਈਟ ਤਸਵੀਰਾਂ ਜਾਰੀ ਕਰਕੇ ਪਾਕਿਸਤਾਨ ਦੇ ਫੌਜੀ ਅੱਡਿਆਂ ’ਤੇ ਹਮਲਿਆਂ ਦਾ ਦਾਅਵਾ ਕੀਤਾ। ਇਸ ਤਰ੍ਹਾਂ, ਦੋਵੇਂ ਦੇਸ਼ਾਂ ਨੇ ਇੱਕ-ਦੂਜੇ ਨੂੰ ਨੁਕਸਾਨ ਪਹੁੰਚਾਇਆ, ਪਰ ਕੋਈ ਵੀ ਸਪੱਸ਼ਟ ਜਿੱਤ ਨਹੀਂ ਹਾਸਲ ਕਰ ਸਕਿਆ।

ਜੰਗਬੰਦੀ ਵਿੱਚ ਅਮਰੀਕਾ ਦੀ ਭੂਮਿਕਾ ਮਹੱਤਵਪੂਰਨ ਸੀ, ਜਿਸ ਨੂੰ ਰਾਸ਼ਟਰਪਤੀ ਟਰੰਪ ਅਤੇ ਉਸ ਦੀ ਟੀਮ ਨੇ ਅੱਗੇ ਵਧਾਇਆ। ਪਾਕਿਸਤਾਨ ਨੇ ਇਸ ਦਖਲਅੰਦਾਜ਼ੀ ਦੀ ਸ਼ਲਾਘਾ ਕੀਤੀ, ਪਰ ਭਾਰਤ ਨੇ ਇਸ ਨੂੰ ਆਪਣੀ ਕੌਮੀ ਸੁਤੰਤਰਤਾ ਅਤੇ ਕਸ਼ਮੀਰ ਮੁੱਦੇ ’ਤੇ ਵਿਦੇਸ਼ੀ ਦਖਲ ਨੂੰ ਰੱਦ ਕਰਨ ਦੀ ਨੀਤੀ ਕਾਰਨ ਨਕਾਰਿਆ। ਇਹ ਭਾਰਤ ਦੀ ਰਾਜਨੀਤਕ ਰਣਨੀਤੀ ਨੂੰ ਦਰਸਾਉਂਦਾ ਹੈ, ਜਿੱਥੇ ਵਿਦੇਸ਼ੀ ਮਦਦ ਨੂੰ ਸਵੀਕਾਰ ਕਰਨਾ ਕਮਜ਼ੋਰੀ ਵਜੋਂ ਦੇਖਿਆ ਜਾਂਦਾ ਹੈ।

ਇਹ ਤਣਾਅ ਤੇ ਝੜਪਾਂ ਕਸ਼ਮੀਰ ਦੇ ਲੰਮੇ ਸਮੇਂ ਤੋਂ ਚੱਲੇ ਆ ਰਹੇ ਵਿਵਾਦ ਦੀ ਇੱਕ ਹੋਰ ਕੜੀ ਹੈ। ਟਰੰਪ ਦੀ ਕਸ਼ਮੀਰ ਮੁੱਦੇ ’ਤੇ ਸੁਲ੍ਹਾ ਕਰਵਾਉਣ ਦੀ ਪੇਸ਼ਕਸ਼ ਨੂੰ ਪਾਕਿਸਤਾਨ ਨੇ ਸਵੀਕਾਰ ਕੀਤਾ, ਪਰ ਭਾਰਤ ਨੇ ਰੱਦ ਕਰ ਦਿੱਤਾ। ਇਹ ਦਰਸਾਉਂਦਾ ਹੈ ਕਿ ਕਸ਼ਮੀਰ ਦਾ ਮਸਲਾ ਕਿੰਨਾ ਜਟਿਲ ਹੈ, ਜਿਸ ਨੂੰ ਜੰਗਬੰਦੀ ਵਰਗੇ ਆਰਜ਼ੀ ਹੱਲ ਨਾਲ ਨਹੀਂ ਸੁਲਝਾਇਆ ਜਾ ਸਕਦਾ। ਇਹ ਤਣਾਅ ਅਤੇ ਇਸ ਦੀ ਮੀਡੀਆ ਕਵਰੇਜ ਦਰਸਾਉਂਦੀ ਹੈ ਕਿ ਭਾਰਤ-ਪਾਕਿਸਤਾਨ ਰਿਸ਼ਤੇ ਅਜੇ ਵੀ ਬਹੁਤ ਨਾਜ਼ੁਕ ਨੇ। ਜੰਗਬੰਦੀ ਭਾਵੇਂ ਹੋ ਗਈ, ਪਰ ਕਸ਼ਮੀਰ ਦਾ ਮੁੱਦਾ ਜਿਉਂ ਦਾ ਤਿਉਂ ਹੈ। ਜਦੋਂ ਤੱਕ ਇਸ ਦਾ ਸਥਾਈ ਹੱਲ ਨਹੀਂ ਨਿਕਲਦਾ, ਅਜਿਹੇ ਕਾਂਡ ,ਹਮਲੇ ਵਾਪਰਦੇ ਰਹਿਣਗੇ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਕਿਤੇ ਨੈੱਟ ਸਾਨੂੰ ਵਿਰਾਸਤੀ ਜੜ੍ਹਾਂ

ਉਨ੍ਹਾਂ ਨੂੰ ਸਾਂਝੀਆਂ ਕਰਨ 'ਤੇ ਆਪਣਾ ਕੀਮਤੀ ਸਮਾਂ ਬਰਬਾਦ ਕਰਦੇ ਰਹਿੰਦੇ ਹਾਂ। ਜਦੋਂ ਅਸੀਂ ਨੈੱਟ ਚਲਾ ਕੇ ਬੈਠ ਜਾਂਦੇ ਹਾਂ ਤਾਂ ਉਸੇ ਸਮੇਂ ਅਸੀਂ ਵਰਤੇ ਜਾਣੇ ਸ਼ੁਰੂ ਹੋ ਜਾਂਦੇ ਹਾਂ। ਅਸੀਂ ਬਿਨਾਂ ਮਜ਼ਦੂਰੀ ਤੋਂ ਕਿਸੇ ਲਈ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਾਂ। ਸਾਡਾ ਸਮਾਂ ਸਭ ਤੋਂ ਵੱਧ ਕੀਮਤੀ ਹੁੰਦਾ ਹੈ। ਨੈੱਟ ਵਾਲੇ ਵੀ ਉਸੇ ਸਮੱਗਰੀ (ਪੋਸਟ) ਦੇ ਵੱਧ ਪੈਸੇ ਦਿੰਦੇ ਹਨ ਜਿਸ 'ਤੇ ਵੱਧ ਗਿਣਤੀ ਲੋਕਾਂ ਦਾ ਜ਼ਿਆਦਾ ਸਮਾਂ ਖ਼ਰਾਬ ਹੋਇਆ ਹੁੰਦਾ ਹੈ ਭਾਵ ਕਿ ਜੋ ਸਮੱਗਰੀ ਲੋਕਾਂ ਨੂੰ ਵੱਧ ਤੋਂ ਸਮਾਂ ਨੈੱਟ ਨਾਲ ਜੋੜ ਕੇ ਰੱਖਦੀ ਹੈ। ਇਸ ਲਈ ਆਪਣੀ ਕਿਰਤ ਨੂੰ ਛੱਡ ਕੇ ਨੈੱਟ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਨਹੀਂ ਬਣਾਉਣਾ ਚਾਹੀਦਾ। ਜੇ ਤੁਸੀਂ ਨੈੱਟ ਤੋਂ ਕਮਾਈ ਕਰ ਰਹੇ ਹੋ ਤਾਂ ਤੁਸੀਂ ਆਪਣੇ ਚਾਹੁਣ ਵਾਲਿਆਂ ਦੇ ਸਮੇਂ ਨੂੰ ਬਰਬਾਦ ਕਰਨ ਦਾ ਕਮਿਸ਼ਨ (ਦਲਾਲੀ) ਖਾ ਰਹੇ ਹੋ ਅਤੇ ਨੈੱਟ ਮਾਲਕਾਂ ਦੀ ਕਮਾਈ ਦਾ ਸੰਦ ਬਣ ਰਹੇ ਹੋ। ਇਸ ਨੈੱਟ ਤੋਂ ਤੁਹਾਨੂੰ ਤੁਹਾਡੀ ਧਰਤੀ, ਕਿਰਤ ਅਤੇ ਤੁਹਾਡੇ ਸੱਭਿਆਚਾਰ ਨਾਲੋਂ ਤੋੜਨ ਦੀ ਵੱਧ ਕੀਮਤ ਵੀ ਮਿਲ ਸਕਦੀ ਹੈ ਤੇ ਜਾਓਗੇ ਤੁਸੀਂ ਜਲਦੀ ਆਪਣੀ ਧਰਤੀ, ਕਿਰਤ ਅਤੇ ਸੱਭਿਆਚਾਰ ਨਾਲੋਂ ਟੁੱਟ ਕੇ ਇਸ ਉੱਤੇ ਨਿਰਭਰ ਹੋ ਜਾਓਗੇ, ਪਰ ਜਦੋਂ ਇਸ ਨੈੱਟ ਨੇ ਤੁਹਾਡੀ ਧਰਤੀ ਅਤੇ ਕਿਰਤ ਕਰਨ ਦੀ ਸ਼ਕਤੀ ਖੋਹ ਲਈ ਫਿਰ ਤੁਸੀਂ ਆਪਣੀ ਇਸ ਧਰਤੀ 'ਤੇ ਕਿਰਤ ਕਰਨ ਅਤੇ ਖੁੱਲ੍ਹ ਕੇ ਤੁਰਨ ਨੂੰ ਵੀ ਤਰਸੋਗੇ। ਨੈੱਟ ਚਲਾਉਣਾ ਤਾਂ ਦੂਰ ਦੀ ਗੱਲ ਹੈ, ਤੁਹਾਨੂੰ ਆਪਣਾ ਪੇਟ ਪਾਲਣਾ ਵੀ ਔਖਾ ਹੋ ਜਾਵੇਗਾ। ਸੋਚਣ ਵਾਲੀ ਗੱਲ ਹੈ ਕਿ ਹੁਣ ਵੀ ਕਿੰਨੀਆਂ ਕੁ ਕੰਪਨੀਆਂ ਹਨ ਜੋ ਆਪਣੇ ਮਜ਼ਦੂਰਾਂ ਨੂੰ ਫੋਨ ਅੰਦਰ ਲੈ ਕੇ ਜਾਣ ਦੀ ਇਜਾਜ਼ਤ ਦਿੰਦੀਆਂ ਹਨ? ਜਦੋਂ ਖੇਤੀ ਸਮੇਤ ਸਮੁੱਚੇ ਕਾਰਖਾਨਿਆਂ ਦਾ ਮਾਲਕ ਇੱਕ ਹੋਇਆ ਤਾਂ ਹੋ ਸਕਦਾ ਹੈ ਫਿਰ ਇਹ ਫੋਨ ਅਤੇ ਨੈੱਟ ਨਾ ਚੱਲਣ, ਨਾ ਹੀ ਫਿਰ ਧਰਨੇ ਮੁਜ਼ਾਹਰੇ ਹੋਣੇ ਹਨ। ਮਜ਼ਦੂਰੀ ਮੰਗਣ ਲਈ ਵੀ ਬੇਨਤੀਆਂ ਹੀ ਕਰਨੀਆਂ ਪੈਣਗੀਆਂ। ਉਦੋਂ ਪਤਾ ਲੱਗੇਗਾ ਕਿ ਅਸਲੀ ਗੁਲਾਮੀ ਕੀ ਹੁੰਦੀ ਹੈ ਤੇ ਆਜ਼ਾਦੀ ਦਾ ਮੁੱਲ ਕੀ ਹੁੰਦਾ ਹੈ। ਪਹਿਲਾਂ ਤਾਂ ਅੰਗਰੇਜ਼ਾਂ ਨੇ ਸਾਡੇ ਦੇਸ਼ 'ਤੇ ਜ਼ੋਰ ਨਾਲ ਕਬਜ਼ਾ ਕੀਤਾ ਸੀ ਜੋ ਲੋਕਾਂ ਨੇ ਛੁਡਵਾ ਵੀ ਲਿਆ ਸੀ। ਹੁਣ ਅਗਲਿਆਂ ਨੇ ਕਬਜ਼ਾ ਨਹੀਂ ਕਰਨਾ, ਹੁਣ ਤਾਂ ਤੁਹਾਡੀ ਜ਼ਮੀਨ ਤੁਹਾਡੇ ਕੋਲੋਂ ਮੁੱਲ ਖ਼ਰੀਦਣੀ ਹੈ। ਵੇਚੀ ਹੋਈ ਵਸਤੂ ਉਤੇ ਵੇਚਣ ਵਾਲੇ ਦਾ ਹੱਕ ਸਦਾ ਲਈ ਖ਼ਤਮ ਹੋ ਜਾਂਦਾ ਹੈ। ਮੇਰਾ ਇਸ ਤਰ੍ਹਾਂ ਕਹਿਣ ਤੋਂ ਭਾਵ ਇਹ ਨਹੀਂ ਹੈ ਕਿ ਆਪਾਂ ਨੈੱਟ ਨੂੰ ਤਿਆਗ ਹੀ ਦੇਈਏ। ਨਹੀਂ, ਤਿਆਗਣਾ ਨਹੀਂ ਹੈ, ਪਰ ਇਸ ਦੀ ਵਰਤੋਂ ਆਪਣੀ ਜ਼ਰੂਰੀ ਲੋੜ ਲਈ ਹੀ ਕਰਨੀ ਹੈ। ਕਿਤੇ ਅਜਿਹਾ ਨਾ ਹੋਵੇ ਕਿ ਅਸੀਂ ਨੈੱਟ ਨੂੰ ਬੇਲੋੜਾ ਵਰਤਦੇ ਰਹੀਏ ਤੇ ਨੈੱਟ ਸਾਨੂੰ ਹੀ ਵਰਤ ਜਾਵੇ। ਅੱਜ ਦੇਸ਼ ਦੀ ਵਾਗਡੋਰ ਉਨ੍ਹਾਂ ਲੀਡਰਾਂ ਦੇ ਹੱਥ ਵਿੱਚ ਆ ਚੁੱਕੀ ਹੈ ਜੋ ਕਾਰਪੋਰੇਟਾਂ ਦੀਆਂ ਕਠਪੁਤਲੀਆਂ ਬਣ ਕੇ ਦੇਸ਼ ਦੀ ਜਨਤਾ ਦੇ ਭਲੇ, ਨੌਜਵਾਨੀ ਨੂੰ ਆਪਣੇ ਦੇਸ਼ ਨਾਲ ਜੋੜਨ ਅਤੇ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਦੀ ਥਾਂ, ਸਾਨੂੰ ਜਾਤਾਂ, ਧਰਮਾਂ, ਸੂਬਿਆਂ ਦੇ ਝਗੜਿਆਂ ਅਤੇ ਇੱਕ ਦੂਜੇ ਦੇ ਵਿਰੁੱਧ ਲੜਾ ਕੇ ਖ਼ੁਦ ਦੇਸ਼ ਨੂੰ ਵੇਚਣ 'ਤੇ ਲੱਗੇ ਹੋਏ ਹਨ। ਇਸ ਲਈ ਸਾਨੂੰ ਸਾਰਿਆਂ ਇੱਕ ਦੂਜੇ ਦੇ ਵਿਰੋਧਾਂ ਨੂੰ ਛੱਡ ਕੇ ਦੇਸ਼ ਦੀ ਸਮੁੱਚੀ ਮਨੁੱਖਤਾ ਦੇ ਭਲੇ ਲਈ ਇੱਕ ਹੋ ਕੇ ਸੋਚਣਾ ਪਵੇਗਾ ਕਿ ਅਸੀਂ ਆਪਣੀ ਧਰਤੀ, ਆਪਣੀ ਹੋਂਦ, ਕਿਰਤ ਅਤੇ ਸੱਭਿਆਚਾਰ ਨੂੰ ਕਿਵੇਂ ਬਚਾਉਣਾ ਹੈ।

***

## ਬਹੁਗੁਣਾ ਅਥਲੀਟ

ਪਰ ਇੱਕ ਹਫ਼ਤੇ ਬਾਅਦ ਹੀ 28 ਅਗਸਤ ਨੂੰ ਓਵੈਂਟ ਨੇ ਮੀਲ ਦੀ ਦੌੜ 3 ਮਿੰਟ 47.33 ਸੈਕਿੰਡ 'ਚ ਪੂਰੀ ਕਰ ਕੇ ਕੋਅ ਦਾ ਵਿਸ਼ਵ ਰਿਕਾਰਡ ਤੋੜਦਿਆਂ ਫਿਰ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ ਸੀ। 1982-83 ਦੌਰਾਨ ਕੋਅ ਦੀ ਲੰਮੀ ਬਿਮਾਰੀ ਕਾਰਨ ਉਨ੍ਹਾਂ ਵਿਚਕਾਰ ਕੋਈ ਮੁਕਾਬਲਾ ਨਹੀਂ ਸੀ ਹੋਇਆ। 1984 ਵਿੱਚ ਕੋਅ ਫਿਰ ਨੌ-ਬਰ-ਨੌ ਹੋ ਗਿਆ ਸੀ ਤੇ ਉਲੰਪਿਕ ਖੇਡਾਂ 'ਚੋਂ ਦੁਬਾਰਾ ਮੈਡਲ ਜਿੱਤਣ ਦੀ ਤਿਆਰੀ ਵਿੱਚ ਸੀ। ਉੱਥੇ ਉਸ ਨੇ ਫਿਰ 1500 ਮੀਟਰ ਦੌੜ ਦਾ ਗੋਲਡ ਮੈਡਲ ਜਿੱਤਿਆ ਜਦੋਂ ਕਿ 800 ਮੀਟਰ ਦੌੜ 'ਚ ਮਾਸਕੋ ਵਾਂਗ ਸਿਲਵਰ ਮੈਡਲ ਨਾਲ ਸੰਤੋਖ ਕਰਨਾ ਪਿਆ। 1986 ਦੀ ਯੂਰਪੀ ਚੈਂਪੀਅਨਸ਼ਿਪ 'ਚ ਕੋਅ ਇੱਕ ਹੋਰ ਗੋਲਡ ਮੈਡਲ ਜਿੱਤ ਗਿਆ।

ਬਦਕਿਸਮਤੀ ਨਾਲ ਕੋਅ ਨੂੰ ਚੜ੍ਹਦੀ ਜੁਆਨੀ ਵਿੱਚ ਹੀ ਐਸੀ ਚੰਦਰੀ ਬਿਮਾਰੀ ਲੱਗ ਗਈ ਸੀ ਜਿਸ ਦਾ ਲੰਮਾ ਇਲਾਜ ਚੱਲ ਰਿਹਾ ਸੀ। ਬਿਮਾਰੀ ਕਾਰਨ ਉਹ ਕਈ ਮਹੱਤਵਪੂਰਨ ਮੁਕਾਬਲਿਆਂ ਵਿੱਚ ਭਾਗ ਨਹੀਂ ਲੈ ਸਕਿਆ। 1988 ਵਿੱਚ ਸਿਓਲ ਵਿਖੇ ਹੋਇਆਂ ਉਲੰਪਿਕ ਖੇਡਾਂ ਵੀ ਉਸੇ ਬਿਮਾਰੀ ਦੀ ਭੇਟ ਚੜ੍ਹ ਗਈਆਂ। ਪਹਿਲਾਂ ਉਸ ਨੇ 1981 ਵਿੱਚ ਰੋਮ ਵਿਖੇ ਹੋਈ ਵਿਸ਼ਵ ਕੱਪ ਅਥਲੈਟਿਕਸ ਦੀ 800 ਮੀਟਰ ਦੌੜ 'ਚੋਂ ਗੋਲਡ ਮੈਡਲ ਜਿੱਤਿਆ ਸੀ। ਆਖ਼ਰ 1989 'ਚ ਬਾਰਸੀਲੋਨਾ ਦੀ ਵਰਲਡ ਕੱਪ ਅਥਲੈਟਿਕਸ ਮੀਟ ਵਿੱਚੋਂ 1500 ਮੀਟਰ ਦੀ ਦੌੜ ਦਾ ਸਿਲਵਰ ਮੈਡਲ ਜਿੱਤ ਕੇ ਦੌੜਾਂ ਨੂੰ ਅਲਵਿਦਾ ਕਹਿ ਦਿੱਤੀ।

***

## ਸਿੱਖ ਵਿਗਿਆਨੀਆਂ ਦੀ ਦੇਣ ਦਰਸਾਉਂਦੀ ਹੈ

ਇਨ੍ਹਾਂ ਤੋਂ ਇਲਾਵਾ ਪੁਸਤਕ ਵਿੱਚ ਇੱਸੇ ਪੱਧਰ ਦੀਆਂ ਖੋਜਾਂ ਕਰਨ ਵਾਲੇ ਹੋਰ ਵਿਗਿਆਨੀ ਹਨ; ਅੱਖਾਂ ਦੇ ਮਾਹਰ ਡਾ. ਸੋਹਨ ਸਿੰਘ, ਦਿਲ ਦੇ ਰੋਗਾਂ ਦੇ ਮਾਹਰ ਡਾ. ਹਰਵਿੰਦਰ ਸਿੰਘ, ਇੰਜੀਨੀਅਰ ਡਾ. ਰਘਬੀਰ ਸਿੰਘ ਖਾਂਡਪੁਰ, ਡਾ. ਸੰਤੋਖ ਸਿੰਘ ਬਦੇਸ਼ਾ ਅਤੇ ਪ੍ਰਸਿੱਧ ਇਜੀ. ਸ੍ਰ. ਜਸਬੀਰ ਸਿੰਘ ਸੇਠੀ। ਕਈ ਨਾਂ ਰਹਿ ਵੀ ਗਏ ਹਨ ਪਰ ਫਿਲਹਾਲ 15 ਵਿਗਿਆਨੀ ਹੀ ਸ਼ਾਮਲ ਕੀਤੇ ਗਏ ਹਨ। ਪੁਸਤਕ ਦੀ ਇੱਕ ਹੋਰ ਵਿਸ਼ੇਸ਼ਤਾ ਹੈ ਇਸ ਦਾ 'ਅਪੈਂਡਿਕਸ' ਵਾਲਾ ਭਾਗ। ਇਸ ਵਿੱਚ ਇਨ੍ਹਾਂ ਸਾਰੇ ਖੋਜੀਆਂ ਦੇ ਕੰਮਾਂ ਨੂੰ ਹੋਰ ਵਧੇਰੇ ਵਿਸਥਾਰ ਨਾਲ ਦੱਸਿਆ ਗਿਆ ਹੈ।

ਪੁਸਤਕ ਨੂੰ ਪੜ੍ਹਦਿਆਂ ਆਮ ਵਿਅਕਤੀ ਵੱਖੋ ਵੱਖ ਦੇਸ਼ਾਂ ਦੀਆਂ ਇੰਨੀਆਂ ਵੱਡੀਆਂ ਯੂਨੀਵਰਸਿਟੀਆਂ, ਖੋਜ ਸੰਸਥਾਵਾਂ ਅਤੇ ਸਰਕਾਰਾਂ ਦੇ ਉਨ੍ਹਾਂ ਵੱਡੇ ਇਨਾਮਾਂ ਬਾਰੇ ਜਾਣ ਕੇ ਹੈਰਾਨ ਹੁੰਦਾ ਹੈ ਅਤੇ ਮਾਣ ਮਹਿਸੂਸ ਕਰਦਾ ਹੈ ਜੋ ਸਿੱਖ ਕੌਮ ਦੇ ਇਨ੍ਹਾਂ ਹੀਰਿਆ ਨੂੰ ਮਿਲੇ ਹਨ। ਲੇਖਕ ਨੇ ਉਨ੍ਹਾਂ ਦੀ ਸਿੱਖੀ ਸੋਚ ਅਤੇ ਸਿੱਖੀ ਲਈ ਕੀਤੇ ਗਏ ਕੰਮਾਂ ਦਾ ਜ਼ਿਕਰ ਵੀ ਕੀਤਾ ਹੈ ਜਿਸ ਨੂੰ ਪੜ੍ਹ ਕੇ ਪਾਠਕ ਜਿਥੇ ਇਨ੍ਹਾਂ ਵਿਗਿਆਨਕ ਖੋਜੀਆਂ ਦੀ ਸੂਝ ਬੂਝ, ਸਿਆਣਪ ਅਤੇ ਮਿਹਨਤ ਦਾ ਸਤਿਕਾਰ ਕਰਦਾ ਹੈ, ਉੱਥੇ ਸਹਿਜੇ ਹੀ ਉਸ ਦਾ ਇਹ ਵਿਸ਼ਵਾਸ਼ ਵੀ ਪਕੇਰਾ ਹੁੰਦਾ ਹੈ ਕਿ ਅਕਾਲਪੁਰਖ ਪ੍ਰਤੀ ਰੱਖਿਆ ਨਿਸ਼ਚਾ ਆਪਣੀ ਕਲਾ ਜ਼ਰੂਰ ਵਰਤਾਉਂਦਾ ਹੈ ਜਿਸ ਨਾਲ ਵੱਡੀਆਂ ਪ੍ਰਾਪਤੀਆਂ ਹੁੰਦੀਆਂ ਹਨ। ਇਹ ਪੁਸਤਕ ਨੌਜਵਾਨ ਖੋਜੀਆਂ ਅਤੇ ਵਿਗਿਆਨਕਾਂ ਲਈ ਪ੍ਰੇਰਨਾ-ਸਰੋਤ ਹੈ। ਮੈਂ ਇਸ ਪੁਸਤਕ ਲਈ ਜਿੱਥੇ ਲੇਖਕ ਅਤੇ ਸਾਥੀਆਂ ਨੂੰ ਮੁਬਾਰਕ ਦਿੰਦਾ ਹਾਂ, ਉੱਥੇ ਹੀ ਬੇਨਤੀ ਕਰਦਾ ਹਾਂ

ਕਿ ਇਸ ਨੂੰ ਹੋਰ ਭਾਸ਼ਾਵਾਂ, ਖਾਸ ਕਰਕੇ ਪੰਜਾਬੀ, ਵਿੱਚ ਵੀ ਛਾਪਣ ਦਾ ਉੱਦਮ ਕੀਤਾ ਜਾਵੇ ਤਾਂ ਕਿ ਸਿੱਖ ਵਸੋਂ ਦਾ ਹੋਰ ਹਿੱਸਾ ਵੀ ਕੌਮ ਦੇ ਇਨ੍ਹਾਂ ਸਪੂਤਾਂ ਤੇ ਮਾਣ ਕਰ ਸਕੇ।

***

## ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ ਲਈ

ਸਾਲ 2022 ਵਿੱਚ 'ਆਪ' ਦੀ ਸਰਕਾਰ ਬਣਨ ਨਾਲ ਵੀ ਇਸ ਦਿਸ਼ਾ ਵੱਲ ਅਗਾਂਹ ਕੋਈ ਕਦਮ ਨਹੀਂ ਪੁੱਟਿਆ ਗਿਆ। ਉਂਜ, ਦਹਾਕਿਆਂ ਤੋਂ ਆਖੀ ਜਾਂਦੀ ਗੱਲ 'ਇੱਕ ਵੀ ਬੂੰਦ ਪਾਣੀ ਦੀ ਨਹੀਂ ਦਿਆਂਗੇ,' ਹਰੇਕ ਸਿਆਸੀ ਪਾਰਟੀ ਦੀ ਪਸੰਦੀਦਾ ਸਤਰ ਬਣ ਗਈ ਹੈ। ਹੁਣ ਜਦੋਂ ਪਾਣੀ ਸਿਰ ਉੱਤੋਂ ਲੰਘ ਗਿਆ ਤਾਂ ਸਥਿਤੀ ਦਰਿਆਵਾਂ ਦੇ ਵਹਾਅ ਉੱਪਰ ਤਾਲੇ ਲਗਾਉਣ ਤੱਕ ਦੀ ਸਿਆਸਤ ਤੱਕ ਪਹੁੰਚ ਗਈ।

ਪਾਣੀ ਦੇ ਮੁੱਦੇ 'ਤੇ ਅੰਤਰਰਾਜੀ ਝਗੜਿਆਂ ਸਬੰਧੀ ਬਣਾਏ ਗਏ ਕਾਨੂੰਨਾਂ ਅਤੇ ਟ੍ਰਿਬਿਊਨਲਾਂ ਨੇ ਵੀ ਪੰਜਾਬ ਦੀ ਇਸ ਦੁਖਦੀ ਰਗ ਦਾ ਕੋਈ ਇਲਾਜ ਕਰਨ ਵਿੱਚ ਸਾਰਥਿਕ ਭੂਮਿਕਾ ਨਹੀਂ ਨਿਭਾਈ। ਇਸ ਕਰਕੇ ਦਰਿਆਈ ਪਾਣੀਆਂ ਦੇ ਝਗੜਿਆਂ ਨੇ ਪੰਜਾਬ ਵਿੱਚ ਸਿਆਸੀ ਉਥਲ-ਪੁਥਲਾਂ ਨੂੰ ਹੀ ਜਨਮ ਦਿੱਤਾ ਹੈ। ਹਰੇਕ ਵਿਸ਼ੇਸ਼ ਸੈਸ਼ਨ ਰਾਹੀਂ ਇਸ ਗੁੰਝਲਦਾਰ ਸਵਾਲ ਦਾ ਹੱਲ ਨੇੜ ਭਵਿੱਖ ਵਿੱਚ ਹੋਣ ਦੀ ਸੰਭਾਵਨਾ ਵੀ ਬਹੁਤ ਘੱਟ ਹੈ ਕਿਉਂਕਿ ਦਰਿਆਈ ਪਾਣੀਆਂ ਦੇ ਸਵਾਲ ਉੱਪਰ ਰਿਪੇਰੀਅਨ ਸਿਧਾਂਤ ਅਜੇ ਤੱਕ ਕੇਂਦਰ ਅਤੇ ਵੱਖ ਵੱਖ ਸੂਬਿਆਂ ਦੀਆਂ ਸਿਆਸੀ ਪਾਰਟੀਆਂ ਅਤੇ ਲੋਕਾਂ ਦੇ ਵੱਡੇ ਹਿੱਸੇ ਦੀ ਸੋਚ ਦਾ ਹਿੱਸਾ ਨਹੀਂ ਬਣ ਸਕਿਆ। ਇਸ ਮਸਲੇ ਬਾਰੇ ਆਉਂਦਾ ਕੋਈ ਵੀ ਫ਼ੈਸਲਾ ਪੰਜਾਬ ਦੀ ਕਿਸਾਨੀ ਨੂੰ ਅਸੰਤੁਸ਼ਟ ਹੀ ਕਰਦਾ ਹੈ। ਇਹ ਵੀ ਹਕੀਕਤ ਹੈ ਕਿ ਦਰਿਆਈ ਪਾਣੀਆਂ ਦਾ ਝਗੜਾ ਲਗਾਤਾਰ ਕਿਸਾਨੀ ਅੰਦਰ ਰੋਹ ਦੀ ਭਾਵਨਾ ਪੈਦਾ ਕਰਦਾ ਹੈ। ਇਤਿਹਾਸਕ ਦਸਤਾਵੇਜ਼ਾਂ ਤੇ ਸੰਦਰਭਾਂ ਦੇ ਮੱਦੇਨਜ਼ਰ ਦਰਿਆਈ ਪਾਣੀਆਂ ਦੇ ਝਗੜਿਆਂ ਪ੍ਰਤੀ ਸਹੀ ਪਹੁੰਚ ਅਪਣਾਉਣ ਲਈ ਮੁੜ ਸਾਰਥਿਕ ਚਿੰਤਨ ਪ੍ਰਕਿਰਿਆ ਦੇ ਨਾਲ-ਨਾਲ ਸਿਆਸੀ ਇੱਛਾ ਸ਼ਕਤੀ ਦੀ ਬੇਹੱਦ ਜ਼ਰੂਰਤ ਹੈ। ਪੰਜਾਬ ਵਿਚਲੇ ਪਾਣੀ ਦੇ ਸਰੋਤ ਸੁੱਕ ਰਹੇ ਹਨ ਜਿਨ੍ਹਾਂ ਕਾਰਨ ਪਹਿਲਾਂ ਹੀ ਕਈ ਬਲਾਕ ਧਰਤੀ ਹੇਠਲਾ ਪਾਣੀ ਲਗਪਗ ਖ਼ਤਮ ਹੋਣ ਦੀ ਸਥਿਤੀ ਤੱਕ ਪਹੁੰਚ ਚੁੱਕੇ ਹਨ। ਭਵਿੱਖ ਵਿੱਚ ਕਈ ਸ਼ਹਿਰ ਵੀ ਇਸ ਦੀ ਲਪੇਟ ਵਿੱਚ ਆ ਸਕਦੇ ਹਨ। ਕੌਮਾਂਤਰੀ ਕਾਨੂੰਨਾਂ, ਫ਼ੈਡਰਲ ਪ੍ਰਬੰਧ, ਅੰਤਰਰਾਜੀ ਰਾਜਸੀ ਵਿਰੋਧਾਂ ਤੇ ਇੱਛਾਵਾਂ ਵਿਚਲੀ ਦ੍ਰਿਸ਼ਟੀ ਦੇ ਨਾਲ-ਨਾਲ ਪੰਜਾਬ ਦੀ ਕਿਸਾਨੀ ਅਤੇ ਇਸ ਦੀ ਆਰਥਿਕਤਾ ਦੀ ਬੁਨਿਆਦ ਦੇ ਸਵਾਲਾਂ ਨੂੰ ਵੀ ਪੰਜਾਬ ਦੇ ਦਰਿਆਈ ਪਾਣੀਆਂ ਦੇ ਸਵਾਲ ਦੀ ਉਲਝੀ ਤਾਣੀ ਵਿੱਚ ਸ਼ਾਮਲ ਕਰਨ ਦੀ ਜ਼ਰੂਰਤ ਹੈ। ਆਪਣੇ ਆਪ ਨੂੰ ਪੰਜਾਬ ਦੇ ਪਾਣੀਆਂ ਦੇ ਰਖਵਾਲੇ ਦੱਸਣ ਦੇ ਨਾਅਰੇ ਮਾਰਨ ਨਾਲ ਪੰਜਾਬ ਦਾ ਭਲਾ ਨਹੀਂ ਹੋਣਾ। ਇਸ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ।

***

## ਪੰਜਾਬ ਨੂੰ ਆਰਥਿਕ ਤੌਰ 'ਤੇ

ਸਿਰਫ਼ 2022-23 ਦੌਰਾਨ ਹੀ ਸਬਸਿਡੀਆਂ ਵਿੱਚ 2021-22 ਦੇ ਮੁਕਾਬਲੇ 6,091 ਕਰੋੜ ਰੁਪਏ ਭਾਵ 41.96 ਫ਼ੀਸਦੀ ਦਾ ਵਾਧਾ ਹੋ ਗਿਆ। ਮੁੱਖ ਤੌਰ 'ਤੇ (50.26 ਫ਼ੀਸਦੀ ਵਾਧਾ) 6,757 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਘਰੇਲੂ ਖਪਤਕਾਰਾਂ ਨੂੰ ਦੇਣ ਕਾਰਨ ਹੋਇਆ ਹੈ। ਕਾਂਗਰਸ ਦੀ ਭੱਠਲ ਸਰਕਾਰ ਨੇ ਜਨਵਰੀ 1997 ਵਿੱਚ ਆਪਣੇ ਕਾਰਜਕਾਲ ਦੇ ਆਖ਼ਰੀ ਸਮੇਂ ਦੌਰਾਨ 7 ਏਕੜ ਤੱਕ ਦੇ ਜ਼ਮੀਨ ਮਾਲਕ ਕਿਸਾਨਾਂ ਲਈ ਮੁਫ਼ਤ ਬਿਜਲੀ ਸਪਲਾਈ ਕਰਕੇ ਸਬਸਿਡੀ ਦੇਣ ਦਾ ਜੋ ਕੰਮ ਸ਼ੁਰੂ ਕੀਤਾ ਸੀ, ਉਸ ਨੂੰ ਅਕਾਲੀ-ਭਾਜਪਾ ਦੀ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਮਾਰਚ 1997 ਵਿੱਚ ਸਾਰੇ ਕਿਸਾਨਾਂ ਤੱਕ ਵਧਾ ਦਿੱਤਾ ਅਤੇ ਇਹ ਸਿਲਸਿਲਾ ਲਗਾਤਾਰ ਹੁਣ ਤੱਕ ਜਾਰੀ ਹੈ ਅਤੇ ਮੌਜੂਦਾ 'ਆਪ' ਸਰਕਾਰ ਨੇ ਇਸ ਵਿੱਚ ਘਰੇਲੂ ਖਪਤਕਾਰਾਂ ਨੂੰ ਵੀ ਸ਼ਾਮਿਲ ਕਰ ਲਿਆ ਹੈ। ਹੁਣ 6 ਕਿਸਮ ਦੇ ਵੱਖ-ਵੱਖ ਖਪਤਕਾਰਾਂ ਨੂੰ ਮੁਫ਼ਤ ਬਿਜਲੀ ਸਪਲਾਈ ਦੇਣ ਕਰਕੇ ਬਿਜਲੀ ਸਬਸਿਡੀ, ਜੋ ਸਾਲ 2018-19 ਦੌਰਾਨ ਕੁੱਲ ਪ੍ਰਤੱਖ ਸਬਸਿਡੀਆਂ ਦਾ 68 ਫ਼ੀਸਦੀ ਹਿੱਸਾ ਸੀ, ਉਹ 2021-22 ਵਿੱਚ ਵਧ ਕੇ 93 ਫ਼ੀਸਦੀ ਅਤੇ ਮੌਜੂਦਾ ਸਰਕਾਰ ਦੌਰਾਨ 2022-23 ਵਿੱਚ ਹੋਰ ਵਧ ਕੇ 98 ਫ਼ੀਸਦੀ ਹੋ ਗਿਆ ਹੈ। ਇਨ੍ਹਾਂ ਸਾਰੀਆਂ ਮੁਫ਼ਤ ਸਹੂਲਤਾਂ ਨੇ 2018-2023 ਦੇ 5 ਸਾਲਾਂ ਦੌਰਾਨ ਮਾਲੀਆ ਘਾਟੇ ਵਿੱਚ 56 ਫ਼ੀਸਦੀ ਤੋਂ 102 ਫ਼ੀਸਦੀ ਤੱਕ ਯੋਗਦਾਨ ਪਾ ਕੇ ਪੰਜਾਬੀਆਂ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਕਰ ਦਿੱਤੀ ਹੈ।

ਪੰਜਾਬ ਸਰਕਾਰ ਨੇ ਸਾਲ 2022-23 ਦੌਰਾਨ ਅਪ੍ਰਤੱਖ ਸਬਸਿਡੀਆਂ 'ਤੇ ਕੁੱਲ 811.19 ਕਰੋੜ ਰੁਪਏ ਖਰਚ ਕੀਤੇ ਸਨ। ਜਿਨ੍ਹਾਂ ਵਿੱਚ ਸੂਬਾ ਸਰਕਾਰ ਦੁਆਰਾ ਪੰਜਾਬ ਰੋਡਵੇਜ਼/ ਪੀ.ਆਰ.ਟੀ.ਸੀ. ਬੱਸਾਂ ਵਿੱਚ ਔਰਤਾਂ ਨੂੰ ਮੁਫ਼ਤ ਸਫ਼ਰ; ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਤੇ ਇਸਾਈ ਲੜਕੀਆਂ/ ਵਿਧਵਾਵਾਂ/ ਤਲਾਕਸ਼ੁਦਾ ਤੇ ਵਿਧਵਾਵਾਂ ਦੀਆਂ ਧੀਆਂ ਨੂੰ ਵਿਆਹ ਸਮੇਂ ਦਿੱਤੀ ਜਾਂਦੀ ਆਸ਼ੀਰਵਾਦ ਸ਼ਗਨ ਰਾਸ਼ੀ, ਸਰਕਾਰੀ ਬੱਸਾਂ ਵਿੱਚ ਪੁਲਿਸ ਕਾਂਸਟੇਬਲ ਤੋਂ ਲੈ ਕੇ ਇੰਸਪੈਕਟਰ ਤੱਕ ਨੂੰ ਮੁਫ਼ਤ ਯਾਤਰਾ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਸਰਕਾਰੀ ਬੱਸਾਂ ਵਿੱਚ ਮੁਫ਼ਤ/ ਰਿਆਇਤੀ ਸਫ਼ਰ ਸਹੂਲਤ ਅਤੇ ਸਰਕਾਰੀ ਬੱਸਾਂ ਵਿੱਚ 60 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਦਿੱਤੀ ਜਾ ਰਹੀ ਸਫ਼ਰ ਸਹੂਲਤ ਬਦਲੇ ਸੰਬੰਧਿਤ ਵਿਭਾਗ ਨੂੰ ਕੀਤੀ ਅਦਾਇਗੀ ਸ਼ਾਮਿਲ ਹੈ। ਇਨ੍ਹਾਂ ਤੋਂ ਇਲਾਵਾ ਸੂਬਾ ਸਰਕਾਰ ਕਈ ਜਨਤਕ ਅਦਾਰਿਆਂ ਨੂੰ ਵਿੱਤੀ ਸਹਾਇਤਾ, ਗ੍ਰਾਂਟ ਤੇ ਸਬਸਿਡੀ ਵੀ ਦਿੰਦੀ ਹੈ।

ਸੰਖੇਪ ਸ਼ਬਦਾਂ ਵਿੱਚ ਸਬਸਿਡੀਆਂ ਦਾ ਵਧਦਾ ਖਰਚਾ ਪੰਜਾਬ ਸਰਕਾਰ ਦੀ ਵਿੱਤੀ ਮਜ਼ਬੂਤੀ ਖ਼ਰਾਬ ਕਰਨ ਦਾ ਅਹਿਮ ਕਾਰਨ ਹੈ। ਜੇਕਰ ਸੂਬਾ ਸਰਕਾਰ ਨੇ ਆਪਣੀ ਬਕਾਇਆ ਰਹਿੰਦੀ ਚੋਣ-ਗਾਰੰਟੀ ਮੁਤਾਬਿਕ 18 ਸਾਲ ਤੋਂ ਜ਼ਿਆਦਾ ਉਮਰ ਦੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣਾ ਸ਼ੁਰੂ ਕਰ ਦਿੱਤਾ ਤਾਂ ਕਰਜ਼ੇ ਦਾ ਬੋਝ ਹੋਰ ਵਧ ਜਾਵੇਗਾ। ਸੂਬੇ ਦੀ ਵਿੱਤੀ ਮਜ਼ਬੂਤੀ, ਆਰਥਿਕ ਵਿਕਾਸ ਤੇ ਦੀਰਘ-ਕਾਲੀਨ ਹਿੱਤਾਂ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਨੂੰ ਸਰਬ-ਪਾਰਟੀ ਸਹਿਮਤੀ ਬਣਾ ਕੇ ਸਭ ਬੇਲੋੜੀਆਂ ਮੁਫ਼ਤ ਸਹੂਲਤਾਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਜੇਕਰ ਸਰਕਾਰ ਨੇ ਸਹੂਲਤਾਂ ਦੇਣੀਆਂ ਹੀ ਹਨ ਤਾਂ ਚੰਗੀ ਤਰ੍ਹਾਂ ਜਾਂਚ ਪੜਤਾਲ ਕਰਕੇ ਕੇਵਲ ਲੋੜਵੰਦ, ਯੋਗ ਤੇ ਸੀਮਤ ਲੋਕਾਂ ਨੂੰ ਆਧਾਰ-ਕਾਰਡ ਲਿੰਕ ਰਾਹੀਂ ਹੀ ਦੇਵੇ।

***

## ਅਮਨ-ਸ਼ਾਂਤੀ ਲਈ ਚਿੱਟੀਆਂ ਘੁੱਗੀਆਂ

ਉਨ੍ਹਾਂ ਦਾ ਕੋਈ ਕਸੂਰ ਨਹੀਂ ਸੀ ਤੇ ਮਾਰੇ ਗਏ ਇਜ਼ਰਾਇਲੀ ਨਾਗਰਿਕਾਂ ਦਾ ਵੀ, ਲੇਕਿਨ ਇਸ ਦੇ ਨਾਲ ਹੀ ਇਹ ਵੀ ਕਹਿਣਾ ਪਵੇਗਾ ਕਿ ਇਸ ਦੇ ਰੋਸ ਜਾਂ ਹੱਲ ਵਜੋਂ ਜਿਤਨੀ ਭਿਅੰਕਰ ਜੰਗੀ ਤਬਾਹੀ ਇਜ਼ਰਾਈਲ ਨੇ ਗਾਜ਼ਾ ਪੱਟੀ ਵਿੱਚ ਕੀਤੀ, ਉਹ ਹੱਕ ਬਨਾਜਬ ਨਹੀਂ ਸੀ। ਸੰਸਾਰ ਨਜ਼ਰੀਆ ਕਾਇਮ ਹੋਣ ਵਾਸਤੇ ਪੂਰਾ ਵਕਤ ਨਹੀਂ ਦਿੱਤਾ। ਬੇਕਸੂਰ ਬੰਦਿਆਂ ਦੇ ਮਾਰੇ ਜਾਣ ਦੇ ਰੋਸ ਵਜੋਂ ਕਈ ਗੁਣਾ ਹੋਰ ਬੇਕਸੂਰ ਬੰਦਿਆਂ ਨੂੰ ਜਾਨੋਂ ਮਾਰ ਦੇਣਾ ਵਾਜਬ ਨਹੀਂ ਮੰਨਿਆ ਜਾ ਸਕਦਾ। ਇੱਕ ਸਿਰੇ ਤੋਂ ਸਕੂਲਾਂ, ਘਰਾਂ ਤੇ ਹਸਪਤਾਲਾਂ ਨੂੰ ਖੰਡਰ ਬਣਾ ਦਿੱਤਾ ਗਿਆ। ਇਜ਼ਰਾਇਲ ਦੀ ਬਹੁਤ ਵੱਡੀ ਫ਼ੌਜੀ ਤਾਕਤ ਹੈ ਜਿਸ ਦਾ ਇਸਤੇਮਾਲ ਬਹੁਤ ਬੇਰਹਿਮੀ ਨਾਲ ਕੀਤਾ ਗਿਆ। ਤਬਾਹੀ ਮਚਾਈ ਪਰ ਬੰਦੀ ਨਹੀਂ ਛੁਡਵਾਏ ਜਾ ਸਕੇ ਤੇ ਨਾ ਹੀ ਉਨ੍ਹਾਂ ਦਾ ਥਹੁ-ਪਤਾ ਲੱਗ ਸਕਿਆ। ਮਹਾਂ ਮਾਰੂ ਜੰਗੀ ਹਥਿਆਰ ਵੀ ਸਭ ਕੁਝ ਨਹੀਂ ਕਰ ਸਕਦੇ।

ਰੂਸ ਤੇ ਯੂਕ੍ਰੇਨ ਦੀ ਭਿਅੰਕਰ ਲੜਾਈ ਚੱਲ ਰਹੀ ਹੈ। ਪਹਿਲਾਂ ਸਦੀਆਂ ਤੱਕ ਦੋਵੇਂ ਦੇਸ਼ ਇੱਕ ਹੀ ਰੂਸੀ ਸਾਮਰਾਜ ਦਾ ਹਿੱਸਾ ਰਹੇ, ਫਿਰ ਕਰੀਬ 80 ਸਾਲ ਦੋਹਾਂ ਦੇਸ਼ਾਂ ਦੇ ਲੋਕ ਇੱਕ ਹੀ ਸੰਘੀ ਢਾਂਚੇ ਦੇ ਨਾਗਰਿਕ ਸਨ, ਦੋਹਾਂ ਨੇ ਮਿਲ ਕੇ ਨਾਜ਼ੀਵਾਦ ਨਾਲ ਸਖ਼ਤ ਲੜਾਈ ਲੜੀ ਤੇ ਕੁਰਬਾਨੀਆਂ ਦਿੱਤੀਆਂ। ਅੱਜ ਦੋਵੇਂ ਦੇਸ਼ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਹਨ। ਲੱਖਾਂ ਮੌਤਾਂ ਹੋ ਚੁੱਕੀਆਂ ਹਨ, ਇਨਸਾਨੀ ਮਿਹਨਤ ਤੇ ਪਸੀਨੇ ਨਾਲ ਉਸਾਰੀਆਂ ਇਮਾਰਤਾਂ ਖੰਡਰ ਬਣ ਰਹੀਆਂ ਹਨ। ਤਿੰਨ ਸਾਲ ਹੋ ਗਏ, ਲੜਾਈ ਕਿਸੇ ਕੰਢੇ ਨਹੀਂ ਲੱਗ ਰਹੀ।

ਇੱਧਰ ਭਾਰਤ ਤੇ ਪਾਕਿਸਤਾਨ ਵਿਚਕਾਰ ਬਹੁਤ ਚਿੰਤਾਜਨਕ ਕਸ਼ੀਦਗੀ ਚੱਲ ਰਹੀ ਹੈ। ਜੰਮੂ ਕਸ਼ਮੀਰ ਵਿੱਚ ਹੁਣੇ ਵਾਪਰੀ ਦਹਿਸ਼ਤਵਾਦੀ ਘਟਨਾ ਬਹੁਤ ਦਰਦਨਾਕ ਹੈ, ਸ਼ਾਇਦ ਹੁਣ ਤੱਕ ਹੋਈਆਂ ਅਜਿਹੀਆਂ ਸਭ ਘਟਨਾਵਾਂ ਵਿੱਚੋਂ ਸਭ ਤੋਂ ਵੱਧ ਦਰਦਨਾਕ ਪਰ ਇਸ ਦਾ ਦਾਰੂ ਭੜਕਾਹਟ ਵਿੱਚ ਨਹੀਂ। ਇੱਥੇ ਵੀ ਅਤਿਵਾਦ ਦੀਆਂ ਜੜ੍ਹਾਂ ਤਲਾਸ਼ਣ ਦੀ ਬਜਾਏ, ਠਰੰਮੇ ਨਾਲ ਇਸ ਦਾ ਹੱਲ ਲੱਭਣ ਦੀ ਬਜਾਏ, ਸਾਰਾ ਜ਼ੋਰ ਮਾਰੂ ਹਥਿਆਰਾਂ ਦੀ ਗਿਣਤੀ ਮਿਣਤੀ ਜਾਂ ਕਿਵੇਂ ਦੂਜੇ ਮੁਲਕ ਨੂੰ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ, ਉਪਰ ਹੈ; ਜਾਂ ਫਿਰ ਵੱਡੀ ਸਜ਼ਾ ਆਮ ਲੋਕਾਂ ਨੂੰ ਦਿੱਤੀ ਜਾ ਰਹੀ ਹੈ ਜੋ ਆਪਣੀਆਂ ਰਿਸ਼ਤੇਦਾਰੀਆਂ ਵਿੱਚ ਆਣ ਜਾਣ ਤੋਂ ਮਹਿਰੂਮ ਕੀਤੇ ਗਏ ਹਨ। ਯੂ.ਐੱਨ. ਦੇ ਸਕੱਤਰ ਜਨਰਲ ਨੇ ਦੋਹਾਂ ਦੇਸ਼ਾਂ ਨੂੰ ਸੰਜਮ ਦੀ ਅਪੀਲ ਕੀਤੀ ਹੈ ਪਰ ਹੁਣ ਦੋਹਾਂ ਦੇਸ਼ਾਂ ਵਿੱਚ ਵਾਰ-ਵਾਰ ਜਾ ਕੇ ਮਸਲਾ ਸੁਲਝਾਉਣ ਦੀਆਂ ਕੋਸ਼ਿਸ਼ਾਂ ਦਾ ਜਿਵੇਂ ਰਿਵਾਜ ਹੀ ਖ਼ਤਮ ਹੋ ਰਿਹਾ ਹੈ। ਆਲਮੀ ਪੰਚਾਇਤ ਨਕਾਰਾ ਹੋ ਕੇ ਰਹਿ ਗਈ ਹੈ।

ਇਨ੍ਹਾਂ ਹਾਲਾਤ ਵਿੱਚ ਹੀ ਜ਼ਰੂਰਤ ਹੈ ਕਿ ਚਿੱਟੀਆਂ ਘੁੱਗੀਆਂ ਦੇ ਨਿਸ਼ਾਨਾਂ ਵਾਲੇ ਅਸਮਾਨੀ ਝੰਡੇ ਸੜਕਾਂ ਉੱਪਰ ਨਿਕਲਣ, ਕਿਸੇ ਇੱਕ ਮੁਲਕ ਨੂੰ ਲਾਹਨਤ ਪਾਉਣ ਜਾਂ ਕਿਸੇ ਇੱਕ ਮੁਲਕ ਦਾ ਖੁਰਾ ਖੋਜ ਮਿਟਾ ਦੇਣ ਦੀ ਬਜਾਏ ਲੜਾਈ ਨੂੰ ਲਾਹਨਤਾਂ ਪਾਈਆਂ ਜਾਣ, ਜੰਗਾਂ ਦਾ ਖੁਰਾ ਖੋਜ ਮਿਟਾਉਣ ਦੇ ਨਾਅਰੇ ਬੁਲੰਦ ਹੋਣ।

***

## "ਛੋਟਾ ਘੱਲੂਘਾਰਾ"

ਸਾਹਮਣਾ ਕਰਦੇ ਹੋਏ ਬਚ ਨਿਕਲਦੇ ਰਹੇ। ਕੁਝ ਸਿੰਘਾਂ ਨੇ ਆਪਣੇ ਘੋੜ ਬਿਆਸ ਦਰਿਆ 'ਚ ਠੇਲ੍ਹ ਦਿੱਤੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਲਲਕਾਰਿਆ ਕਿ ਮੌਤ ਨਾਲੋਂ ਲੜਦੇ ਸ਼ਹੀਦ ਹੋਣਾ ਹੀ ਚੰਗਾ ਹੈ। ਸਿੰਘ ਤੁਰਕੀ ਸੈਨਾ ਤੇ ਝਪਟ ਪਏ। ਤੁਰਕਾਨੀ ਸੈਨਾ ਦੇ ਆਗੂ ਮਿਰਜ਼ਾ ਹਿੰਮਤ ਬੇਗ, ਸੈਦ ਅਲੀ ਖਾਂ ਫ਼ੌਜਦਾਰ, ਜਸਪਤ ਰਾਏ ਦਾ ਲੜਕਾ ਹਰਭਜ ਰਾਏ, ਨਾਹਰ ਖਾਂ, ਕਰਮ ਬਖ਼ਸ਼ ਬੜੇ ਜ਼ੋਰ ਨਾਲ ਲੜੇ ਪਰ ਸਿੰਘਾਂ ਨੇ ਉਹਨਾਂ ਦੀ ਪੇਸ਼ ਨਾ ਜਾਣ ਦਿੱਤੀ। ਚਾਰ ਪੰਜ ਕੋਹ ਜਿਥੋਂ ਤਕ ਤੁਰਕਾਨੀ ਸੈਨਾ ਫੈਲੀ ਹੋਈ ਸੀ, ਨੂੰ ਚੀਰ ਕੇ ਸਿੰਘ ਨਿਕਲਦੇ ਗਏ। ਸਿੰਘਾਂ ਦੇ ਕਈ ਜਥੇਦਾਰ ਤੇ ਅਨੇਕਾਂ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਤੁਰਕਾਨੀ ਸੈਨਾ ਦੇ ਕਈ ਨਾਮੀ ਜਰਨੈਲ ਹਰਭਜ ਰਾਏ, ਨਾਹਰ ਖਾਂ, ਕਰਮ ਬਖਸ, ਅਸਗਰ ਖਾਂ ਆਦਿ ਮਾਰੇ ਗਏ। ਸ੍ਰ. ਸੁੱਖਾ ਸਿੰਘ ਰਾਮਗੜ੍ਹੀਆ ਦੀ ਲੱਤ ਗੋਲੀ ਲਖਣ ਕਰਕੇ ਜ਼ਖ਼ਮੀ ਹੋ ਗਈ ਪਰ ਉਸਨੇ ਹੌਸਲਾ ਨਹੀਂ ਛੱਡਿਆ ਅਤੇ ਆਪਣੇ ਜਥੇ ਦੀ ਅਗਵਾਈ ਕਰਦਾ ਰਿਹਾ। ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਦਾ ਸਭ ਤੋਂ ਵੱਡਾ ਨੁਕਸਾਨ ਇਸ ਛੰਭ ਵਿਚੋਂ ਨਿਕਲਣ ਸਮੇਂ ਹੋਇਆ। ਇਸੇ ਲਈ ਇਸ ਨੂੰ ਸਿੱਖ ਇਤਿਹਾਸ ਵਿੱਚ ਛੋਟਾ ਘੱਲੂਘਾਰਾ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਮੁਗਲਾਂ ਦੇ ਦੋ ਦਹਾਕੇ ਚਲੇ ਇਸ ਤਸ਼ੱਦਦ ਵਿੱਚ ਫਿਰ 1762 ਈ. ਵਿੱਚ ਕੁੱਪ ਰਹੀੜੇ ਦੇ ਅਸਥਾਨ ਤੇ ਸਿੰਘਾਂ ਦੇ ਹੋਏ ਭਾਰੀ ਕਤਲੇਆਮ ਤੋਂ ਬਾਅਦ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਿਆ। ਘੱਲੂਘਾਰਾ ਸ਼ਬਦ ਅਫ਼ਗਾਨ ਬੋਲੀ ਵਿਚੋਂ ਹੈ, ਜਿਸਦਾ ਅਰਥ ਹੈ 'ਸਭ ਕੁਝ ਬਰਬਾਦ ਹੋ ਜਾਣਾ'।

ਛੰਭ ਵਿਚੋਂ ਨਿਕਲਣ ਸਮੇਂ ਕੁਝ ਸਿੰਘ ਕਠੂਹਾ ਤੇ ਜੰਮੂ ਆਦਿ ਰਾਵੀਓਂ ਪਾਰ ਚਲੇ ਗਏ। ਕੁਝ ਕਾਂਗੜਾ ਤੇ ਸਕੇਤ ਮੰਡੀ ਇਲਾਕਿਆਂ ਵਿੱਚ ਰਹਿਣ ਲੱਗੇ। ਕੁਝ ਜਥੇ ਬਿਆਸ ਪਾਰ ਕਰਕੇ ਪਹਾੜ ਦੇ ਨਾਲ ਨਾਲ ਕੀਰਤਪੁਰ ਚਲੇ ਗਏ ਉਥੋਂ ਫਿਰ ਮਾਝੇ ਵਿੱਚ ਪੁਜੇ। ਕੁਝ ਜਥੇ ਹਰਿਗੋਬਿੰਦ ਪੁਰ ਵਾਲੇ ਪਾਸਿਓਂ ਭੇਟਾ ਦੇ ਪੱਤਣ ਨੂੰ ਪਾਰ ਕਰਕੇ ਹੁਸ਼ਿਆਰਪੁਰ ਚਲੇ ਗਏ। ਤਿੰਨ ਚਾਰ ਮਹੀਨੇ ਕਾਹਨੂੰਵਾਨ ਦੇ ਛੰਭ ਵਿੱਚ ਘਿਰੇ ਰਹਿਣ ਕਰਕੇ ਸਿੰਘਾਂ ਦੇ ਕੱਪੜੇ ਲੀੜੇ ਪਾਟੇ ਹੋਏ ਸਨ। ਪੈਰਾਂ ਵਿੱਚ ਜੋੜੇ ਵੀ ਨਹੀਂ ਸਨ। ਤਪੀ ਰੇਤ ਨੇ ਸਿੰਘਾਂ ਦੇ ਪੈਰਾਂ ਨੂੰ ਦਾਣਿਆਂ ਵਾਂਗ ਭੁੰਨ ਦਿੱਤਾ। ਸਿੰਘਾਂ ਨੇ ਪੈਰਾਂ ਨੂੰ ਕੱਪੜੇ ਤੇ ਦਰਖਤਾਂ ਦੇ ਪੱਤੇ ਛਿੱਲਾਂ ਨਾਲ ਬੰਨ ਕੇ ਰੇਤ ਨੂੰ ਪਾਰ ਕੀਤਾ। ਜਦੋਂ ਸਿੰਘ ਰਸਤਾ ਬਸਤਾਂ ਲੈ ਕੇ ਮੀਰਕੋਟ ਦੀ ਝਿੜੀ ਵਿੱਚ ਲੰਗਰ ਤਿਆਰ ਕਰਨ ਲੱਗੇ ਤਾਂ ਇਜੇ ਖਾਂ, ਜੋ ਦੋਆਬੇ ਦਾ ਹੁਕਮਰਾਨ ਸੀ, ਨੇ ਸਿੰਘਾਂ 'ਤੇ ਹਮਲਾ ਕਰ ਦਿੱਤਾ। ਟਾਕਰਾ ਕਰਕੇ ਹੋਏ ਸਿੰਘਾਂ ਦੇ ਜਥੇ ਅਲੀਵਾਲ ਦੇ ਪੁਲੋਂ ਸਤਲੁੱਜ ਪਾਰ ਕਰਕੇ ਮਾਲਵੇ ਵਿੱਚ ਦਾਖਲ ਹੋਏ। ਸਿੰਘ ਮਾਲਵੇ ਦੇ ਪਿੰਡਾਂ ਵਿੱਚ ਖਿੰਡ ਪੁੰਡ ਗਏ। ਮਾਲਵੇ ਦੀਆਂ ਸੰਗਤਾਂ ਨੇ ਸਿੰਘਾਂ ਨੂੰ ਸੰਭਾਲ ਲਿਆ। ਉਹਨਾਂ ਸਿੰਘਾਂ ਦੀ ਬੜੀ ਦੇਖ ਭਾਲ ਅਤੇ ਸੇਵਾ ਕੀਤੀ। ਕੁਝ ਹੀ ਦਿਨਾਂ ਵਿੱਚ ਸਿੰਘ ਤੰਦਰੁਸਤ ਹੋ ਕੇ ਆਪਣੇ ਘਰਾਂ ਨੂੰ ਪਰਤ ਗਏ। ਕੁਝ ਹੀ ਸਮੇਂ ਵਿੱਚ ਮਾਝੇ 'ਚ ਸਿੰਘਾਂ ਦੇ ਜਥੇ ਸਰਗਰਮ ਹੋ ਗਏ। ਸਿੰਘਾਂ ਨੇ ਇਕ ਸਾਲ ਵਿੱਚ ਹੀ ਅੰਮ੍ਰਿਤਸਰ ਵਿਖੇ ਰਾਮਗੜ੍ਹ ਨਾਮ ਦਾ ਕਿਲਾ ਬਣਾਇਆ। ਉਥੋਂ ਫਿਰ ਜੰਗ ਦੀਆਂ ਤਿਆਰੀਆਂ ਆਰੰਭ ਦਿੱਤੀਆਂ। ਲਖਪਤ ਰਾਏ ਦੁਆਬੇ ਵਿਚੋਂ ਲਾਹੌਰ ਪਰਤ ਗਿਆ। ਛੋਟੇ ਘੱਲੂਘਾਰੇ ਦੀ ਯਾਦ ਵਿੱਚ ਗੁਰਦਾਸਪੁਰ ਵਿੱਚ ਛੰਭ ਕਾਹਨੂੰਵਾਨ ਵਿਖੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਨੇੜੇ ਹੀ ਅਬਦੁਲਾ ਵਾਲਾ ਕਾਹਨੂੰਵਾਨ ਵਿਖੇ ਅਜਾਇਬ ਘਰ ਹੈ।

***

## ਯੂ.ਕੇ. 'ਚ ਸਖ਼ਤ ਹੋਣਗੇ

ਟੀਚਾ ਨਿਰਧਾਰਤ ਨਹੀਂ ਕਰੇਗੀ। ਇਸ ਦੀ ਬਜਾਏ ਸਰਕਾਰ ਘੱਟ ਹੁਨਰਮੰਦ ਕਾਮਿਆਂ ਨੂੰ ਦਿੱਤੇ ਜਾਣ ਵਾਲੇ ਵੀਜ਼ਿਆਂ ਦੀ ਗਿਣਤੀ ਘਟਾ ਦੇਵੇਗੀ। ਉਨ੍ਹਾਂ ਕਿਹਾ ਕਿ 2025 ਵਿੱਚ ਅਜਿਹੇ ਵੀਜ਼ਾ 50,000 ਘਟਾ ਦਿੱਤੇ ਜਾਣਗੇ।

ਗੌਰਤਲਬ ਹੈ ਕਿ ਯੂਰਪੀਅਨ ਯੂਨੀਅਨ ਦਾ 2004 ਵਿੱਚ ਵਿਸਥਾਰ ਹੋਇਆ ਅਤੇ ਬ੍ਰਿਟੇਨ ਨੇ ਤੁਰੰਤ ਨਵੇਂ ਮੈਂਬਰ ਦੇਸ਼ਾਂ ਦੇ ਲੋਕਾਂ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ। ਉਦੋਂ ਤੋਂ ਲੱਖਾਂ ਪ੍ਰਵਾਸੀ ਬ੍ਰਿਟੇਨ ਆਏ ਹਨ। 2016 ਦੇ ਬ੍ਰੈਗਜ਼ਿਟ ਵੋਟ ਪਿੱਛੇ ਇਮੀਗ੍ਰੇਸ਼ਨ ਵੀ ਇੱਕ ਵੱਡਾ ਮੁੱਦਾ ਸੀ ਪਰ ਬ੍ਰੈਗਜ਼ਿਟ ਤੋਂ ਬਾਅਦ ਵੀ ਵੀਜ਼ਾ 'ਤੇ ਆਉਣ ਵਾਲੇ ਲੋਕਾਂ ਦੀ ਗਿਣਤੀ ਘੱਟ ਨਹੀਂ ਹੋਈ। ਜੇਕਰ ਅਸੀਂ ਮੌਜੂਦਾ ਸਥਿਤੀ ਬਾਰੇ ਗੱਲ ਕਰੀਏ ਤਾਂ ਜੂਨ 2024 ਤੱਕ ਸਾਲਾਨਾ ਸ਼ੁੱਧ ਇਮੀਗ੍ਰੇਸ਼ਨ (ਜਾਣ ਵਾਲਿਆਂ ਨੂੰ ਘਟਾ ਕੇ) 7,28,000 ਸੀ। ਇਹ ਅੰਕੜਾ ਪਿਛਲੇ ਸਾਲ ਨਾਲੋਂ 20% ਘੱਟ ਹੈ, ਪਰ ਫਿਰ ਵੀ 2010 ਵਿੱਚ ਨਿਰਧਾਰਤ 1 ਲੱਖ ਦੇ ਟੀਚੇ ਨਾਲੋਂ ਸੱਤ ਗੁਣਾ ਜ਼ਿਆਦਾ ਹੈ। ਪਿਛਲੇ ਸਾਲ 37,000 ਲੋਕ ਛੋਟੀਆਂ ਕਿਸ਼ਤੀਆਂ ਵਿੱਚ ਗੈਰ-ਕਾਨੂੰਨੀ ਤੌਰ 'ਤੇ ਇੰਗਲਿਸ਼ ਚੈਨਲ ਪਾਰ ਕਰਕੇ ਬ੍ਰਿਟੇਨ ਪਹੁੰਚੇ।

***


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com